# ਚਿਰਾਗ

ਅਪ੍ਰੈਲ-ਸਤੰਬਰ 2013

**April -September 2013**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ ਕਿਤੇ ਦਿਲਾਂ ਚੋਂ ਨਾ ਭੁਲਾ ਦੇਣਾ



## ਗ਼ਦਰ ਪਾਰਟੀ ਲਹਿਰ ਜਨਮ ਸ਼ਤਾਬਦੀ ਵਿਸ਼ੇਸ਼ ਅੰਕ

40/- 84-85 ਅਪ੍ਰੈਲ-ਸਤੰਬਰ 2013

**ਪੰਜਾਬੀ ਪ੍ਰਕਾਸ਼ਨ ਦੇ ਖੇਤਰ ਵਿੱਚ ਨਵਾਂ ਤਜਰਬਾ**

'ਨਵੀਂ ਦੁਨੀਆਂ' ਪਤ੍ਰਿਕਾ (ਐਡਮਿੰਟਨ ਕੈਨੇਡਾ)

ਵਲੋਂ

ਫੀਦਲ ਕਾਸਤਰੋ ਦੀ ਸੰਖੇਪ ਜੀਵਨੀ

(ਲੇਖਕ ਹਰਭਜਨ ਸਿੰਘ ਹੁੰਦਲ



ਮਿਲਣ ਦਾ ਪਤਾ-ਜਗਤਾਰ ਸਾਲਮ

ਪਿੰਡ ਤੇ ਡਾਕਘਰ-ਦੇਧਨਾ

ਤਹਿ. ਪਾਤੜਾਂ ਜ਼ਿਲਾ ਪਟਿਆਲਾ


ਸੰਪਾਦਕੀ ਦੀ ਥਾਂ

## ਗ਼ਦਰ ਲਹਿਰ ਦੀ ਵਿਚਾਰਧਾਰਕ ਪ੍ਰਸੰਗਿਤਾ

ਡਾ. ਕਰਮਜੀਤ ਸਿੰਘ

1857 ਈ. ਦੀ ਪਹਿਲੀ ਸੁਤੰਤਰਤਾ ਦੀ ਲੜਾਈ ਨੂੰ ਅੰਗ੍ਰੇਜ਼ਾਂ ਨੇ ਬਗ਼ਾਵਤ ਜਾਂ ਵਿਦਰੋਹ (Mutiny) ਦਾ ਨਾਂ ਦਿੱਤਾ ਜਿਸਦਾ ਅਰਥ ਗ਼ਦਰ ਵੀ ਹੈ। ਸਾਮਰਾਜ ਆਪਣੀ ਦ੍ਰਿਸ਼ਟੀ ਤੋਂ ਅਜਿਹਾ ਹੀ ਨਾਮ ਦੇ ਸਕਦਾ ਸੀ ਜਿਸਦੇ ਅਰਥ ਨਾਂਹਵਾਚੀ ਸਨ। ਪਰੰਤੂ ਗ਼ਦਰੀ ਯੋਧਿਆਂ ਨੇ ਬਗਾਵਤ ਦੇ ਅਰਥਾਂ ਨੂੰ ਇਨਕਲਾਬ ਦੇ ਅਰਥਾਂ ਵਿਚ ਤਬਦੀਲ ਕਰ ਦਿੱਤਾ। ਮਿਊਟਨੀ ਤੋਂ ਰੈਵੋਲਿਊਸ਼ਨ ਤਕ ਦੇ ਹਾਂ ਵਾਚੀ ਅਰਥ ਗ਼ਦਰੀ ਯੋਧਿਆਂ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਜੋ ਉਨ੍ਹਾਂ ਨੇ ਆਪਣੀਆਂ ਲਿਖਤਾਂ ਅਤੇ ਅਥਾਹ ਕੁਰਬਾਨੀਆਂ ਨਾਲ ਪ੍ਰਾਪਤ ਕੀਤੀ। ਵਿਦਵਾਨਾਂ ਨੇ ਗ਼ਦਰ ਨੂੰ ਇਨਕਲਾਬ ਦੇ ਅਰਥਾਂ ਵਿਚ ਗ੍ਰਹਿਣ ਤਾਂ ਕੀਤਾ ਹੈ ਪਰੰਤੂ ਇਸਦੇ ਮਹੱਤਵ ਨੂੰ ਰੇਖਾਂਕਿਤ ਨਹੀਂ ਕੀਤਾ। ਗ਼ਦਰ ਲਹਿਰ, ਗ਼ਦਰ ਨਾਲ ਸੰਬੰਧਿਤ ਪਰਚਾ ਅਤੇ ਸੰਸਾਰ ਪੱਧਰ ਤੇ ਇਨਕਲਾਬੀ ਤਬਦੀਲੀਆਂ ਨੂੰ ਵੀ ਗ਼ਦਰੀ ਤਬਦੀਲੀਆਂ ਪ੍ਰਵਾਨ ਕੀਤਾ ਗਿਆ।

ਗ਼ਦਰ ਲਹਿਰ ਨੇ ਜਿਨ੍ਹਾਂ ਉਦੇਸ਼ਾਂ ਨੂੰ ਸਾਹਮਣੇ ਰੱਖਿਆ ਉਹ ਬੜੇ ਵਿਆਪਕ ਅਤੇ ਮਾਨਵਵਾਦੀ ਸਨ। ਇਨ੍ਹਾਂ ਵਿਚ ਸਭ ਤੋਂ ਪਹਿਲੇ ਥਾਂ ਤੇ ਸੀ ਭਾਰਤ ਦੀ ਪੂਰਨ ਆਜ਼ਾਦੀ, ਹਥਿਆਰਬੰਦ ਹੋ ਕੇ ਪ੍ਰਾਪਤ ਕੀਤੀ ਹੋਈ ਆਜ਼ਾਦੀ। ਗ਼ਦਰ ਲਹਿਰ ਦੀ ਇਹ ਸਮਝ ਸੀ ਕਿ ਅੰਗ੍ਰੇਜ਼ ਸਰਕਾਰ ਹਿੰਦੁਸਤਾਨ ਨੂੰ ਲੁੱਟ ਰਹੀ ਹੈ ਜਿਸਦਾ ਆਧਾਰ ਸਥਿਤੀਆਂ ਦਾ ਵਿਸ਼ਲੇਸ਼ਣ ਸੀ। ਗ਼ਦਰ ਲਹਿਰ ਭਾਰਤ ਤੋਂ ਬਾਹਰ ਫੌਜੀਆਂ, ਪੁਲਸੀਆਂ ਅਤੇ ਮਜ਼ਦੂਰਾਂ ਨੂੰ ਗ਼ਦਰ ਲਹਿਰ ਵਿਚ ਸ਼ਾਮਲ ਕਰਨ ਲਈ ਉਤਸਕ ਸੀ ਜਿਸ ਲਈ ਗ਼ਦਰੀਆਂ ਨੇ ਅਣਥੱਕ ਯਤਨ ਵੀ ਕੀਤੇ। ਗ਼ਦਰ ਲਹਿਰ਼ ਦੀ ਸੰਸਾਰ ਦੀਆਂ ਬਸਤੀਆਂ ਦੇ ਲੋਕਾਂ ਨਾਲ ਹਮਦਰਦੀ ਸੀ ਪਰੰਤੂ ਸਾਮਰਾਜੀ ਸ਼ਕਤੀਆਂ ਨਾਲ਼ ਉਨ੍ਹਾਂ ਦਾ ਤਿੱਖਾ ਵਿਰੋਧ ਸੀ। ਉਹ ਇਨ੍ਹਾਂ ਸਾਮਰਾਜੀ ਸ਼ਕਤੀਆਂ ਦੇ ਜ਼ੁਲਮਾਂ ਨੂੰ ਆਪਣੀਆਂ ਲਿਖਤਾਂ ਰਾਹੀਂ ਉਜਾਗਰ ਕਰਕੇ ਗ਼ੁਲਾਮ ਲੋਕਾਂ ਨੂੰ ਆਪਣੇ ਨਾਲ ਜੋੜਦੇ। ਰੂਸ, ਮੈਕਸੀਕੋ, ਚੀਨ ਦੀ ਜੰਤਾ ਨਾਲ਼ ਏਕਤਾ ਕੀਤੀ ਜਾਂਦੀ ਅਤੇ ਸੱਤਾਧਾਰੀਆਂ ਦਾ ਵਿਰੋਧ ਕੀਤਾ ਜਾਂਦਾ। ਇਸ ਤਰ੍ਹਾਂ ਗ਼ਦਰ ਲਹਿਰ ਆਜ਼ਾਦੀ ਦੀ ਅੰਤਰਾਸ਼ਟਰੀ ਲਹਿਰ ਸੀ ਜੋ ਜ਼ਾਲਮਾਂ ਦੇ ਖਿਲਾਫ ਸੀ ਅਤੇ ਮਜ਼ਲੂਮਾਂ ਦੇ ਹੱਕ ਵਿਚ।

ਗ਼ਦਰੀਆਂ ਨੇ ਆਪਣੀ ਰਾਜਨੀਤੀ ਵਿਚ ਆਜ਼ਾਦੀ ਬਰਾਬਰੀ ਅਤੇ ਹੱਕਾਂ ਦੀ ਪੈਰਵੀ ਨੂੰ ਥਾਂ ਦਿੱਤੀ। ਇਨ੍ਹਾਂ ਉੱਪਰ ਜ਼ੋਰ ਦੇਣ ਨਾਲ਼ ਗਿਆਨ, ਖੁਸ਼ੀ ਅਤੇ ਅਰੋਗਤਾ ਆਦਿ ਮਸਲਿਆਂ ਨੂੰ ਵੀ ਹੱਲ ਕੀਤਾ ਜਾ ਸਕਦੀ ਸੀ। ਗ਼ਦਰੀ ਜੜ੍ਹਾਂ ਤਕ ਜਾਂਦੇ ਸਨ ਪੱਤਿਆਂ ਆਦਿ ਨੂੰ ਗਿਣਨ ਉਪਰ ਉਹ ਵਿਸ਼ਵਾਸ ਨਹੀਂ ਸਨ ਕਰਦੇ। ਇਸੇ ਲਈ ਉਹ ਗ਼ੁਲਾਮੀ ਖ਼ਿਲਾਫ਼ ਲੜਾਈ ਨੂੰ ਪਹਿਲ ਦੇ ਕੇ ਛੋਟੀਆਂ ਮੋਟੀਆਂ ਸਮਾਜ ਸੁਧਾਰ ਦੀਆਂ ਕੋਸ਼ਿਸ਼ਾਂ ਨੂੰ ਬਹੁਤਾ ਮਹੱਤਵ ਨਹੀਂ ਸੀ ਦਿੰਦੇ। ਉਨ੍ਹਾਂ ਅਨੁਸਾਰ,

"ਗ਼ੁਲਾਮੀ ਸਭ ਤੋਂ ਬੁਰਾ ਦਸਤੂਰ ਹੈ ਅਤੇ ਆਜ਼ਾਦੀ ਸਭ ਤੋਂ ਚੰਗਾ ਰਿਵਾਜ ਹੈ। ਦੂਸਰੇ ਦਸਤੂਰ ਵੀ ਬੁਰੇ ਹਨ, ਉਨ੍ਹਾਂ ਦੇ ਵਿਰੁੱਧ ਮਾਮੂਲੀ ਕੋਸ਼ਿਸ਼ ਕਰਨੀ ਹਰ ਇਕ ਆਦਮੀ ਦਾ ਫ਼ਰਜ਼ ਹੈ। ਪਰ ਉਨ੍ਹਾਂ ਨੂੰ ਜੀਵਨ ਦਾ ਸਭ ਤੋਂ ਉੱਚਾ ਆਦਰਸ਼ ਬਣਾਉਣਾ ਆਪਣੀ ਜ਼ਿੰਦਗੀ ਨੂੰ ਬਰਬਾਦ ਕਰਨਾ ਹੈ। (ਗ਼ਦਰ ਲਹਿਰ ਦੀ ਵਾਰਤਕ, ਪੰਨਾ-662) ਗ਼ਦਰੀਆਂ ਦੀ ਸਮਝ ਸਾਫ਼ ਸੀ ਕਿ ਪਹਿਲ ਕਿਸ ਕਾਰਜ ਨੂੰ ਦੇਣੀ ਚਾਹੀਦੀ ਹੈ ਅਤੇ ਕਿੰਨ੍ਹਾਂ ਕੰਮਾਂ ਨੂੰ ਦੂਜੇ ਥਾਂ ਰੱਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਚੋਰ ਤੇ ਉਸਦੀ ਮਾਂ ਦੋਨਾਂ ਨੂੰ ਇਕੋ ਵੇਲੇ ਮਾਰਨ ਦਾ ਸੰਦੇਸ਼ ਦਿੱਤਾ। ਨਸ਼ਿਆਂ ਵਿਰੁੱਧ ਪ੍ਰਚਾਰ ਕਰਨਾ ਪਰ ਨਸ਼ਿਆਂ ਨੂੰ ਫੈਲਾਉਣ ਵਾਲੇ ਅੰਗ੍ਰਜ਼ੀ ਸਾਮਰਾਜ ਖਿਲਾਫ਼ ਇਕ ਸ਼ਬਦ ਨਾ ਕਹਿਣਾ ਉਨ੍ਹਾਂ ਨੂੰ ਸਵੀਕਾਰ ਨਹੀਂ ਸੀ।

ਗ਼ਦਰੀ ਯੋਧੇ ਧਰਮਾਂ, ਜਾਤਾਂ, ਫ਼ਿਰਕਿਆਂ ਤੋਂ ਉੱਪਰ ਸਨ। ਜੇ ਅਸੀਂ ਉਨ੍ਹਾਂ ਦੇ ਮੂਲ ਵਿਚਾਰਾਂ ਨੂੰ ਸਮਝ ਲਈਏ ਤਾਂ ਉਨ੍ਹਾਂ ਨੂੰ ਕਿਸੇ ਇਕ ਧਰਮ ਵਿਸ਼ੇਸ਼ ਨਾਲ਼ ਜੋੜਨ ਦੀ ਜ਼ਰੂਰਤ ਨਹੀਂ ਰਹਿੰਦੀ। ਉਹ ਲਿਖਦੇ ਹਨ, "ਭਾਰਤ ਮਾਤਾ ਦੇ ਪਿਆਰੇ ਬੱਚੇ ਜਗਤ ਦੇ ਉਧਾਰਕ ਸਭ ਮੱਤਾਂ ਅਤੇ ਸਮਾਜਾਂ ਵਿਚੋਂ ਲਏ ਗਏ ਹਨ। ਸਾਰਿਆਂ ਦਰਖ਼ਤਾਂ ਦੇ ਫੁੱਲ ਚੁਣ ਕੇ ਇਹ ਗ਼ੁਲਦਸਤਾ ਬਣਾਇਆ ਗਿਆ ਹੈ। ਇਹ ਸਾਰੇ ਧਰਮ ਵਿਦਿਆ, ਸੁੱਖ ਅਤੇ ਆਜ਼ਾਦੀ ਦੀ ਤਲਾਸ਼ ਵਿਚ ਲੱਗੇ ਹੋਏ ਹਨ।" ਗ਼ਦਰੀਆਂ ਲਈ ਰਾਜਨੀਤੀ ਵਿਦਿਆ, ਧਰਮ ਮਤ ਜਾਂ ਸੰਪ੍ਰਦਾਇ ਨਹੀਂ ਸੁੱਖ ਅਤੇ ਏਕਤਾ ਹਰ ਮਨੁੱਖ ਮਾਤਰ ਵਾਸਤੇ ਸਮਾਨ ਹੋਣੇ ਚਾਹੀਦੇ ਹਨ। ਸਮੁੱਚੀ ਲੁਕਾਈ ਦੀ ਖ਼ੁਸ਼ਹਾਲੀ ਉਨ੍ਹਾਂ ਦਾ ਆਦਰਸ਼ ਸੀ। "ਇਸ ਵਿਚ ਮੱਤ ਮਤਾਂਤਰ ਦਾ ਝਗੜਾ ਨਹੀਂ ਹੈ, ਅਜ਼ਾਦੀ ਸੁੱਖ, ਧਰਮ, ਵਿਦਿਆ ਵਾਸਤੇ ਇਸ ਤਰ੍ਹਾਂ ਹੈ, ਜਿਸ ਤਰ੍ਹਾਂ ਛੋਟੇ ਪੌਦੇ ਨੂੰ ਰੌਸ਼ਨੀ, ਜਾਂ ਆਦਮੀ ਵਾਸਤੇ ਹਵਾ, ਆਜ਼ਾਦੀ ਦੀ ਸਭ ਤੋਂ ਵੱਡੀ ਲੋੜ ਹੈ। ਇਸ ਲੋੜ ਦੇ ਸਾਹਮਣੇ ਹੋਰ ਸਾਰੀਆਂ ਲੋੜਾਂ ਤੁੱਛ ਹਨ।"

ਗ਼ਦਰੀਆਂ ਨੂੰ ਰੰਜ ਹੈ ਕਿ ਭਾਰਤੀ ਆਪਣੇ ਇਤਿਹਾਸ ਨਾਲ ਨਹੀਂ ਜੁੜੇ ਹੋਏ ਅਤੇ ਨਾਂ ਹੀ ਇਸ ਤੋਂ ਕੋਈ ਸੇਧ ਹੀ ਲੈਂਦੇ ਹਨ। ਉਹ ਭਾਰਤੀਦਰਸ਼ਨ ਦੇ ਲੋਕ ਪੱਖੀ ਰੁਝਾਨਾਂ ਨੂੰ ਖ਼ੂਬ ਸਰਾਹੁੰਦੇ ਹਨ। ਉਹ ਬੇਵਕੂਫ਼ ਦੋਸਤਾਂ ਨਾਲ਼ੋਂ ਸਿਆਣੇ ਦੁਸ਼ਮਣ ਤੋਂ ਬਹੁਤ ਕੁਝ ਸਿੱਖਦੇ ਹਨ। ਅਜਿਹਾ ਹੀ ਨਹੀਂ ਕਿ ਗ਼ਦਰੀ ਹਰ ਵੇਲੇ ਹਥਿਆਰਾਂ ਦੀ ਗੱਲ ਹੀ ਕਰਦੇ ਸਨ ਸਗੋਂ ਉਨ੍ਹਾਂ ਦਾ ਜੋਸ਼, ਖ਼ਾਸ ਵਿਚਾਰਾਂ ਦੀ ਸੇਧ ਵਿੱਚ ਅੱਗੇ ਵਧਣਾ ਚਾਹੁੰਦਾ ਸੀ। ਗ਼ੁਲਾਮੀ ਨੂੰ ਦੂਰ ਕਰਨ ਲਈ ਗ਼ਦਰੀ 'ਆਦਮੀ' ਪੈਦਾ ਕਰਨ ਦੇ ਹੱਕ ਵਿਚ ਸਨ ਜੋ ਹਰ ਤਰ੍ਹਾਂ ਦੇ ਦਕਿਆਨੂਸੀ ਵਿਚਾਰਾਂ ਤੋਂ ਸੁਤੰਤਰ ਹੋਵੇ ਅਤੇ ਹਰ ਤਰ੍ਹਾਂ ਦੀ ਗ਼ੁਲਾਮੀ ਦੇ ਖ਼ਿਲਾਫ਼ ਹੋਵੇ। ਅਜੀਬ ਲੱਗ ਸਕਦਾ ਹੈ ਪਰ ਗ਼ਦਰੀ ਭਾਰਤੀਆਂ ਦੀ ਅਤਿ ਦੀ ਸ਼ਾਂਤੀ ਨੂੰ ਵੀ ਭੰਗ ਕਰਨਾ ਚਾਹੁੰਦੇ ਸਨ ਜੋ ਅਫ਼ੀਮ ਦੇ ਨਸ਼ੇ ਤੋਂ ਘੱਟ ਨਹੀਂ। "ਮਿਜਾਜ਼ ਵਿਚ ਜ਼ਰਾ ਗਰਮੀ ਅਤੇ ਅਸ਼ਾਂਤੀ ਦੀ ਜ਼ਰੂਰਤ ਹੈ ਸ਼ਾਂਤੀ ਦੀ ਦਵਾ ਦੀ ਜਾਦੇ ਖ਼ੁਰਾਕ ਦਿਲ ਅਤੇ ਦਿਮਾਗ ਤੇ ਅਫ਼ੀਮ ਦਾ ਅਸਰ ਰੱਖਦੀ ਹੈ।" ਉਹ ਬੁਰੇ ਦਸਤੂਰ ਦੀ ਤਹਿ ਵਿਚ ਝੂਠੇ ਆਦਰਸ਼ ਦੀ ਪਛਾਣ ਰੱਖਦੇ ਸਨ ਅਤੇ ਉਨ੍ਹਾਂ ਅਨੁਸਾਰ ਝੂਠੇ ਆਦਰਸ਼ਾਂ ਦੇ ਆਧਾਰ ਤੇ ਉੱਨਤੀ ਨਹੀਂ ਕੀਤੀ ਜਾ ਸਕਦੀ।



ਉਹ ਇਹ ਸਮਝਦੇ ਸਨ ਕਿ ਕੌਮੀ ਪ੍ਰੇਮ ਲਈ ਨਿੱਜੀ ਪ੍ਰੇਮ ਦਾ ਤਿਆਗ ਵੀ ਕਰਨਾ ਪੈਂਦਾ ਹੈ। ਦੇਸ਼ ਕਾਲ ਅਨੁਸਾਰ ਕੰਮ ਕਰਨਾ ਉਨ੍ਹਾਂ ਦੀ ਸਮਝਦਾਰੀ ਦਾ ਹਿੱਸਾ ਸੀ। ਗ਼ਦਰੀ ਇਸ ਤੱਥ ਨੂੰ ਜਾਣਦੇ ਹੋਏ ਵੀ ਆਪਣੇ ਆਪ ਨੂੰ ਕੁਰਬਾਨ ਕਰਨ ਲਈ ਤਿਆਰ ਸਨ ਕਿ ਪਿਛਲੀਆਂ ਕੁਰਬਾਨੀਆਂ ਨੂੰ ਲੋਕ ਭੁਲਾ ਦਿੰਦੇ ਹਨ। ਉਹ ਡੇਢ ਸੌ ਕਰੋੜ ਲੋਕਾਂ ਲਈ ਕੁਰਬਾਨੀਆਂ ਕਰ ਰਹੇ ਸਨ।

ਦੁਨੀਆਂ ਦੀਆਂ ਮਿਸਾਲਾਂ ਤੋਂ ਉਹ ਭਲੀ ਭਾਂਤੀ ਜਾਣੂ ਸਨ ਕਿ ਆਜ਼ਾਦੀ ਹਮੇਸ਼ਾ ਕੁਰਬਾਨੀਆਂ ਨਾਲ਼ ਆਉਂਦੀ ਹੈ, ਸੁਲਾਹ ਸਫ਼ਾਈਆਂ ਨਾਲ਼ ਨਹੀਂ। ਸਰਕਾਰੀ ਜ਼ੁਲਮ ਦੀ ਇੰਤਹਾ ਇਨਕਲਾਬੀ ਵਿਰੋਧਾਂ ਨੂੰ ਜਨਮ ਦਿੰਦੀ ਹੈ। 'ਜਿੱਥੇ ਆਪਣੀ ਜ਼ਿੰਦਗੀ ਬੇਖਟਕ ਨਹੀਂ ਉਥੇ ਆਜ਼ਾਦੀ ਵੀ ਬਗੈਰ ਖਟਕੇ ਦੇ ਨਹੀਂ।' ਗ਼ਦਰੀ ਆਪਣੇ ਸਮੇਂ ਦਿੱਤੇ ਜਾਂਦੇ ਇਨਾਮਾਂ, ਖਿਤਾਬਾਂ ਪ੍ਰਤਿ ਕਿੰਨੇ ਸੁਚੇਤ ਸਨ ਇਹ ਉਨ੍ਹਾਂ ਦੀ ਹੇਠ ਲਿਖੀ ਸੋਚ ਤੋਂ ਸਾਫ਼ ਹੋ ਜਾਂਦਾ ਹੈ। "ਅੰਗਰੇਜ਼ਾਂ ਦੀਆਂ ਚਾਲਾਂ ਹਿੰਦੁਸਤਾਨ ਦੇ ਮਜ਼ਹਬਾਂ ਵਿਚ ਦਖ਼ਲ ਦੇ ਰਹੀਆਂ ਹਨ। ਭਾਈ ਜੀ, ਭਾਈ ਸਾਹਿਬ, ਖ਼ਾਨ ਬਹਾਦਰ, ਖਾਨ ਸਾਹਿਬ, ਰਾਇ ਸਾਹਿਬ, ਰਾਇ ਬਹਾਦਰ, ਸਰਦਾਰ ਸਾਹਿਬ ਅਤੇ ਸਰਦਾਰ ਬਹਾਦਰ ਆਦਿ ਸਾਰੇ ਲਫ਼ਜ਼ ਸਾਡੇ ਹਨ। ਇਨ੍ਹਾਂ ਲਫ਼ਜ਼ਾਂ ਨੂੰ ਮੁਦੱਤ ਤੋਂ ਵਰਤਦੇ ਆਏ ਹਾਂ ਲੇਕਿਨ ਬੜੀ ਹੈਰਾਨੀ ਦੀ ਗੱਲ ਹੈ ਕਿ ਅੱਜ ਅੰਗਰੇਜ਼ ਉਹੀ ਲਫ਼ਜ਼ ਕਹਿ ਕੇ ਸਾਡੇ ਹੀ ਦੇਸੀ ਆਦਮੀਆਂ ਨੂੰ ਰਾਏ ਖਾਨ ਅਤੇ ਸਰਦਾਰ ਬਹਾਦਰ ਬਣਾ ਰੱਖਿਆ ਹੈ।" ਭਾਈ ਵੀਰ ਸਿੰਘ ਲਈ 'ਭਾਈ ਸਾਹਿਬ ਭਾਈ' ਦਾ ਖ਼ਿਤਾਬ ਅੰਗਰੇਜ਼ਾਂ ਦਾ ਹੀ ਦਿੱਤਾ ਹੋਇਆ ਸੀ। ਅੱਜ ਦੀਆਂ ਸਰਕਾਰਾਂ ਵੀ ਉਹੋ ਕੁਝ ਕਰ ਰਹੀਆਂ ਹਨ ਤੇ ਅਜੋਕੇ ਲੇਖਕ ਦੌੜ੍ਹਾਂ ਲਾ ਰਹੇ ਹਨ। ਅਸੀਂ ਗ਼ਦਰੀਆਂ ਦੀ ਵਿਚਾਰਧਾਰਾਂ ਨੂੰ ਕਿੰਨਾ ਕੁ ਅਪਣਾਇਆ ਹੈ ?

ਅੰਗਰੇਜ਼ ਭਾਰਤ ਨੂੰ ਸਭਿਅਕ ਬਣਾਉਣ ਦਾ ਭਾਰ ਚੁੱਕੀ ਫਿਰਦੇ ਸਨ। ਗ਼ਦਰੀ ਹੋਕਾ ਦੇ ਰਹੇ ਸਨ ਕਿ "ਗ਼ਦਰ ਕਰਕੇ ਅੰਗਰੇਜ਼ਾਂ ਦੇ ਸਿਰ ਤੋਂ ਜ਼ਿੰਮੇਵਾਰੀ ਦਾ ਭਾਰ ਉਤਾਰ ਦਿਉ।' ਇਸਾਈ ਧਰਮ ਪਰਿਵਰਤਨ ਕਰਕੇ ਬਹੁਤੇ ਮਾਨਵੀ ਬਣਦੇ ਸਨ ਪਰੰਤੂ ਗ਼ਦਰੀ ਉਨ੍ਹਾਂ ਦੀ ਅਸਲੀਅਤ ਵੀ ਜਾਣਦੇ ਸਨ 'ਈਸਾਈਆਂ ਨਾਲ ਵਾਸਤਾ ਪੈਣ ਤੇ ਸਾਬਤ ਹੋ ਗਿਆ ਹੈ ਕਿ ਉਹ ਵੀ ਗੈਰ ਇਸਾਈ ਤੋਂ ਉਤਨੀ ਹੀ ਨਫ਼ਰਤ ਕਰਦੇ ਹਨ, ਜਿਤਨੀ ਕਿ ਇਕ ਹਿੰਦੂ ਅਛੂਤ ਜਾਤੀਆਂ ਤੋਂ।'

ਗ਼ਦਰੀਆਂ ਦੀ ਰਾਜਨੀਤਕ ਅਤੇ ਸਮਾਜਿਕ ਵਿਚਾਰਧਾਰਾ ਵਿਚ ਕਿਸੇ ਤਰ੍ਹਾਂ ਦਾ ਕੋਈ ਧੁੰਧਲਕਾ ਨਹੀਂ ਸੀ। ਅੰਗਰੇਜ਼ੀ ਰਾਜਨੀਤੀ ਨੇ ਮਾਤਹਿਤ ਕੌਮ ਦੇ ਸਾਰੇ ਕਾਰੋਬਾਰਾਂ ਨੂੰ ਆਪਣੇ ਹੱਥਾਂ ਵਿਚ ਲੈ ਲਿਆ ਸੀ। ਸਮਾਜਿਕ ਅਗਵਾਈ ਕਰਕੇ ਉਨ੍ਹਾਂ ਨੇ ਲੋਕਾਂ ਵਿਚ ਰੋਅਬ ਦਾਅਬ ਬਣਾਇਆ ਸੀ। ਉਹ ਅਜਿਹੇ ਪਲੇਟਫ਼ਾਰਮ ਬਣਾ ਰਹੇ ਸਨ ਜਿੱਥੇ ਅੰਗਰੇਜ਼ ਤੇ ਹਿੰਦੁਸਤਾਨੀ ਨਾ-ਬਰਾਬਰੀ ਦੇ ਅਸੂਲ ਤੇ ਇਕੱਠੇ ਹੋ ਸਕਣ। ਅੰਗਰੇਜ਼ਾਂ ਨੇ ਹਾਰੇ ਲੋਕਾਂ ਦੀ ਅਜਿਹੀ ਜਮਾਤ ਤਿਆਰ ਕਰ ਲਈ ਸੀ ਜੋ ਉਨ੍ਹਾਂ ਨੂੰ ਸਲਾਮਾਂ ਕਰਦੀ ਮਿਲਦੀ ਸੀ। ਗ਼ਦਰੀ ਇਸ ਸਭ ਕੁਝ ਬਾਰੇ ਸੁਚੇਤ ਸਨ। ਭਾਰਤੀ ਸੰਦਰਭ ਵਿਚ ਜਾਤੀ ਗ਼ੁਲਾਮੀ ਨੂੰ ਵੀ ਗ਼ਦਰੀ ਭਾਰਤੀਆਂ ਦੇ ਅਵੇਚਨ ਦਾ ਹਿੱਸਾ

ਮੰਨਦੇ ਸਨ। ਉਹ ਉਦਾਹਰਣ ਦਿੰਦੇ ਹਨ, "ਬ੍ਰਾਹਮਣ ਪਾਸ ਕੋਈ ਹਥਿਆਰ ਨਹੀਂ ਹੁੰਦੇ। ਉਹ ਜਿਸਮਾਨੀ ਤੌਰ ਤੇ ਕਮਜ਼ੋਰ ਤੇ ਇਕ ਪੜ੍ਹਿਆ ਲਿਖਿਆ ਆਦਮੀ ਹੁੰਦਾ ਹੈ। ਜਿਹਨਾਂ ਹੱਥੋਂ ਤੇ ਫ਼ਸਾਦ ਵਿਚ ਅਛੂਤ ਨਜ਼ਾਰਾ ਦੇਖਦੇ ਹਾਂ ਕਿ ਸੈਂਕੜੇ ਅਛੂਤ ਚੰਗੀ ਜਿਸਮਾਨੀ ਤਾਕਤ ਰੱਖਦੇ ਹੋਏ ਬਾਜ਼ਾਰ ਵਿਚ ਇਕ ਬ੍ਰਾਹਮਣ ਨੂੰ ਝੁਕ ਝੁਕ ਕੇ ਪ੍ਰਣਾਮ ਕਰਦੇ ਹਨ। ਜਦੋਂ ਕਿ ਕੋਈ ਕਾਨੂੰਨ ਉਨ੍ਹਾਂ ਨੂੰ ਐਸਾ ਕਰਨ ਵਾਸਤੇ ਮਜਬੂਰ ਨਹੀਂ ਕਰਦਾ।"

ਇਸ ਸਭ ਕੁਝ ਦੇ ਬਾਵਜੂਦ ਗ਼ਦਰੀ ਇਹ ਵਿਸ਼ਵਾਸ ਰੱਖਦੇ ਸਨ ਕਿ 'ਰਾਜਸੀ ਫਤਹਿ ਕੌਮ ਨੂੰ ਕੈਦ ਕਰ ਸਕਦੀ ਹੈ ਪਰ ਉਸਨੂੰ ਨਿਵਾ ਨਹੀਂ ਸਕਦੀ।' ਇਸ ਲਈ ਗ਼ਦਰੀ ਚਾਹੁੰਦੇ ਸਨ ਕਿ, "ਇਖ਼ਲਾਕ ਦੇ ਛੋਟੇ ਜਿਹੇ ਚੰਗਿਆੜੇ ਨੂੰ ਕਿਸੇ ਤਰ੍ਹਾਂ ਕਾਇਮ ਰੱਖਿਆ ਜਾਵੇ ਜੋ ਕੌਮ ਦੇ ਦਿਲ ਵਿਚ ਮੌਜੂਦ ਹੈ ਤੇ ਕਿਸ ਤਰ੍ਹਾਂ ਉਸਨੂੰ ਕੌਮ ਦੀ ਸ਼ਕਤੀ ਅਨੁਸਾਰ ਵਧਾਇਆ ਜਾਵੇ।' ਜੇਤੂ ਅੰਗਰੇਜ਼ ਹੋਰ ਕੀ ਕਰ ਸਕਦੇ ਸਨ ਉਸਦੀ ਨਿਸ਼ਾਨਦੇਹੀ ਵੀ ਗ਼ਦਰੀ ਚੰਗੀ ਤਰ੍ਹਾਂ ਕਰ ਰਹੇ ਸਨ। ਉਹ ਸਮਝਦੇ ਸਨ ਕਿ ਅੰਗਰੇਜ਼ ਭਾਰਤੀਆਂ ਨੂੰ ਸਿਖਾਉਣਗੇ ਕਿ ਉਹ ਘਟੀਆ ਕੌਮ ਹੈ, ਇਸ ਝੂਠ ਨੂੰ ਕਾਨੂੰਨ ਅਤੇ ਹਕੂਮਤ ਦੇ ਤਰੀਕਿਆਂ ਰਾਹੀਂ ਲੋਕਾਂ ਦੇ ਦਿਲਾਂ ਤਕ ਪੁਚਾਉਂਦੇ ਹਨ।' ਪਰ ਭਾਰਤੀਆਂ ਨੂੰ ਇਸ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ। ਸਵੈਮਾਣ ਤੇ ਸ਼ਾਨ ਦੇ ਜਜ਼ਬੇ ਨੂੰ ਬਚਾ ਕੇ ਰੱਖ ਸਕਣ ਵਾਲੀ ਕੌਮ 'ਆਪਣੇ ਪੈਦਾਇਸ਼ੀ ਹੱਕ ਆਜ਼ਾਦੀ ਨੂੰ ਹਾਸਿਲ ਕਰ ਲਵੇਗੀ।

ਤਾਕਤ ਕਿਵੇਂ ਹਾਸਲ ਕੀਤੀ ਜਾਂਦੀ ਹੈ ? ਗ਼ਦਰੀਆਂ ਕੋਲ ਇਸ ਦਾ ਸਪੱਸ਼ਟ ਉੱਤਰ ਹੈ, ਕਿ ਫੌਜੀ ਤਾਕਤ ਅਤੇ ਚਤੁਰਾਈ ਨਾਲ਼। ਅਜਿਹੀ ਹਕੂਮਤ ਨੂੰ ਹਥਿਆਰਾਂ ਦੀ ਮਦਦ ਨਾਲ ਕਾਇਮ ਰੱਖਿਆ ਜਾਂਦਾ ਹੈ, ਪਰੰਤੂ ਸਮਾਜਿਕ ਜਿੱਤ ਇਕ ਦਮ ਪ੍ਰਾਪਤ ਨਹੀਂ ਹੁੰਦੀ। 'ਕਵਾਇਦਦਾਨ ਫੌਜਾਂ ਤੇ ਬੜੀਆਂ ਤੋਪਾਂ ਇਸਨੂੰ ਹਾਸਲ ਨਹੀਂ ਕਰ ਸਕਦੀਆਂ' ਗ਼ਦਰੀ ਸਰਕਾਰੀ ਨੀਤੀ ਨੂੰ ਤਿੱਖੀ ਨਜ਼ਰ ਨਾਲ਼ ਦੇਖਦੇ ਸਨ। ਉਨ੍ਹਾਂ ਅਨੁਸਾਰ ਜਿਸ ਕਾਰਵਾਈ ਦੀ ਉਹ ਵਿਰੋਧਤਾ ਲਈ ਕਰਦੀ ਉਹ ਸ਼ੱਕੀ ਹੈ। ਗ਼ਦਰੀ ਬਾਹਰੀ ਮਦਦ ਨਾਲ ਪ੍ਰਾਪਤ ਕੀਤੀ ਆਜ਼ਾਦੀ ਨੂੰ ਚਿਰਸਥਾਈ ਨਹੀਂ ਸਨ ਮੰਨਦੇ। ਹਰ ਦੇਸ਼ ਦੇ ਲੋਕਾਂ ਨੂੰ ਆਪਣੀ ਆਜ਼ਾਦੀ ਆਪ ਪ੍ਰਾਪਤ ਕਰਨੀ ਚਾਹੀਦੀ ਹੈ। "ਕੋਈ ਕੌਮ ਕਿਸੇ ਦੇ ਭਰੋਸੇ ਤੇ ਤਰੱਕੀ ਨਹੀਂ ਕਰ ਸਕਦੀ, ਕਿਸੇ ਦੀ ਮਦਦ ਨਾਲ ਗ਼ੁਲਾਮ ਕੌਮ ਆਜ਼ਾਦ ਨਹੀਂ ਹੋ ਸਕਦੀ, ਬਸ ਹਰ ਇਕ ਕੌਮ ਨੂੰ ਆਪਣੀ ਆਜ਼ਾਦੀ ਹਾਸਲ ਕਰਨ ਵਾਸਤੇ ਖ਼ੁਦ ਮਿਹਨਤ ਕਰਨੀ ਚਾਹੀਦੀ ਹੈ। ਖ਼ੁਦ ਹਿੰਮਤ ਕਰਨੀ ਚਾਹੀਦੀ ਹੈ। ਗ਼ਦਰੀ ਆਜ਼ਾਦੀ ਤਾਂ ਚਾਹੁੰਦੇ ਸਨ ਪਰ ਅਰਾਜਕਤਾ ਤੋਂ ਉਹ ਬਚ ਕੇ ਚਲਦੇ ਸਨ। ਇਸੇ ਲਈ ਉਹ ਇਨਕਲਾਬੀ ਹਨ। ਆਜ਼ਾਦੀ ਦਾ ਅਰਥ 'ਮਨਆਈ ਖੁਲ੍ਹ' ਨੂੰ ਉਨ੍ਹਾਂ ਨੇ ਰੱਦ ਕੀਤਾ ਇਕ ਥਾਂ ਉਹ ਲਿਖਦੇ ਹਨ, "ਕਈ ਆਦਮੀ ਆਜ਼ਾਦੀ ਦਾ ਮਤਲਬ ਇਹ ਸਮਝਦੇ ਹਨ ਕਿ ਹਰ ਇਕ ਇਨਸਾਨ ਨੂੰ ਹਰ ਇਕ ਕੰਮ ਵਿਚ ਮਨਆਈ ਕਰਨ ਦੀ ਖੁਲ੍ਹ ਹੋਣੀ ਚਾਹੀਦੀ ਹੈ, ਇਹ ਖ਼ਿਆਲ ਸਰਾਸਰ ਬੇਬੁਨਿਆਦ ਹੈ।" ਇਨ੍ਹਾਂ ਉਪਰੋਕਤ ਵਿਚਾਰਧਾਰਕ ਆਧਾਰਾਂ ਤੇ ਗ਼ਦਰੀਆਂ ਵੱਲੋਂ ਵਿਭਿੰਨ ਮੁੱਦਿਆਂ ਉੱਪਰ ਕੀਤੀ ਵਿਚਾਰ ਨੂੰ ਸਮਝਿਆ ਜਾ ਸਕਦਾ ਹੈ।



ਗ਼ਦਰੀ ਵਿਚਾਰਵਾਨ ਰਾਜਨੀਤਕ ਆਰਥਿਕਤਾ ਬਾਰੇ ਵੀ ਆਪਣੇ ਵਿਚਾਰ ਸਪੱਸ਼ਟ ਰੂਪ ਵਿਚ ਲੋਕਾਂ ਸਾਹਮਣੇ ਰੱਖ ਰਹੇ ਸਨ। ਆਰਥਿਕਤਾ 'ਖ਼ਾਤਰ ਇਕ ਮੁਲਕ ਦੀਆਂ ਕਿਰਤੀਆਂ ਤੇ ਸਰਮਾਏਦਾਰਾਂ ਦੇ ਦਰਮਿਆਨ ਲੜਾਈ ਹੈ, ਇਸੇ ਖ਼ਾਤਰ ਇਕ ਮੁਲਕ ਦਿਆਂ ਦੁਕਾਨਦਾਰਾਂ ਦੀ ਆਪਸ ਵਿਚ ਲੜਾਈ ਹੈ।' ਅਸੀਂ ਅੱਜ ਸੰਸਾਰ ਨੂੰ ਇਕ 'ਗਲੋਬਲ ਪਿੰਡ' ਬਣਦਾ ਕਹਿ ਰਹੇ ਹਾਂ, ਜਿਵੇਂ ਸਰਮਾਏਦਾਰ ਤੇ ਬਹੁ-ਕੌਮੀ ਕਾਰਪੋਰੇਸ਼ਨਾਂ ਕਹਿ ਰਹੀਆਂ ਹਨ ਪਰ ਗ਼ਦਰੀ ਵਿਚਾਰਵਾਨ ਇਹ ਗੱਲ 1913 ਈ. ਦੇ ਆਸ-ਪਾਸ ਕਹਿ ਰਹੇ ਸਨ। "ਅੱਜ ਕਲ੍ਹ ਰੇਲਾਂ, ਤਾਰਾਂ, ਹਵਾਈ ਜ਼ਹਾਜ਼ਾਂ ਨੇ ਦੁਨੀਆਂ ਨੂੰ ਇਕੱਠਾ ਕਰਕੇ ਇਕ ਬੜੇ ਸ਼ਹਿਰ ਵਾਂਗ ਬਣਾ ਦਿੱਤਾ ਹੈ।" (ਗ਼ਦਰ ਲਹਿਰ ਦੀ ਵਾਰਤਕ ਪੰਨਾ-673) ਗ਼ਦਰੀਆਂ ਵਲੋਂ ਅਸਲੀ ਆਰਥਿਕ ਆਜ਼ਾਦੀ ਦੇ ਮਾਇਨੇ ਬਿਨਾਂ ਕਿਸੇ ਦੇ ਅਧੀਨ ਹੋਏ ਜ਼ਿੰਦਗੀ ਦੀਆਂ ਲੋੜਾਂ ਕਮਾਉਣ ਦੇ ਯੋਗ ਹੋਣਾ ਹੀ ਸਹੀ ਆਜ਼ਾਦੀ ਹੈ। ਭਾਵ ਅੰਗ੍ਰੇਜ਼ਾਂ ਦੀ ਗ਼ੁਲਾਮੀ ਤੋਂ ਪਾਰ ਹੀ ਅਜਿਹਾ ਸੁਪਨਾ ਸਾਕਾਰ ਹੋਣ ਦੀ ਸੰਭਾਵਨਾ ਸੀ। ਆਪਣੇ ਸਮੇਂ ਬਸਤੀਵਾਦੀ ਨਿਜ਼ਾਮ ਨੂੰ ਧਿਆਨ ਵਿਚ ਰੱਖ ਕੇ ਹੀ ਗ਼ਦਰੀਆਂ ਦੀ ਇਹ ਸੋਚ ਬਣੀ ਸੀ ਕਿ "ਦੁਨੀਆਂ ਵਿਚ ਸਰਮਾਏ ਵਾਲੇ ਆਰਥਿਕ ਤੌਰ ਤੇ ਆਜ਼ਾਦ ਬਹੁਤ ਥੋੜ੍ਹੇ ਆਦਮੀ ਹਨ। ਜੋ ਆਰਥਿਕ ਤੌਰ ਤੇ ਆਜ਼ਾਦ ਹਜਾਰਾਂ ਦੀ ਗਿਣਤੀ ਵਿਚ ਹਨ ਤਾਂ ਆਰਥਿਕ ਗ਼ੁਲਾਮ ਕਰੋੜਾਂ ਦੀ ਗਿਣਤੀ ਵਿਚ ਹਨ। ਸਾਰੀ ਦੁਨੀਆਂ ਦੇ ਕਿਰਤੀ ਕਿਸਾਨ ਆਰਥਿਕ ਗ਼ੁਲਾਮ ਮਿੱਥੇ ਜਾਂਦੇ ਹਨ।" ਗ਼ਦਰੀਆਂ ਦੀ ਸੋਚ ਉੱਪਰ ਮਾਰਕਸਵਾਦੀ ਪ੍ਰਭਾਵ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ ਜਦੋਂ ਉਹ ਕਹਿੰਦੇ ਹਨ ਕਿ ਦੁਨੀਆਂ ਵਿਚ ਅੱਸੀ ਡਾਲਰ ਵੀਹਾਂ ਆਦਮੀਆਂ ਵਿਚ ਵੰਡੇ ਹੋਏ ਹਨ ਅਤੇ ਬਾਕੀ ਵੀਹ ਡਾਲਰ ਅੱਸੀਆਂ ਵਿਅਕਤੀਆਂ ਵਿਚ ਤਕਸੀਮ ਹੋਏ ਹਨ। ਦਿਨ ਬ ਦਨ ਅਮੀਰ ਹੋਰ ਅਮੀਰ ਹੋ ਰਿਹਾ ਹੈ ਤੇ ਗਰੀਬ ਹੋਰ ਗ਼ਰੀਬ। ਅਮਰੀਕਾ ਆਦਿ ਰਾਜਨੀਤਕ ਆਜ਼ਾਦੀ ਵਾਲੇ ਦੇਸ਼ਾਂ ਵਿਚ ਵੀ ਲੋਕਾਂ ਦੀ ਬਹੁ ਗਿਣਤੀ ਆਰਥਿਕ ਪੱਖੋਂ ਗ਼ੁਲਾਮ ਹੀ ਹੈ। ਆਰਥਿਕ ਆਜ਼ਾਦੀ ਆਮ ਜਨਤਾ ਲਈ ਸਭ ਤੋਂ ਪ੍ਰਮੁੱਖ ਹੈ ਇਸਨੂੰ ਗ਼ਦਰੀ ਵਿਚਾਰਧਾਰਾ ਚੰਗੀ ਤਰ੍ਹਾਂ ਸਮਝਦੇ ਸਨ। ਉਹ ਮੰਨਦੇ ਹਨ ਕਿ "ਆਰਥਿਕ ਆਜ਼ਾਦੀ ਤੋਂ ਬਿਨਾਂ ਆਮ ਜਨਤਾ ਸੁਖੀ ਨਹੀਂ ਹੋ ਸਕਦੀ ਸਾਰੀ ਦੁਨੀਆਂ ਦੇ ਆਰਥਿਕ ਗ਼ੁਲਾਮ ਆਜ਼ਾਦੀ ਲਈ ਜੰਗ ਕਰ ਰਹੇ ਹਨ। ਹਿੰਦੁਸਤਾਨੀਆਂ ਦੀ ਆਜ਼ਾਦੀ ਦੀ ਜੰਗ ਦੁਨੀਆਂ ਦੇ ਇਸ ਮਹਾਂਜੰਗ ਦਾ ਇਕ ਹਿੱਸਾ ਹੈ।"

ਗ਼ਦਰੀ ਭਾਰਤ ਦੀ ਜਾਗੀਰਦਾਰੀ ਬਣਤਰ ਨੂੰ ਸਮਝਦੇ ਸਨ ਇਸ ਲਈ ਉਹ ਉਸ ਵਿਰੁੱਧ ਵੀ ਵਿਚਾਰਧਾਰਕ ਲੜਾਈ ਲੜ ਰਹੇ ਸਨ ਤੇ ਨਾਲ ਹੀ ਲੋਕਰਾਜ ਦੀ ਸਥਾਪਨਾ ਲਈ ਯਤਨਸ਼ੀਲ ਸਨ। ਉਹ ਭਵਿੱਖ ਵਿਚ ਰਿਆਸਤਾਂ ਦੇ ਰੋਲ ਨੂੰ ਵੀ ਦੇਖ ਰਹੇ ਸਨ। ਇਕ ਥਾਂ ਉਹ ਲਿਖਦੇ ਹਨ ਕਿ 680 ਭਾਰਤੀ ਰਾਜਿਆਂ ਨੇ ਡੈਮੋਕਰੇਸੀ ਵਿਚ ਆਪਣਾ ਘਟੀਆਂ ਰੋਲ ਨਿਭਾਉਂਦਿਆ ਆਮ ਆਦਮੀ ਨੂੰ ਰਾਸ਼ਟਰਪਤੀ ਨਹੀਂ ਬਣਨ ਦੇਣਾ ਇਸ ਲਈ ਉਨ੍ਹਾਂ ਨੂੰ ਲਾਂਭੇ ਕਰ ਦੇਣਾ ਚਾਹੀਦਾ ਹੈ। ਗ਼ਦਰੀਆਂ ਸਾਹਮਣੇ ਰਾਸ਼ਟਰਪਤੀ ਪ੍ਰਣਾਲੀ ਦੀ ਕਲਪਨਾ ਹੀ ਸੀ। ਉਹ ਇਸ ਨੂੰ ਪੰਚਾਇਤੀਰਾਜ

ਨਾਲ ਜੋੜਦੇ ਸਨ ਜਿਸ ਦੀਆਂ ਜੜ੍ਹਾਂ ਕਬੀਲਿਆਂ ਦੇ ਸਭਿਆਚਾਰ ਵਿਚ ਦੇਖੀਆਂ ਜਾ ਸਕਦੀਆਂ ਹਨ। ਉਨ੍ਹਾਂ ਦੀ ਸਮਝ ਸੀ ਕਿ, "ਹਿੰਦੁਸਤਾਨ ਦੇ ਲੋਕਾਂ ਵਾਸਤੇ ਪਰਜਾ ਰਾਜ ਕੋਈ ਨਵੀਂ ਬਾਤ ਨਹੀਂ ਹੈ, ਸਗੋਂ ਪੰਚਾਇਤੀ ਰਾਜ ਹਿੰਦੁਸਤਾਨ ਵਿਚ ਬਹੁਤੇ ਦੇਰ ਤੋਂ ਫਲ ਫੁੱਲ ਚੁੱਕਾ ਹੈ। ਜਿਸਦੇ ਨਿਸ਼ਾਨ ਅੱਜ ਤਕ ਵੀ ਸਾਂਸੀਆਂ, ਭੀਲਾਂ ਅਤੇ ਕੀਕਨਾਂ ਵਿਚ ਪਾਏ ਜਾਂਦੇ ਹਨ, ਜੋ ਆਪਣੇ ਆਪਣੇ ਫੈਸਲੇ ਆਪਣੇ ਘਰ ਦੇ ਕੋਰਟਾਂ ਵਿਚ ਕਰ ਲੈਂਦੇ ਹਨ।" ਉਹ ਮੰਨਦੇ ਸਨ ਕਿ ਰਾਜੇ ਦੇ ਰਾਜ ਨਾਲੋਂ ਪਰਜਾ ਰਾਜ (ਲੋਕ ਰਾਜ) ਵਿਚ ਵਧੇਰੇ ਕਾਮਯਾਬੀ ਹੈ ਕਿਉਂਕਿ ਇਸ ਨਾਲ਼ ਲੋਕਾਂ ਨੂੰ ਹੱਕ ਪ੍ਰਾਪਤ ਹੁੰਦੇ ਹਨ।

ਗ਼ਦਰੀ ਫਰਾਂਸ ਦੀ ਕਰਾਂਤੀ ਅਤੇ ਰੂਸੀ ਕਰਾਂਤੀ ਦੇ ਤਜਰਬਿਆਂ ਨੂੰ ਆਤਮਸਾਤ ਕਰਕੇ ਅਗਾਂਹ ਤੁਰਨ ਲਈ ਆਪਣੇ ਆਪ ਨੂੰ ਤਿਆਰ ਕਰ ਰਹੇ ਸਨ। ਇਹੀ ਅਸਲ ਸਮਝਦਾਰੀ ਦਾ ਤਕਾਜ਼ਾ ਵੀ ਸੀ। ਇਉਂ ਲੱਗਦਾ ਹੈ ਕਿ ਫਰਾਂਸ ਦੀ ਕਰਾਂਤੀ ਦਾ ਵਿਸ਼ਲੇਸ਼ਣ ਕਰਨ ਸਮੇਂ ਗ਼ਦਰੀ ਵਿਦਵਾਨਾਂ ਨੇ ਕਾਰਲ ਮਾਰਕਜ ਦੀ ਫਰਾਂਸ ਦੀ ਕਰਾਂਤੀ ਬਾਰੇ ਸਮਝ ਨੂੰ ਧਿਆਨ ਵਿਚ ਰਖਿਆ ਹੈ ਤਾਂ ਹੀ ਉਹ ਜਮਾਤੀ ਦ੍ਰਿਸ਼ਟੀ ਤੋਂ ਬੜੀ ਬਰੀਕੀ ਵਿਚ ਜਾ ਕੇ ਇਸ ਤੋਂ ਸਾਰਥਕ ਸਿੱਟੇ ਕੱਢਦੇ ਹਨ। ਇਥੇ ਜਾਗੀਰਦਾਰੀ ਦੀ ਹਾਰ ਤੇ ਸਰਮਾਏਦਾਰੀ ਦੀ ਜਿੱਤ ਹੁੰਦੀ ਹੈ। ਥੋੜ੍ਹੀ ਦੇਰ ਲਈ ਕਿਰਤੀ ਸੱਤਾ ਤੇ ਕਾਬਿਜ਼ ਰਹਿੰਦੇ ਹਨ। ਕਿਰਤੀਆਂ ਦੇ ਹਾਰ ਦੇ ਕਾਰਣਾਂ ਨੂੰ ਵੀ ਵਿਸਤਾਰ ਵਿਚ ਵਿਚਾਰਿਆ ਗਿਆ ਹੈ। ਇਸ ਦੌਰਾਨ ਇਨਕਲਾਬੀਆਂ ਵਲੋਂ ਚਰਚ ਨਾਲ਼ ਹੋਈ ਵਿਰੋਧਤਾ ਦਾ ਵੀ ਮੁਲਾਂਕਣ ਕੀਤਾ ਗਿਆ। ਇਨਕਲਾਬੀਆਂ ਨੇ ਤਰਕ ਨਾਲ਼ ਚਰਚ ਦੀ ਪੋਲ ਖੋਲ੍ਹੀ, ਜੋ ਸੱਤਾ ਨਾਲ਼ ਮਿਲਿਆ ਹੋਇਆ ਸੀ। ਬਾਅਦ ਵਿਚ ਨਵੀਂ ਸਰਕਾਰ ਨੇ ਕਿਰਤੀਆਂ ਦੇ ਹੜਤਾਲ ਕਰਨ ਉੱਪਰ ਹੀ ਪਾਬੰਦੀ ਲਾ ਦਿੱਤੀ। ਕਿਸਾਨਾਂ ਨੂੰ ਮੁਫ਼ਤ ਜ਼ਮੀਨ ਨਹੀਂ ਮਿਲੀ ਤੇ ਕਾਰਖਾਨੇ ਕਿਰਤੀਆਂ ਨੂੰ ਨਹੀਂ ਸੌਂਪੇ ਗਏ। ਜ਼ਮੀਨਾਂ ਲੈ ਕੇ ਕਿਸਾਨ ਸ਼ਾਂਤ ਹੋ ਗਏ। ਅਖੀਰ ਰਾਜਾ ਮੁੜ ਸਥਾਪਿਤ ਹੋਇਆ ਜਿਸਨੇ ਇਹ ਪ੍ਰਣ ਕੀਤਾ ਕਿ ਉਹ ਸਰਮਾਏਦਾਰਾਂ ਨੂੰ ਰਾਜਿਆਂ ਅਤੇ ਕਿਰਤੀਆਂ ਦੋਹਾਂ ਤੋਂ ਬਚਾਏਗਾ। ਗ਼ਦਰੀ ਸਮਝਦੇ ਸਨ ਕਿ ਰੂਸ ਵਿਚ ਅਗਵਾਈ ਕਿਉਂਕਿ ਕਿਰਤੀਆਂ ਕੋਲ ਸੀ ਇਸ ਲਈ ਉਨ੍ਹਾਂ ਦੇ ਸਰਮਾਏਦਾਰੀ ਵਲ ਮੁੜਨ ਦਾ ਕੋਈ ਕਾਰਣ ਨਹੀਂ ਹੈ। ਫਰਾਂਸ ਦੀ ਕਰਾਂਤੀ ਦੇ ਸਬਕ ਵੀ ਰੂਸੀਆਂ ਸਾਹਮਣੇ ਸਨ। 'ਇਸੇ ਕਰਕੇ ਸੋਵੀਅਤ ਦੇ ਕਿਰਤੀ, ਸੋਸ਼ਲਿਜ਼ਮ ਦੀ ਰਾਖੀ ਲਈ ਜ਼ਿਆਦਾ ਜੋਸ਼ ਨਾਲ ਲੜ ਸਕਦੇ ਹਨ।' ਗ਼ਦਰੀ ਰੂਸ ਦੇ ਸਿਧਾਂਤਾ ਅਤੇ ਵਿਹਾਰ ਨੂੰ ਬੜੀ ਉਤਸੁਕਤਾ ਅਤੇ ਆਸ਼ਵਾਦੀ ਦ੍ਰਿਸ਼ਟੀ ਤੋਂ ਦੇਖਦੇ ਸਨ। ਉਹ ਲਿਖਦੇ ਹਨ, "ਰੂਸ ਵਾਸੀਆਂ ਨੇ ਮਾਨੁਖ ਦੀ ਜਾਤੀ ਦੇ ਆਧਾਰ ਹਿੱਤ (ਉਧਾਰ ਹਿੱਤ) ਨਵੇਂ ਖ਼ਿਆਲਾਤ ਨਵੇਂ ਤਰੀਕੇ ਨਵੇਂ ਅਸੂਲ, ਨਵੀਆਂ ਮੁਰਾਦਾਂ ਅਤੇ ਨਵੇਂ ਮਨਸੂਬੇ ਪੈਦਾ ਕਰ ਦਿੱਤੇ ਹਨ, ਉਨੀਵੀਂ ਸਦੀ ਵਿਚ ਮੁਲਕ ਰੂਸ ਵਿਚ ਅੰਧੇਰੇ ਜਗਤ ਵਿਚ ਰੌਸ਼ਨ ਚਿਰਾਗ਼ ਦੀ ਤਰ੍ਹਾਂ ਚਮਕਦਾ ਹੈ।"

ਗ਼ਦਰੀ ਲਿਖਤਾਂ ਵਿਚ ਉਨ੍ਹਾਂ ਦੇਸ਼ ਭਗਤਾਂ ਦੇ ਜੀਵਨ ਸਮਾਚਾਰ ਵਿਸ਼ੇਸ਼ ਤੌਰ ਤੇ ਮਿਲਦੇ ਹਨ ਜਿਨ੍ਹਾਂ ਤੋਂ ਗ਼ਦਰ ਲਹਿਰ ਵਿਚ ਉਤਸ਼ਾਹ ਮਿਲੇ। ਮਿਸਟਰ ਵਲਡ ਮਰ



ਥੌਜ਼ੂਫ਼, ਸੂਫ਼ੀ ਪੀਰੂ ਸਕੀਆ, ਜ਼ਨੀਦਾ ਵਸੀਲੋਨਾ ਆਦਿ ਨਾਲ ਜੁੜੇ ਪ੍ਰੇਰਕ ਪ੍ਰਸੰਗਾਂ ਨੂੰ ਪ੍ਰਚਾਰਿਆ ਪ੍ਰਸਾਰਿਆ ਗਿਆ। ਜ਼ਨੀਦਾ ਵਸੀਲੋਨਾ ਉਸ ਸਰਕਾਰ ਦੇ ਨੁਮਾਇੰਦੇ ਰੂਸੀ ਜਰਨੈਲ ਦਾ ਕਤਲ ਕਰਦੀ ਹੈ ਜੋ ਗਰੀਬ ਬੱਚਿਆਂ ਨੂੰ ਉਨ੍ਹਾਂ ਦੀ ਮਾਂ ਬੋਲੀ ਤੋਂ ਵੀ ਵਾਂਝਿਆਂ ਕਰਦੀ ਹੈ। ਉਹ ਆਪ ਫਾਂਸੀ ਚੜ੍ਹਦੀ ਹੈ। ਉਸਦੇ ਅੰਤਿਮ ਸ਼ਬਦ ਭਾਵੁਕ ਕਰਨ ਵਾਲੇ ਹਨ ਕਿ, "ਮੇਰੇ ਪਾਸ ਇਸ ਵੇਲੇ ਸਿਰਫ਼ ਇਕ ਜਾਨ ਹੀ ਹੈ, ਬਸ ਉਹੀ ਇਕ ਜਾਨ ਆਪਣੇ ਦੇਸ਼ ਹਿੱਤ ਕੁਰਬਾਨ ਕਰਦੀ ਹਾਂ।"

ਗ਼ਦਰੀਆਂ ਦੇ ਧਰਮ ਬਾਰੇ ਵਿਚਾਰਾਂ ਦਾ ਅਧਿਐਨ ਆਪਣੇ ਆਪ ਵਿਚ ਦਿਲਚਸਪ ਹੈ। ਉਹ ਸਭ ਤੋਂ ਪਹਿਲਾਂ ਧਰਮ ਅਤੇ ਮਜ਼ਹਬ ਵਿਚ ਅੰਤਰ ਕਰਨ ਉੱਪਰ ਜ਼ੋਰ ਦਿੰਦੇ ਹਨ। ਉਨ੍ਹਾਂ ਅਨੁਸਾਰ ਧਰਮ ਸਦਾਚਾਰਕ ਉੱਨਤੀ ਦਾ ਕਾਰਣ ਬਣ ਸਕਦਾ ਹੈ ਪਰ ਇਸ ਨਾਲ ਗਿਆਨ ਦਾ ਹੋਣਾ ਵੀ ਜ਼ਰੂਰੀ ਹੈ। ਗਿਆਨ ਦਾ ਮਜ਼ਹਬ ਨਾਲ ਕੋਈ ਵਾਸਤਾ ਨਹੀਂ। ਕਿੰਨੇ ਵੀ ਮਜ਼ਹਬ ਵਿਚ ਗਿਆਨੀ ਹੋਣ ਜੇ ਉਹ ਇੰਜਨੀਅਰਿੰਗ ਅਤੇ ਰਾਜਨੀਤੀ ਨਹੀਂ ਜਾਣਦੇ ਭਾਵ ਗਿਆਨੀ ਨਹੀਂ ਤਾਂ ਸਭ ਕੁਝ ਵਿਅਰਥ ਹੈ। ਸਾਰੇ ਮਹਾਤਮਾ ਧਰਮ ਤੇ ਸਦਾਚਾਰ ਵਿਚ ਬਰਾਬਰ ਹਨ। ਪਰੰਤੂ ਮਤ ਜਾਂ ਮਜ਼ਹਬ ਇਕ ਨਹੀਂ ਹੋ ਸਕਦੇ। ਹਿੰਦੁਸਤਾਨ ਵਿਚ ਧਰਮ ਅਤੇ ਮਜ਼ਹਬ ਵਿਚ ਹਮੇਸ਼ਾ ਅੰਤਰ ਮੰਨਿਆ ਗਿਆ ਹੈ। ਧਰਮ ਸਦਾਚਾਰਕ ਹੈ ਪਰ ਮਜ਼ਹਬ ਮੰਤਰਾਂ ਆਦਿ ਉੱਪਰ ਆਧਾਰਿਤ ਹੈ। ਗ਼ਦਰੀਆਂ ਦਾ ਆਪਣੇ ਵੇਲੇ ਦੇ ਅਨੇਕ ਮੱਤਾਂ ਨਾਲ ਵਿਰੋਧ ਰਿਹਾ ਹੈ, ਦੇਸ਼ ਪ੍ਰੇਮ ਲਈ ਵੇਦਾਂਤ ਦਾ ਸਹਾਰਾ ਲਿਆ ਗਿਆ। ਗਾਇਤ੍ਰੀ ਜਾਪ ਨੂੰ ਆਧਾਰ ਬਣਾਇਆ ਗਿਆ, ਕੋਈ ਪੱਛਮੀ ਵਿਦਿਆ ਨਾਲ ਭਰਪੂਰ ਹੈ, ਕੋਈ ਰਸਮੋ ਰਿਵਾਜ ਨੂੰ ਹੀ ਦੇਸ਼ ਪ੍ਰੇਮ ਮੰਨਦਾ ਹੈ। ਕੋਈ ਗਣੇਸ਼ ਜਾਂ ਕਾਲੀ ਦਾ ਭਗਤ ਬਣਦਾ ਹੈ। ਅਜਿਹੇ ਮੱਤਾਂ ਵਾਲੇ ਪੂਰੇ ਦੇਸ਼ ਵਿਚ ਫੈਲੇ ਹੋਏ ਸਨ ਪਰੰਤੂ ਗ਼ਦਰੀ ਇਨ੍ਹਾਂ ਨਾਲ ਸਹਿਮਤ ਵਿਖਾਈ ਨਹੀਂ ਦਿੰਦੇ। ਉਨ੍ਹਾਂ ਲਈ ਇਹ, "ਸਭ ਦੇਸ਼ ਭਗਤ ਬਣੇ ਫਿਰਦੇ ਹਨ। ਪਰ ਆਦਮੀ ਪਹਿਲੇ ਬਹੁਤ ਘੱਟ ਬਣਦੇ ਹਨ। ਝੂਠ ਨਾਲ ਧਰਮ ਸਿੱਧ ਕਰਨਾ, ਇਹ ਜਾਂਚ ਇਨ੍ਹਾਂ ਅਕਲਮੰਦ ਹਿੰਦੀਆਂ ਨੂੰ ਸੁੱਝੀ ਹੈ। ਸਿੱਧਾ ਰਸਤਾ ਬੜਾ ਟੇਢਾ ਮਾਲੂਮ ਹੁੰਦਾ ਹੈ ਅਤੇ ਚਾਲਬਾਜ਼ੀ ਇਨ੍ਹਾਂ ਨੂੰ ਮੁਕਤੀ ਦੇਣ ਵਾਸਤੇ ਅਤਿਅੰਤ ਜ਼ਰੂਰੀ ਮਾਲੂਮ ਹੁੰਦੀ ਹੈ।"

ਮਜ਼ਹਬ ਜਾਂ ਮੱਤ ਦੀ ਇਕ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਉਹ ਆਪਣੇ ਮਤ ਨੂੰ ਅੰਤਿਮ ਅਤੇ ਮੁਕਤੀ ਦਾ ਦਸੇਰਾ ਮੰਨਦਾ ਹੈ ਪਰ ਗ਼ਦਰੀ ਯਥਾਰਥਵਾਦੀ ਹਨ। ਉਨ੍ਹਾਂ ਅਨੁਸਾਰ ਹਰ ਮਜ਼ਹਬ ਤੇ ਫਿਰਕੇ ਵਿਚ ਚੰਗੇ ਵਿਅਕਤੀ ਵੀ ਹੋ ਸਕਦੇ ਹਨ ਅਤੇ ਮੰਦੇ ਵੀ। ਕਿਸੇ ਮੱਤ ਨੇ ਪ੍ਰੇਮ ਸੱਚਾਈ ਦਾ ਠੇਕਾ ਨਹੀਂ ਲੈ ਲਿਆ। "ਇਸੇ ਤਰ੍ਹਾਂ ਸੱਚੇ ਆਦਮੀ ਅਸੀਂ ਸਭ ਜਗਾਹ ਡਿੱਠੇ ਹਨ ਅਤੇ ਬੁਰੇ ਝੂਠੇ ਵੀ ਸਾਰੇ ਮਜ਼ਹਬਾਂ ਵਿਚ ਦੇਖੇ ਗਏ ਹਨ। ਇਮਾਨਦਾਰੀ ਵੀ ਸਾਰੇ ਸਮਾਜਾਂ ਵਿਚ ਮਿਲੀ ਅਤੇ ਬੇਈਮਾਨੀ ਵੀ। ਉਪਕਾਰ ਕਰਨ ਵਾਲੇ ਆਦਮੀ ਵੀ ਸਾਰੇ ਪੰਥਾਂ ਵਿਚ ਮੌਜੂਦ ਹਨ। ਪਰ ਦੂਸਰੇ ਨੂੰ ਦੇਖ ਕੇ ਸੜਨ ਵਾਲੇ ਖ਼ੁਦਗਰਜ਼ ਕਮੀਨੇ ਲੀਡਰ (ਖੜਪੈਂਚ) ਵੀ ਸਾਰਿਆਂ ਮਤਾਂ ਵਿਚ ਰਹਿੰਦੇ ਹਨ। ਪ੍ਰੇਮੀ ਤੇ ਦਾਤਾ ਜਾਦਾ ਬੋਲਣ ਵਾਲੇ ਜੱਥੇਦਾਰ ਵੀ ਸਾਰੇ ਪੰਥਾਂ ਵਿਚ

ਦਿਸਦੇ ਹਨ।" ਇਨ੍ਹਾਂ ਕਥਨਾਂ ਵਿਚ ਗ਼ਦਰੀਆਂ ਦਾ ਅੰਤਰਰਾਸ਼ਟਰੀ ਅਨੁਭਵ ਬੋਲ ਰਿਹਾ ਹੈ ਜੋ ਖੂਹ ਦੇ ਡੱਡੂਆਂ ਨੂੰ ਕਦੇ ਵੀ ਰਾਸ ਨਹੀਂ ਆ ਸਕਦਾ। ਗ਼ਦਰੀ ਲੰਬੀ ਸੋਚ ਵਿਚਾਰ ਬਾਅਦ ਇਸ ਨਤੀਜੇ ਤੇ ਪਹੁੰਚਦੇ ਹਨ ਕਿ 'ਮਤ ਵਰਗੀ ਬੋਦੀ ਖੋਖਲੀ ਅਤੇ ਬਦਲਣ ਵਾਲੀ ਦਜ਼ਰ (?) ਦੀ ਪਰ ਸਮਾਜਿਕ ਸੁੱਖ ਅਤੇ ਏਕਾ ਵੀ ਕਦੀ ਕਾਇਮ ਨਹੀਂ ਹੋ ਸਕਦਾ।" ਇਸੇ ਲਈ ਕਿਸੇ ਵੀ ਤਰ੍ਹਾਂ ਦੇ ਮਜ਼ਹਬੀ ਕਾਰਜਾਂ ਨੂੰ ਗ਼ਦਰੀ ਪ੍ਰਵਾਨ ਨਹੀਂ ਕਰਦੇ। ਮਜ਼ਹਬ ਨੂੰ ਜਾਂ ਮਤ ਨੂੰ ਨਿੱਜੀ ਮਾਮਲਾ ਮੰਨ ਕੇ ਗ਼ਦਰੀਆਂ ਨੇ ਤੱਤ ਇਹ ਕੱਢਿਆ ਕਿ, "ਮਤ ਜਾਂ ਮਜ਼ਹਬ ਨੂੰ ਕਦੇ ਵੀ ਜ਼ਰੂਰੀ ਜਾਂ ਵੱਡੀ ਚੀਜ਼ ਖ਼ਿਆਲ ਨਹੀਂ ਕਰਨਾ ਚਾਹੀਦਾ। ਮੱਤ ਦੇ ਵਾਸਤੇ ਸਭਾ ਜਾਂ ਸਮਾਜ ਬਣਾਉਣੀ ਬੜੀ ਭਾਰੀ ਬੇਵਕੂਫ਼ੀ ਹੈ।"

ਗ਼ਦਰੀਆਂ ਨੇ ਧਰਮ-ਪਰਿਵਰਤਨ ਉੱਪਰ ਵੀ ਆਪਣੇ ਵਿਚਾਰ ਦਿੱਤੇ ਹਨ। ਅਜਿਹੇ ਪਰਿਵਰਤਨ ਨੂੰ ਗ਼ਦਰੀ ਵਿਚਾਰਵਾਨ ਕਰੜੇ ਸ਼ਬਦਾਂ ਵਿਚ ਨਿੰਦਦੇ ਹਨ। 'ਅਗਰ ਇਕ ਆਦਮੀ ਆਪਣੇ ਮਜ਼ਹਬ ਵਿਚੋਂ ਨਿਕਲ ਕੇ ਦੂਜੇ ਮਤ ਵਿਚ ਦਾਖ਼ਲ ਹੋ ਜਾਵੇ, ਤਾਂ ਕੀ ਉਹ ਵੱਜਡਾ ਰਿਸ਼ੀ ਮੁਨੀ, ਡਾਕਟਰ ਬਣਾ ਸਕਦਾ ਹੈ ? ਕੀ ਕਾਲ, ਪਲੇਗ, ਮਲੇਰੀਆ, ਗਰੀਬੀ ਨੂੰ ਦੂਰ ਕਰ ਸਕਦਾ ਹੈ ? ਮਗਰ ਮਤ ਦੇ ਅੰਨ੍ਹੇ ਆਦਮੀ ਨੂੰ ਸਭ ਉਲਟਾ ਹੀ ਨਜ਼ਰ ਆਉਂਦਾ ਹੈ।" ਗਊ ਹੱਤਿਆ ਦੇ ਵਿਰੋਧ ਵਿਚ ਕੀਤੇ ਯਤਨਾਂ ਨੂੰ ਵੀ ਗ਼ਦਰੀ ਬਹੁਤਾ ਮਹੱਤਵ ਨਹੀਂ ਦਿੰਦੇ ਕਿਉਂਕਿ ਉਨ੍ਹਾਂ ਅਨੁਸਾਰ, "ਹਿੰਦੂਆਂ ਵਿਚ ਤਾਂ ਗਊ ਹੱਤਿਆ ਕਦੇ ਹੁੰਦੀ ਹੀ ਨਹੀਂ। ਦੂਜੀਆਂ ਕੌਮਾਂ ਤੇ ਇਹਨਾਂ ਦਾ ਕੋਈ ਜੋਰ ਨਹੀਂ ਚਲ ਸਕਦਾ।" ਪਹਿਲ ਮਨੁੱਖੀ ਹੱਕਾਂ ਅਤੇ ਆਜ਼ਾਦੀ ਨੂੰ ਮਿਲਣੀ ਚਾਹੀਦੀ ਹੈ। ਹਿੰਦੂਆਂ ਦੀ ਲੜਾਈ ਅੰਗਰੇਜ਼ਾਂ ਖਿਲਾਫ਼ ਸੇਧਿਤ ਨਾ ਹੋ ਕੇ ਮੁਸਲਮਾਨਾਂ ਵਲ ਸੇਧਿਤ ਹੈ। ਆਪਣਿਆਂ ਵਲ "ਜੋ ਅੰਗਰੇਜ਼ ਹਿੰਦੁਸਤਾਨ ਵਿਚ ਗਊ ਦਾ ਮਾਸ 9 ਕਰੋੜ, 72 ਲੱਖ ਰੁਪਏ (ਇਕ ਸਦੀ ਪਹਿਲਾਂ ਦਾ ਅੰਕੜਾ) ਸਾਲ ਦਾ ਵਿਦੇਸ਼ਾਂ ਵਿਚ ਵੱਢ ਕੇ ਲੈ ਜਾਂਦੇ ਹਨ। ਉਸਦੇ ਵਿਰੁੱਧ ਕੋਈ ਚੂੰ ਤਕ ਨਹੀਂ ਕਰਦਾ, ਹਰ ਰੋਜ਼ ਗਊ ਅਤੇ ਸੂਰ ਦੇ ਝਗੜੇ ਪਿੱਛੇ ਹਜ਼ਾਰਾਂ ਹਿੰਦੂ ਮੁਸਲਮਾਨ ਕੱਟ ਕੱਟ ਕੇ ਮਰ ਰਹੇ ਹਨ।"

ਗ਼ਦਰੀ, ਕੌਮੀ ਸ਼ਹੀਦ ਸਮੁੱਚੀ ਭਾਰਤੀ ਕੌਮ ਦਾ ਸਰਮਾਇਆ ਹਨ ਕਿਉਂਕਿ ਕੌਮੀ ਸ਼ਹੀਦਾਂ ਨੇ ਸਾਰੀ ਹਿੰਦੁਸਤਾਨੀ ਕੌਮ ਦੀ ਖ਼ਾਤਰ ਕੁਰਬਾਨੀ ਕੀਤੀ ਹੈ। ਆਪਣੇ ਜਾਤੀ ਫ਼ਾਇਦੇ ਜਾਂ ਆਪਣੇ ਮਜ਼ਹਬੀ ਫਾਇਦੇ ਜਾਂ ਇਲਾਕੇ ਦੇ ਫ਼ਾਇਦੇ ਲਈ ਇਹ ਕੁਰਬਾਨੀ ਨਹੀਂ ਕੀਤੀ ਹੈ। ਅੰਗਰੇਜ਼ਾਂ ਦੁਆਰਾ ਕੀਤੀਆਂ ਗਈਆਂ ਕਾਨਫਰੰਸਾਂ ਵਿੱਚ ਜਿਵੇਂ ਫਿਰਕਿਆਂ ਦੇ ਆਧਾਰ ਤੇ ਹਿੱਸਾ ਲੈਣ ਵਾਲਿਆਂ ਦੀ ਚੋਣ ਕੀਤੀ ਜਾਂਦੀ ਰਹੀ ਹੈ, ਉਸਨੂੰ ਵੀ ਗ਼ਦਰੀ ਵਿਅੰਗ ਨਾਲ ਦੇਖਦੇ ਹਨ ਕਿਉਂਕਿ ਉਹ ਜਾਣਦੇ ਸਨ ਕਿ ਇਸ ਤਰ੍ਹਾਂ ਸੰਪ੍ਰਦਾਇਕਤਾ ਹੋਰ ਵਧੇਗੀ, ਝਗੜੇ ਵਧਣਗੇ। "ਇਹ ਸਾਰੇ ਹੀ ਝੋਲੀ ਚੁੱਕ ਫਿਰਕਿਆਂ ਤੇ ਇਲਾਕਿਆਂ ਦੇ ਫ਼ਰਕਾਂ ਨਾਲ ਇਸ ਤਰ੍ਹਾਂ ਛਾਂਟੇ ਹਨ ਕਿ ਉਮੀਦ ਇਹ ਹੈ ਕਿ ਫਿਰਕੇਬਾਜ਼ੀਆਂ ਵਿਚ ਸਿੰਙ ਫਸਾ ਕੇ ਦੁਨੀਆਂ ਤੋਂ ਹਿੰਦ ਨੂੰ ਟਿੱਚਰਾਂ ਕਰਾਉਣ ਜਾਣਗੇ, ਅਤੇ ਇਸ ਤਰ੍ਹਾਂ ਅੰਗਰੇਜ਼ ਦਾ ਬੁੱਥਾ ਸਾੜਨਗੇ।" ਗ਼ਦਰੀਆਂ ਦੀ ਸਮਝ



ਸਾਫ਼ ਸੀ ਕਿ ਹਕੂਮਤ ਗੁਲਾਮਾਂ ਦੇ ਮਜ਼ਹਬ ਨੂੰ ਆਪਣੇ ਮਤਲਬ ਲਈ ਵਰਤਦੀ ਹੈ। ਮਹਾਂਯੁੱਧ ਵਿਚ ਅੰਗਰੇਜ਼ਾਂ ਨੇ ਸਾਰੇ ਹਿੰਦੋਸਤਾਨੀ ਮਜ਼ਹਬਾਂ ਦੇ ਪੁਜਾਰੀਆਂ ਪਾਸੋਂ 'ਗੁੱਝੇ ਜ਼ੋਰ' ਨਾਲ ਅਰਦਾਸਾਂ ਕਰਵਾ ਲਈਆਂ ਸਨ। ਗ਼ਦਰੀਆਂ ਦੇ ਧਾਰਮਿਕ ਅਸੂਲ ਇਸ ਤਰ੍ਹਾਂ ਦੇ ਸਨ– "ਅਗਰ ਇਕ ਅਮੀਰ ਇਕ ਲੱਖ ਰੁਪਿਆ ਦਾਨ ਕਰਦਾ ਹੈ ਅਤੇ ਇਕ ਗ਼ਰੀਬ ਵਿਦਵਾਨ ਇਕ ਪੁਰਸ਼ ਨੂੰ ਇਹ (ਆਜ਼ਾਦੀ ਦਾ) ਅਸੂਲ ਸਮਝਾ ਦਿੰਦਾ ਹੈ ਤਾਂ ਗ਼ਰੀਬ ਬੜਾ ਦਾਨੀ ਹੈ। ਇਨ੍ਹਾਂ ਧਾਰਮਿਕ ਤੱਤਾਂ ਦੀ ਇਹ ਮਹਾਨ ਉਪਮਾ ਹੈ।"

ਗ਼ਦਰੀ ਜਦੋਂ ਆਤਮਾ ਨੂੰ ਜਗਾਉਣ ਦੀ ਗੱਲ ਕਰਦੇ ਹਨ ਤਾਂ ਉਹ ਇਕ ਅਜਿਹੀ ਸ਼ਕਤੀ ਨੂੰ ਆਤਮਾ ਕਹਿੰਦੇ ਹਨ ਜੋ ਧਰਮ ਅਤੇ ਅਧਰਮ ਵਿਚ ਅੰਤਰ ਕਰਦੀ ਹੈ। ਭਾਰਤੀ ਦਰਸ਼ਨ ਦੀ ਆਤਮਾ ਦੀ ਥਾਂ ਉਹ ਸਪਿਰਟ ਦੀ ਗੱਲ ਕਰਦੇ ਹਨ ਜਾਂ ਫਿਰ ਅਜਿਹੀ ਸ਼ਕਤੀ ਦੀ ਜੋ ਸੱਚ ਝੂਠ ਵਿਚ ਅੰਤਰ ਕਰਦੀ ਹੈ। ਇਸ ਸ਼ਕਤੀ ਨੂੰ ਰਾਜ, ਹਾਕਮ, ਸਿਪਾਹੀ ਅਤੇ ਜਾਸੂਸ ਦਾ ਡਰ 'ਮਾਰਦਾ' ਹੈ। ਸਰਕਾਰ ਦਾ ਡਰ ਇਸਨੂੰ ਕੁਚਲਦਾ ਹੈ। ਇਸ ਲਈ ਗ਼ਦਰੀ ਇਸ ਡਰ ਨੂੰ ਦੂਰ ਕਰਨਾ ਚਾਹੁੰਦੇ ਸਨ ਤਾਂ ਕਿ ਨਿਡਰ ਹੋ ਕੇ ਲੜਿਆ ਜਾ ਸਕੇ। ਅਜਿਹੀ ਸ਼ਕਤੀ ਬਗੈਰ ਬੁੱਧੀ ਨਿਸਫਲ ਸੋਚਾਂ ਸੋਚਦੀ ਹੈ। ਸੋਚ ਤੇ ਆਤਮਿਕ ਤਾਕਤ ਅਗਾਂਹ ਲੈ ਕੇ ਜਾ ਸਕਦੀ ਹੈ।

ਆਜ਼ਾਦੀ ਦੀ ਲੜਾਈ ਸਮੇਂ ਸਿੱਖ ਰਾਜਿਆਂ ਦੀ ਸਿਫ਼ਤ ਆਮ ਹੀ ਕੀਤੀ ਜਾਂਦੀ ਸੀ। ਸਿੱਖ ਰਣਜੀਤ ਸਿੰਘ ਦੇ ਰਾਜ ਨੂੰ ਵੀ ਸਿੱਖ ਰਾਜ ਕਹਿ ਕੇ ਆਪਣੇ ਮਨ ਨੂੰ ਢਾਰਸ ਦਿੰਦੇ ਸਨ ਅਤੇ ਗੁਆਚੇ ਸਿੱਖ ਰਾਜ ਦੀ ਉਦਾਸੀ ਹੰਢਾਉਂਦੇ ਸਨ। ਗ਼ਦਰੀ ਵਿਚਾਰਧਾਰਾ ਰਾਜਿਆਂ ਦਾ, ਜਾਗੀਰਦਾਰਾਂ ਦਾ ਡਟਵਾਂ ਵਿਰੋਧ ਕਰਦੀ ਸੀ। ਗ਼ਦਰੀ ਸਿੱਖਾਂ ਨੂੰ ਸੰਬੋਧਿਤ ਹੁੰਦੇ ਸਨ ਤਾਂ ਹੇਠ ਲਿਖੀਆਂ ਵਿਚਾਰਾਂ ਕਰਦੇ ਸਨ। "ਸਿੱਖ ਇਹ ਨਹੀਂ ਸਮਝਦੇ ਕਿ 'ਸਿੱਖ ਰਾਜੇ' ਇਕ ਬੇਮਾਇਨੀ ਸ਼ਬਦ ਹੈ। ਸਿੱਖ ਧਰਮ ਵਿਚ ਰਾਜਾ ਅਤੇ ਬ੍ਰਾਹਮਣ ਦੋਵੇਂ ਹੀ ਨਾਮੁਮਕਿਨ ਹੈ। ਮੁਲਕੀ ਅਤੇ ਮਜ਼ਹਬੀ ਗੁਰੂਡਮ ਦੋਹਾਂ ਦੇ ਵਿਰੁੱਧ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਬਰਦਸਤ ਤਹਿਰੀਕ ਜਾਰੀ ਕੀਤੀ, ਮਜ਼ਹਬੀ ਖ਼ਿਆਲ ਦੇ ਲਿਹਾਜ਼ ਨਾਲ ਥੋੜ੍ਹੀ ਬਹੁਤ ਕਾਮਯਾਬੀ ਹੋਈ ਮਗਰ ਗੁਰੂਡਮ ਨਾ ਨਿਕਲੀ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਦਰਸ਼ਨ ਆ ਦਿੱਤੇ।" ਰਿਆਸਤ, ਪੰਥ ਅਤੇ ਸੰਪ੍ਰਦਾਇ ਵਿਚ ਗ਼ਦਰੀਆਂ ਅਨੁਸਾਰ 'ਗੁਲਾਮੀ ਦੇ ਅਸੂਲ ਸਿਰਮੱਥੇ ਨਾਲ ਮੰਨੇ ਜਾਂਦੇ ਹਨ।' ਅਤੇ ਗ਼ਦਰੀ ਗੁਲਾਮੀ ਨੂੰ ਨਫ਼ਰਤ ਕਰਦੇ ਸਨ। ਗ਼ਦਰੀ 'ਗੁਰੂ ਬਿਨਾਂ ਗਤੀ ਨਹੀਂ' ਦੇ ਵਿਚਾਰ ਨੂੰ ਖਤਰਨਾਕ ਮੰਨਦੇ ਸਨ ਕਿਉਂਕਿ ਗੁਰੂ ਇਹੀ ਕਹਿੰਦਾ ਹੈ ਕਿ ਉਸਦੇ ਵਚਨ ਉੱਪਰ ਬਿਨਾਂ ਸੋਚੇ ਸਮਝੇ ਅਮਲ ਕੀਤਾ ਜਾਵੇ।

ਗ਼ਦਰੀ ਲਹਿਰ ਵਿਚ ਭਾਸ਼ਾ ਦੇ ਮਸਲੇ ਉੱਪਰ ਵੀ ਵਿਚਾਰ ਕੀਤਾ ਗਿਆ। ਗਦਰੀਆਂ ਦੀ ਸਮੁੱਚੀ ਸਮਝ ਇਹ ਸੀ ਕਿ ਲੋਕਾਂ ਤਕ ਪਹੁੰਚ ਲਈ ਉਨ੍ਹਾਂ ਦੀ ਭਾਸ਼ਾ ਨੂੰ ਹੀ ਅਪਣਾਉਣਾ ਪਵੇਗਾ। ਇਸੇ ਲਈ ਉਨ੍ਹਾਂ ਵਲੋਂ ਗ਼ਦਰ ਅਖ਼ਬਾਰ ਗੁਰਮੁਖੀ, ਉਰਦੂ ਆਦਿ ਭਾਸ਼ਾਵਾਂ ਵਿਚ ਵੀ ਕੱਢਿਆ ਜਾਂਦਾ ਸੀ। ਜਦੋਂ ਪਰਚੇ ਨੇ ਪੰਜਾਬੀ ਬੋਲੀ ਤੇ ਗੁਰਮੁਖੀ ਲਿਪੀ ਉਪਰ ਜ਼ੋਰ ਦਿੱਤਾ ਤਾਂ ਕੈਨੇਡਾ ਅਮਰੀਕਾ ਵਿਚ ਗੁਰਦੁਆਰਿਆਂ

ਦੇ ਆਗੂਆਂ ਨੇ ਗ਼ਦਰ ਪਰਚਾ ਪੜ੍ਹਨ ਦਾ ਹੁਕਮ ਕੀਤਾ। 'ਪੰਜਾਬੀ ਹਿੰਦੂਆਂ ਤੇ ਮੁਸਲਮਾਨਾਂ ਨੇ ਵੀ 'ਗ਼ਦਰ' ਪੜ੍ਹਨ ਲਈ ਪੰਜਾਬੀ ਸਿੱਖੀ। ਗ਼ਦਰੀ ਚੰਗੀਂ ਤਰ੍ਹਾਂ ਸਮਝਦੇ ਸਨ ਕਿ ਭਾਸ਼ਾ ਉਸੇ ਦੀ ਹੋਵੇਗੀ ਜਿਸਦਾ ਰਾਜ। ਪਰ ਹਿੰਦੂ ਅਤੇ ਮੁਸਲਮਾਨਾਂ ਦੀ ਹਿੰਦੀ ਅਤੇ ਉਰਦੂ ਦੇ ਸਵਾਲ ਤੇ ਲੜਾਈ ਕੁਥਾਵੀਂ ਸੀ ਕਿਉਂਕਿ ਉਹ ਆਪਣੀ ਸਾਂਝੀ ਦੁਸ਼ਮਣ ਅੰਗਰੇਜ਼ੀ ਉੱਪਰ ਉਂਗਲੀ ਨਹੀਂ ਸਨ ਉਠਾਉਂਦੇ। ਗ਼ਦਰੀ ਹਰ ਜ਼ੁਬਾਨ ਵਿਚ ਆਜ਼ਾਦੀ ਅਤੇ ਬਰਾਬਰੀ ਦਾ ਪ੍ਰਚਾਰ ਪ੍ਰਸਾਰ ਕਰਨ ਨੂੰ ਤਰਜੀਹ ਦਿੰਦੇ ਸਨ। ਉਨ੍ਹਾਂ ਦਾ ਨਾਅਰ ਸੀ ਕਿ 'ਅਗਰ ਹਿੰਦੀ ਉਰਦੂ ਨਾਲ ਪ੍ਰੇਮ ਕਰਨਾ ਚਾਹੁੰਦੇ ਹੋ ਤਾਂ ਗ਼ਦਰੀ ਪਾਰਟੀ ਨਾਲ ਮਿਲ ਜਾਓ।'

ਗ਼ਦਰੀ ਸੰਪ੍ਰਦਾਇਕ ਵਖੇਵਿਆਂ ਦੇ ਨਾਲ ਨਾਲ ਹਰ ਤਰ੍ਹਾਂ ਦੇ ਉਨ੍ਹਾਂ ਕਾਰਜਾਂ ਨਾਲ ਸਹਿਮਤ ਨਹੀਂ ਸਨ ਜੋ ਆਜ਼ਾਦੀ ਦੇ ਰਾਹ ਵਿਚ ਰੋੜੇ ਅਟਕਾਉਂਦੇ ਸਨ। ਉਨ੍ਹਾਂ ਦਾ ਹਿੰਦੁਸਤਾਨ ਦੇ ਬੱਤੀ ਕਰੋੜ ਲੋਕਾਂ ਲਈ ਇਹ ਹੋਕਾ ਹੈ ਕਿ, "ਸਾਰੀਆਂ, ਨਿੱਕੀਆਂ ਮੋਟੀਆਂ ਸਭਾ ਸੋਸਾਈਟੀਆਂ, ਸਮਾਜਾਂ ਅੰਜਮਨਾਂ, ਲੀਗਾਂ ਸਭਾਵਾਂ, ਝਗੜੇ ਬਖੇੜੇ, ਸ਼ਾਸਤਰ, ਗ੍ਰੰਥ, ਸ਼ਾਸਤਾਰਥ ਧਰਮ, ਧਰਮਉਪਦੇਸ਼ਕ, ਪੰਡਿਤ, ਮੌਲਵੀ, ਗ੍ਰੰਥੀ ਬੈਰਾਗੀ, ਸੰਨਿਆਸੀ ਨੂੰ ਛੱਡ ਕੇ ਇਨਕਲਾਬੀ ਕਾਰਜਾਂ ਨਾਲ ਜੁੜੋ। ਉਨ੍ਹਾਂ ਦੇ ਇਸ ਹੋਕੇ ਵਿਚ ਉਨੀਵੀਂ ਸਦੀ ਦੇ ਆਰੰਭ ਦੀ ਪੰਜਾਬ ਦੀ ਤਸਵੀਰ ਵੀ ਸਾਹਮਣੇ ਹੈ ਜਿਸ ਵਿਚ ਆਪਾਧਾਪੀ, ਲਹਿਰਾਂ ਦੀ ਖਹਿਬਾਜ਼ੀ ਸਭ ਕੁਝ ਸ਼ਾਮਲ ਹੈ। ਨਾਲ ਹੀ ਗ਼ਦਰੀ ਕਿਸੇ ਇਕ ਫ਼ਿਰਕੇ ਨੂੰ ਸੰਬੋਧਿਤ ਨਹੀਂ ਸਨ। ਉਹ ਹਿੰਦੂ, ਮੁਸਲਿਮ ਅਤੇ ਸਿੱਖਾਂ ਦੁਆਰਾ ਚਲਾਈਆਂ ਲਹਿਰਾਂ ਨੂੰ ਸੰਬੋਧਿਤ ਸਨ। ਇਹ ਗੱਲ ਹਮੇਸ਼ਾ ਯਾਦ ਰੱਖਣ ਵਾਲੀ ਹੈ।

ਗ਼ਦਰੀਆਂ ਵਲੋਂ ਨਵਾਂ ਜ਼ਮਾਨਾ ਨਾਮ ਦੇ ਕਿਤਾਬਚੇ ਵਿਚ ਰਾਜਨੀਤਕ ਅਤੇ ਸੁਧਾਰਕ ਲਹਿਰਾ ਦਾ ਵਿਸ਼ਲੇਸ਼ਣ ਹੈ। ਖਾਸ ਤੌਰ ਤੇ ਉਨ੍ਹਾਂ ਦਾ ਅੰਗਰੇਜ਼ ਭਗਤ ਅਤੇ ਅੰਗਰੇਜ਼ ਨੂੰ ਫਾਇਦਾ ਪੁਚਾਉਣ ਵਾਲੇ ਰੂਪ ਦਾ ਬੜੀ ਬਾਰੀਕ ਦ੍ਰਿਸ਼ਟੀ ਨਾਲ ਅਧਿਐਨ ਕਰਕੇ ਨਤੀਜੇ ਕੱਢੇ ਗਏ ਹਨ। ਇਹ ਹਨ ਕਾਂਗਰਸ, ਹਿੰਦੂ ਕਾਲਜ, ਮਜ਼ਹਬੀ ਜੱਥੇ, ਟੈਂਪਰੈਂਸ (ਨਸ਼ੇ ਨਾਸ਼ਿਕੀ ਸੁਸਾਇਟੀ), ਹਿੰਦੂ ਸਭਾ, ਗਊ ਰੱਖਿਆ, ਵਿਦਿਆ, ਰੀਤ ਰਸਮ ਸੁਧਾਰ ਆਦਿ। ਇਹ ਸੁਸਾਇਟੀਆਂ ਏਕਾ ਕਰਨ ਦਾ ਉਦੇਸ਼ ਦਸਦੀਆਂ ਹਨ ਪਰ ਅਸਲ ਵਿਚ ਇਹ ਲੋਕਾਂ ਨੂੰ ਪਾੜਦੀਆਂ ਸਨ। ਫਿਰ ਗ਼ਦਰੀਆਂ ਅਨੁਸਾਰ 'ਅਗਰ ਭਜਨ ਗਾਉਣ ਨਾਲ ਜਾਂ ਤਿਉਹਾਰ ਮਨਾਉਣ ਨਾਲ ਹੀ ਹਿੰਦੁਸਤਾਨ ਦੀ ਮੁਰਦਾ ਲੋਥ ਵਿਚ ਜਾਨ ਆ ਸਕਦੀ ਹੈ, ਤਾਂ ਅੱਜ ਨੂੰ ਕਦੋਂ ਦਾ ਉੱਠ ਖੜਾ ਹੁੰਦਾ ਕਿਉਂਕਿ ਆਜਿਹਾ ਤਾਂ ਸਦੀਆਂ ਤੋਂ ਹੁੰਦਾ ਆਇਆ ਹੈ। ਕਾਂਗਰਸ, ਹਿੰਦੂ ਸਭਾਵਾਂ ਅਤੇ ਖਾਲਸਾ ਕਾਲਜਾਂ ਆਦਿ ਦੇ ਜਦੋਂ ਪਹਿਲੇ ਪ੍ਰਧਾਨ ਪ੍ਰਿੰਸੀਪਲ ਅੰਗਰੇਜ਼ ਬਣਦੇ ਹਨ ਤਾਂ ਗ਼ਦਰੀਆਂ ਦੀ ਸੋਚ ਸਹੀ ਸਾਬਤ ਹੁੰਦੀ ਹੈ ਕਿ ਉਹ ਸੱਤਾ ਦੇ ਹੱਕ ਵਿਚ ਭੁਗਤਣਗੇ। ਗ਼ਦਰੀਆਂ ਦਾ ਤਰਕ ਹੈ ਕਿ 'ਅਗਰ ਸਾਰੇ ਆਦਮੀ ਆਜਿਹੀਆਂ ਸਭਾਵਾਂ ਵਿਚ ਫਸ ਜਾਣਗੇ ਤਾਂ ਆਜ਼ਾਦੀ, ਬਰਾਬਰੀ ਅਤੇ ਹੱਕਾਂ ਦੀ ਰਾਖੀ ਦੇ ਪਵਿੱਤਰ ਉਪਦੇਸ਼ ਨੂੰ ਭੁੱਲ ਜਾਣਗੇ।' ਦੂਜੇ ਪਾਸੇ ਗ਼ਦਰੀ ਅਸੂਲਾਂ। ਵਿਚਾਰਾਂ ਦੇ ਆਧਾਰ ਤੇ ਏਕਾ ਕਰਨ ਦੇ ਹੱਕ ਵਿਚ ਸਨ। ਅਜਿਹਾ ਏਕਾ ਸਭਾ-ਸੁਸਾਇਟੀਆਂ



ਦੇ ਏਕੇ ਤੋਂ ਕਿਤੇ ਵਧੇਰੇ ਪਾਇਦਾਰ ਹੋਵੇਗਾ।

ਕਾਂਗਰਸੀ ਸਰਕਾਰੀ ਕੌਂਸਲਾਂ ਦੇ ਮੈਂਬਰ ਸਨ, ਖਿਤਾਬਾਂ ਵਾਲੀ ਕਮੇਟੀ ਦੇ ਪਰੈਜ਼ੀਡੈਂਟ ਸਨ। ਇਹ ਲੋਕ ਅੰਗਰੇਜ਼ਾਂ ਦੇ ਖਿਲਾਫ਼ ਨਹੀਂ ਸਨ ਜਾ ਸਕਦੇ। ਇਸੇ ਲਈ ਗ਼ਦਰੀ ਇਸ ਨਤੀਜੇ ਤੇ ਪਹੁੰਚੇ ਕਿ, "ਕਾਂਗਰਸ ਦੇ ਆਦਮੀ ਖ਼ੁਸ਼ਾਮਦੀ ਅਤੇ ਡਰਪੋਕ ਹਨ। ਇਨ੍ਹਾਂ ਵਿਚ ਕੂੜਾ ਕਰਕਟ ਕੁੱਟ-ਕੁੱਟ ਕੇ ਭਰਿਆ ਪਿਆ ਹੈ। ਅਜਿਹੇ ਲੋਕ ਮੁਲਕੀ ਭਲਾਈ ਤਕ ਨਹੀਂ ਪਹੁੰਚ ਸਕਦੇ।"

ਮਿਸਜ਼ ਐਨੀ ਬੇਸੇਂਟ (ਬਸੰਤ) ਵਲੋਂ ਲੋਕਾਂ ਨੂੰ ਹਿੰਦੂ ਧਰਮ ਬਾਰੇ ਲੈਕਚਰ ਦੇਣ ਅਤੇ ਹਿੰਦੂ ਕਾਲਜ ਖੋਲ੍ਹੇ ਜਾਣ ਉੱਪਰ ਗ਼ਦਰੀ ਕਟਾਕਸ਼ ਕਰਦੇ ਹਨ। "ਖ਼ੂਬ! ਅੱਜ ਹਿੰਦੂ ਧਰਮ ਦੇ ਸਿਖਾਉਣ ਵਾਸਤੇ ਮੇਮ ਸਾਹਿਬ ਸੱਤ ਹਜ਼ਾਰ ਮੀਲ ਤੋਂ ਤੁਰ ਕੇ ਆਈ ਹੈ........ਮਿਸਜ਼ ਬਸੰਤ ਹੁਣ ਤਾਂ ਸਾਫ ਕਹਿੰਦੀ ਹੈ ਕਿ ਉਹ ਮੁਲਕ ਦੀ ਤਰੱਕੀ ਨੂੰ ਰੋਕਣਾ ਚਾਹੁੰਦੀ ਹੈ। ਹੁਣ ਤਾਂ ਧਰਮ ਦਾ ਬੁਰਕਾ ਉਤਾਰ ਦਿੱਤਾ ਹੈ......" ਆਪਣੇ ਵਿਸ਼ਵ ਪੱਧਰ ਤੇ ਗ਼ਦਰੀ ਅਨੁਭਵ ਕਾਰਨ, ਤਰਕ ਕਾਰਣ, ਲੋਕ-ਰਾਜ ਦੇ ਅਨੁਭਵ ਕਾਰਣ ਅਤੇ ਸੋਵੀਅਤ ਦੇ ਵਿਚਾਰਾਂ ਕਾਰਨ ਗ਼ਦਰੀ ਜੋ ਕਹਿ ਰਹੇ ਸਨ ਉਹ ਬਿਲਕੁਲ ਸਹੀ ਸੀ ਪਰੰਤੂ ਸੰਪ੍ਰਦਾਇਕ ਹਿੱਤ ਇਨ੍ਹਾਂ ਵਿਚਾਰਾਂ ਨੂੰ ਕਦੇ ਵੀ ਪਚਾ ਨਹੀਂ ਸਨ ਸਕਦੇ, ਇਸੇ ਲਈ ਇਹ ਵਿਚਾਰ ਹੇਠਾਂ ਲੋਕਾਂ ਤਕ ਨਹੀਂ ਪਹੁੰਚ ਸਕੇ। ਅੱਜ ਦੇ ਚਿੰਤਕ ਵੀ ਗ਼ਦਰੀਆਂ ਦੇ ਇਨ੍ਹਾਂ ਵਿਚਾਰਾਂ ਤੋਂ ਜਾਣੂ ਨਹੀਂ ਜਿਨ੍ਹਾਂ ਦੇ ਆਧਾਰ ਤੇ ਹੀ ਗ਼ਦਰ ਲਹਿਰ ਦਾ ਸਹੀ ਮੁਲਾਂਕਣ ਕੀਤਾ ਜਾ ਸਕਦਾ ਹੈ।

ਵਿਦਿਅਕ ਸੰਸਥਾਵਾਂ ਬਾਰੇ ਗ਼ਦਰੀ ਵਿਚਾਰਵਾਨਾਂ ਬੜਾ ਤਿੱਖਾ ਵਿਰੋਧੀ ਕੀਤਾ ਹੈ ਕਿਉਂਕਿ ਉਨ੍ਹਾਂ ਅਨੁਸਾਰ ਅੰਗਰੇਜ਼ ਭਗਤੀ ਸਿਖਾਉਣੀ ਇਨ੍ਹਾਂ ਦਾ ਮੁਖ ਕਾਰਜ ਸੀ। ਦੋ ਵੱਖ-ਵੱਖ ਦ੍ਰਿਸ਼ਟੀਕੋਣ ਨਾਲ ਨਾਲ ਨਹੀਂ ਚਲ ਸਕਦੇ। ਅੰਗਰੇਜ਼ਾਂ ਨੇ ਉਨ੍ਹਾਂ ਸੰਸਥਾਵਾਂ ਨੂੰ ਹੀ ਜਾਰੀ ਰਹਿਣ ਦਿੱਤਾ ਜੋ ਉਨ੍ਹਾਂ ਦੇ ਅਨੁਸਾਰੀ ਸਨ। ਦੇਸ਼ ਭਗਤਾਂ ਵਲੋਂ ਕਲਕੱਤੇ ਵਿਚ ਕਾਇਮ ਕੀਤੇ ਕਾਲਜ ਨੂੰ ਬੰਦ ਹੋਣਾ ਪਿਆ। ਗ਼ਦਰੀ ਵਿਚਾਰਵਾਨ ਇਹ ਮੰਨਦੇ ਸਨ ਕਿ ਸੱਚੀ ਸਿੱਖਿਆ ਆਜ਼ਾਦੀ ਤੋਂ ਬਾਅਦ ਹੀ ਸੰਭਵ ਹੋ ਸਕਦੀ ਸੀ। ਫਿਰ ਇਨ੍ਹਾਂ ਸੰਸਥਾਵਾਂ ਵਿਚ 'ਸ਼ਖ਼ਸੀ ਆਜ਼ਾਦੀ' ਦੀ ਸਿੱਖਿਆ ਨਹੀਂ ਦਿੱਤੀ ਜਾਂਦੀ। ਉਨ੍ਹਾਂ ਦੀ ਸੋਚ ਸੀ ਕਿ, 'ਸਾਰੇ ਸਕੂਲ, ਕਾਲਜ, ਵਿਦਿਆਲੇ ਗ਼ੁਲਾਮੀ ਦਾ ਘਰ ਬਣ ਜਾਣਗੇ, ਉਨ੍ਹਾਂ ਦੇ ਚਲਾਉਣ ਵਾਲੇ ਭਾਵੇਂ ਕਿਤਨੇ ਵੀ ਨੇਕ ਅਤੇ ਪਰਜਾ ਭਗਤ ਹੋਣ। ਪਰ ਜਿਸਦਾ ਰਾਜ, ਉਸਦਾ ਕਾਜ।' ਇਨ੍ਹਾਂ ਸੰਸਥਾਵਾਂ ਵਿਚ ਪੜ੍ਹੇ ਲੋਕ ਫਿਰ ਸਰਕਾਰੀ ਨੌਕਰੀਆਂ ਵਿਚ ਹੀ ਪਹੁੰਚਦੇ ਸਨ। ਗ਼ਦਰੀ ਹਰ ਤਰ੍ਹਾਂ ਦੇ ਕਾਲਜਾਂ ਬਾਰੇ ਆਪਣੀ ਰਾਇ ਦਿੰਦੇ ਹਨ। ਉਨ੍ਹਾਂ ਦਾ ਵਿਚਾਰ ਸੀ ਕਿ, "ਸਾਡੇ ਮੁਲਕ ਵਿਚ ਵੀ ਅਲੀਗੜ੍ਹ ਕਾਲਜ, ਡੀ.ਏ.ਵੀ. ਕਾਲਜ ਖਾਲਸਾ ਕਾਲਜ, ਗੁਰੂ ਕੁੱਲ ਆਦਿ ਪਰਜਾ ਦੇ ਪੈਸੇ ਨਾਲ ਬਣਾਏ ਹੋਏ ਹਨ, ਪਰ ਸਾਰਿਆਂ ਨੂੰ ਸਰਕਾਰੀ ਕਾਇਦਿਆਂ ਵਿੱਚ ਚੱਲਣਾ ਪੈਂਦਾ ਹੈ, ਕਿਸੇ ਵੀ ਢੰਗ ਨਾਲ ਬਚ ਨਹੀਂ ਸਕਦੇ।" ਸਮੁੱਚੇ ਤੌਰ ਤੇ ਗ਼ਦਰੀਆਂ ਦੀ ਸਮਝ ਸੀ ਕਿ ਅੰਗਰੇਜ਼ ਜਿਹੜੀ ਵਿਦਿਆ ਲੋਕਾਂ ਨੂੰ ਦਿੰਦੇ ਹਨ ਉਹ 'ਚੰਗੇ ਵਫ਼ਾਦਾਰ ਗ਼ੁਲਾਮ' ਪੈਦਾ ਕਰਨ ਲਈ ਹੀ ਦਿੱਤੀ ਜਾਂਦੀ ਹੈ।

ਗ਼ਦਰੀ ਸੁਚੇਤ ਜਾਂ ਅਚੇਤ ਇਹ ਸਮਝ ਰੱਖਦੇ ਸਨ ਕਿ ਪੁਰਾਤਨ ਸਾਹਿਤ ਵੇਦ-ਪੁਰਾਣ-ਸ਼ਾਸਤਰ ਰਾਮਾਇਣ-ਮਹਾਂਭਾਰਤ ਲੋਕਮਨਾਂ ਨੂੰ ਜਕੜੀ ਰੱਖ ਕੇ ਗ਼ੁਲਾਮ ਕਦਰਾਂ ਕੀਮਤਾਂ ਸਿਖਾਉਂਦੇ ਸਨ। ਵਿਸ਼ੇਸ਼ ਤੌਰ ਤੇ ਉਨ੍ਹਾਂ ਦੇ ਸ਼ਖਸੀ ਆਜ਼ਾਦੀ, ਬੱਚਿਆਂ ਔਰਤਾਂ ਦੀ ਆਜ਼ਾਦੀ ਨਾਲ ਇਸਨੂੰ ਜੋੜਿਆ। ਪੱਛਮੀ ਜੀਵਨ ਵਿਚ ਵਿਅਕਤੀਗਤ ਸੁਤੰਤਰਤਾ ਦੇ ਵਿਚਾਰਾਂ ਤੋਂ ਇਹ ਪ੍ਰਭਾਵਿਤ ਸਨ। ਉਹ ਇਸ ਸੁਤੰਤਰਤਾ ਦੇ ਹਾਂ-ਪੱਖਾਂ ਦੀ ਪੈਰਵੀ ਕਰਦੇ ਹਨ। ਉਹ ਭਾਰਤੀ ਇਤਿਹਾਸ ਨੂੰ ਰਾਜਿਆਂ ਮਹਾਰਾਜਿਆਂ ਦਾ ਇਤਿਹਾਸ ਕਹਿੰਦੇ ਹਨ ਅਤੇ ਉਨ੍ਹਾਂ ਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਆਮ ਲੋਕਾਂ ਦੀ ਹੋਂਦ ਨੂੰ ਸਵੀਕਾਰ ਹੀ ਨਹੀਂ ਕੀਤਾ ਗਿਆ। ਇਸੇ ਦ੍ਰਿਸ਼ਟੀ ਤੋਂ ਉਹ ਰਾਮਾਇਣ ਦਾ ਮਨੋਰਥ ਨਿਸਚਿਤ ਕਰਦੇ ਹਨ ਜਿਸ ਅਨੁਸਾਰ, "ਰਮਾਇਣ ਦਾ ਅਸਲੀ ਮਨੋਰਥ ਇਹੀ ਹੈ ਕਿ ਪਰਜਾ ਰਾਜੇ ਦੀ ਗ਼ੁਲਾਮ ਰਹੇ, ਬੇਟੇ ਪਿਤਾ ਦੇ ਗ਼ੁਲਾਮ ਰਹਿਣ ਅਤੇ ਇਸਤਰੀ ਪਤੀ ਦੀ ਗ਼ੁਲਾਮ ਰਹੇ।" ਇਨ੍ਹਾਂ ਵਿਚਾਰਾਂ ਨੂੰ ਲਾਲਾ ਹਰਦਿਆਲ ਨੇ ਬਹੁਤ ਵਿਸਤਾਰ ਵਿਚ ਸਪੱਸ਼ਟ ਕੀਤਾ ਹੈ। ਮਨੁੱਖ ਨੂੰ ਗ਼ਦਰੀ ਉਸਦੀਆਂ ਸਾਰੀਆਂ ਸ਼ਕਤੀਆਂ ਦੇ ਵਿਕਾਸ ਦੇ ਰੂਪ ਵਿਚ ਵੇਖਣਾ ਚਾਹੁੰਦੇ ਹਨ ਤਾਂ ਕਿ ਉਹ ਸਮਾਜ ਦੀ ਸੇਵਾ ਕਰ ਸਕੇ। ਉਹ ਰਾਮਾਇਣ, ਰਾਮ ਦੀ ਪੂਜਾ ਨੂੰ ਗ਼ੁਲਾਮੀ ਮੰਨਦੇ ਹਨ। "ਜਿਸ ਕੌਮ ਦੀ ਧੌਣ ਹਮੇਸ਼ਾ ਰਾਜਾ ਰਾਣੀ ਅੱਗੇ ਝੁਕੀ ਰਹਿੰਦੀ ਹੈ ਅਤੇ ਦੋਵੇਂ ਹੱਥ ਰਾਜ ਪੂਜਾ ਵਿਚ ਬੱਧੇ ਰਹਿੰਦੇ ਹਨ, ਉਸ ਵਿਚ ਆਜ਼ਾਦ ਮਜ਼ਾਹ (ਧਰਮੀ) ਅਤੇ ਦਲੇਰ ਆਦਮੀ ਪੈਦਾ ਨਹੀਂ ਹੋ ਸਕਦੇ।" ਇਸੇ ਕਾਰਣ ਰਾਮ ਵਲੋਂ ਪਿਤਾ ਦੇ ਹੁਕਮ ਦਾ ਪਾਲਣ, ਸੀਤਾ ਦਾ ਤਿਆਗ ਆਦਿ ਘਟਨਾਵਾਂ ਨੂੰ ਗ਼ੁਲਾਮ ਜ਼ਹਿਨੀਅਤ ਦਾ ਪ੍ਰਗਟਾਵਾ ਮੰਨਿਆ ਗਿਆ ਹੈ। ਗ਼ਦਰੀ ਛੱਤਰੀ ਰਾਜਿਆਂ ਅਤੇ ਬ੍ਰਾਹਮਣ ਦੋਨਾਂ ਨੂੰ ਕੌਮ ਦੇ ਦੁਸ਼ਮਣ ਮੰਨਦੇ ਹਨ। ਰਾਮ ਨੂੰ ਰਾਜਾ ਮੰਨ ਕੇ ਗ਼ਦਰੀ ਸੁਆਲ ਕਰਦੇ ਹਨ ਕਿ, ਜੋ ਪੁਰਸ਼ ਆਪਣੀ ਕਮਾਈ ਨਾਲ ਧੰਨ ਨਹੀਂ ਕਮਾਉਂਦਾ ਅਤੇ ਦੂਜਿਆਂ ਦੇ ਪੈਸੇ ਤੇ ਐਸ਼ ਲੁੱਟਦਾ ਹੈ, ਉਹ ਕਿਵੇਂ ਧਰਮਾਤਮਾ ਹੋ ਸਕਦਾ ਹੈ ? ਗ਼ਦਰੀਆਂ ਨੇ ਰਾਜ-ਰਿਸ਼ੀ ਸ਼ਬਦ ਉੱਪਰ ਵੀ ਵਿਅੰਗ ਕੀਤਾ ਹੈ। ਸਵਾਲ ਹੈ, ਕੀ ਰਾਜਾ ਕਦੇ ਰਿਸ਼ੀ ਹੋ ਸਕਦਾ ਹੈ ?

ਭਾਰਤ ਵਿਚ ਔਰਤ ਦੀ ਭੈੜੀ ਸਥਿਤੀ ਉੱਪਰ ਤਾਂ ਲਗਾਤਾਰ ਚਰਚਾ ਹੁੰਦੀ ਰਹੀ ਹੈ ਪਰੰਤੂ ਬੱਚੇ ਵੀ ਮਾਂ-ਬਾਪ ਦੇ ਗ਼ੁਲਾਮ ਹਨ ਇਹ ਵਿਚਾਰ ਪਹਿਲੀ ਵਾਰ ਤੇ ਆਖਰੀ ਵਾਰ ਗ਼ਦਰੀ ਵਿਚਾਰਕਾਂ ਨੇ ਹੀ ਉਠਾਇਆ ਹੈ। ਗ਼ਦਰ ਲਹਿਰ ਬਾਰੇ ਵਿਚਾਰ ਕਰਨ ਵਾਲੇ ਵਿਦਵਾਨਾਂ ਦਾ ਵੀ ਇਸ ਪਾਸੇ ਧਿਆਨ ਨਹੀਂ ਗਿਆ। ਅੰਗਰੇਜ਼ ਰਾਜ ਵਿਚ ਲੋਕ ਗ਼ੁਲਾਮਾਂ ਦੇ ਵੀ ਗ਼ੁਲਾਮ ਹਨ ਇਹ ਗੱਲ ਗ਼ਦਰੀ ਹੀ ਸਮਝ ਸਕਦੇ ਸਨ। "ਹਿੰਦੁਸਤਾਨ ਵਿਚ ਬੱਚੇ, ਮਾਤਾ-ਪਿਤਾ ਤੇ ਇਸਤਰੀਆਂ ਪਤੀਆਂ ਦੀਆਂ, ਛੋਟੇ ਹਾਕਮ ਵੱਡੇ ਹਾਕਮਾਂ ਦੇ ਤੇ ਨੌਕਰ ਮਾਲਕਾਂ ਦੇ ਗ਼ੁਲਾਮ ਹਨ, ਅਰਥਾਤ ਸਾਰੇ ਦੇ ਸਾਰੇ ਹਿੰਦੁਸਤਾਨ ਦੀ ਵਿਦੇਸ਼ੀ ਗੌਰਮਿੰਟ ਅਤੇ ਰੱਦੀ ਤਰੀਕੇ ਦੇ ਰਾਜ ਹੋਣ ਦੇ ਦੁੱਖ ਉਠਾ ਰਹੇ ਹਨ।" ਔਰਤ ਦੇ ਦੂਸਰੇ ਵਿਆਹ ਦੀ ਮਨਾਹੀ ਅਤੇ ਸਤੀ ਹੋਣ ਨੂੰ ਗ਼ਦਰੀ ਆਪਣੇ ਦ੍ਰਿਸ਼ਟੀਕੋਣ ਤੋਂ ਦੇਖਦੇ ਹਨ। "ਇਸਤਰੀ ਜਾਇਦਾਦ ਵਾਂਗ ਪਤੀ ਮਰਨੇ ਦੇ



ਪਿੱਛੋਂ ਦੂਜੇ ਮਾਲਕ ਨੂੰ ਨਹੀਂ ਦਿੱਤੀ ਜਾ ਸਕਦੀ। ਮਰਨੇ ਦੇ ਪਿੱਛੋਂ ਵੀ ਮਰਦ ਦਾ ਹੱਕ ਮਲਕੀਅਤ ਬਰਕਰਾਰ ਰਹਿੰਦਾ ਹੈ।" ਗ਼ਦਰੀ ਪਤੀ ਪੂਜਾ ਨੂੰ ਮੂਰਤੀ ਪੂਜਾ ਤੋਂ ਵੀ ਖ਼ਤਰਨਾਕ ਮੰਨਦੇ ਹਨ।

ਬੱਚਿਆਂ ਦੀ ਗ਼ੁਲਾਮੀ ਨੂੰ ਉੱਨਤੀ ਦੀ ਵਿਨਾਸ਼ਕ ਮੰਨਿਆ ਗਿਆ ਹੈ। ਅਠਾਰਾਂ ਸਾਲ ਤਕ ਹੀ ਆਗਿਆਕਾਰੀ ਹੋਣ ਦੇ ਅਰਥ ਮੰਨੇ ਗਏ ਹਨ, 'ਮਗਰ 18 ਬਰਸ ਤੋਂ ਪਿੱਛੋਂ ਜਾਂ ਕੁਝ ਪਹਿਲੇ ਹੀ ਹਰ ਇਕ ਨੌਜਵਾਨ ਅਤੇ ਹਰ ਇਕ ਇਸਤਰੀ ਨੂੰ ਆਜ਼ਾਦ ਰਹਿ ਕੇ ਆਪਣੀ ਜ਼ਿੰਦਗੀ ਗੁਜ਼ਾਰਨੀ ਚਹੀਦੀ ਹੈ। ਅੱਜ ਅਸੀਂ ਸੌ ਸਾਲ ਬਾਅਦ ਵੀ ਗ਼ਦਰੀ ਸੋਚਵਾਨਾਂ ਦੇ ਬਰਾਬਰ ਨਹੀਂ ਹੋ ਸਕੇ। ਗ਼ਦਰੀ ਪੀੜ੍ਹੀ ਦਰ ਪੀੜ੍ਹੀ ਆਗਿਆਕਾਰੀ ਹੋਣ ਨੂੰ ਕਿਵੇਂ ਲੈਂਦੇ ਸਨ, ਇਨ੍ਹਾਂ ਸ਼ਬਦਾਂ ਤੋਂ ਵੇਖਿਆ ਜਾ ਸਕਦਾ ਹੈ। "ਜਦੋਂ ਆਗਿਆਕਾਰੀ ਨੂੰ ਸਭ ਤੋਂ ਵੱਡਾ ਫ਼ਰਜ਼ ਸਮਝਿਆ ਜਾਵੇ ਤਾਂ ਪਿਤਾ ਅਤੇ ਪੜਪੋਤੇ ਅਤੇ ਪੜੋਤੇ ਊਠਾਂ ਦਾ ਕਾਫ਼ਲਾ ਬਣ ਜਾਂਦਾ ਹੈ ਜਿਨ੍ਹਾਂ ਸਾਰਿਆਂ ਦੇ ਨੱਕ ਵਿਚ ਇਕੋ ਹੀ ਨਕੇਲ ਹੈ, ਫਿਰ ਖਿਆਲ ਸਾਰੇ ਹੀ ਦੱਬ ਜਾਂਦੇ ਹਨ।" ਗ਼ਦਰੀਆਂ ਨੂੰ 'ਬੇਅਸੂਲ ਕਬੀਲਾ ਮਾਲਕ ਅਤੇ ਥੋਥੇ ਨੌਜਵਾਨ ਦੀ ਕੋਈ ਲੋੜ' ਨਹੀਂ ਸੀ।

ਗ਼ਦਰੀ ਲਹਿਰ ਦੀਆਂ ਦਸਤਾਵੇਜ਼ਾਂ ਦਾ ਅਧਿਐਨ ਸੱਚਮੁੱਚ ਹੀ ਅੱਖਾਂ ਖੋਲ੍ਹ ਦੇਣ ਵਾਲਾ ਹੈ। ਇਨ੍ਹਾਂ ਦਸਤਾਵੇਜ਼ਾਂ ਦੇ ਅਧਿਐਨ ਤੋਂ ਬਗ਼ੈਰ ਨਾ ਤਾਂ ਅਸੀਂ ਆਪ ਹੀ ਸੁਜਾਖੇ ਹੋ ਸਕਾਂਗੇ ਅਤੇ ਨਾ ਹੀ ਫ਼ਾਲਤੂ ਕਿਸਮ ਦੇ ਉਠਾਏ ਜਾਂਦੇ ਸਵਾਲਾਂ ਦੇ ਜਵਾਬ ਹੀ ਸਹੀ ਤਰੀਕੇ ਨਾਲ ਦੇ ਸਕਦੇ ਹਾਂ। ਅਸੀਂ ਚਹਾਂਗੇ ਕਿ ਸਹੀ ਸੋਚ ਨਾਲ ਜੁੜੇ ਹਰ ਵਿਅਕਤੀ ਨੂੰ ਗ਼ਦਰੀ ਵਿਚਾਰਵਾਨਾਂ ਦੀਆਂ ਲਿਖਤਾਂ ਦਾ ਅਧਿਐਨ ਕਰਨਾ ਚਾਹੀਦਾ ਹੈ, ਜੋ ਹੁਣ ਆਮ ਉਪਲੱਬਧ ਹੋ ਗਈਆਂ ਹਨ।

ਨਵੀਂ ਪ੍ਰਕਾਸ਼ਨ

**'ਫ਼ੈਜ਼ ਅਹਿਮਦ ਫ਼ੈਜ਼'**

(ਸ਼ਖ਼ਸੀਅਤ ਤੇ ਚੋਣਵੀਂ ਕਵਿਤਾ)

ਪੰਨੇ 212

ਮੁੱਲ ਕੇਵਲ 100/-

ਸੰਪਾਦਕ - ਹਰਭਜਨ ਸਿੰਘ ਹੁੰਦਲ

ਪ੍ਰਕਾਸ਼ਕ—ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ।

# ਕਾਵਿ-ਚੇਤਨਾ ਤੇ ਕਾਵਿ-ਸ਼ਿਲਪ

ਡਾ. ਕੇਸਰ ਸਿੰਘ ਕੇਸਰ

ਹੁਣ ਤਕ ਅਸੀਂ ਗ਼ਦਰ ਲਹਿਰ ਦੀ ਕਵਿਤਾ ਨੂੰ ਪੰਜਾਬੀ ਸਾਹਿਤ ਦੇ ਇਤਿਹਾਸਾਂ ਤੇ ਖੋਜ-ਸਮੀਖਿਆ ਦੇ ਖੇਤਰ ਤੋਂ ਉਸੇ ਤਰ੍ਹਾਂ ਛੇਕੀ ਰੱਖਿਆ ਹੈ ਜਿਵੇਂ ਭਾਰਤ ਦੀ ਆਜ਼ਾਦੀ ਦੀ ਤਾਰੀਖ਼ ਵਿਚੋਂ ਗ਼ਦਰ ਪਾਰਟੀ ਤੇ ਸਮੁੱਚੀ ਗ਼ਦਰ ਲਹਿਰ ਨੂੰ। ਜੇ ਕਿਧਰੇ ਇਸ ਕਵਿਤਾ ਦੀ ਗੱਲ ਹੋਈ ਵੀ ਹੈ ਤਾਂ ਵੀ ਇਸ ਨੂੰ ਘੱਟ ਪੜ੍ਹੇ ਕਿਸਾਨ-ਮਜ਼ਦੂਰਾਂ ਤੇ ਨਾਮ-ਕਟੇ ਫੌਜੀਆਂ ਦੀ ਰਚਨਾ ਸਮਝ ਕੇ ਨਿਰੀ ਤੁਕਬੰਦੀ ਕਹਿ ਕੇ ਗੱਲ ਮੁਕਾ ਦਿੱਤੀ ਜਾਂਦੀ ਰਹੀ ਹੈ। ਪਰਵਾਸੀ ਜੀਵਨ ਤੇ ਇਤਿਹਾਸਕ-ਸਿਆਸੀ ਪਰਿਪੇਖ, ਸਭਿਆਚਾਰ ਪ੍ਰਕਾਰਜ, ਕਾਵਿ-ਚੇਤਨਾ ਤੇ ਕਾਵਿ-ਸ਼ਿਲਪ ਦੇ ਪ੍ਰਸੰਗਾਂ ਵਿਚ ਇਸ ਦਾ ਕਦੇ ਵਿਸ਼ਲੇਸ਼ਣ ਨਹੀਂ ਹੋਇਆ।

ਇਸ ਕੇ ਕਾਵਿਕ ਮਹੱਤਵ ਨੂੰ ਉਜਾਗਰ ਕਰਨ ਲਈ ਸਾਹਿਤਕ ਨੁਕਤੇ ਤੋਂ ਜਿਨ੍ਹਾਂ ਪੱਖਾਂ ਵੱਲ ਸੰਕੇਤ ਕਰਨਾ ਲਾਜ਼ਮੀ ਹੈ ਉਹ ਹਨ ਇਸ ਕਵਿਤਾ ਦੀ :

i ਕਾਵਿ-ਕਲਚਰ

ii ਕਾਵਿ-ਚੇਤਨਾ

iii ਕਾਵਿ-ਸੱਚ ਤੇ ਸੁਹਜ

iv ਕਾਵਿ-ਰੂਪ

v ਕਾਵਿ-ਸ਼ੈਲੀ

vi ਕਾਵਿ-ਜੁਗਤਾਂ

vii ਕਾਵਿ-ਸ਼ਿਲਪ (ਛੰਦ, ਬਿੰਬ, ਪ੍ਰਤੀਕ, ਅਲੰਕਾਰ, ਆਦਿ)

i **ਕਾਵਿ-ਕਲਚਰ** : ਗ਼ਦਰੀ ਕਵੀ ਦਾ ਜੀਵਨ ਭਾਵੇਂ ਇਕ ਪਰਦੇਸੀ ਦਾ ਜੀਵਨ ਸੀ, ਪਰ ਉਹ ਜਿਸ ਸਾਹਿਤਕ ਕਲਚਰ ਤੇ ਕਾਵਿ-ਗੀਤ ਨਾਲ ਜੁੜਿਆ ਹੋਇਆ ਸੀ, ਪੰਜਾਬੀ ਕਵਿਤਾ ਵਿਚ ਉਸ ਦਾ ਆਰੰਭ ਬਾਬਾ ਫਰੀਦ ਦੇ ਇਸ ਸ਼ਲੋਕ ਨਾਲ ਹੋ ਚੁੱਕਾ ਸੀ:

**ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥**
**ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਇ ॥ 42 ॥**

ਕਬੀਰ ਜੀ ਦੇ 'ਸੂਰਾ ਸੋ ਪਹਿਚਾਨੀਐ' ਅਤੇ ਗੁਰੂ ਨਾਨਕ ਸਾਹਿਬ ਦੇ 'ਸੱਚ ਸਭਨਾ ਹੋਇ ਦਾਰੂ' ਤੇ 'ਜੇ ਤਉ ਪ੍ਰੇਮ ਖੇਲਨ ਕਾ ਚਾਉ', ਆਦਿ ਸ਼ਬਦਾਂ ਦੀ ਪ੍ਰੇਰਨਾ ਅਤੇ ਪੁਰਾਤਨ ਵਾਰਾਂ, ਜੰਗ ਨਾਮਿਆਂ ਤੇ ਕਿੱਸਾ-ਕਾਵਿ ਧਾਰਾ ਦੀਆਂ ਸ਼ਿਲਪੀ ਰਵਾਇਤਾਂ ਗ਼ਦਰੀ ਕਵਿਤਾ ਦੇ ਅਵਚੇਤਨ ਦਾ ਅੰਗ ਬਣ ਗਈਆਂ ਸਨ। ਇਸੇ ਕਰਕੇ ਗਿਆਨੀ ਹੀਰਾ ਸਿੰਘ ਦਰਦ ਨੇ ਗ਼ਦਰੀ ਕਵਿਤਾ ਨੂੰ 'ਦੇਸ਼ ਪਿਆਰ ਧਾਰਾ ਦੀ ਸਿਖ਼ਰ' ਕਿਹਾ ਹੈ। (ਪੰਜਾਬੀ ਦੁਨੀਆਂ, ਫਰਵਰੀ 1960, ਪੰ- 12)। ਪਰ ਮੈਂ ਇਸ ਨੂੰ ਸਿਆਸੀ



ਇਨਕਲਾਬੀ ਕਵਿਤਾ ਸਮਝਦਾ ਹਾਂ ਕਿਉਂਕਿ ਗੁਰੂ ਨਾਨਕ ਦੇ ਬਾਬਰ ਬਾਣੀ ਵਾਲੇ ਸ਼ਬਦਾਂ ਤੋਂ ਲੈ ਕੇ ਉਨ੍ਹੀਵੀਂ ਸਦੀ ਦੇ ਅੰਤ ਤਕ ਦੇਸ਼-ਭਗਤੀ ਦੇ ਜਜ਼ਬੇ ਤੋਂ ਪ੍ਰੇਰਿਤ ਹੋ ਕੇ ਜਿਹੜੀ ਕਵਿਤਾ ਰਚੀ ਗਈ ਉਸ ਵਿਚੋਂ ਵਧੇਰੇ ਮਾਤਰਾ ਉਸ ਕਵਿਤਾ ਦੀ ਸੀ ਜੋ ਪੁਰਾਣੇ ਨੂੰ ਹੀ ਮੁੜ ਸਥਾਪਿਤ ਕਰਨ ਦੇ ਆਹਰ ਵਿਚ ਸੀ ਤੇ, ਇਸ ਲਈ, ਉਹ ਇਕ ਤਰ੍ਹਾਂ ਦੀ ਭੂਤਮੁਖੀ ਚੇਤਨਾ ਵਾਲੀ ਕਵਿਤਾ ਸੀ। ਗ਼ਦਰੀ ਕਵੀ ਸ਼ਾਇਦ ਸਮੁੱਚੇ ਭਾਰਤ ਵਿਚ ਪਹਿਲੇ ਕਵੀ ਸਨ (ਪੰਜਾਬ ਵਿਚ ਤਾਂ ਸਨ ਹੀ)। ਜਿਨ੍ਹਾਂ ਨੇ ਭਵਿੱਖ-ਮੁਖੀ ਚੇਤਨਾ ਵਾਲੀ ਇਨਕਲਾਬੀ ਕਵਿਤਾ ਦੀ ਰਚਨਾ ਕੀਤੀ। ਇਸ ਕਵਿਤਾ ਨੇ ਰਾਸ਼ਟਰੀ ਚੇਤਨਾ ਤੋਂ ਪਹਿਲਾਂ ਦੀ Pre Nationalist ਲੋਕ-ਮੁਖ ਤੇ ਧਰਮ-ਸਾਪੇਖ ਰਾਸ਼ਟਰਵਾਦੀ ਪੰਜਾਬ ਕਵਿਤਾ ਨੂੰ ਨਾ ਕੇਵਲ ਧਰਮ-ਨਿਰਪੇਖ ਆਧੁਨਿਕ ਰਾਸ਼ਟਰਵਾਦੀ ਕਵਿਤਾ ਤਕ ਲਿਆਂਦਾ, ਸਗੋਂ ਪੰਜਾਬੀ ਕਵਿਤਾ ਨੂੰ ਨਵੀਂ ਅੰਤਰ-ਰਾਸ਼ਟਰੀ ਨੁਹਾਰ ਵੀ ਪ੍ਰਦਾਨ ਕੀਤੀ। ਸੋਵੀਅਤ ਰੂਸੀ ਚਿੰਤਕ, ਆਈ ਸੇਰੇਬਰੀਆਕੋਵ ਨੇ ਪੰਜਾਬੀ ਸਾਹਿਤ ਦੇ ਇਤਿਹਾਸ ਨੂੰ ਚੇਤਨਾ ਦੇ ਵਿਕਾਸ ਦੇ ਪੱਖੋਂ ਤਿੰਨ ਪੜਾਵਾਂ ਵਿਚ ਵੰਡਿਆ ਹੈ : ਪੂਰਵ ਰਾਸ਼ਟਰੀ, ਰਾਸ਼ਟਰੀ ਤੇ ਅੰਤਰ ਰਾਸ਼ਟਰੀ। ਅੰਤਰ -ਰਾਸ਼ਟਰੀ ਚੇਤਨਾ ਦੇ ਪੜਾਅ ਦਾ ਆਰੰਭ ਉਹ 1935-36 ਦੀ ਪ੍ਰਗਤੀਵਾਦੀ ਸਾਹਿਤਕ ਲਹਿਰ ਤੋਂ ਮੰਨਦਾ ਹੈ, ਪਰ ਗ਼ਦਰ-ਕਾਵਿ ਦੇ ਅਧਿਐਨ ਤੋਂ ਇਸ ਧਾਰਨਾ ਵਿਚ ਸੋਧ ਕਰ ਕੇ ਇਹ ਮੰਨਣਾ ਪਵੇਗਾ ਕਿ ਪੰਜਾਬੀ ਕਾਵਿ-ਕਲਚਰ ਵਿਚ ਅੰਤਰ ਰਾਸ਼ਟਰੀ ਚੇਤਨਾ ਦਾ ਆਰੰਭ ਗ਼ਦਰ ਦੀ ਕਵਿਤਾ ਨਾਲ, 1930 ਤੋਂ ਪਹਿਲਾਂ ਹੀ ਹੋ ਗਿਆ ਸੀ। ਗ਼ਦਰੀ ਕਵੀ ਖ਼ੁਦ ਅੰਤਰ-ਰਾਸ਼ਟਰੀ ਸਿਆਸੀ ਸੰਗਠਨਾਂ ਵਿਚ ਸ਼ਾਮਲ ਸੀ ਤੇ ਉਸ ਦੀ ਸ਼ਖ਼ਸੀਅਤ ਵਿਚ ਕਿਸਾਨ, ਕ੍ਰਾਂਤੀਕਾਰ, ਕੌਮਾਂਤਰੀਵਾਦੀ ਤੇ ਕਵੀ ਦਾ ਅਨੂਠਾ ਸੁਮੇਲ ਹੈ।

ਬਾਵਾ ਬੁੱਧ ਸਿੰਘ ਨੇ ਅਜਿਹੀ ਕਵਿਤਾ ਨੂੰ ਸਭ ਰਵਾਇਤੀ ਕਾਵਿ-ਧਾਰਾਵਾਂ ਤੋਂ ਨਿਖੇੜਨ ਲਈ, ਕੋਇਲ ਕੂ (1916) ਵਿਚ ਅਜਿਹੀ ਕਵਿਤਾ ਦਾ ਨਾਮਕਰਣ ਕਰਦਿਆਂ, ਇਸਨੂੰ 'ਪੁਲੀਟੀਕਲ ਕਵਿਤਾ' ਕਿਹਾ ਸੀ। ਇਸ ਨਵੀਂ ਕਾਵਿ-ਧਾਰਾ ਦਾ ਆਰੰਭ ਉਹ 'ਪਗੜੀ ਸੰਭਾਲ ਜੱਟਾ' (ਲਾਲਾ ਬਾਂਕੇ ਦਿਆਲ ਦੇ) ਗੀਤ ਤੋਂ ਮੰਨਦਾ ਹੈ :

ਜਦ ਕਾਨੂੰਨ ਨਵੀਂ ਆਬਾਦੀ ਪਾਸ ਹੋਨ ਨੂੰ ਸੀ, ਪਰ ਲਾਇਲਪੁਰ ਆਦਿ ਥਾਵਾਂ ਦੇ ਜੱਟਾਂ ਨੇ ਸ਼ੋਰ ਪਾਯਾ, ਅਜੀਤ ਸਿੰਘ ਨੇ ਮੂੰਹ ਤੋੜ ਵਿਖਯਾਨ ਦਿੱਤੇ, ਉਸ ਵੇਲੇ ਪੰਜਾਬੀ ਦੀ ਕਵਿਤਾ ਦਾ ਹੋਰ ਰੰਗ ਹੋਇਆ। ਪੁਲੀਟੀਕਲ ਕਵਿਤਾ ਲਿਖੀ ਜਾਨ ਲੱਗੀ, ਜਿਸ ਦਾ ਸਭ ਤੋਂ ਮਸ਼ਹੂਰ ਨਮੂਨਾ 'ਪਗੜੀ ਸਮਾਲ ਜੱਟਾ ਪਗੜੀ ਸਮਾਲ ਓ' ਹੈ। (**ਬਾਵਾ ਬੁੱਧ ਸਿੰਘ ਰਚਨਾਵਲੀ**, ਜਿਲਦ ਪਹਿਲੀ, ਪੰ-71)

ਉਸ ਪੁਲੀਟੀਕਲ ਕਾਵਿਧਾਰਾ ਦੇ ਵਿਕਾਸ ਦਾ ਅਗਲਾ ਪੜਾਅ ਗ਼ਦਰ ਲਹਿਰ ਦੀ ਕਵਿਤਾ ਹੈ।

ii **ਕਾਵਿ-ਚੇਤਨਾ** : ਸਰਕਾਰੀ ਦਮਨ-ਚੱਕਰ ਤੇ ਪਾਰਟੀ ਦੀ ਖ਼ੁਫ਼ੀਆ ਨੀਤੀ ਕਾਰਨ ਗ਼ਦਰ ਦੀ ਕਵਿਤਾ ਅਗਿਆਤ ਕਵੀਆਂ ਦੀ ਰਚਨਾ ਤਾਂ ਹੈ, ਪਰ ਅਚੇਤ

ਕਵੀਆਂ ਦੀ ਰਚਨਾ ਨਹੀਂ। ਇਸ ਕਵਿਤਾ ਦਾ ਕੁੱਝ ਹਿੱਸਾ ਸਹਿਜ ਸੁਭਾਵਕ ਜਾਂ ਭਾਵ-ਵਿਰੇਚਨ ਦੀ ਮਜਬੂਰੀ ਵੱਸ ਕੀਤੀ ਤੱਟਫੱਟ ਹੋ ਸਕਦਾ ਹੈ, ਪਰ ਇਸ ਦਾ ਬਹੁਤਾ ਹਿੱਸਾ ਸੁਚੇਤ ਕਾਵਿ-ਰਚਨਾ ਦੇ ਘੇਰੇ ਦੀ ਚੀਜ਼ ਹੈ, ਜਿਸ ਵਿਚ ਆਪਣੇ ਸਮੇਂ ਦੀ ਸਰਬ ਸਧਾਰਣ ਸਹਿਜ ਚੇਤਨਾ ਤੋਂ ਉਪਰ ਉੱਠ ਕੇ ਤੇ ਬਾਕਾਇਦਾ ਸਿਧਾਂਤ-ਬੱਧ ਹੋ ਕੇ, ਭਾਰਤ ਵਿਚੋਂ ਬਰਤਾਨਵੀ ਸਾਮਰਾਜ ਦਾ ਤਲਾਮੂਲ ਚੁੱਕਣ ਤੇ ਨਾ-ਬਰਾਬਰੀ ਤੇ ਗ਼ਰੀਬੀ ਨੂੰ ਮਲੀਆ-ਮੇਟ ਕਰਨ ਦਾ ਪ੍ਰਣ ਲਿਆ ਗਿਆ ਹੈ। ਇਸ ਕਵਿਤਾ ਦੇ ਇਨਕਲਾਬੀ ਕਵੀ ਅਥਵਾ ਕਾਵਿ-ਨਾਇਕ ਦੀ ਆਪਣੇ ਕਾਜ ਪ੍ਰਤੀ ਨਿਸ਼ਠਾ ਬੇਜੋੜ ਹੈ ਤੇ ਉਸਦੀਆਂ ਸੰਵੇਦਨਾਵਾਂ ਦੇ ਤਣਾਓ ਵਿਚੋਂ ਇਕ ਤਰਕ ਦਾ ਜਨਮ ਹੁੰਦਾ ਹੈ। ਦੇਸ਼-ਪ੍ਰੇਮ ਤੇ ਕ੍ਰਾਂਤੀ-ਪ੍ਰੇਮ ਦੇ ਤਣਾਓ ਵਿਚੋਂ ਉਸ ਨੂੰ ਆਪਣੇ ਭੂਤ ਤੇ ਭਵਿੱਖ ਦੇ ਇਤਿਹਾਸ ਦੇ ਵਿਵੇਕ ਦੀ ਸਮਝ ਆਉਂਦੀ ਹੈ; ਲੋਕਾਈ ਦੇ ਰੋਹ ਤੇ ਜਾਬਰ ਸਰਕਾਰ ਦੀ ਟੱਕਰ ਵਿਚੋਂ ਉਸ ਨੂੰ ਇਹ ਗੱਲ ਸਮਝ ਆਉਂਦੀ ਹੈ ਕਿ ਸ਼ਾਂਤਮਈ ਸੰਗਠਿਤ ਸੰਘਰਸ਼ਾਂ ਨੂੰ ਦੁਸ਼ਮਣ ਕਿਸ ਤਰ੍ਹਾਂ ਹਿੰਸਾ ਤੇ ਅਰਾਜਕਤਾ ਵਿਚ ਬਦਲ ਕੇ ਫੇਲ੍ਹ ਕਰ ਦਿੰਦਾ ਹੈ।

ਗ਼ਦਰੀ ਕਵੀ ਅਜਿਹੇ ਦੀਵੇ-ਲੋਕ ਸਨ, ਜਿਨ੍ਹਾਂ ਨੇ ਗੁਲਾਮੀ ਦੀ ਹਨੇਰੀ ਰਾਤ ਵਿਚ ਵੀ ਆਜ਼ਾਦ ਕਵਿਤਾ ਦੀ ਸ਼ਮ੍ਹਾਂ ਰੌਸ਼ਨ ਕੀਤੀ, ਪਰ ਆਪ ਗੁਮਨਾਮ ਹੀ ਰਹੇ। ਉਨ੍ਹਾਂ ਉੱਤੇ ਉਹ ਸ਼ੇਅਰ ਐਨ ਢੁਕਵਾਂ ਹੈ ਜਿਹੜਾ ਸ਼ਹੀਦ ਭਗਤ ਸਿੰਘ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸੰਬੰਧ ਵਿਚ ਲਿਖਿਆ ਸੀ :

ਨਹੀਂ ਹੋਤਾ ਹੈ ਮੁਹਾਤਜੇ ਨੁਮਾਇਸ਼ ਫੈਜ਼ ਸ਼ਬਨਮ ਕਾ,
ਅੰਧੇਰੀ ਰਾਤ ਮੇਂ ਮੋਤੀ ਲੁਟਾ ਜਾਤੀ ਹੈ ਗੁਲਸ਼ਨ ਮੇਂ।

ਉਹ ਪੰਜਾਬੀ ਕਵਿਤਾ ਦੀਆਂ ਰਵਾਇਤਾਂ ਤੇ ਰੂੜ੍ਹੀਆਂ ਤੋਂ ਪ੍ਰਭਾਵਿਤ ਸਨ, ਪਰ ਆਪਣੇ ਵਿਸ਼ੇਸ਼ ਸਿਆਸੀ ਮਨੋਰਥਾਂ ਅਧੀਨ ਉਨ੍ਹਾਂ ਰਵਾਇਤਾਂ ਦੀ ਸੀਮਾ-ਰੇਖਾ ਨੂੰ ਉਲੰਘ ਜਾਣ ਬਾਰੇ ਸੁਚੇਤ ਵੀ ਸਨ। ਮਿਸਾਲ ਦੇ ਤੌਰ 'ਤੇ, 27 ਜਨਵਰੀ 1914 ਦੇ 'ਗ਼ਦਰ' ਵਿਚ ਸੰਪਾਦਕ ਵਲੋਂ ਇਕ ਨੋਟ ਦਿੱਤਾ ਗਿਆ ਹੈ :

"ਕਵਤਾ ਭੇਜਣੇ ਵਾਲੇ ਭਾਈਆਂ ਦੇ ਵਾਸਤੇ ਜ਼ਰੂਰੀ ਹੈ ਕਿ ਸੁੰਦਰ ਤੇ ਜੋਸ਼ ਦੇਣ ਵਾਲੀ ਕਵਤਾ ਭੇਜਿਆ ਕਰਨ। ਬੈਂਤ ਲਿਖੋ ਤੋ ਐਸੀ ਜੈਸੇ ਕਾਲੀਦਾਸ ਤੇ ਵਾਰੇਸ਼ਾਹ ਦੀਆਂ ਬੈਂਤਾਂ ਦੀ ਚਾਲ ਹੈ। ਕੋਰੜਾ ਛੰਦ ਐਸਾ ਹੋਵੇ ਜੈਸੇ ਗੁਰਦਿਤ ਸਿੰਘ ਦਾ ਰੂਹ ਬੁੱਤ ਦਾ ਕਿੱਸਾ। ਝੋਕ ਐਸ ਤਰੀਕੇ ਪਰ ਲਿਖੋ, "ਵਗਦੀ ਸੀ ਰਾਵੀ ਵਿਚ ਬੂਟਾ ਕਰੀਰ ਦਾ/ਦਰਸ਼ਨ ਕਰਨਾ ਅਸੀ ਆਪਣੇ ਪੀਰ ਦਾ।" ਜੋ ਠੀਕ ਕਵਤਾ ਹੋਵੇਗੀ ਓਸ ਕੋ ਅਖ਼ਬਾਰ ਵਿਚ ਛਾਪਾ ਜਾਏਗਾ। ਜੋ ਬੇਸੁਰੀ ਕਵਤਾ ਹੋਵੇਗੀ ਓਸ ਕੋ ਨਹੀਂ ਛਾਪ ਸਕਦੇ। ਕਵਤਾ ਵਿਚ ਬੋਲੀ ਸਾਫ ਹੋਣੀ ਚਾਹੀਏ।"

ਇਸ ਨੋਟ ਤੋਂ ਸਪੱਸ਼ਟ ਹੈ ਕਿ ਗ਼ਦਰ ਦਾ ਕਵੀ-ਸੰਪਾਦਕ ਆਪਣੀ ਪਾਰਟੀ ਦੀਆਂ ਵਿਸ਼ੇਸ਼ ਨੀਤੀਆਂ ਤੇ ਕਵਿਤਾ ਤੇ ਕਾਵਿਕ ਤਕਾਜ਼ਿਆਂ ਨੂੰ ਮੁੱਖ ਰੱਖ ਕੇ, 'ਠੀਕ ਕਵਿਤਾ' ਤੋਂ ਪੰਜ ਗੱਲਾਂ ਦੀ ਮੰਗ ਕਰਦਾ ਹੈ :



(1) ਸ਼ਿਲਪਕਾਰੀ ਲਈ ਲੋਕ-ਕਵਿਤਾ (ਝੋਕ) ਜਾਂ ਲੋਕ-ਪ੍ਰਸਿੱਧ ਕਵਿਤਾ (ਵਾਰਸ ਸ਼ਾਹ, ਮਾਨ ਸਿੰਘ ਕਾਲੀਦਾਸ ਗੁੱਜਰਾਂਵਾਲੀਆਂ ਤੇ ਉਸ ਸਮੇਂ ਦਾ ਇਕ ਹੋਰ ਕਵੀ, ਗੁਰਦਿੱਤ ਸਿੰਘ ਖੜਗ, ਜਿਸਦੀ ਰੂਹ ਬੁੱਤ ਦਾ ਵਿਛੋੜਾ ਰਚਨਾ ਕਾਫ਼ੀ ਪ੍ਰਸਿੱਧ ਹੋਈ) ਦੀਆਂ ਤਰਜ਼ਾਂ ਤੇ ਛੰਦਾਂ ਨੂੰ ਮਾਡੇਲ ਬਣਾਇਆ ਜਾਵੇ।

(2) ਕਵਿਤਾ ਸੁਰ-ਸੰਗੀਤ-ਲੈਅ ਵਿਚ ਹੋਵੇ (ਤਾਂ ਕਿ ਸਰੋਤਿਆਂ ਨੂੰ ਕੰਨ-ਰਸ ਪ੍ਰਦਾਨ ਕਰ ਸਕੇ)।

(3) ਕਵਿਤਾ ਸੁੰਦਰ ਹੋਵੇ (ਯਾਨੀ ਸੁਹਜ ਦੇ ਨਿਯਮਾਂ ਅਨੁਸਾਰ ਹੋਵੇ)।

(4) ਕਵਿਤਾ ਜੋਸ਼ੀਲੀ ਹੋਵੇ (ਯਾਨੀ ਭਾਵੁਕ ਹੋਵੇ)।

(5) ਕਵਿਤਾ ਦੀ ਭਾਸ਼ਾ ਸਾਫ਼ ਸਪੱਸ਼ਟ ਹੋਵੇ (ਤਾਂ ਕਿ ਆਮ ਆਦਮੀ ਦੀ ਸਮਝ ਵਿੱਚ ਆ ਸਕੇ)

ਇਨ੍ਹਾਂ ਹਦਾਇਤਾਂ ਤੋਂ ਇਹ ਭੁਲੇਖਾ ਲੱਗ ਸਕਦਾ ਹੈ ਕਿ ਗ਼ਦਰੀ ਕਵਿਤਾ ਆਮ ਪ੍ਰਸਿੱਧ ਲੋਕ ਕਵਿਤਾ ਜਾਂ ਲੋਕਭਾਵੀ ਕਵਿਤਾ ਦਾ ਹੀ ਵਿਸਥਾਰ ਹੈ। ਪਰ ਅਜਿਹਾ ਹੈ ਨਹੀਂ ਕਿਉਂਕਿ ਲੋਕ-ਕਵਿਤਾ ਤੇ ਲੋਕ-ਭਾਵੀ ਕਵਿਤਾ ਦੀ ਕਾਵਿ-ਸੀਮਾ ਆਪਣੇ ਸਰੋਤੇ ਦੀ ਮਾਨਸਿਕਤਾ ਨੂੰ ਸਮਾਜ-ਸਭਿਆਚਾਰ ਦੇ ਘੇਰੇ ਵਿਚ ਰੱਖ ਕੇ, ਵਾਪਰ ਚੁੱਕੇ ਸਿਆਸੀ-ਸਮਾਜਕ ਪਰਿਵਰਤਨਾਂ ਦੇ ਅਨੁਕੂਲ ਢਾਲਣ ਤੱਕ ਹੁੰਦੀ ਹੈ, ਜਦ ਕਿ ਗ਼ਦਰੀ ਕਵਿਤਾ ਪੁਰਾਣੀ ਸਾਮੰਤੀ ਵਿਵਸਥਾ ਤੇ ਨਵੀਂ ਸਥਾਪਿਤ ਬਸਤੀਵਾਦੀ ਰਾਜ-ਸੱਤਾ ਨੂੰ ਉਲਟਾ ਕੇ ਲੋਕ-ਹਿਤਾਂ ਦੇ ਅਨੁਕੂਲ ਢਾਲਣ ਦੇ ਯਤਨ ਵਿਚ ਸੀ। ਗ਼ਦਰ ਲਹਿਰ ਇਸ ਯੁੱਗ ਪਲਟਾਊ ਅੰਦੋਲਨ ਸੀ, ਇਸ ਦੀ ਕਵਿਤਾ ਵੀ ਯੁੱਗ-ਪਲਟਾਊ ਸੀ। ਇਹ ਗੱਲ ਵੱਖਰੀ ਹੈ ਕਿ ਯੁੱਗ ਕੇਵਲ ਕਵਿਤਾ ਨਾਲ ਨਹੀਂ ਪਲਟਦੇ ਤੇ ਗ਼ਦਰੀ ਕਵੀ ਆਪਣੀ ਇਸ ਸੀਮਾ ਤੋਂ ਵੀ ਸੁਚੇਤ ਹੈ :

**ਕਲਮ ਦੁਸ਼ਮਣ ਦਾ ਸੀਸ ਜੇ ਕਲਮ ਕਰਦੀ,**
**ਕੋਈ ਲਵੇ ਤਲਵਾਰ ਦਾ ਨਾਮ ਕਾਹਨੂੰ।**

ਪਰ ਕਵਿਤਾ ਦੀ ਇਸ ਸੀਮਾ ਤੋਂ ਸੁਚੇਤ ਹੋ ਕੇ ਵੀ ਗ਼ਦਰੀ ਕਵੀ ਨੂੰ ਓਦੋਂ ਆਪਣੀ ਕਲਮ ਦੀ ਹਥਿਆਰ ਵਰਗੀ ਸ਼ਕਤੀ ਦਾ ਇਹਸਾਸ ਹੋਇਆ ਜਦੋਂ ਗ਼ਦਰ ਅਖ਼ਬਾਰ ਤੇ ਗ਼ਦਰ-ਸਾਹਿਤ ਨੂੰ ਸਰਕਾਰ ਵਲੋਂ ਜ਼ਬਤ ਕੀਤਾ ਜਾਣ ਲੱਗਾ :

— ਕੀਤਾ ਕਲਮ ਨੇ ਕੰਮ ਹੈ ਤੋਪ ਵਾਲਾ,
ਜ਼ਾਲਮ ਰਾਜ ਦੀ ਨਿਓਂ ਹਿਲਾ ਦਿਤੀ।
— ਕਲਮ ਸਯਾਹੀ ਦੇ ਗ਼ਦਰ ਤੋਂ ਡਰਨ ਗੋਰੇ,
ਨਹੀਂ ਨਿਕਲੀ ਤੇਗ਼ ਮਿਯਾਨ ਵਿਚੋਂ।

ਜੇ ਹਥਿਆਰ ਨਹੀਂ ਤਾਂ ਆਪਣੀ ਕਵਿਤਾ ਦੇ ਪਰਚਾਰ (ਉਪਦੇਸ਼) ਤੇ ਔਸ਼ਧੀ ਹੋਣ ਬਾਰੇ ਤਾਂ ਉਸ ਨੂੰ ਭੋਰਾ ਵੀ ਸ਼ੱਕ ਨਹੀਂ

— ਹੁੰਦਾ ਹੈ ਜ਼ੁਲਮ ਹਿੰਦ ਹੋਈ ਹੈ ਗ਼ਰਕ ਵੀਰੋ,
ਕਰ ਉਪਦੇਸ ਸੁੱਤੇ ਦਿਲਾਂ ਨੂੰ ਉਭਾਰੀਏ।
— ਪਿਆ ਜਾਪਦਾ ਕਰੇਗਾ ਤੁਰਤ ਰਾਜ਼ੀ,
ਫੜੀ ਗ਼ਦਰ ਹਕੀਮ ਨੇ ਨਾੜ ਸਾਡੀ।

ਹਿੰਦੋਸਤਾਨ ਗ਼ਦਰ ਵਿਚ ਛਪੇ ਇਕ ਨੋਟ ਵਿਚ ਉੱਚ ਕੋਟੀ ਦੇ ਪਰਚਾਰ ਤੇ ਸੁਖੈਨ ਸੰਚਾਰ ਦੀ ਮੰਗ ਵੀ ਕੀਤੀ ਗਈ ਹੈ। ਲਿਖਿਆ ਹੈ ਕਿ ਇਸ ਵਿਚ ਛਪਣ ਵਾਲੀਆਂ ਰਚਨਾਵਾਂ ਜਿੱਥੋਂ ਤੱਕ ਹੋ ਸਕੇ ਆਮ ਲੋਕਾਂ ਦੇ ਸਮਝ ਸਕਣ ਕਾਬਲ ਅਤੇ ਸਾਦੀ ਜ਼ੁਬਾਨ ਵਿਚ ਹੋਣ, ਆਈਡੀਆ ਉੱਚਾ ਹੋ ਸਕਦਾ ਹੈ।

'ਉੱਚੇ ਖ਼ਿਆਲ ਤੇ ਸਾਦਾ ਜ਼ੁਬਾਨ'। ਹੈਰਾਨੀ ਹੁੰਦੀ ਹੈ ਕਿ ਇਹੋ ਸਾਹਿਤ-ਪ੍ਰਤੀਮਾਨ ਲੈਨਿਨ ਤੇ ਮਾਓ ਜਿਹੇ ਯੋਧੇ-ਚਿੰਤਕਾਂ ਨੇ ਆਪੋ-ਆਪਣੇ ਸਮੇਂ ਵਿਚ ਸਾਹਿਤਕਾਰਾਂ ਦੇ ਸਾਹਮਣੇ ਰੱਖੇ ਸਨ। ਇਹ ਗੱਲ ਗ਼ਦਰੀਆਂ ਦੀ ਲੈਨਿਨ ਤੇ ਮਾਓ ਦੀਆਂ ਸਿਆਸੀ ਨੀਤੀਆਂ ਨਾਲ ਸਾਂਝ ਦੀ ਸੂਚਕ ਵੀ ਹੈ।

ਗ਼ਦਰੀ ਕਵੀਆਂ ਦੀ ਕਾਵਿ-ਚੇਤਨਾ ਨੂੰ ਸਮਝਣ ਲਈ ਮਾਰਚ 1930 ਦੇ ਹਿੰਦੋਸਤਾਨ ਗ਼ਦਰ (ਮਾਸਕ) ਵਿਚ ਇਕ ਨਿੱਕਾ ਜਿਹਾ ਨੋਟ ਹੋਰ ਮਿਲਦਾ ਹੈ, ਜਿਸਦਾ ਸਿਰਲੇਖ ਹੈ, 'ਗ਼ਦਰੀਆਂ ਨੂੰ ਸੁਣਵਾਈ' :

"ਸਾਰੇ ਗ਼ਦਰੀਆਂ ਨੂੰ ਅਸੀਂ ਇਹ ਜ਼ੋਰ ਨਾਲ ਕਹਾਂਗੇ ਕਿ ਆਪਣੇ ਆਪਣੇ ਖਿਆਲ ਕਵਿਤਾ ਯਾ ਮਜ਼ਮੂਨ ਦੁਆਰਾ ਜ਼ਰੂਰ ਦਸਦੇ ਰਿਹਾ ਕਰਨ, ਤਾਂ ਕਿ ਪਤਾ ਲਗਦਾ ਰਹੇ ਕਿ ਸਾਡੇ ਅੰਦਰ ਦਿਨੋ ਦਿਨ ਕਿੰਨੀ ਕੁ ਆਜ਼ਾਦੀ ਦੀ ਅੱਗ ਭੜਕ ਰਹੀ ਹੈ। ਗ਼ਦਰ ਅਖਬਾਰ ਹੀ ਇਕ ਐਸਾ ਵਸੀਲਾ ਹੈ ਜਿਸ ਦੁਆਰਾ ਕਿ ਅਸੀਂ ਆਪਣੇ ਦਿਲ ਦੀ ਭੜਾਸ ਬਾਕੀ ਗ਼ਦਰੀਆਂ ਦੇ ਕੰਨਾਂ ਤਕ ਪਹੁੰਚਾ ਸਕਦੇ ਹਾਂ।"

ਇਹ ਨੋਟ ਜਿੱਥੇ ਗ਼ਦਰ ਦੀ ਅਸਫ਼ਲਤਾ ਤੇ ਗ਼ਦਰੀਆਂ ਦੇ ਤਸੀਹਿਆਂ ਵਿਚੋਂ ਦੀ ਗੁਜ਼ਰਨ ਤੋਂ ਬਾਅਦ ਦੀ ਬਦਲੀ ਹੋਈ ਸਿਆਸੀ ਸਥਿਤੀ ਵੱਲ ਸੰਕੇਤ ਕਰਦਾ ਹੈ, ਉਥੇ 'ਕੰਨਾਂ' ਸ਼ਬਦ ਸਰੋਤਾ-ਮੁੱਖ ਕਾਵਿ-ਚੇਤਨਾ ਦੀ ਸੂਚਨਾ ਵੀ ਦਿੰਦਾ ਹੈ। 'ਆਜ਼ਾਦੀ ਦੀ ਅੱਗ' ਤੇ 'ਦਿਲ ਦੀ ਭੜਾਸ' ਗ਼ਦਰ ਦੀ ਹਾਰ ਦਾ ਪਤਾ ਵੀ ਦਿੰਦੇ ਹਨ ਤੇ ਕਵੀ-ਸੰਪਾਦਕ ਦੀ ਭਾਵੁਕ-ਵਿਚਾਰਮਈ ਰਚਨਾਵਾਂ ਦੀ ਮੰਗ ਦਾ ਵੀ। ਗ਼ਦਰ ਦੇ ਸੰਪਾਦਕ ਖ਼ੁਦ ਕਵੀ-ਲੇਖਕ ਸਨ ਤੇ ਰਾਹਬਰ-ਆਲੋਚਕ ਵੀ। ਉਨ੍ਹਾਂ ਲਈ ਕਵਿਤਾ ਜਜ਼ਬੇ-ਗੁੱਧੇ ਖਿਆਲਾਂ ਦਾ ਛੰਦਮਈ ਪ੍ਰਗਟਾਵਾ ਸੀ। 'ਅੱਗ' ਤੇ 'ਭੜਾਸ' ਸ਼ਬਦ ਕਵੀ ਦੇ ਭਾਵ-ਵਿਰੇਚਕ ਕਾਵਿ-ਕਰਮ ਦੇ ਪ੍ਰਤੀਕ ਵੀ ਹਨ ਤੇ ਭਾਵ-ਪ੍ਰਗਟਾਵੇ ਦੇ ਜੋਸ਼ੀਲੇ ਜਾਂ ਪ੍ਰਚੰਡ ਹੋਣ ਦੇ ਵੀ।

ਗ਼ਦਰ ਦੀ ਕਵਿਤਾ ਦੀ ਸਿਰਜਣ ਪ੍ਰਕਿਰਿਆ, ਲੋਕਧਾਰਕ ਕਾਵਿ-ਸਿਰਜਣਾ ਨਾਲ ਮਿਲਦੀ-ਜੁਲਦੀ ਹੈ, ਪਰ ਇਸ ਨੂੰ ਲੋਕ-ਕਾਵਿ Folk Poetry) ਕਹਿਣਾ ਉਚਿਤ ਨਹੀਂ; ਇਹ ਜਨ-ਕਾਵਿ People's Poetry ਦੇ ਘੇਰੇ ਦੀ ਰਚਨਾ ਹੈ। ਇਹ ਲੋਕਾਂ ਦੀ ਲੋਕਾਂ ਲਈ ਤੇ ਲੋਕਾਂ ਦੁਆਰਾ ਰਚੀ ਅਸਲੀ ਲੋਕਤਾਂਤਰਿਕ ਕਵਿਤਾ



ਲੋਕਧਾਰਾਈ ਕਾਵਿ ਵਾਂਗ ਇਹ ਅਗਿਆਤ ਕਵੀਆਂ ਦੁਆਰਾ ਸਿਰਜੀ ਤੇ ਸਮੂਹ ਵੱਲੋਂ ਪ੍ਰਵਾਨਤ ਸਾਂਝੀ ਸਿਰਜਣਾ ਹੈ। ਇਸ ਦਾ ਰਚਨਹਾਰ ਇਕੋ ਕਵੀ ਜਾਪਦਾ ਹੈ: ਇਕੋ ਜੋਤ, ਇਕੋ ਭਾਵ-ਵਿਚਾਰ ਤੇ ਇਕੋ ਜਿਹੀਆਂ ਕਾਵਿ-ਵਿਧੀਆਂ। ਪਰ ਇਸ ਦੇ ਰਚਨਹਾਰਾਂ ਦਾ ਗੁਮਨਾਮ ਰਹਿਣਾ ਉਨ੍ਹਾਂ ਦੀ ਵਕਤੀ ਮਜਬੂਰੀ ਸੀ ਤੇ ਇਸ ਕਵਿਤਾ ਦੇ ਸਮੂਹਕ ਤੇ ਭਾਈਚਾਰਕ ਹੋਣ ਦੇ ਦੋ ਕਾਰਣ ਸਨ : ਇਕ ਤਾਂ ਸੰਘਰਸ਼ ਦੇ ਸਮੂਹਕ ਉਦੇਸ਼ ਨੇ ਵਿਅਕਤੀਵਾਦ ਦਾ ਖਾਤਮਾ ਕਰਕੇ ਸਮੂਹਕ ਚੇਤਨਾ ਨੂੰ ਜਨਮ ਦੇ ਦਿੱਤਾ ਤੇ ਦੂਜੇ ਇਸ ਵਿਚ ਨਿੱਜੀ ਦੀ ਥਾਂ ਸਾਂਝੇ ਸੰਗਠਨਕਾਰੀ ਸੰਬੋਧਨਾਂ (ਸਿੰਘੋ, ਭਾਈ, ਸਾਥੀ) ਦੀ ਵਰਤੋਂ ਹੋਈ।

ਲੋਕ-ਕਾਵਿ ਵਾਂਗ ਇਹ ਵੀ ਕਿਸਾਨੀ-ਕਲਚਰ ਤੇ ਕਿਸਾਨੀ ਦੇ ਕ੍ਰਿਆਸ਼ੀਲ ਰੋਮਾਂਸ ਦੀ ਕਵਿਤਾ ਹੈ। ਇਸ ਵਿਚ ਅਨੇਕਾਂ ਬਿੰਬ, ਅਖਾਣ, ਮੁਹਾਵਰੇ ਤੇ ਲੋਕ-ਧਰਮੀ ਸੰਕੇਤ ਹਨ, ਜਿਨ੍ਹਾਂ ਦਾ ਸੰਬੰਧ ਪੰਜਾਬੀ ਦੀ ਕਿਸਾਨੀ ਜੀਵਨ-ਚਰੀਆ ਨਾਲ ਹੈ। ਇਸਨੂੰ ਲੋਕ-ਧਾਰਾ ਦੇ ਨੇੜੇ ਦੀ ਰਚਨਾ ਸਿੱਧ ਕਰਨ ਲਈ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਇਕ ਵਿਸ਼ੇਸ਼ ਦਾਇਰੇ ਦੇ ਲੋਕਾਂ (ਪਰਦੇਸੀ ਹਿੰਦੀਆਂ) ਦੀ ਰਚਨਾ ਹੈ; ਉਨ੍ਹਾਂ ਦੇ ਦੁੱਖ-ਸੁੱਖ ਆਪ ਮੁਹਾਰੇ, ਤਟਫਟ ਤੇ ਫਿਲਬਦੀ ਰੂਪ ਵਿਚ ਪ੍ਰਗਟ ਹੋਏ ਹਨ; ਇਹ ਵਿਸ਼ੇਸ਼ ਮੌਕਿਆਂ ਮੁਤਾਬਕ ਲੋਕ ਪ੍ਰਚਲਤ ਧਾਰਨਾਂ, ਛੰਦਾਂ ਤੇ ਕਾਵਿ-ਰੂਪਾਂ ਵਿਚ ਰਚੀ ਗਈ ਹੈ; ਇਸ ਵਿਚ ਉਪਭਾਖਾਈ ਤੇ ਰਲੀ ਮਿਲੀ ਗੱਲਬਾਤੀ ਭਾਸ਼ਾ ਦੀ ਵਰਤੋਂ ਹੋਈ ਹੈ; ਇਸ ਵਿਚ ਥੀਮਿਕ ਦੁਹਰਾਓ ਹੈ ਤੇ ਇਹ ਗ਼ਦਰੀ ਇਕੱਠਾਂ ਵਿਚ ਜ਼ੁਬਾਨੀ ਪੜ੍ਹੀ/ਗਾਈ ਜਾਂਦੀ ਰਹੀ ਹੈ ਆਦਿ। ਪਰ ਇਨ੍ਹਾਂ ਸਮਾਨਤਾਵਾਂ ਦੇ ਬਾਵਜੂਦ ਗ਼ਦਰ-ਕਾਵਿ ਦੀ ਰਚਨਾ ਫੋਕਲੋਰਿਕ ਕਾਵਿ-ਰਚਨਾ ਤੋਂ ਅੱਡਰੀ ਕਿਸਮ ਦੀ ਹੈ। ਇਹ ਲੋਕ-ਕਾਵਿ ਨਹੀਂ ਜਨ-ਕਾਵਿ ਹੈ ਤੇ ਇਨ੍ਹਾਂ ਦੋਹਾਂ ਦਾ ਨਿਖੇੜਾ ਪਿਛਾਂਹ-ਖਿੱਚੂ ਤੇ ਅਗਾਂਹ-ਵਧੂ ਵਿਚਾਰਧਾਰਾ ਦੇ ਫਰਕ 'ਤੇ ਨਿਰਭਰ ਕਰਦਾ ਹੈ। ਗ਼ਦਰੀ ਕਵਿਤਾ ਵਿਚ ਕਿਸਾਨੀ ਦੀਆਂ ਸਾਮੰਤਵਾਦੀ ਰਵਾਇਤਾਂ ਨੂੰ ਤੋੜ ਕੇ ਨਵੀਆਂ ਲੋਕ-ਰਾਜੀ ਤੇ ਜਨਵਾਦੀ ਰਵਾਇਤਾਂ ਸਿਰਜਣ ਦਾ ਆਗ੍ਰਹਿ ਹੈ। ਇਸ ਵਿਚ ਧਰਮ-ਨਿਰਪੱਖ/ਨਿਰਪੇਖ, ਗ਼ੈਰ-ਫਿਰਕੂ, ਆਧੁਨਿਕ ਤੇ ਆਜ਼ਾਦ ਸਮਾਜ ਦਾ ਸੰਕਲਪ, ਤਾਰਕਿਕ ਚਿੰਤਨ ਤੇ ਵਿਅਕਤੀਗਤ ਸਿਆਸੀ ਚੇਤਨਾ ਉੱਤੇ ਬਲ ਇਸ ਨੂੰ ਲੋਕਧਾਰਾਈ ਕਾਵਿ ਤੋਂ ਵੱਖਰੀ ਪਛਾਣ ਪ੍ਰਦਾਨ ਕਰਦੇ ਹਨ।

ਉਪਨਿਵੇਸ਼ੀ ਪੰਜਾਬ ਵਿਚ ਪੰਜਾਬੀ ਕਵਿਤਾ ਦਾ ਪਹਿਲਾ ਰੁਝਾਨ ਨਵੀਂ ਅੰਗਰੇਜ਼ੀ ਕਲਚਰ ਦੇ 'ਗੁਣਾਂ' ਨਾਲ ਸਾਂਝ ਪਾ ਕੇ, ਉਨ੍ਹਾਂ ਦਾ ਗੁਣਗਾਨ ਕਰਨ ਤੇ ਆਪਣੀ ਕਚਲਰ ਨੂੰ ਸੁਧਾਰਨ ਦੀ ਸਿੱਖਿਆ ਦੇਣ ਦਾ ਸੀ ਤੇ ਜਾਂ ਫਿਰ ਆਪਣੇ ਧਰਮ-ਸਭਿਆਚਾਰ ਨੂੰ ਨਵੇਂ ਦੇ ਪ੍ਰਭਾਵ ਤੋਂ ਬਚਾ ਕੇ ਸ਼ੁੱਧ ਰੱਖਣ ਦਾ ਉਪਦੇਸ਼ ਦੇਣ ਦਾ; ਦੂਜਾ ਰੁਝਾਨ ਸੀ ਬੇਚੈਨੀ, ਤਣਾਓ ਤੇ ਸਵੈ-ਪਛਾਣ ਦਾ ਤੇ ਤੀਜਾ ਰੁਝਾਨ ਸੀ ਸਿੱਧਾ ਹਮਲਾ ਕਰਨ ਤੇ ਆਜ਼ਾਦ ਕਲਚਰ ਦੀ ਉਸਾਰੀ ਕਰਨ ਲਈ ਵੰਗਾਰਨ ਦਾ। ਇਨ੍ਹਾਂ ਤਿੰਨਾਂ ਰੁਝਾਨਾਂ ਦੇ ਅਧੀਨ ਮਿਲਦੀ ਕਵਿਤਾ ਲੋਕ-ਮੁਹਾਵਰੇ ਦਾ ਪ੍ਰਯੋਗ ਤਾਂ ਕਰਦੀ ਹੀ ਹੈ, ਪਰ ਜਦੋਂ ਕੌਮ ਬਸਤੀਵਾਦ ਦੇ ਵਿਰੁੱਧ ਸਿਆਸੀ, ਸ਼ਸਤਰ ਬੱਧ ਸੰਗਰਾਮ

ਲਈ ਮੈਦਾਨ ਵਿਚ ਉਤਰਦੀ ਹੈ ਤਾਂ ਉਸ ਦੇ ਲਈ ਆਪਣੀ ਸਾਰੀ ਪੰਰਪਰਾ ਦੇ ਅਰਥ ਬਦਲ ਜਾਂਦੇ ਹਨ। ਫਰਾਂਜ਼ ਫ਼ੈਨਨ ਨੇ ਆਪਣੀ ਪੁਸਤਕ **ਦੀ ਰੈਚਡ ਆਫ਼ ਦੀ ਅਰਥ** ਦੇ ਚੌਥੇ ਅਧਿਆਇ ਦੇ ਸ਼ੁਰੂ ਵਿਚ ਇਕ ਇਨਕਲਾਬੀ ਚਿੰਤਕ, ਸੈਕੋ ਤੂਰੇ (Sekou Toure) ਦੇ ਕਿਸੇ ਭਾਸ਼ਨ ਵਿਚੋਂ ਇਕ ਟੂਕ ਦਿੱਤੀ ਹੈ, ਜਿਸ ਵਿਚ ਉਸਨੇ ਕਿਹਾ ਹੈ ਕਿ "ਅਫਰੀਕਨ ਕ੍ਰਾਂਤੀ ਵਿਚ ਭਾਗ ਲੈਣ ਲਈ ਇਨਕਲਾਬੀ ਗੀਤ ਲਿਖਣਾ ਹੀ ਕਾਫ਼ੀ ਨਹੀਂ; ਸਗੋਂ ਇਨਕਲਾਬ ਦਾ ਰਾਬਤਾ ਲੋਕਾਂ ਨਾਲ ਕਾਇਮ ਕਰਨਾ ਜ਼ਰੂਰੀ ਹੈ। ਜੇ ਤੁਸੀਂ ਇਹ ਰਾਬਤਾ ਕਾਇਮ ਕਰ ਦਿਓ ਤਾਂ ਫਿਰ ਗੀਤ ਉਨ੍ਹਾਂ ਵੱਲੋਂ ਆਪ ਮੁਹਾਰੇ ਰਚੇ ਜਾਣਗੇ।" ਗ਼ਦਰ ਲਹਿਰ ਨੇ ਜਦੋਂ ਗ਼ਦਰ ਦਾ ਰਾਬਤਾ ਲੋਕਾਂ ਨਾਲ ਜੋੜਿਆ ਤਾਂ ਆਪ-ਮੁਹਾਰੇ ਜੋ ਕਾਵਿ-ਰਚਨਾ ਹੋਈ ਉਸਨੂੰ ਵੀ ਸੁਚੇਤ ਕਾਵਿ-ਰਚਨਾ ਹੀ ਕਹਿਣਾ ਪਵੇਗਾ। ਇਹ ਯੁੱਧ ਦੀ ਤੇ ਹਮਲੇ ਕੀ ਕੌਮਾਂਤਰੀ ਜਨ-ਕਵਿਤਾ ਹੈ। ਇਸ ਦੀ ਰਚਨਾ ਲੋਕ-ਕਾਵਿ ਵਿਧੀਆਂ ਤੇ ਗ਼ਦਰੀ ਕਵੀ ਦੀ ਵਿਚਾਰਧਾਰਕ ਪ੍ਰਤੀਬੱਧਤਾ ਦੇ ਤਣਾਓ ਵਿਚੋਂ ਹੋਈ ਹੈ।

ਜਗਜੀਤ ਸਿੰਘ (ਤਰਨ-ਤਾਰਨੀ) ਦੀ ਪੁਸਤਕ, ਗ਼ਦਰ ਪਾਰਟੀ ਲਹਿਰ ਦੀ ਪਹਿਲੀ ਐਡੀਸ਼ਨ ਦਾ ਰੀਵੀਉ ਕਰਦਿਆਂ, **ਦੀ ਹਿੰਦੁਸਤਾਨ ਟਾਈਮਜ਼ ਦੇ ਰੀਵੀਉਕਾਰ** ਨੇ ਟਿੱਪਣੀ ਕੀਤੀ ਸੀ ਕਿ "ਗ਼ਦਰ ਲਹਿਰ ਦੀ ਕਹਾਣੀ ਇੰਨੀ ਆਤਮਾ ਨੂੰ ਹਲੂਣਨ ਵਾਲੀ ਹੈ ਕਿ ਇਕ ਵੱਡੇ ਮਹਾਂਕਾਵਿ ਦੀ ਸ਼ਕਲ ਵਿਚ, ਇਸ ਦਾ ਬਿਆਨ ਕਿਸੇ ਕਵੀ ਨੂੰ ਕਰਨਾ ਚਾਹੀਦਾ ਹੈ।" ਟਿੱਪਣੀਕਾਰ ਨੂੰ ਉਦੋਂ ਸ਼ਾਇਦ ਪਤਾ ਨਹੀਂ ਸੀ ਕਿ ਇਸ ਲਹਿਰ ਦੀ ਆਤਮਾ-ਹਿਲੂਣਨ ਵਾਲੀ ਕਹਾਣੀ ਦਾ ਇਕ ਮਹਾਂਕਾਵਿਕ ਰੂਪ ਖ਼ੁਦ ਗ਼ਦਰੀ ਕਵੀਆਂ ਵਲੋਂ ਰਚਿਆ ਜਾ ਚੁੱਕਾ ਹੈ ਤੇ ਉਹ ਹੈ ਗ਼ਦਰ ਲਹਿਰ ਦੀ ਕਵਿਤਾ। ਬੇਸ਼ੱਕ ਇਹ ਮਹਾਂ-ਕਾਵਿ ਨਹੀਂ, ਪਰ ਮਹਾਂਕਾਵਿਕ ਜ਼ਰੂਰ ਹੈ।

ਇਸ ਮਹਾਂਕਾਵਿਕ ਰਚਨਾ ਦੇ ਬਹੁਤ ਟੋਟੇ ਗ਼ਦਰੀ ਯੋਧਿਆਂ ਨੂੰ ਮੂੰਹ-ਜ਼ਬਾਨੀ ਯਾਦ ਸਨ, ਲੋਕ-ਕਾਵਿ ਵਾਂਗ। ਇਸ ਦੇ ਭਾਵਾਂ-ਵਿਚਾਰਾਂ ਨੂੰ ਆਤਮ-ਸਾਤ ਕਰਨ ਲਈ ਗ਼ਦਰੀ ਉਵੇਂ ਇਸਦਾ ਜ਼ੁਬਾਨੀ ਪਾਠ ਕਰਦੇ ਸਨ ਜਿਵੇਂ ਗੁਰਬਾਣੀ ਦੇ ਪਾਠ ਦੀ ਪ੍ਰਥਾ ਚਲੀ ਆ ਰਹੀ ਸੀ ਤੇ ਫਾਂਸੀ ਚੜ੍ਹਨ ਸਮੇਂ ਵੀ ਇਸ ਨੂੰ ਗੁਰਬਾਣੀ ਵਾਂਗ ਪੜ੍ਹਦੇ ਸਨ। ਪਰ ਜਿਵੇਂ ਗੁਰਬਾਣੀ ਵਿਚ ਲੋਕ ਕਾਵਿ-ਵਿਧੀਆਂ ਦੇ ਪ੍ਰਯੋਗ ਦੇ ਬਾਵਜੂਦ ਉਸਨੂੰ ਲੋਕਧਾਰਾਈ ਕਵਿਤਾ ਨਹੀਂ ਮੰਨਿਆ ਜਾ ਸਕਦਾ ਉਵੇਂ ਗ਼ਦਰੀ ਕਵਿਤਾ ਵੀ ਫੋਕਲੋਰ ਨਹੀਂ ਹੈ। ਹਾਂ, ਗ਼ਦਰੀ ਪਾਠਕ ਸਰੋਤਿਆਂ ਦੇ ਮਨਾਂ ਉੱਤੇ ਇਸ ਦਾ ਪ੍ਰਭਾਵ ਫੋਕਲੋਰ ਵਾਂਗ ਹੀ ਝੱਟ ਪੱਟ ਪੈਂਦਾ ਸੀ। ਇਹ ਕਵਿਤਾਵਾਂ, "ਇਨਕਲਾਬੀ ਦਿਲਾਂ ਦੀਆਂ ਡੂੰਘਾਈਆਂ ਵਿਚੋਂ ਨਿਕਲਦੀਆਂ ਹੋਣ ਕਰਕੇ ਮੁਰਦਾ ਦਿਲਾਂ ਵਿਚ ਆਜ਼ਾਦੀ ਦਾ ਜੋਸ਼ ਭਰ ਦੇਂਦੀਆਂ ਸਨ।" (ਸੋਹਣ ਸਿੰਘ ਭਕਨਾ, **ਜੀਵਨ ਸੰਗਰਾਮ**, ਪੰ-45)। ਇਸ ਪ੍ਰਭਾਵ ਦੀ ਇਕ ਇਤਿਹਾਸਕ ਮਿਸਾਲ ਵੀ ਮਿਲਦੀ ਹੈ। ਕਿਹਾ ਜਾਂਦਾ ਹੈ ਕਿ ਹਰਨਾਮ ਸਿੰਘ (ਟੁੰਡੀਲਾਟ), ਜਗਤ ਸਿੰਘ ਤੇ ਕਰਤਾਰ ਸਿੰਘ ਸਰਾਭਾ, ਗ਼ਦਰ ਦੀ ਅਸਫ਼ਲਤਾ ਤੋਂ ਬਾਅਦ, ਜਦੋਂ ਅੰਗਰੇਜ਼ੀ ਸਰਕਾਰ ਦੇ ਪੰਜੇ ਤੋਂ ਬਚਣ ਲਈ ਸਰਹੱਦ ਟੱਪ ਕੇ ਬਾਹਰ ਜਾਣ ਲੱਗੇ ਤਾਂ ਇਕ ਥਾਂ ਬੈਠਿਆਂ ਸਰਾਭੇ ਨੇ 'ਬਣੀ ਸਿਰ ਸ਼ੇਰਾਂ ਦੇ



ਕੀ ਜਾਣਾ ਭੱਜ ਕੇ' ਗਾਉਣੀ ਸ਼ੁਰੂ ਕਰ ਦਿੱਤੀ। ਕਵਿਤਾ ਸੁਣ ਕੇ ਤਿੰਨੇ ਸਰਹੱਦ ਤੋਂ ਵਾਪਸ ਪਰਤ ਆਏ।

ਇਹ ਵੀ ਕਿਹਾ ਜਾਂਦਾ ਹੈ ਕਿ ਸ਼ਹੀਦੇ-ਆਜ਼ਮ ਸਰਦਾਰ ਭਗਤ ਸਿੰਘ ਕਰਤਾਰ ਸਿੰਘ ਸਰਾਭੇ ਦੀ ਫੋਟੋ ਆਪਣੀ ਜੇਬ ਵਿਚ ਰੱਖਦੇ ਸਨ ਤੇ ਸਰਾਭੇ ਦੀਆਂ ਪਸੰਦੀਦਾ ਸਤਰਾਂ ਗੁਣ-ਗੁਣਾਉਂਦੇ ਰਹਿੰਦੇ ਸਨ :

**ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ**
**ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।**
**ਜਿਨ੍ਹਾਂ ਦੇਸ ਸੇਵਾ ਵਿਚ ਪੈਰ ਪਾਇਆ,**
**ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।**

ਭਗਤ ਸਿੰਘ ਆਪਣੀਆਂ ਲਿਖਤਾਂ ਵਿਚ ਗ਼ਦਰ ਕਵਿਤਾ ਵਿਚੋਂ ਟੂਕਾਂ ਵੀ ਦਿੰਦੇ ਸਨ। ਉਨ੍ਹਾਂ ਦੀ ਇਕ ਲਿਖਤ ਹੈ : **ਦਸ ਮਈ ਦਾ ਸ਼ੁਭ ਦਿਨ** : ਉਸ ਵਿਚ ਹੇਠ ਲਿਖੀ ਕਾਵਿ-ਟੁਕੜੀ ਦਾ ਹਵਾਲਾ ਦਿੱਤਾ ਗਿਆ ਹੈ :

**ਦਿਲਾ ਦਰਦੀਆ ਦਰਦ ਹਜ਼ਾਰ ਭਾਵੇਂ,**
**ਦਸ ਮਈ ਦਾ ਦਿਨ ਭੁਲਾਵਣਾ ਨਹੀਂ।**
**ਏਸੇ ਰੋਜ਼ 'ਆਜ਼ਾਦੀ ਦਾ ਜੰਗ' ਛਿੜਿਆ,**
**ਵਕਤ ਖੁਸ਼ੀ ਦਾ ਗ਼ਮੀ ਲਿਆਵਣਾ ਨਹੀਂ।**

ਇਸ ਕਵਿਤਾ ਵਿਚਲੇ ਜੋਸ਼, ਇਸ ਦੀ ਗਾਉਣ-ਯੋਗਤਾ ਤੇ ਲੋਕ-ਪ੍ਰਿਯਤਾ ਦੇ ਪ੍ਰਮਾਣ ਵਜੋਂ ਹੀਰਾ ਸਿੰਘ ਦਰਦ ਨੇ ਲਿਖਿਆ ਹੈ : "ਮੈਨੂੰ ਯਾਦ ਹੈ ਕਿ ਜਦ ਮੈਂ 1922 ਵਿਚ ਮਿੰਟਗੁਮਰੀ ਕੈਂਪ ਜੇਹਲ ਵਿਚ ਸਾਂ ਤਾਂ ਇਕ ਗ਼ਦਰੀ ਬਾਬੇ ਨੂੰ ਉਸ ਵੇਲੇ ਤਕ ਛਪੀਆਂ ਸਭ ਗ਼ਦਰ ਗੂੰਜਾਂ ਜ਼ਬਾਨੀ ਯਾਦ ਸਨ। ਉਹ ਡਾਢੇ ਜੋਸ਼ ਤੇ ਰਸਭਰੀ ਆਵਾਜ਼ ਨਾਲ ਦਿਨ-ਰਾਤ ਇਨ੍ਹਾਂ ਨੂੰ ਗਾਉਂਦਾ ਰਹਿੰਦਾ ਸੀ। ਉਸ ਬਾਬੇ ਦਾ ਨਾਂ ਹੀ 'ਬਾਬਾ ਗ਼ਦਰ ਗੂੰਜ' ਪ੍ਰਸਿੱਧ ਸੀ।" (ਪੰਜਾਬੀ ਕਵਿਤਾ ਤੇ ਚੋਣਵੇਂ ਪੰਜਾਬੀ ਕਵੀ, ਪੰ-194)। (ਇਥੇ 'ਬਾਬਾ' ਸ਼ਬਦ ਦਾ ਅਰਥ ਬਿਰਧ ਨਹੀਂ; ਗ਼ਦਰੀਆਂ ਨੂੰ ਸਤਿਕਾਰ ਨਾਲ ਬਾਬੇ ਕਿਹਾ ਜਾਂਦਾ ਹੈ।)

ਉਪਰੋਕਤ ਗੁਣ-ਲੱਛਣਾਂ ਕਾਰਨ ਹੀ ਇਸ ਕਵਿਤਾ ਦਾ ਦੂਰ ਦੂਰ ਤਕ ਅਸਰ ਹੋਇਆ ਤੇ ਇਸਨੇ ਹਿੰਦੀਆਂ ਵਿਚ ਅਣਖ, ਸਵੈਮਾਣ, ਆਤਮ-ਗੌਰਵ, ਕੌਮੀ ਤੇ ਕੌਮਾਂਤਰੀ ਏਕਤਾ ਦੀ ਭਾਵਨਾ ਤੇ ਕੁਰਬਾਨੀ ਦੇ ਜਜ਼ਬੇ ਦਾ ਸੰਚਾਰ ਕੀਤਾ। ਇਥੋਂ ਤਕ ਇਹ ਲੋਕਧਾਰਾ ਦੇ ਘੇਰੇ ਦੀ ਵਸਤ ਹੈ, ਪਰ ਆਧੁਨਿਕ ਸਿਆਸੀ ਤੇ ਇਨਕਲਾਬੀ ਚੇਤਨਾ ਪ੍ਰਦਾਨ ਕਰਨ ਦਾ ਜੋ ਪ੍ਰਕਾਰਜ ਇਸਨੇ ਨਿਭਾਇਆ ਉਸ ਕਾਰਨ ਇਸ ਨੂੰ ਪੁਲੀਟੀਕਲ ਜਨ-ਕਾਵਿ ਕਹਿਣਾ ਹੀ ਵਧੇਰੇ ਯੋਗ ਹੈ।

**(iii) ਕਾਵਿ-ਸੱਚ ਤੇ ਸੁਹਜ** : ਇਸ ਕਵਿਤਾ ਦਾ ਸੱਚ ਗ਼ਦਰੀ ਦਾ ਸੱਚ ਹੈ। ਗ਼ਦਰੀ ਕਵੀ ਦਾ ਅੱਖੀਂ ਦੇਖਿਆ, ਮਹਿਸੂਸਿਆ ਤੇ ਸੋਚਿਆ ਆਪਣੀ ਜ਼ਿੰਦਗੀ ਦਾ ਸੱਚ, ਅਰਥਾਤ ਕਿਰਤੀ, ਕਿਸਾਨ ਲੋਕਾਂ ਦਾ ਆਪਣੇ ਨਜ਼ਰੀਏ ਤੋਂ ਗ੍ਰਹਿਣ ਕੀਤਾ

ਆਪਣੇ ਹੀ ਜੀਵਨ ਦਾ ਸੱਚ ਹੈ ਇਹ। ਪਰ ਇਸ ਦਾ ਵਿਧਾਨ ਨਾ ਇਤਿਹਾਸ ਵਰਗਾ ਹੈ ਤੇ ਨਾ ਹੀ ਵਿਗਿਆਨ ਵਰਗਾ, ਸਗੋਂ ਇਹ ਉਸ ਦਾ ਕਾਵਿਕ ਤੇ ਸੁਹਜਾਤਮਕ ਸੱਚ ਹੈ। ਇਹ ਇਕ ਵਿਸ਼ੇਸ਼ ਦੇਸ਼-ਕਾਲ ਦੇ ਪ੍ਰਸੰਗ ਵਿਚ ਅਜਿਹੇ ਸੰਵੇਦਨਸ਼ੀਲ ਤੇ ਜਾਗ੍ਰਤ ਨਾਇਕ ਦੀ ਸਿਰਜਣਾ ਹੈ ਜੋ ਇਤਿਹਾਸ ਦਾ ਵੀ ਕਰਤਾ ਹੈ ਤੇ ਕਵਿਤਾ ਦਾ ਵੀ।

ਇਹ ਕਵਿਤਾ ਸੱਚ-ਝੂਠ, ਚੰਗਿਆਈ-ਬੁਰਾਈ, ਵਫ਼ਾ-ਫ਼ਰੇਬ ਤੇ ਸੁਹਜ-ਕੁਹਜ ਬਾਰੇ ਦਾਰਸ਼ਨਿਕ ਨਿਰਣੇ ਦਿੰਦੀ ਹੈ, ਪਰ ਹੈ ਇਹ ਕਵਿਤਾ, ਦਰਸ਼ਨ ਨਹੀਂ। ਜਦੋਂ ਅਸੀਂ ਇਸ ਨੂੰ ਦਰਸ਼ਨ ਵਾਂਗ ਪੜ੍ਹਦੇ ਹਾਂ ਤਾਂ ਸਾਡੇ ਪੱਲੇ ਕਾਵਿ-ਸੱਚ ਪੈਂਦਾ ਹੈ ਤੇ ਜਦੋਂ ਕਵਿਤਾ ਵਾਂਗ ਤਾਂ ਸਾਨੂੰ ਕਾਵਿ-ਸੁਹਜ ਪ੍ਰਾਪਤ ਹੁੰਦਾ ਹੈ।

ਇਸ ਦੇ ਕਾਵਿ-ਨਾਇਕ ਦਾ ਸੱਚ ਉਸ ਯੁੱਗ ਦੇ ਵਰਤਾਰੇ ਦਾ, ਆਪਣੀ ਗੁਲਾਮੀ ਦੇ ਵਿਰੁੱਧ ਲੜ ਰਹੇ ਪੂਰਬ ਦਾ ਸੱਚ ਹੈ। ਇਹ ਕਵਿਤਾ ਭਾਰਤ ਦੀ ਆਜ਼ਾਦੀ ਨੂੰ ਪੂਰਬੀ ਉਪ ਨਿਵੇਸ਼ਾਂ ਦੀ ਆਜ਼ਾਦੀ ਤੇ ਫਿਰ ਸਮੂਹ ਸ਼ੋਸ਼ਿਤ ਲੋਕਾਈ ਦੀ ਸੁਤੰਤਰਤਾ ਦੇ ਸੰਕਲਪਾਂ ਨਾਲ ਇਕਸੁਰ ਕਰਕੇ ਪੇਸ਼ ਕਰਦੀ ਹੈ। ਇਹ ਆਜ਼ਾਦੀ ਪ੍ਰਾਪਤ ਕਰਨ ਦੀ ਵਿਧੀ ਵੀ ਦੱਸਦੀ ਹੈ ਤੇ ਉਸਨੂੰ ਪ੍ਰਾਪਤ ਕਰਨ ਦੀ ਪ੍ਰੇਰਨਾ ਵੀ ਦਿੰਦੀ ਹੈ। ਵਿਧੀ ਇਸਦਾ ਸੱਚ ਹੈ ਤੇ ਪ੍ਰੇਰਨਾ, ਸੁਹਜ। ਤੱਥਾਂ ਦੀ ਚੋਣ ਕਰਕੇ, ਮਨ-ਇਛਿਤ ਮਨੋਰਥ ਹਿਤ ਸੱਚ ਦੇ ਪ੍ਰਗਟਾਵੇ ਵਿਚ ਹੀ ਇਸ ਦਾ ਸੁਹਜ ਨਿਹਿਤ ਹੈ। ਸਮੁੱਚੇ ਤੌਰ 'ਤੇ ਇਹ ਜੋਸ਼ੀਲੀ ਕਵਿਤਾ ਹੈ ਤੇ ਇਸ ਦਾ ਜੋਸ਼ ਹੀ ਇਸਦੀ ਸੁੰਦਰਤਾ ਹੈ। ਇਹ ਸੰਕਟ, ਸੰਘਰਸ਼ ਤੇ ਸ਼ਹੀਦੀ ਦੇ ਭਾਵੁਕ ਸੱਚ ਦਾ ਸੁਹਜ ਹੈ। ਸੰਕਟ (ਅੰਗਰੇਜ਼ ਦੀ ਗੁਲਾਮੀ), ਸੰਘਰਸ਼ (ਇਕਮੁੱਠ ਹੋ ਕੇ, ਹਥਿਆਰ ਚੁੱਕ ਕੇ, ਤਨ ਮਨ-ਧਨ ਨਾਲ ਲੜਨਾ, ਮਰਨਾ ਤੇ ਮਾਰਨਾ) ਅਤੇ ਸ਼ਹੀਦਾਂ ਦੀ ਕੁਰਬਾਨੀ ਤੇ ਕਾਰਨਾਮਿਆਂ ਦਾ ਬਿਆਨ ਇਸ ਦੇ ਤ੍ਰਾਸਦਿਕ ਸੁਹਜ ਨੂੰ ਜਨਮ ਦਿੰਦਾ ਹੈ।

ਕਾਵਿ-ਨਾਇਕ ਦੇ ਕਿਰਦਾਰ ਦਾ ਸਭ ਤੋਂ ਖ਼ੂਬਸੂਰਤ ਪ੍ਰਗਟਾਵਾ ਉਥੇ ਹੋਇਆ ਹੈ ਜਿਥੇ ਉਹ ਆਪਣੇ ਨਿੱਜੀ ਸੁੱਖ, ਐਸ਼-ਆਰਾਮ ਤੇ ਆਲਸ ਨੂੰ ਤਿਆਗ ਕੇ ਯੁੱਧ ਦੇ ਮੈਦਾਨ, ਜੇਲ੍ਹ ਜਾਂ ਫਾਂਸੀ ਨੂੰ ਚੁਣਦਾ ਹੈ। ਕਵੀ ਕਵਿਤਾਵਾਂ ਵਿਚ ਗ਼ਦਰ, ਭਾਰਤਮਾਤਾ ਜਾਂ ਭਾਰਤ ਦੀ ਕੁੱਲ ਲੋਕਾਈ ਨੂੰ ਹੀ ਨਾਇਕ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ ਤੇ ਲੋਕਾਈ ਹੀ ਲੋਕਾਈ ਨੂੰ ਸੰਬੋਧਿਤ ਹੈ।

ਗ਼ਦਰੀ ਕਵੀ ਆਪਣੀ ਕਵਿਤਾ ਦੇ ਪਰਚਾਰਵਾਦੀ ਪ੍ਰਕਾਰਜ ਤੋਂ ਅਨਜਾਣ ਨਹੀਂ (ਪਹਿਲਾਂ ਗ਼ਦਰ ਪਾਰਟੀ ਸਾਰੇ ਦੇਸ਼ ਵਿਚ ਪ੍ਰਚਾਰ ਕਰੇ), ਪਰ ਇਹ 'ਪ੍ਰਚਾਰ' ਵੀ ਓਦੋਂ ਕਾਵਿ-ਸੁਹਜ ਬਣ ਜਾਂਦਾ ਹੈ, ਜਦੋਂ ਕਿਸੇ ਨਵੇਂ ਸੱਚ ਦਾ ਆਵਿਸ਼ਕਾਰ ਹੁੰਦਾ ਹੈ, ਜਦੋਂ ਇਹ ਗ਼ਦਰੀ ਨੂੰ ਤੇ ਲੋਕਾਂ ਨੂੰ ਉਨ੍ਹਾਂ ਦੇ ਆਪੇ ਦੀ ਨਵੀਂ ਪਛਾਣ ਦਿੰਦਾ ਹੈ।

ਅਤੀਤ ਦੀ ਸਿਮਰਤੀ, ਭਵਿੱਖ ਦੇ ਸੁਪਨੇ, ਉਰਦੂ ਰਲੀ ਪੰਜਾਬੀ ਬੋਲੀ ਤੇ ਆਮ ਬੋਲ-ਚਾਲ ਦੀ ਸ਼ਬਦਾਵਲੀ ਦੇ ਪ੍ਰਯੋਗ ਵੀ ਇਕ ਸੁਹਜਮਈ ਰੋਮਾਂਸ ਪੈਦਾ ਕਰਦੇ ਹਨ।



ਇਹ ਕਵਿਤਾ ਪੰਜਾਬ ਦੇ ਪਰਵਾਸੀ ਤੇ ਆਦਰਸ਼ਵਾਦੀ ਨੌਜਵਾਨ 'ਬਾਬਿਆਂ' ਦੇ ਪਵਿੱਤਰ ਲਹੂ ਨਾਲ ਲਿਖੀ ਹੋਈ ਹੈ। ਇਸ ਵਿਚ ਗ਼ੁਲਾਮ ਕੌਮ ਦੇ ਜੀਵਨ ਦਾ ਇਕ ਸਮੇਂ ਦਾ ਸੰਪੂਰਨ ਸੱਚ, ਗ਼ਦਰ ਦੇ ਸਿਪਾਹੀ ਦੀ ਆਸ਼ਾਵਾਦੀ ਜਦੋ-ਜਹਿਦ ਅਤੇ ਉਸਦੇ ਮਰ ਮਿਟਣ ਦੀ ਕਹਾਣੀ ਹੈ। ਇਹ ਉਸ ਕੌਮੀ ਕਹਿਰ, ਗੁੱਸੇ ਤੇ ਰੋਹ ਦੀ ਕਵਿਤਾ ਹੈ ਜੋ ਕੌਮਾਂ ਨੂੰ ਕਦੇ ਕਦੇ ਹੀ ਚੜ੍ਹਦਾ ਹੈ। ਦੁਨੀਆਂ ਭਰ ਦੀ ਸਰਮਾਏਦਾਰੀ ਦੇ ਜ਼ੁਲਮ, ਲੁੱਟ, ਭੈ ਤੇ ਝੂਠ ਦੇ ਅੰਧਕਾਰ ਵਿਚ ਇਹ ਕਵਿਤਾ ਗਾਲ੍ਹ, ਹਥਿਆਰ, ਨਿੱਡਰਤਾ ਤੇ ਸੱਚ ਦੇ ਨਵੇਂ ਸੂਰਜ ਦੀ ਕਿਰਨ ਵਾਂਗ ਫੁੱਟਦੀ ਹੈ। ਗ਼ਦਰੀਆਂ ਲਈ ਇਹ ਕਵਿਤਾ ਮੌਕੇ ਦਾ ਹਥਿਆਰ ਸੀ, ਪਰ ਇਸ ਦੇ ਨਾਇਕ ਦੀ, ਮਾਨਵ ਦੀ ਸਦੀਵੀ ਮੁਕਤੀ ਲਈ ਜੰਗ ਇਸਦਾ ਸਦੀਵੀ ਸੱਚ ਤੇ ਸੁਹਜ ਹੈ।

**(iv) ਕਾਵਿ-ਰੂਪ** : ਗ਼ਦਰੀ ਕਵੀ ਆਪਣੇ ਜੀਵਨ-ਸੱਚ ਤੇ ਸਿਧਾਂਤ ਨੂੰ ਕਾਵਿਕ ਸੁਹਜ ਵਿਚ ਰੂਪਾਂਤਰਤ ਕਰਨ ਲਈ ਪ੍ਰਮੁੱਖ ਪੰਜਾਬੀ ਕਾਵਿ-ਧਾਰਾਵਾਂ ਵਿਚੋਂ ਕਾਵਿ-ਰੂਪਾਂ ਦੀ ਚੋਣ ਕਰਦਾ ਹੈ। ਵੀਹਵੀਂ ਸਦੀ ਦੇ ਪਹਿਲੇ ਦਹਾਕੇ ਤਕ ਜਿਨ੍ਹਾਂ ਕਾਵਿ-ਰੂਪਾਂ ਦਾ ਪ੍ਰਚਲਨ ਆਮ ਹੋ ਚੁੱਕਾ ਸੀ ਉਹ ਸਾਰੇ ਹੀ ਛੰਦ-ਬੱਧ ਰੂਪ ਸਨ ਤੇ ਉਨ੍ਹਾਂ ਵਿਚੋਂ ਗ਼ਦਰੀ ਕਵੀ ਨੇ ਸਿਹਰਫੀ, ਕਾਫ਼ੀ, ਗ਼ਜ਼ਲ, ਗੀਤ, ਪੈਂਤੀਸ ਅੱਖਰੀ, ਬਾਰਾਮਾਹ, ਭਜਨ, ਲੰਮੀ ਨਜ਼ਮ ਤੇ ਨਿੱਕੀ ਕਵਿਤਾ ਦੁਆਰਾ ਹੀ ਆਪਣੇ ਭਾਵਾਂ ਵਿਚਾਰਾਂ ਨੂੰ ਵਿਅਕਤ ਕੀਤਾ ਹੈ। ਗ਼ਜ਼ਲ, ਲੰਮੀ ਨਜ਼ਮ, ਨਿੱਕੀ ਕਵਿਤਾ ਤੇ ਕਵੀਸ਼ਰੀ ਦਾ ਰਿਵਾਜ ਹਾਲੇ ਨਵਾਂ ਨਵਾਂ ਹੀ ਪਿਆ ਸੀ, ਪਰ ਗ਼ਦਰ-ਕਾਵਿ ਦੇ ਆਖ਼ਰੀ ਚਰਣ ਤਕ ਇਹ ਵੀ ਪੂਰੀ ਤਰ੍ਹਾਂ ਪ੍ਰਚਲਤ ਹੋ ਚੁੱਕੇ ਸਨ। ਗ਼ਦਰੀ ਕਵਿਤਾ ਵਿਚ ਪ੍ਰਯੋਗ ਵਿਚ ਆਏ ਇਨ੍ਹਾਂ ਕਾਵਿ-ਰੂਪਾਂ ਦਾ ਸੰਖੇਪ ਜਿਹਾ ਵੇਰਵਾ ਇਥੇ ਕੁਥਾਂ ਨਹੀਂ ਹੋਵੇਗਾ।

**ਸੀਹਰਫ਼ੀ** : ਇਹ ਤੀਹ-ਹਰਫ਼ੀ ਅਰਬੀ ਵਰਣਮਾਲਾ ਅਨੁਸਾਰ ਲਿਖੀ ਉਪਦੇਸ਼ਾਤਕ ਕਵਿਤਾ ਦਾ ਇਕ ਰੂਪ ਹੈ। ਹਿੰਦੀ-ਪੰਜਾਬੀ ਵਿਚ ਬਾਵਨ ਅੱਖਰੀ ਤੇ ਪੈਂਤੀਸ-ਅੱਖਰ ਦੀ ਰੀਤ ਵਾਂਗ ਸੂਫ਼ੀਆਂ, ਕਿੱਸਾਕਾਰਾਂ ਤੇ ਬੈਂਤਬਾਜ਼ਾ ਨੇ ਸੀਹਰਫ਼ੀ ਦਾ ਰਿਵਾਜ ਪਾਇਆ। ਇਕ ਅਧੂਰੀ ਸੀਹਰਫ਼ੀ ਮਿਲਦੀ ਹੈ, ਜੋ ਕਿਸੇ ਰਾਮਚੰਦਰ-ਪੱਖੀ ਤੇ ਕਾਦਰਯਾਰ ਦੇ 'ਪੂਰਨ ਭਗਤ' ਤੋਂ ਪ੍ਰਭਾਵਿਤ ਗ਼ਦਰੀ ਦੀ ਲਿਖੀ ਜਾਪਦੀ ਹੈ। ਉਦਾਹਰਣ ਲਈ ਇਸ ਸੀਹਰਫ਼ੀ ਦੀ ਇਕ ਪੰਗਤੀ ਹੈ :

**ਸੀਨ-ਸਬਕ ਸਿਖੋ ਉਨ੍ਹਾਂ ਸੂਰਿਆਂ ਥੋਂ,**
**ਜਿਨ੍ਹਾਂ ਹਿੰਦ ਦੇ ਨਾਮ ਥੋਂ ਜਾਨ ਵਾਰੀ।**

ਇਹ ਕਾਦਰਯਾਰ ਦੀ ਹੇਠ ਲਿਖੀ ਸਤਰ ਨੂੰ ਹੀ ਰਤਾ ਕੁ ਬਦਲ ਕੇ ਘੜੀ ਗਈ ਹੈ :

**ਸੀਨ-ਸੁਣੋ ਲੋਕੋ ਕਿੱਸੇ ਆਸ਼ਕਾਂ ਦੇ,**
**ਜਿਨ੍ਹਾਂ ਰੱਬ ਦੇ ਨਾਮ ਤੋਂ ਜਾਨ ਵਾਰੀ।**

**ਕਾਫ਼ੀ** : ਕਾਫ਼ੀ ਨੂੰ ਰਾਗਣੀ ਵੀ ਮੰਨਿਆ ਗਿਆ ਹੈ ਤੇ ਕਾਵਿ-ਰੂਪ ਵੀ। ਉਨ੍ਹੀਵੀਂ ਸਦੀ ਵਿਚ ਸਾਧੂ ਈਸ਼ਰ ਦਾਸ ਨੇ ਕਾਫ਼ੀ ਨੂੰ ਇਕ ਖ਼ਾਸ ਛੰਦ ਵਾਂਗ ਵੀ

ਵਰਤਿਆ ਹੈ ਤੇ ਜਾਪਦਾ ਹੈ ਕਿ ਗ਼ਦਰੀ ਕਵੀਆਂ ਨੇ ਕਈ ਕਾਫ਼ੀਆਂ ਈਸ਼ਰ ਦਾਸ ਦੇ ਕਾਫ਼ੀ ਛੰਦ ਦੇ ਹੀ ਨਮੂਨੇ 'ਤੇ ਲਿਖੀਆਂ ਹਨ। ਪਰੰਪਰਕ ਕਾਫ਼ੀ ਰੂਪ ਵੀ ਬਣਤਰ, ਆਮ ਕਰਕੇ, ਇਕ ਸਥਾਈ ਤੇ ਬਾਕੀ ਅੰਤਰਿਆਂ ਦੇ ਪਰਸਪਰ ਤਣਾਓ ਦੁਆਰਾ ਬਣਦੀ ਹੈ।

**ਗ਼ਜ਼ਲ** : ਗ਼ਦਰੀ ਕਵੀਆਂ ਤੋਂ ਪਹਿਲਾਂ ਮੀਆਂ ਮੁਹੰਮਦ ਬਖ਼ਸ਼ ਤੇ ਮੌਲਾ ਬਖ਼ਸ਼ ਕੁਸ਼ਤਾ ਪੰਜਾਬੀ ਵਿਚ ਭਾਵੇਂ ਕਾਫ਼ੀ ਗਿਣਤੀ ਵਿਚ ਗ਼ਜ਼ਲਾਂ ਲਿਖ ਚੁੱਕੇ ਸਨ, ਪਰ ਆਮ ਕਰਕੇ ਇਸਨੂੰ ਉਰਦੂ ਦਾ ਕਾਵਿ-ਰੂਪ ਹੀ ਮੰਨਿਆ ਜਾਂਦਾ ਸੀ। ਕਰਤਾਰ ਸਿੰਘ ਹੁੰਦਲ (ਅਕਾਲੀ) ਦੀ ਲਿਖੀ ਇਕ ਕਵਿਤਾ ਨੂੰ ਮੁਸਲਸਲ ਗ਼ਜ਼ਲ ਕਿਹਾ ਜਾ ਸਕਦਾ ਹੈ, ਭਾਵੇਂ ਕਵੀ ਨੇ ਇਸ ਨੂੰ ਗ਼ਜ਼ਲ ਦਾ ਨਾਂ ਨਹੀਂ ਦਿੱਤਾ। ਕਵਿਤਾ ਹੈ : 'ਐ ਅੰਧਕਾਰ ਪਾਪੀ'।

**ਗੀਤ** : ਗੀਤ ਪੰਜਾਬੀ ਦੀ ਹਰਮਨ ਪਿਆਰੀ ਕਾਵਿ ਵਿਧਾ ਹੈ। ਇਸ ਦੀਆਂ ਜੜ੍ਹਾਂ ਲੋਕ ਗੀਤਾਂ ਵਿਚ ਹਨ, ਪਰ ਗੁਰਬਾਣੀ ਤੇ ਸੂਫ਼ੀ ਕਵਿਤਾ ਦਾ ਬਹੁਤਾ ਭਾਗ ਵੀ ਗੀਤ-ਸ਼ੈਲੀ ਵਿਚ ਹੀ ਰਚਿਆ ਗਿਆ ਹੈ। ਇਸ ਸੰਗ੍ਰਹਿ ਵਿਚ ਵੈਸੇ ਤਾਂ ਸਾਰੀ ਕਵਿਤਾ ਹੀ ਗਾਉਣ ਲਈ ਲਿਖੀ ਗਈ ਹੈ, ਪਰ ਦੋ ਕਵਿਤਾਵਾਂ ਨੂੰ ਗੀਤ ਵਿਸ਼ੇਸ਼ ਦੀ ਵਿਧਾ ਦਾ ਨਾਂ ਦਿੱਤਾ ਜਾ ਸਕਦਾ ਹੈ। ਉਹ ਹਨ 'ਸੁਤਿਆ ਤੂੰ ਜਾਗ ਸ਼ੇਰਾ' ਤੇ 'ਫਰੇਬੀ ਕਸਾਈ'। ਕਵੀਸ਼ਰੀ ਦੇ ਪ੍ਰਚਲਤ ਹੋਣ ਨਾਲ ਜੋ ਨਵੀਆਂ ਨਵੀਆਂ ਤਰਜ਼ਾਂ ਚੱਲੀਆਂ, ਗ਼ਦਰੀਆਂ ਨੇ ਕੁਝ ਗੀਤ ਉਨ੍ਹਾਂ ਤਰਜ਼ਾਂ ਉੱਤੇ ਵੀ ਲਿਖੇ ਹਨ : ਜਿਵੇਂ 'ਫਰੰਗੀ ਫਸ ਗਿਆ' ਤੇ 'ਝੂਠਾ ਫਰੰਗੀ'।

**ਪੈਂਤੀ (ਪੈਂਤੀਸ) ਅੱਖਰੀ** : ਇਹ ਕਾਵਿ-ਰੂਪ ਵੀ ਪੁਰਾਣਾ ਹੈ। ਇਸ ਦੀ ਰਚਨਾ ਗੁਰਮੁਖੀ ਵਰਣਮਾਲਾ ਦੇ ਪੈਂਤੀ ਅੱਖਰਾਂ ਅਨੁਸਾਰ ਕੀਤੀ ਜਾਂਦੀ ਹੈ। ਪੰਜਾਬੀ ਵਿਚ ਗੁਰੂ ਨਾਨਕ ਦੇਵ ਜੀ ਦੀ ਰਚਨਾ 'ਪੱਟੀ' ਪੈਂਤੀ ਅੱਖਰੀ ਦਾ ਪ੍ਰਮਾਣਿਕ ਨਮੂਨਾ ਹੈ। ਗ਼ਦਰ ਦੀ ਕਵਿਤਾ ਵਿਚ ਦੋ ਕਵਿਤਾਵਾਂ 'ਭਾਰਤ ਮਾਤਾ ਦੀ ਪੁਕਾਰ' ਤੇ 'ਯਾਦ ਵਤਨ' ਇਸੇ ਕਾਵਿ-ਰੂਪ ਵਿਚ ਲਿਖੀਆਂ ਗਈਆਂ ਹਨ।

**ਬਾਰਾਮਾਹ** : ਲਿਖਤੀ ਪੰਜਾਬੀ ਕਵਿਤਾ ਵਿਚ ਬਾਰਾਂਮਾਹ ਦਾ ਆਰੰਭ ਵੀ ਗੁਰੂ ਨਾਨਕ ਦੇਵ ਜੀ ਦੇ 'ਬਾਰਾਂਮਾਹ ਤੁਖਾਰੀ' ਤੋਂ ਮੰਨਿਆ ਜਾਂਦਾ ਹੈ। ਇਹ ਵਿਗੋਚੇ ਦਾ ਕਾਵਿ-ਰੂਪ ਹੈ। ਇਸ ਦੀ ਥੀਮਕ ਯਾਤਰਾ ਵਿਛੋੜੇ ਤੋਂ ਮਿਲਾਪ ਵੱਲ ਤੇ ਗੁਆਚੇ ਤੋਂ ਤਲਾਸ਼ ਵੱਲ ਹੁੰਦੀ ਹੈ ਅਤੇ ਇਸ ਦਾ ਬਾਹਰੀ ਰੂਪ ਸਾਲ ਦੇ ਦੇਸੀ ਬਾਰਾਂ ਮਹੀਨਿਆਂ ਦੇ ਨਾਵਾਂ ਅਨੁਸਾਰ ਘੜਿਆ ਜਾਂਦਾ ਹੈ। ਹਰੇਕ ਮਹੀਨੇ ਦੀ ਪ੍ਰਕਿਰਤੀ ਅਨੁਸਾਰ ਬ੍ਰਿਹਣ ਦੀ ਮਨੋਸਥਿਤੀ ਜਾਂ ਉਸ ਦੀ ਵਿਜੋਗੀ ਮਨੋਸਥਿਤੀ ਅਨੁਸਾਰ ਪ੍ਰਕਿਰਤੀ ਦਾ ਚਿਤਰਣ ਕੀਤਾ ਜਾਂਦਾ ਹੈ। ਗ਼ਦਰ ਕਾਵਿ-ਸੰਗ੍ਰਹਿ ਵਿਚ ਦਰਜ ਬਾਰਾਂਮਾਹ ਗ਼ਦਰ ਦੀ ਅਸਫ਼ਲਤਾ ਤੋਂ ਬਾਅਦ ਦੇ ਹਨ। ਇਹ ਅਸਫ਼ਲਤਾ ਗ਼ਦਰੀ ਕਵੀ ਲਈ ਇਉਂ ਹੀ ਸੀ ਜਿਵੇਂ ਹੱਥ ਆਈ ਅਜ਼ਾਦੀ ਮੁੜ ਗੁਆਚ ਗਈ ਹੋਵੇ। ਦੋ ਬਾਰਾਂਮਾਹਿਆਂ ਵਿਚ ਤਾਂ ਅਪ੍ਰਾਪਤੀ ਦਾ ਇਹਸਾਸ ਇੰਨਾ ਪ੍ਰਬਲ ਹੈ ਕਿ ਕਾਵਿ-ਪਾਤਰ (ਇਕ ਵਿਚ ਗ਼ਦਰੀ ਤੇ ਦੂਜੇ ਵਿਚ ਭਾਰਤ-ਮਾਤਾ) ਬਹੁਤ ਨਿਰਾਸ਼ ਤੇ ਆਪਣੇ ਆਪ ਨੂੰ ਬਿਲਕੁਲ ਅਲੱਗ-



ਥਲੱਗ ਮਹਿਸੂਸ ਕਰਦੇ ਹਨ। ਪਰ ਇਹ ਗੁਆਚੇ ਨੂੰ ਮੁੜ ਪ੍ਰਾਪਤ ਕਰਨ ਦਾ ਕਾਵਿ-ਰੂਪ ਵੀ ਹੈ। ਇਸ ਵਿਚ ਸਿਮਰਤੀ ਦੇ ਸਹਾਰੇ ਵਰਤਮਾਨ ਸੰਕਟ ਨੂੰ ਝੱਲਣ ਦਾ ਬਿਰਤਾਂਤ ਸਿਰਜਿਆ ਜਾਂਦਾ ਹੈ। ਪਾਤਰ ਦੇ ਮਨ ਦੀਆਂ ਤਿੰਨ ਅਵਸਥਾਵਾਂ (ਪ੍ਰਾਪਤੀ ਦਾ ਚਾਉ, ਯਤਨ ਤੇ ਅਸਫ਼ਲਤਾ) ਨੂੰ ਯਾਦ ਦਾ ਸਹਾਰਾ ਹੁੰਦਾ ਹੈ ਤੇ ਚੌਥੀ (ਉਮੀਦ) ਨੂੰ ਉਡੀਕ ਜਾਂ ਸੁਪਨੇ ਦਾ। ਇਸੇ ਵਿਧੀ ਨਾਲ 'ਨਵੇਂ ਗ਼ਦਰ ਦੇ ਨਵੇਂ ਸ਼ਹੀਦਾਂ ਦੀ ਯਾਦ ਵਿਚ' ਬਾਰਾਂਮਾਹ ਵਿਚ ਲਗਭਗ ਸਾਰੇ ਸਿਰਕੱਢ ਗ਼ਦਰੀਆਂ ਨੂੰ ਯਾਦ ਕੀਤਾ ਗਿਆ ਹੈ ਤੇ ਭਵਿੱਖ ਵਿਚ ਗ਼ਦਰ ਦੀ ਉਮੀਦ ਲੁਪਤ ਰੂਪ ਵਿਚ ਮੌਜੂਦ ਹੈ।

**ਭਜਨ** : ਇਹ ਹਿੰਦੀ-ਪੰਜਾਬੀ ਦਾ ਆਮ ਪ੍ਰਚਲਤ ਧਾਰਮਿਕ ਕਾਵਿ-ਰੂਪ ਹੈ। ਇਕ 'ਗ਼ਦਰੀ ਭਜਨ' ਹੈ, ਜਿਸ ਦੀ ਭਾਸ਼ਾ ਹਿੰਦੁਸਤਾਨੀ ਹੈ।

**ਲੰਮੀ ਨਜ਼ਮ** : ਲੰਮੀ, ਸਿਰਲੇਖ ਵਾਲੀ ਨਜ਼ਮ ਦਾ ਰਿਵਾਜ ਉਨ੍ਹੀਵੀਂ ਸਦੀ ਦੇ ਅੰਤ ਅਤੇ ਵੀਹਵੀਂ ਸਦੀ ਦੇ ਆਰੰਭ ਵਿਚ ਪਿਆ। ਇਹ ਕਿਸੇ ਇਕ ਥੀਮ ਨੂੰ ਲੈ ਕੇ ਤੇ ਵਿਸ਼ਾ-ਸਿਰਲੇਖ (ਜਾਂ ਅਨੁਵਾਨ) ਦੇ ਕੇ ਲਿਖੀ ਜਾਂਦੀ ਸੀ। ਇਕ ਨਜ਼ਮ ਹੈ: 'ਬੇਕਾਰੀ', ਜੋ 1929-30 ਦੇ ਲਾਗੇ ਚਾਗੇ ਦੀ ਹੈ ਤੇ ਉਸ ਸਮੇਂ ਦੇ ਮੰਦਵਾੜੇ ਦੇ ਪ੍ਰਸੰਗ ਵਿਚ ਇਕ ਬੀ. ਏ. ਪਾਸ ਨੌਜਵਾਨ ਦੀ ਦੁਰਦਸ਼ਾ ਦੇ ਥੀਮ ਉੱਤੇ ਲਿਖੀ ਗਈ ਹੈ। ਇਹ ਮਨਬਚਨੀ ਦੀ ਵਿਧੀ ਵਿਚ ਲਿਖੀ ਇਕ-ਪਾਤਰੀ ਕਵਿਤਾ ਹੈ। ਇਹ ਕਵਿਤਾ ਗਾਉਣ ਲਈ ਨਹੀਂ, ਕਵੀ-ਦਰਬਾਰਾਂ ਦੇ ਮੰਚਾਂ ਤੋਂ ਉਚਾਰਨ ਲਈ ਹੈ। ਇਸ ਕਵਿਤਾ ਨਾਲ ਗ਼ਦਰੀ ਕਾਵਿ ਵਿਚ ਨਾਟਕੀ ਪੜਨਾਂਵ (ਮੈਂ, ਤੂੰ, ਤੁਸੀਂ, ਅਸੀਂ, ਆਦਿ) ਪ੍ਰਵੇਸ਼ ਕਰਦਾ ਹੈ। ਇਹ ਕਵਿਤਾ ਨਿਬੰਧ ਤੇ ਗੀਤ ਦੀ ਸੰਬੋਧਨ-ਵਿਧੀ ਤੋਂ ਵੱਖਰੀ ਨਾਟਕੀ ਸੰਬੋਧਨ-ਵਿਧੀ ਵਿਚ ਰਚੀ ਗਈ ਹੈ। ਕਵੀ ਜਾਂ ਪਾਤਰ, ਸਰੋਤੇ ਨੂੰ ਸੰਬੋਧਿਤ ਹੋਣ ਦੀ ਥਾਂ ਆਪਣੇ ਆਪ ਨੂੰ ਸੰਬੋਧਿਤ ਹੈ।

**ਨਿੱਕੀ ਕਵਿਤਾ** : ਲੰਮੀ ਨਜ਼ਮ ਵਾਂਗ ਇਕਹਿਰੇ ਥੀਮ ਤੇ ਸਿਰਲੇਖ (ਅਨੁਵਾਨ) ਵਾਲੀ ਨਾਟਕੀ ਪੜਨਾਂਵ-ਕੇਂਦਰਿਤ ਨਿੱਕੀ ਕਵਿਤਾ ਦਾ ਰਿਵਾਜ ਵੀ ਕਾਫ਼ੀ ਪੁਰਾਣਾ ਸੀ, ਪਰ ਗ਼ਦਰੀ ਕਵਿਤਾ ਵਿਚ ਇਸ ਦਾ ਪ੍ਰਵੇਸ਼ ਵੀ 1930 ਦੇ ਆਸ ਪਾਸ ਹੋਇਆ। ਡਾਕਟਰ ਦੀਵਾਨ ਸਿੰਘ ਕਾਲੇਪਾਣੀ ਦੀ ਕਵਿਤਾ 'ਅਸੀਂ ਤੇ ਤੁਸੀਂ' ਅਜਿਹੀ ਨਿੱਕੀ ਕਵਿਤਾ ਦਾ ਇਕ ਸੁੰਦਰ ਨਮੂਨਾ ਹੈ।

ਗ਼ਦਰ ਦੀ ਕਵਿਤਾ ਵਿਚ ਪ੍ਰਯੋਗ ਕੀਤੇ ਗਏ ਕਾਵਿ-ਰੂਪਾਂ ਦਾ ਇਥੇ ਵਿਸ਼ਲੇਸ਼ਣ ਨਹੀਂ ਕੀਤਾ ਗਿਆ, ਸਿਰਫ਼ ਵੇਰਵਾ ਦਿੱਤਾ ਗਿਆ ਹੈ, ਇਹ ਦੱਸਣ ਲਈ ਕਿ ਗ਼ਦਰੀ ਕਵੀ ਨਿਪੱਟ ਅਨਪੜ੍ਹ ਤੇ ਆਪਣੀਆਂ ਸਾਹਿਤਕ ਰਵਾਇਤਾਂ ਤੋਂ ਟੁੱਟੇ ਹੋਏ ਤੁਕਬੰਦ ਨਹੀਂ ਸਨ, ਸਗੋਂ ਉਹ ਆਪਣੇ ਕਾਵਿ-ਕਰਮ ਤੋਂ ਉਸੇ ਤਰ੍ਹਾਂ ਚੇਤੰਨ ਤੇ ਵਿਰਸੇ ਨਾਲ ਜੁੜੇ ਹੋਏ ਸਨ, ਜਿਸ ਤਰ੍ਹਾਂ ਆਪਣੇ ਸਿਆਸੀ ਗ਼ਦਰੀ ਕਾਜ ਨਾਲ। ਜਿਵੇਂ ਉਨ੍ਹਾਂ ਨੇ ਪੁਰਾਣੇ ਗ਼ਦਰ (1857) ਦੇ ਰੂਪ ਨੂੰ ਨਵੇਂ ਗ਼ਦਰ ਲਈ ਮਾਡਲ ਵਜੋਂ ਚਿਤਵਿਆ ਉਵੇਂ ਪੁਰਾਣੇ ਕਾਵਿ-ਰੂਪਾਂ ਵਿਚ ਨਵੀਂ ਗੱਲ ਕਹੀ। ਅਸਲ ਵਿਚ ਇਨ੍ਹਾਂ ਸਾਰੇ ਕਾਵਿ-ਰੂਪਾਂ ਦਾ ਪ੍ਰਯੋਗ ਇਕ ਨਵੀਂ ਕਾਵਿ-ਵਿਧਾ ਦੀਆਂ ਜੰਮਣ-ਪੀੜਾਂ ਵੱਲ ਸੰਕੇਤ ਹੈ। ਉਹ ਨਵੀਂ ਵਿਧਾ ਸੀ : ਮਹਾਂਕਾਵਿ। ਇਹ ਕਵਿਤਾ ਸਾਰੇ ਕਾਵਿ-ਰੂਪਾਂ ਦੇ ਪ੍ਰਯੋਗ

ਦੁਆਰਾ ਇਸ ਨਵੀਂ ਵਿਧਾ ਵਲ ਅਹੁਲ ਰਹੀ ਸੀ, ਪਰ ਇਸ ਨੂੰ ਪ੍ਰਗਟ ਹੋਣ ਦਾ ਮੌਕਾ ਨਹੀਂ ਮਿਲਿਆ। ਜੇ ਗ਼ਦਰ ਸਫ਼ਲ ਹੋ ਜਾਂਦਾ ਤਾਂ ਅਵੱਸ਼ ਹੀ ਗ਼ਦਰ ਦਾ ਮਹਾਂ-ਕਾਵਿ ਰਚਿਆ ਜਾਂਦਾ।

**(v) ਕਾਵਿ-ਸ਼ੈਲੀ** : ਮਹਾਂਕਾਵਿਕ ਪਾਸਾਰ ਵਾਲੀ ਹੋਣ ਕਰਕੇ, ਇਸ ਕਵਿਤਾ ਵਿਚ ਚਹੁੰਆਂ ਕਾਵਿ-ਸ਼ੈਲੀਆਂ (ਪ੍ਰਗੀਤਕ, ਬਿਰਤਾਂਤਕ, ਵਰਣਨੀ ਤੇ ਨਾਟਕੀ) ਦੀ ਸਿਰਜਣਾ ਹੋਈ ਹੈ।

ਇਹ ਕਵਿਤਾ ਸਰੋਤਾ ਮੁੱਖ ਹੈ ਤੇ ਗਾਏ ਜਾਣ ਦੇ ਉਦੇਸ਼ ਨੂੰ ਮੁੱਖ ਰਖ ਕੇ ਇਸ ਵਿਚ ਪੰਜਾਬੀ ਕਿੱਸਿਆਂ ਦੇ ਸੁਰ-ਸੰਗੀਤ ਤੇ ਪ੍ਰਗੀਤਕ ਰੂੜ੍ਹੀਆਂ ਦਾ ਅਨੁਸਰਣ ਹੋਇਆ ਹੈ। ਪਰ ਫ਼ਰਕ ਇਹ ਹੈ ਕਿ ਪੁਰਾਣੀਆਂ ਰੂੜ੍ਹੀਆਂ ਨੂੰ ਇਸ ਵਿਚ ਨਵੀਂ ਸਿਆਸੀ ਵੱਥ ਦੇ ਅਨੁਰੂਪ ਢਾਲਿਆ ਗਿਆ ਹੈ। ਇਸ ਵਿਚ ਪ੍ਰਗੀਤ ਦੇ ਤਿੰਨ ਰੂਪ ਮਿਲਦੇ ਹਨ : ਰੁਦਨ, ਦੋਸ਼-ਆਰੋਪਣ ਤੇ ਅਪੀਲ। ਜਿੱਥੇ ਗ਼ਦਰੀ ਕਵੀ ਪਰਦੇਸ ਦੇ ਮਾਮਲਿਆਂ ਦੇ ਦੁੱਖ ਰੋਂਦਾ ਹੈ ਉਥੇ ਪ੍ਰਗਤੀਕ ਸ਼ੈਲੀ ਰੁਦਨ ਦਾ ਰੂਪ ਧਾਰ ਜਾਂਦੀ ਹੈ। ਜਿੱਥੇ ਉਹ ਸਾਰੀ ਕੌਮ ਨੂੰ ਸੁੱਤੀ ਹੋਣ ਜਾਂ ਸਿੱਖਾਂ ਨੂੰ ਸਤਵੰਜਾ ਦੇ ਗ਼ਦਰ ਵਿਚ ਹਿੱਸਾ ਨਾ ਲੈਣ ਲਈ ਦੋਸ਼ੀ ਠਹਿਰਾਉਂਦਾ ਹੈ ਉਥੇ ਇਸ ਦਾ ਰੂਪ ਦੋਸ਼-ਆਰੋਪਣ ਦਾ ਹੈ। ਪਰ ਬਹੁਤੀ ਕਵਿਤਾ ਵਿਚ ਅਪੀਲ, ਐਲਾਨ, ਵੰਗਾਰ, ਪੁਕਾਰ, ਉਪਦੇਸ਼ ਤੇ ਫਰਿਆਦ ਦੀ ਪ੍ਰਗੀਤਕਤਾ ਦੀ ਸਿਰਜਣਾ ਹੋਈ ਹੈ।

ਭੂਤਕਾਲੀ ਤੇ ਸਮਕਾਲੀ ਘਟਨਾਵਾਂ, ਅੰਦਲੋਨਾਂ ਤੇ ਯੁੱਧਾਂ ਦਾ ਬਿਰਤਾਂਤ ਸਿਰਜ ਕੇ ਇਸ ਕਵਿਤਾ ਨੂੰ ਇਕ ਮਹਾਂਕਾਵਿਕ ਪਾਸਾਰ (epical dimension) ਦਿੱਤਾ ਗਿਆ ਹੈ। ਸਤਾਰ੍ਹਵੀਂ-ਅਠ੍ਹਾਰਵੀਂ ਸਦੀ ਦਾ ਸਿੰਘ ਅੰਦੋਲਨ, ਸਤਵੰਜਾ ਦਾ ਗ਼ਦਰ, ਕੂਕਿਆਂ ਦੀ ਵਿਥਿਆ, ਸਾਵਰਕਰ, ਤਿਲਕ, ਅਜੀਤ ਸਿੰਘ, ਮੈਡਮ ਕਾਮਾ, ਆਦਿ ਗਰਮ-ਖਿਆਲੀ ਸੁਤੰਤਰਤਾ ਸੰਗਰਾਮੀਆਂ ਦੀਆਂ ਸਰਗਰਮੀਆਂ, ਕਾਮਾ ਗਾਟਾ ਮਾਰੂ ਦਾ ਸਾਕਾ, ਹਰਦਿਆਲ ਦੀ ਗ੍ਰਿਫ਼ਤਾਰੀ ਦੇ ਵਾਰੰਟਾਂ ਵਾਲੀ ਘਟਨਾ ਆਦਿ ਨੂੰ ਬਿਰਤਾਂਤਕ ਸ਼ੈਲੀ ਵਿਚ ਹੀ ਵਿਅਕਤ ਕੀਤਾ ਗਿਆ ਹੈ।

ਜਿਨ੍ਹਾਂ ਕਵਿਤਾਵਾਂ ਵਿਚ, ਖ਼ਾਸ ਕਰ ਕੇ ਗ਼ਦਰ ਦੀ ਅਸਫ਼ਲਤਾ ਤੋਂ ਬਾਅਦ, ਵਾਪਰੀਆਂ ਘਟਨਾਵਾਂ ਦਾ ਵਿਸ਼ਲੇਸ਼ਣ ਤੇ ਚਰਚਾ ਹੋਇਆ ਹੈ, ਉਨ੍ਹਾਂ ਦੀ ਸ਼ੈਲੀ ਵਰਣਨੀ ਤੇ ਨਿਬੰਧ ਵਾਂਗ ਭਾਸ਼ਣੀ ਹੈ।

ਇਸ ਕਵਿਤਾ ਦੀ ਮੂਲ ਵਸਤੂ ਕਿਉਂਕਿ ਵਿਦਰੋਹ, ਟੱਕਰ ਤੇ ਹਿੰਸਾ ਦੀ ਹੈ ਇਸ ਲਈ ਨਾਟਕੀ ਸ਼ੈਲੀ ਇਸ ਦੇ ਰੋਮ-ਰੋਮ ਵਿਚ ਰਮੀ ਹੋਈ ਹੈ। ਬਾਹਰਵਰਤੀ ਘਟਨਾਵਾਂ ਦੇ ਟਕਰਾਓ ਤੇ ਗ਼ਦਰੀ ਨਾਇਕ ਦੇ ਮਨ ਵਿਚ ਵਿਆਪਦੇ ਦਵੰਦਾਂ ਨੂੰ ਇਸ ਕਵਿਤਾ ਨੇ ਨਾਟਕੀ ਅੰਦਾਜ਼ ਵਿਚ ਬਿਆਨ ਕੀਤਾ ਹੈ। ਨਾਟਕੀ ਸ਼ੈਲੀ ਦੀ ਸਰਬੋਤਮ ਮਿਸਾਲ ਹੈ : 'ਚਰਚਾ ਗ਼ੁਲਾਮ ਹਿੰਦੀ ਤੇ ਗ਼ਦਰੀ ਹਿੰਦੀ'। ਇਸ ਲੰਮੀ ਕਵਿਤਾ ਵਿਚ ਜੋ ਸੰਬਾਦ ਸਿਰਜਿਆ ਗਿਆ ਹੈ ਸਮਝੋ ਉਹ ਸਾਰੀ ਗ਼ਦਰ ਲਹਿਰ ਤੇ ਹਰ ਗ਼ਦਰੀ ਦੇ ਮਨ ਵਿਚਲੀ ਦੁਬਿਧਾ ਦੀ ਨਾਟਕੀ ਅਭਿਵਿਅਕਤੀ ਹੈ। ਚੇਤੇ ਰਹੇ ਕਿ ਇਹ ਨਾਟਕੀਅਤਾ ਤ੍ਰਾਸਦੀ ਦੀ ਨਾਟਕੀਅਤਾ ਹੈ, ਕਾਮਦੀ ਜਾਂ ਪ੍ਰਹਸਨ ਦੀ ਨਹੀਂ ਕਿਉਂਕਿ ਗ਼ਦਰੀ ਕਵੀ ਖ਼ੁਦ



ਕਾਵਿ-ਪਾਤਰ, ਯੋਧਾ ਤੇ ਚਿੰਤਕ ਹੈ। ਬਾਹਰ ਉਹ ਬਰਤਾਨਵੀ ਰਾਜ ਦੀ ਗ਼ੁਲਾਮੀ ਨਾਲ ਜੂਝਦਾ ਹੈ ਤੇ ਅੰਦਰ ਆਪਣੀ ਗ਼ੁਲਾਮ ਜ਼ਹਿਨੀਅਤ ਨਾਲ। ਯੁੱਧ ਉਸਦੇ ਅੰਦਰ-ਬਾਹਰ ਵਿਆਪ ਰਿਹਾ ਹੈ।

**(vi) ਕਾਵਿ-ਜੁਗਤਾਂ** : ਗ਼ਦਰੀ ਕਵੀ ਆਪਣੇ ਗਿਆਨ, ਫ਼ਿਲਾਸਫ਼ੀ, ਵਿਵੇਕ, ਸੁਪਨੇ ਤੇ ਭਾਸ਼ਾ ਨੂੰ ਤਿੰਨ ਮੁੱਖ ਕਾਵਿ-ਜੁਗਤਾਂ ਰਾਹੀਂ ਇਕਸੁਰ ਕਰਦਾ ਹੈ :

– ਯਥਾਰਥ ਤੇ ਆਦਰਸ਼ ਦੀ ਵਿੱਥ-ਸਿਰਜਣਾ
– ਠੋਸ ਇਤਿਹਾਸਕ ਵੇਰਵੇ ਤੇ ਹਵਾਲੇ ਦੇ ਕੇ ਦਸਤਾਵੇਜ਼ੀ ਸਿਰਜਣਾ
– ਨਿੱਜੀ ਜਾਣਕਾਰੀ ਤੇ ਅਨੁਭਵ ਦਾ ਸਧਾਰਨੀਕਰਨ

ਯਥਾਰਥ ਤੇ ਆਦਰਸ਼ ਦੀ ਵਿੱਥ (ਜਿਹੜੀ ਕਿ ਜ਼ਿੰਦਗੀ ਵਿਚ ਮੌਜੂਦ ਸੀ) ਦਾ ਕਾਵਿ-ਸਿਰਜਣਾ ਵਿਚ ਇਕ ਤਣਾਓ ਤੇ ਪ੍ਰਮੁੱਖ ਜੁਗਤ ਦੇ ਰੂਪ ਵਿਚ ਆਉਣਾ ਲਾਜ਼ਮੀ ਸੀ। ਜੋ ਹੈ ਉਸ ਨਾਲ ਸੰਤੁਸ਼ਟੀ ਨਹੀਂ, ਜੋ ਸੰਤੁਸ਼ਟ ਹੈ ਉਹ ਸੁੱਤਾ ਪਿਆ ਹੈ; ਇਸ ਕਵਿਤਾ ਵਿਚ ਇਹ ਵਿੱਥ-ਸਿਰਜਣਾ ਆਮ ਮਿਲੇਗੀ। ਇਹੋ ਗ਼ੁਲਾਮੀ ਤੇ ਆਜ਼ਾਦੀ ਦਾ ਫ਼ਾਸਲਾ ਹੈ। 'ਗ਼ੁਲਾਮੀ' ਹਿੰਦੀ ਦੇ ਜੀਵਨ ਦਾ ਯਥਾਰਥ ਹੈ ਤੇ 'ਆਜ਼ਾਦੀ' ਉਸਦਾ ਆਦਰਸ਼। ਗ਼ੁਲਾਮੀ ਨੀਂਦ ਹੈ ਤੇ ਆਜ਼ਾਦੀ ਸੁਪਨਾ।

ਦੂਜੀ ਮੁੱਖ ਜੁਗਤ ਇਤਿਹਾਸਕ ਵੇਰਵਿਆਂ ਤੇ ਹਵਾਲਿਆਂ ਨਾਲ ਦਸਤਾਵੇਜ਼ ਸਿਰਜਣ ਦੀ ਹੈ। ਅਜਿਹੀਆਂ ਕਵਿਤਾਵਾਂ ਦਾ ਰੂਪ ਗਵਾਹੀ ਜਾਂ ਸਾਖੀ ਵਰਗਾ ਹੈ। ਜਿਵੇਂ ਕਾਮਾ ਗਾਟਾ ਮਾਰੂ ਦੀ ਘਟਨਾ ਸੰਬੰਧੀ ਲਿਖੀ ਕਵਿਤਾ ਵਿਚ ਸਿਮਰਤੀ, ਅਖਬਾਰੀ ਰਿਪੋਰਟ ਤੇ ਨਿੱਜੀ ਅਨੁਭਵ ਤਿੰਨੇ ਮਿਲ ਕੇ ਇਕ ਦਸਤਾਵੇਜ਼ ਦਾ ਜਾਂ ਸਾਖੀ ਦਾ ਰੂਪ ਧਾਰਨ ਕਰ ਗਏ ਹਨ। ਅਜਿਹੀਆਂ ਕਵਿਤਾਵਾਂ ਨੂੰ ਪੜ੍ਹਦਿਆਂ ਇਉਂ ਜਾਪਦਾ ਹੈ ਜਿਵੇਂ 'ਇਤਿਹਾਸ' ਖ਼ੁਦ ਇਨ੍ਹਾਂ ਦਾ ਨਾਇਕ ਹੈ, ਜੋ ਆਪਣੀ ਆਜ਼ਾਦੀ ਦੇ ਅੰਤਮ ਪੜਾਅ ਵੱਲ ਵਾਹੋ-ਦਾਹੀ ਭੱਜਾ ਜਾ ਰਿਹਾ ਹੈ। ਗ਼ਦਰੀ ਕੋਲ ਠਰ੍ਹੰਮੇ ਤੇ ਵੇਰਵੇ ਸਹਿਤ ਇਸ 'ਇਤਿਹਾਸ' ਦਾ ਬਿਰਤਾਂਤ ਸਿਰਜਣ ਦੀ ਵਿਹਲ ਨਹੀਂ। ਸਾਰੀ ਕਵਿਤਾ ਤੀਰ ਵਾਂਗ ਇਕ ਨਿਸ਼ਾਨੇ ਵੱਲ ਸੇਧੀ ਰਹਿੰਦੀ ਹੈ : ਆਜ਼ਾਦੀ ਤੇ ਸਮਾਜਵਾਦ। ਮਾਨਵੀ ਦਲੇਰੀ ਤੇ ਸੰਘਰਸ਼ ਦੇ ਰੋਮਾਂਸ ਨਾਲ ਗੜੁੱਚ ਅਜਿਹੀਆਂ ਕਵਿਤਾਵਾਂ ਨੂੰ ਲੋਕ-ਸੂਰਬੀਰਤਾ ਦੇ ਕਾਵਿ-ਕਰਣ ਦਾ ਨਾਂ ਦਿੱਤਾ ਜਾ ਸਕਦਾ ਹੈ।

ਆਪਣੀਆਂ ਸਮਕਾਲੀ ਘਟਨਾਵਾਂ ਤੇ ਨਿੱਜੀ ਅਨੁਭਵਾਂ ਨੂੰ ਆਮ ਪਾਠਕ/ਸਰੋਤੇ ਤਕ ਸੰਚਾਰਨ ਅਤੇ ਸਰਬਗ੍ਰਾਹੀ ਤੇ ਵਿਆਪਕ ਰੂਪ ਦੇਣ ਲਈ ਗ਼ਦਰੀ ਕਵੀ ਸਧਾਰਨੀਕਰਨ ਦੀ ਚਿਰ-ਪਛਾਣੀ ਜੁਗਤ ਦਾ ਪ੍ਰਯੋਗ ਕਰਦਾ ਹੈ। ਇਸ ਦੇ ਲਈ ਉਹ ਇਕ ਤਰਕੀਬ ਇਹ ਵਰਤਦਾ ਹੈ ਕਿ ਇਤਿਹਾਸ ਨੂੰ ਕੇਂਦਰੀ ਪਾਤਰ ਦੀ ਸਿਮਰਤੀ ਦਾ ਅੰਗ ਬਣਾ ਕੇ ਆਪਣੇ ਨਿੱਜੀ ਸੰਕਟ/ਸੰਗਰਾਮ ਨੂੰ ਉਹ ਇਤਿਹਾਸ ਵਿਚ ਫੈਲਾਉਂਦਾ ਹੈ : ਮੇਰੇ ਜਿਹੇ ਹੋਰ ਵੀ ਬਹੁਤ ਹੋਏ ਹਨ। ਇਉਂ ਕਾਵਿ-ਨਾਇਕ ਵਿਰਲਾ-ਵਿਸ਼ੇਸ਼ ਹੁੰਦਾ ਹੋਇਆ ਵੀ ਆਮ ਜਾਪਦਾ ਹੈ ਤੇ ਇਕ ਹੁੰਦਿਆਂ ਵੀ ਸਰਬ-ਸਧਾਰਨ ਦਾ ਰੂਪ ਧਾਰਨ ਕਰ ਲੈਂਦਾ ਹੈ।

ਸਧਾਰਨੀਕਰਨ ਦੀ ਦੂਜੀ ਤਰਕੀਬ ਹੈ ਮੁਹਾਵਰੇ, ਅਖਾਣਾਂ ਜਾਂ ਲਕੋਕਤੀਆਂ ਦੀ ਵਰਤੋਂ। ਕਵੀ ਆਪਣੇ ਸੱਚ ਨੂੰ ਲੋਕਾਂ ਦੀ ਆਮ ਸਿਆਣਪ ਨਾਲ ਇਕਸੁਰ ਤੇ ਸੂਤਰਬੱਧ ਕਰਕੇ ਮੁੜ ਉਨ੍ਹਾਂ ਹੀ ਲੋਕਾਂ ਨੂੰ ਮੋੜ ਦਿੰਦਾ ਹੈ। ਅਖਾਣ-ਮੁਹਾਵਰਾ ਇਕ ਤਰ੍ਹਾਂ ਸਹਿਜ-ਸੁਭਾ ਰਚੀ ਲੋਕ-ਕਵਿਤਾ ਹੀ ਹੁੰਦੀ ਹੈ। ਉਸ ਵਿਚ ਜੀਵਨ-ਅਨੁਭਵਾਂ ਦਾ ਸਧਾਰਨੀਕਰਨ ਤਾਂ ਪਹਿਲਾਂ ਹੀ ਹੋ ਚੁੱਕਾ ਹੁੰਦਾ ਹੈ। ਇਸ ਲਈ ਵਿਸ਼ੇਸ਼ ਕਵੀ ਦੀਆਂ ਤੁਕਾਂ ਵਿਚ ਫਿੱਟ ਹੋ ਕੇ ਉਹ ਖ਼ਾਸ ਅਨੁਭਵਾਂ ਨੂੰ ਆਮ ਬਣਾ ਦਿੰਦਾ ਹੈ। ਇਸ ਕਵਿਤਾ ਵਿਚੋਂ ਅਖਾਣ-ਮੁਹਾਵਰੇ ਦੀ ਵਰਤੋਂ ਦੀਆਂ ਅਨੇਕਾਂ ਹੀ ਉਦਾਹਰਣਾਂ ਮਿਲ ਜਾਂਦੀਆਂ ਹਨ।

ਉਪਰੋਕਤ ਮੁੱਖ ਜੁਗਤਾਂ ਤੋਂ ਇਲਾਵਾ ਇਸ ਕਵਿਤਾ ਵਿਚ ਕਈ ਥਾਈਂ ਤੁਲਨਾ, ਵਿਅੰਗ (ਵਿਡੰਬਨਾ), ਕਟਾਖ਼ਸ਼, ਮਖੌਲ ਜਾਂ ਮਸ਼ਕਰੀ ਦੀ ਜੁਗਤ ਵੀ ਵਰਤੀ ਗਈ ਹੈ। ਅੰਗਰੇਜ਼ੀ ਰਾਜ ਧੋਖੇ-ਧੜੀ ਨਾਲ ਸਾਰੇ ਭਾਰਤ ਵਿਚ ਫੈਲਿਆ ਸੀ ਤੇ ਇਸ ਦੀ ਸਥਾਪਤੀ ਲਈ ਕਈ ਮਿੱਥਾਂ ਸਿਰਜੀਆਂ ਗਈਆਂ ਸਨ। ਇਸ ਵਰਤਾਰੇ ਦੇ ਬਾਹਰੀ ਦਿਖਾਵੇ ਤੇ ਅੰਦਰੂਨੀ ਧੋਖੇ ਦੀ ਵਾਸਤਵਿਕਤਾ ਯਾਨੀ ਬਾਹਰੀ ਮਿੱਥ ਤੇ ਅੰਦਰਲੇ ਸੱਚ ਦੇ ਟਕਰਾਓ ਨੂੰ ਸਾਕਾਰ ਕਰਕੇ ਹੀ ਇਸ ਦੀ ਠੀਕ ਸਮਝ ਦਿੱਤੀ ਜਾ ਸਕਦੀ ਸੀ। ਇਸ ਕਾਰਜ ਨੂੰ ਗ਼ਦਰੀ ਕਵਿਤਾ ਵਿਚ ਵਿਡੰਬਨਾ ਦੀ ਜੁਗਤ ਨਾਲ ਸੰਪੂਰਨ ਕੀਤਾ ਗਿਆ ਹੈ :

**ਬਚੋ ਹਿੰਦੀਓ ਨਾ ਕਿਤੇ ਡਸ ਜਾਵੇ,**
**ਰੱਸੀ ਨਜ਼ਰ ਆਵੇ ਕਿਤੇ ਮਾਰ ਤਾਂ ਨਹੀਂ।**
**ਗੋਰਾ ਰੰਗ ਨਾ ਦੇਖਣਾ, ਖ਼ੂਬਸੂਰਤ,**
**ਪਹਿਲੇ ਤਾੜਨਾ ਕਿਤੇ ਅਯਾਰ ਤਾਂ ਨਹੀਂ**
**ਸਾਹਿਬ ਸਾਹਿਬ ਕਰਦੇ ਭਜੇ ਜਾਂਵਦੇ ਹੋ,**
**ਪਤਾ ਲਵੋ ਹਰਾਮ ਦੀ ਮਾਰ ਤਾਂ ਨਹੀਂ**

(ਇਥੇ 'ਹਰਾਮ ਦੀ ਮਾਰ' ਕੇਵਲ ਗਾਲ੍ਹ ਨਹੀਂ, ਬਲਕਿ ਈਸਾ ਦੇ ਜਨਮ ਦੀ ਮਿੱਥ ਵੱਲ ਵੀ ਸੰਕੇਤ ਹੈ)। ਗ਼ਦਰ ਦੀ ਹਾਰ ਤੋਂ ਬਾਅਦ ਦੇਸ਼-ਧ੍ਰੋਹੀਆਂ ਤੇ ਸਰਕਾਰ ਦੇ ਵਫ਼ਾਦਾਰ ਸੈਨਿਕਾਂ ਉੱਤੇ ਜੋ ਕਟਾਖ਼ਸ਼ ਕੀਤਾ ਗਿਆ ਹੈ ਉਹ ਮਖੌਲ ਤੇ ਮਸ਼ਕਾਰੀ ਦੀ ਹੱਦ ਤਕ ਪਹੁੰਚ ਗਿਆ ਹੈ :

**— ਮੌਜ ਕੁੱਲ ਜਹਾਨ ਦੀ ਲੈਣ ਗੋਰੇ,**
**ਹਿੰਦੀ ਫੋਕੇ ਹੀ ਸੰਖ ਬਜਾਣ ਵੀਰੋ।**
**— ਫੌਜਾਂ ਵਾਲਿਓ ਕਮਰ ਨੂੰ ਬੰਨ੍ਹ ਚਿਮਟੇ,**
**ਪੈਰ ਧਰਤ ਨਾ ਤੁਸੀਂ ਟਿਕਾਂਵਦੇ ਹੋ।**
**ਮਾਲਕ ਕਿਰਚ ਦੇ ਆਪਣੇ ਆਪ ਸਮਝੋ**
**ਐਪਰ ਜੱਗ ਤੇ ਕੁਲੀ ਕਹਾਂਵਦੇ ਹੋ।**



**ਪੁਲਸ ਵਾਲਿਓ ਸਤ ਰੁਪਏ ਖਾਤਰ**
**ਵਤਨ ਸੇਵਕਾਂ ਨੂੰ ਫੜਨ ਜਾਂਵਦੇ ਹੋ।**
**— ਰੂਸ ਫਰਾਂਸ ਫਰੰਗੜੇ ਫਸ ਗਏ ਕਸੂਤੇ।**
**ਗਏ ਗੁਲਾਮ ਹਮੇਤ ਨੂੰ ਇਹ ਹਿੰਦੀ ਧੂਤੇ।**
**ਬੰਨ੍ਹ ਦਸੂਸੇ ਜਾਂਵਦੇ ਦੁਨੀਆਂ ਪਈ ਹੱਸੇ।**
**ਆਪਣਾ ਮੁਲਕ ਗੁਲਾਮ ਹੈ ਇਹ ਫਿਰਦੇ ਨੱਸੇ।**
**— ਸ-ਸੰਤ ਰਹਿ ਗਏ ਜਾਂ ਫਕੀਰ ਰਹਿ ਗਏ,**
**ਮੁਰਦਾ ਦਿਲਾਂ ਵਾਲੇ ਬਾਝੋਂ ਜੋਸ਼ ਰਹਿ ਗਏ।**
**ਬੇਵਕੂਫ਼ ਰਹਿ ਗਏ ਜਾਂ ਗੁਲਾਮ ਰਹਿ ਗਏ,**
**ਡਰਪੋਕ ਰਹਿ ਗਏ, ਮਾਰੀ ਹੋਸ਼ ਰਹਿ ਗਏ।**
**ਪਿਆਰੇ 'ਪ੍ਰੀਤਮਾ' ਲੱਦ ਗਏ ਰਤਨ ਸਾਰੇ,**
**ਬਾਕੀ ਬਚੇ ਬਿਲਕੁਲ ਜੋ ਖਾਮੋਸ਼ ਰਹਿ ਗਏ।**

**(vii) ਕਾਵਿ-ਸ਼ਿਲਪ (ਛੰਦ, ਬਿੰਬ, ਪ੍ਰਤੀਕ, ਅਲੰਕਾਰ)** : ਜਿਵੇਂ ਪਹਿਲਾਂ ਵੀ ਸੰਕੇਤ ਕੀਤਾ ਗਿਆ ਹੈ, ਗ਼ਦਰੀ ਕਵੀ ਆਪਣੇ ਕਵਿ-ਕਰਮ ਤੋਂ ਸੁਚੇਤ ਹੈ ਤੇ ਉਹ ਕਵਿਤਾ ਨੂੰ ਆਵੇਸ਼ ਜਾਂ ਆਪਮੁਹਾਰਾ ਸਵੈ-ਪ੍ਰਗਟਾਵਾ ਨਹੀਂ ਸਮਝਦਾ, ਸਗੋਂ ਇਕ ਸ਼ਿਲਪੀ ਵਾਂਗ ਇਸ ਨੂੰ ਆਪਣੀ ਕਾਰੀਗਰੀ ਸਮਝਦਾ ਹੈ। ਉਸ ਦੇ ਛੰਦ-ਪ੍ਰਯੋਗ, ਬਿੰਬ-ਰਚਨਾ, ਪ੍ਰਤੀਕ-ਸਿਰਜਣਾ ਤੇ ਅਲੰਕਾਰ-ਵਿਧਾਨ ਨੂੰ ਇਸ ਕਾਰੀਗਰੀ ਦਾ ਅੰਗ ਮੰਨ ਕੇ ਅਸੀਂ ਹੇਠ ਲਿਖੇ ਸਿਰਲੇਖਾਂ ਅਧੀਨ ਵਿਚਾਰ ਸਕਦੇ ਹਾਂ :

**(ੳ) ਛੰਦ ਪ੍ਰਯੋਗ**
**(ਅ) ਬਿੰਬ-ਰਚਨਾ**
**(ੲ) ਪ੍ਰਤੀਕ-ਸਿਰਜਣਾ**
**(ਸ) ਅਲੰਕਾਰ ਵਿਧਾਨ**

**(ੳ) ਛੰਦ-ਪ੍ਰਯੋਗ** : ਗ਼ਦਰ ਦੇ ਕਵੀਆਂ ਵਿਚ ਭਾਵੇਂ ਪਿੰਗਲ ਦੇ ਅਧਿਐਨ ਤੇ ਉਸਤਾਦ ਦੀ ਸ਼ਗਿਰਦੀ ਦੀ ਪ੍ਰਥਾ ਦਾ ਕੋਈ ਸਬੂਤ ਨਹੀਂ ਮਿਲਦਾ, ਪਰ ਉਨ੍ਹਾਂ ਦੇ ਛੰਦ-ਪ੍ਰਯੋਗ ਤੋਂ ਜਾਪਦਾ ਹੈ ਕਿ ਸੂਫ਼ੀ ਕਵਿਤਾ ਤੇ ਕਿੱਸਾ-ਕਾਵਿ ਵਿਚ ਉਨ੍ਹਾਂ ਦੀ ਡੂੰਘੀ ਦਿਲਚਸਪੀ ਸੀ ਤੇ ਆਪਣੀ ਕਾਵਿ-ਰਚਨਾ ਲਈ ਉਨ੍ਹਾਂ ਨੇ ਇਨ੍ਹਾਂ ਹੀ ਕਾਵਿ-ਧਾਰਾਵਾਂ ਵਿਚੋਂ ਛੰਦ-ਚੋਣ ਕੀਤੀ ਹੈ। ਛੰਦ ਪ੍ਰਯੋਗ ਲਈ, ਖ਼ਾਸ ਕਰਕੇ, ਵਾਰਸ-ਸ਼ਾਹ ਤੇ ਉਨ੍ਹੀਵੀਂ ਸਦੀ ਦੇ ਮਸ਼ਹੂਰ ਕਵੀਆਂ (ਮਾਨ ਸਿੰਘ, ਕਾਲੀਦਾਸ, ਗੁਰਦਿੱਤ ਸਿੰਘ ਖੜਗ, ਸਾਧੂ ਈਸ਼ਰ ਦਾਸ ਤੇ ਭਗਵਾਨ ਸਿੰਘ) ਦੀ ਛੰਦ ਰਚਨਾ ਨੂੰ ਆਪਣਾ ਮਾਡਲ ਬਣਾਇਆ ਹੈ। ਗ਼ਦਰੀ ਕਾਵਿ ਵਿਚ ਜਿਨ੍ਹਾਂ ਜਾਣੇ ਪਛਾਣੇ 13 ਛੰਦਾਂ ਦਾ ਪ੍ਰਯੋਗ ਹੋਇਆ ਹੈ, ਉਹ ਹਨ: ਸਵੱਯਾ, ਕਬਿੱਤ, ਕਾਫ਼ੀ, ਕੋਰੜਾ, ਝੋਕ, ਡਿਓਢ, ਦਵੱਯਾ, ਦੋਹਰਾ, ਦੋ ਤੁਕਾ, ਬਿਰਹਾ ਛੰਦ, ਬੈਂਤ, ਮਨਰੰਚਕ ਛੰਦ ਤੇ ਮਿਲਾਪ ਛੰਦ।

**ਸਵੱਯਾ** : 'ਸੇਵਕ' ਨਾਂ ਦੇ ਕਵੀ ਦੇ ਕੁਝ ਸਵੱਯੇ, ਜਿਨ੍ਹਾਂ ਵਿਚ ਸਵੱਯੇ ਦੇ ਤੀਹ ਕੁ ਰੂਪਾਂ ਵਿਚੋਂ ਕੇਵਲ ਇਕ ਰੂਪ ਦੀ ਵਰਤੋਂ ਕੀਤੀ ਗਈ ਹੈ :

**ਯੁੱਧ ਮੇਂ ਕੂਦ ਪਵੋ ਸਮ ਬੀਰ,**

**ਨਾ ਲੋਭ ਕੀ ਖੁਧ ਮੇਂ ਸੁਧ ਭੁਲਾਈਏ।**

(ਬ੍ਰਜਭਾਸ਼ਾ ਤੇ ਛੰਦ-ਚਾਲ ਤੋਂ ਇਨ੍ਹਾਂ ਸਵੱਯਾਂ ਉੱਤੇ ਗੁਰੂ ਗੋਬਿੰਦ ਸਿੰਘ ਦੀ ਸਵੱਯਾ-ਰਚਨਾ ਦਾ ਅਸਰ ਪ੍ਰਤੱਖ ਹੈ)।

**ਕਬਿੱਤ** : ਕਬਿੱਤ ਦਾ ਲਫ਼ਜ਼ੀ ਅਰਥ ਤਾਂ ਕਵਿਤਾ ਹੀ ਹੈ, ਪਰ ਇਹ ਬ੍ਰਜਭਾਸ਼ਾ ਤੋਂ ਆਇਆ ਇਕ ਵਰਣਕ ਛੰਦ ਹੈ ਤੇ ਇਸ ਦੇ ਕਈ ਰੂਪ ਹੁੰਦੇ ਹਨ। ਕਬਿੱਤ ਦਾ ਪ੍ਰਯੋਗ ਜਣਾ-ਖਣਾ ਨਹੀਂ ਕਰ ਸਕਦਾ, ਪਰ ਗ਼ਦਰੀ ਕਵਿਤਾ ਵਿਚ ਜਿੰਨੀਆਂ ਵੀ ਕਵਿਤਾਵਾਂ ਕਬਿੱਤ ਵਿਚ ਮਿਲਦੀਆਂ ਹਨ ਉਹਨਾਂ ਵਿਚ ਭਾਵ-ਜੁਗਤ ਤੇ ਸ਼ਿਲਪਕਾਰੀ ਦਾ ਸਲਾਹੁਣ ਯੋਗ ਸੁਮੇਲ ਹੈ। ਇਨ੍ਹਾਂ ਦੀ ਸ਼ਬਦ-ਜੜਤ ਤੋਂ ਪਤਾ ਲਗਦਾ ਹੈ ਕਿ ਕਵੀ ਆਪਣੀ ਰੂਪ-ਰਚਨਾ ਤੋਂ ਅਤਿਅੰਤ ਸੁਚੇਤ ਹੈ :

**— ਰੰਗ ਵਿਚ ਭੰਗ ਪਾ ਕੇ ਕੀਤਾ ਬਦਰੰਗ ਸਾਨੂੰ,**

**ਲਗ ਗਿਆ ਜੰਗ ਕਿਥੋਂ ਸਾਡੀ ਤਲਵਾਰ ਨੂੰ।**

**— ਕੀਤਾ ਦੇਸ ਨੰਗ ਚਿਟੇ ਰੰਗ ਉਠ ਕਰੋ ਜੰਗ,**

**ਨੰਗ ਏਹ ਫਰੰਗ ਨੇ ਨਸ਼ੰਗ ਹਿੰਦ ਖਾ ਲਿਆ।**

**ਕਾਫ਼ੀ** : ਕਾਫ਼ੀ ਨੂੰ ਆਮ ਕਰਕੇ ਇਕ ਕਾਵਿ-ਰੂਪ ਮੰਨਿਆ ਜਾਂਦਾ ਹੈ, ਪਰ ਜਾਪਦਾ ਹੈ ਕਿ ਉਨ੍ਹੀਵੀਂ ਸਦੀ ਦੇ ਇਕ ਹਰਮਨ-ਪਿਆਰੇ ਕਵੀ ਸਾਧੂ ਈਸ਼ਰ ਦਾਸ ਨੇ ਇਕੋ ਤਰਜ਼ ਦੀਆਂ ਕਾਫ਼ੀਆਂ ਲਿਖ ਕੇ ਇਸ ਨੂੰ ਇਕ ਛੰਦ ਵਜੋਂ ਵੀ ਪ੍ਰਚਲਤ ਕਰ ਦਿੱਤਾ ਸੀ। ਗ਼ਦਰੀ ਕਵੀਆਂ ਨੇ ਇਸ ਨੂੰ ਇਕ ਛੰਦ ਵਜੋਂ ਹੀ ਵਰਤਿਆ ਹੈ ਤੇ ਕਈ ਥਾਈਂ ਲਿਖਿਆ ਹੈ : ਕਾਫ਼ੀ ਛੰਦ। ਗ਼ਦਰ-ਕਾਵਿ ਦੀ ਸਭ ਤੋਂ ਪ੍ਰਸਿੱਧ ਕਾਫ਼ੀ ਹੈ :

**'ਗ਼ਦਰ ਪਾਰਟੀ ਬੀੜਾ ਚੁਕਿਆ ਹਿੰਦ ਆਜ਼ਾਦ ਕਰਾਵਨ ਦਾ।'**

ਬ੍ਰਜਭਾਸ਼ਾ ਦੀ ਵਰਤੋਂ ਤੇ ਚਾਰ + ਦੋ = ਛੇ ਤੁਕਾਂ ਦਾ ਬੰਦ ਤੇ ਹਰ ਬੰਦ ਤੋਂ ਬਾਅਦ ਸਥਾਈ ਤੋਂ ਇਹ ਕਾਫ਼ੀ ਈਸ਼ਰ ਦਾਸ ਦੀ ਰੀਤ ਵਾਂਗ ਲਿਖੀ ਸਿੱਧ ਹੁੰਦੀ ਹੈ। ਫ਼ਰਕ ਇਹ ਹੈ ਕਿ ਗ਼ਦਰੀ ਕਵੀ ਨੇ ਈਸ਼ਰ ਦਾਸ ਦੀ ਭਾਵ-ਜੁਗਤ ਨੂੰ ਉਲਟਾ ਕੇ ਗ਼ਦਰੀ ਸਿਆਸਤ ਦੀ ਵਿਆਖਿਆ ਕਰਦਿਆਂ ਗ਼ਦਰ ਦਾ ਹੋਕਾ ਦਿੱਤਾ ਹੈ।

**ਕੋਰੜਾ** : ਕਬਿੱਤ ਵਾਂਗ ਕੋਰੜਾ ਵੀ ਵਰਣਕ ਛੰਦ ਹੈ। ਇਸ ਦੀ ਹਰ ਸਤਰ ਵਿਚ 13 ਵਰਣ ਹੁੰਦੇ ਹਨ। ਕੋਰੜੇ ਦਾ ਲਫ਼ਜ਼ੀ ਅਰਥ ਹੈ ਚਾਬੁਕ। ਗ਼ਦਰੀ ਕਵੀ ਨੇ ਇਸ ਨੂੰ ਚਾਬੁਕ ਵਾਂਗ ਹੀ ਵਰਤਿਆ ਹੈ। ਕੋਰੜੇ ਛੰਦ ਵਿਚ ਲਿਖੀਆਂ ਕਵਿਤਾਵਾਂ ਭਾਵ ਦੀ ਤੇਜ਼ ਗਤੀ ਤੇ ਸਿਖ਼ਰ ਨੂੰ ਦਰਸਾਉਂਦੀਆਂ ਹਨ ਤੇ ਪੜ੍ਹਨ-ਸੁਣਨ ਵਾਲੇ ਨੂੰ 'ਕੋਰੜੇ' ਵਾਂਗ ਵੱਜਦੀਆਂ ਹਨ :

**— ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।**



**ਝੋਕ** : ਝੋਕ ਲੋਕ-ਗੀਤ ਦੀ ਇਕ ਤਰਜ਼ ਹੈ, ਪਰ ਗ਼ਦਰੀ ਕਵੀਆਂ ਨੇ ਇਸ ਨੂੰ ਇਕ ਛੰਦ ਹੀ ਮੰਨਿਆ ਹੈ। ਇਕੋ ਝੋਕ ਮਿਲਦੀ ਹੈ, ਪਰ ਇਸ ਦੀ ਹਰਦਿਲ-ਅਜ਼ੀਜ਼ੀ ਦਾ ਪਤਾ ਉਸ ਨੋਟ ਤੋਂ ਲਗਦਾ ਹੈ ਜਿਹੜਾ 9 ਦਸੰਬਰ 1913 ਦੇ ਗ਼ਦਰ ਵਿਚ ਛਪਿਆ ਹੈ :

"ਇਹ ਗੀਤ ਝੋਕ ਤੇ ਭਾ ਉੱਤੇ ਗਾਉਣੇ ਹਨ। ਉਮੇਦ ਹੈ ਕਿ ਸਭ ਭਾਈ ਏਸ ਨੂੰ ਲਛੀ ਤੇ ਬੰਤੋ ਦੇ ਗੀਤਾਂ ਨਾਲੋਂ ਅੱਛੀ ਨਿਗਾਹ ਨਾਲ ਦੇਖਣਗੇ ਕਿਉਂਕਿ ਇਹ ਆਜ਼ਾਦੀ ਦਾ ਖ਼ਿਆਲ ਦੇਂਦੇ ਹਨ ਤੇ ਉਹ ਬਰਬਾਦੀ ਦਾ।"

ਇਸ ਟਿੱਪਣੀ ਤੋਂ ਲੋਕ-ਧਾਰਾਈ ਕਵਿਤਾ ਤੇ ਗ਼ਦਰੀ ਕਵਿਤਾ ਦਾ ਅੰਤਰ ਵੀ ਸਪੱਸ਼ਟ ਹੋ ਜਾਂਦਾ ਹੈ। ਝੋਕ ਦੀ ਪ੍ਰਸਿੱਧੀ ਦਾ ਇਕ ਕਾਰਨ 'ਪਗੜੀ ਸੰਭਾਲ ਜੱਟਾ' ਦੀ ਹਰਮਨ ਪਿਆਰਤਾ ਵੀ ਹੋਵੇਗਾ ਕਿਉਂਕਿ ਲਾਲਾ ਬਾਂਕੇ ਦਿਆਲ ਦੇ ਇਸ ਗੀਤ ਦੀ ਸਥਾਈ ਵੀ ਝੋਕ ਦੀ ਤਰਜ਼ ਉੱਤੇ ਹੈ। ਗ਼ਦਰੀ ਝੋਕ ਵੀ ਇਸੇ ਤਰਜ਼ 'ਤੇ ਹੈ :

**ਡਿਉਢ (ਡੇਉਢ)** : ਇਸ ਛੰਦ ਦਾ ਨਾਂ ਦੁਭੰਗੀ ਤੇ ਮਦਨਹਰ ਵੀ ਹੈ। ਇਸ ਦੀ ਹਰ ਸਤਰ ਦਵੱਯੇ ਵਾਂਗ 28 ਮਾਤਰਾ ਦੀ ਤੇ ਨਾਲ ਅੱਧੀ ਸਤਰ ਹੋਰ ਹੁੰਦੀ ਹੈ:

**ਸਖਤ ਗਿਰ ਗਿਆ ਜੀਵਨ ਸਾਡਾ. ਇਸ਼ ਤੋਂ ਚੰਗਾ ਮਰਨਾ,**

**ਦੁਖ ਨਹੀਂ ਭਰਨਾ।**

**ਦਵੱਯਾ** : ਇਹ 28 ਮਾਤਰਾਂ ਦਾ ਛੰਦ ਹੈ, ਜੋ ਦਮੋਦਰ ਦੀ ਹੀਰ ਤੋਂ ਲੈ ਕੇ ਬਹੁਤ ਸਾਰੇ ਕਿੱਸਿਆ ਵਿਚ ਵਰਤਿਆ ਜਾ ਚੁੱਕਾ ਸੀ। ਇਹ ਦਾਰਸ਼ਨਿਕ ਵਿਚਾਰਾਂ ਨੂੰ ਵਿਅਕਤ ਕਰਨ ਵਾਲਾ ਦੋ-ਤੁਕੀਆ ਜਾਂ ਚਹੁੰ-ਤੁਕੀਆ ਛੰਦ ਹੈ। ਗ਼ਦਰੀ ਕਵੀਆਂ ਨੇ ਦੋ-ਤੁਕੇ ਦਵੱਯੇ ਲਿਖੇ ਹਨ :

**ਹਰ ਸਾਲ ਵਿਚ ਮਰਨਾ ਯਾਰੋ ਅਗੋਂ ਪਿਛੋਂ ਮਰਨਾ।**

**ਮੁਲਕ ਮਰੇ ਫਿਰ ਅਸੀਂ ਨਾ ਮਰੀਏ ਜਗ ਰਹਿ ਕੇ ਕੀ ਕਰਨਾ।**

**ਦੋਹਰਾ** : ਦੋਹਰਾ ਵੀ ਪੰਜਾਬੀ ਦੀ ਪੁਰਾਣਾ ਛੰਦ ਹੈ। ਸਭ ਤੋਂ ਪਹਿਲਾਂ ਇਸ ਦੀ ਵਰਤੋਂ ਬਾਬਾ ਫ਼ਰੀਦ ਨੇ ਕੀਤੀ। ਇਸ ਵਿਚ ਇਕੋ ਭਾਵ-ਵਿਚਾਰ ਨੂੰ 24-24 ਮਾਤਰਾਂ ਦੀਆਂ ਦੋ ਸਤਰਾਂ ਵਿਚ ਪ੍ਰਗਟ ਕਰਨਾ ਹੁੰਦਾ ਹੈ। ਗ਼ਦਰ-ਕਾਵਿ ਵਿਚ ਸਿਰਫ਼ 15 ਦੋਹਰੇ ਮਿਲਦੇ ਹਨ, ਜੋ ਬਿਸ਼ਨ ਸਿੰਘ ਦੀ ਰਚਨਾ ਹਨ ਤੇ **ਸ਼ੁਦੇਸ਼ ਸੇਵਕ** ਵਿਚ ਪ੍ਰਕਾਸ਼ਤ ਹੋਏ ਸਨ।

**ਦੋਤੁਕਾ** : ਨਵੀਂ ਕਵੀਸ਼ਰੀ ਦੀਆਂ ਤਰਜ਼ਾਂ ਤੇ ਦੋ ਕਵਿਤਾਵਾਂ ('ਫਰੰਗੀ ਫਸ ਗਿਆ' ਤੇ 'ਝੂਠਾ ਫਰੰਗੀ') ਦੋ ਤੁਕਿਆਂ ਵਿਚ ਲਿਖੀਆਂ ਮਿਲਦੀਆਂ ਹਨ।

**ਬਿਰਹਾ ਛੰਦ** : ਇਹ ਲੰਮੀ ਤਰਜ਼ ਦਾ ਇਕ ਸ਼ੋਕਮਈ ਗੀਤ ਹੈ। ਇਸ ਵਿਚ ਗ਼ਦਰ ਦੀ ਹਾਰ ਦਾ ਅਹਿਸਾਸ ਪਹਿਲੀ ਵਾਰ ਵਿਅਕਤ ਹੋਇਆ ਹੈ। ਸਿਰਲੇਖ : 'ਭਾਰਤ ਮਾਤਾ ਬਲੌਂਦੀ ਹੈ ਆਪਨੇ ਹਿੰਦੀ ਸਪੁੱਤਰਾਂ ਨੂੰ'।

**ਬੈਂਤ** : ਗ਼ਦਰ-ਕਾਵਿ ਦਾ ਬਹੁਤ ਭਾਗ ਕਿਸੇ ਮਾਤ੍ਰਕ ਛੰਦ ਵਿਚ ਹੈ। ਇਹ ਪੰਜਾਬ ਵਿਚ ਇੰਨਾ ਪ੍ਰਚਲਤ ਰਿਹਾ ਹੈ ਕਿ ਕਈ ਅਨਪੜ੍ਹ ਪੰਜਾਬੀ ਵੀ ਬੈਂਤਾਂ ਜੋੜ

ਲੈਂਦੇ ਸਨ। ਮੁਕਬਲ ਤੇ ਵਾਰਸ ਤੋਂ ਲੈ ਕੇ ਗ਼ਦਰੀਆਂ ਤਕ ਚਹੁੰ ਕਲੀਆ ਤੇ 'ਖੁਲ੍ਹਾ ਬੈਂਤ' ਹੀ ਵਧੇਰੇ ਪ੍ਰਚਲਤ ਸੀ। ਵੀਹਵੀਂ ਸਦੀ ਵਿਚ 4 + 2 ਸਤਰਾਂ ਦੇ ਛੇ ਕਲੀਏ ਬੈਂਤ ਦਾ ਵੀ ਰਿਵਾਜ ਪਿਆ। ਗ਼ਦਰ-ਕਾਵਿ ਵਿਚ ਜ਼ਿਆਦਾ ਵਰਤੋਂ ਖੁਲ੍ਹੇ ਬੈਂਤ ਦੀ ਹੋਈ ਹੈ, ਪਰ 1929 ਦੇ ਹਿੰਦੁਸਤਾਨ ਗ਼ਦਰ (ਮਾਸਕ) ਵਿਚ ਛੇ ਕਲੀਏ ਬੈਂਤ ਦਾ ਪ੍ਰਯੋਗ ਵੀ ਮਿਲਦਾ ਹੈ। ਸੀਹਰਫ਼ੀ ਤੇ ਪੈਂਤੀ ਅੱਖਰੀ ਵੀ ਬੈਂਤ ਵਿਚ ਹਨ।

**ਮਨੋਰੰਚਕ** : ਇਸ ਛੰਦ ਵਿਚ ਇਕੋ ਕਵਿਤਾ ਹੈ, ਜਿਸ ਵਿਚ ਕੌਮੀ ਅਣਖ ਲਈ ਮਰ ਮਿਟਣ ਲਈ ਵੰਗਾਰਿਆ ਗਿਆ ਹੈ :

**ਹੱਥਾਂ ਬਾਝ ਕਰਾਰਿਆਂ ਯਾਰੋ ਦੁਸ਼ਮਣ ਹੋਵੇ ਮਿਤ ਨਹੀਂ।**
**ਵਾਂਗ ਨਾਮਰਦਾਂ ਮੇਹਣੇ ਝਲੀਏ, ਮੁੜ ਕੇ ਜੰਮਣਾ ਨਿਤ ਨਹੀਂ।**

**ਮਿਲਾਪ** : ਇਹ ਕੋਰੜੇ ਦਾ ਹੀ ਥੋੜ੍ਹਾ ਬਦਲਿਆ ਹੋਇਆ ਰੂਪ ਹੈ :

**ਸਿਆਣਿਓ ਮਿਲਾਪ ਸਿਖੋ ਗਲ ਛਡੋ ਫੂਟ ਦੀ।**
**ਵਟੀ ਹੋਈ ਰਸੀ ਲਾਇਆਂ ਜ਼ੋਰ ਨਹੀਂ ਟੁਟਦੀ।**

**(ਅ) ਬਿੰਬ ਰਚਨਾ** : ਗ਼ਦਰੀ ਕਵਿਤਾ ਵਧੇਰੇ ਕਰਕੇ ਕਥਨ ਦੀ ਵਿਧੀ ਦੁਆਰਾ ਰਚੀ ਗਈ ਹੈ, ਪਰ ਕਿਧਰੇ ਕਿਧਰੇ ਬਿੰਬ-ਰਚਨਾ ਦੀਆਂ ਉਦਾਹਰਣਾਂ ਵੀ ਮਿਲਦੀਆਂ ਹਨ। ਇਨ੍ਹਾਂ ਬਿੰਬਾਂ ਦਾ ਆਧਾਰ ਪੰਜਾਬ ਦੀ ਪੇਂਡੂ ਪ੍ਰਕਿਰਤੀ ਤੇ ਸੰਸਕ੍ਰਿਤੀ ਹੈ। ਇਨ੍ਹਾਂ ਵਿਚੋਂ ਵੀ ਉਜੜੇ ਖੇਤ, ਬਾਗ਼ ਤੇ ਘਰ ਅਤੇ ਕੰਗਾਲ ਆਦਮੀ ਦੇ ਬਿੰਬ ਹੀ ਪ੍ਰਮੁੱਖ ਹਨ :

**— ਢਾਈ ਟੋਟਰੂ ਖਾ ਗਏ ਖੇਤ ਸਾਡਾ....**
**— ਗਿੱਦੜ ਖਾ ਗਏ ਖੇਤ ਚਰੂੰਡ ਮੇਰਾ....**
**— ਕੈਂਚੀ ਪਕੜ ਜ਼ਾਲਮ ਸ਼ਾਖ਼ਾਂ ਕਤਰਦਾ ਹੈ,**
**ਤੁਸੀਂ ਵੀਰਨੋਂ ਨਹੀਂ ਹਟਾਇਆ ਕਿਉਂ।**
**— ਹਿੰਦੋਸਤਾਨੀਓਂ ਕਿਉਂ ਨੀਵੀਂ ਧੌਣ ਸੁੱਟੀ,**
**ਮਾਰੋ ਨਜ਼ਰ ਘਰ ਦੇ ਕੇਹੜੇ ਹਾਲ ਹੋ ਗਏ।**
**— ਪਾਟੇ ਕੱਪੜੇ ਜਿਸਮ ਕਮਜ਼ੋਰ ਹੋਇਆ,**
**ਜੁੱਸੇ ਜੋਸ਼ ਤੇ ਜਿਗਰ ਦਾ ਤਾਨ ਕਿਉਂ ਨਹੀਂ।**

**(ੲ) ਪ੍ਰਤੀਕ ਸਿਰਜਣਾ** : ਪ੍ਰਤੀਕਾਂ ਪੱਖੋਂ ਇਸ ਕਵਿਤਾ ਵਿਚ ਨੋਟ ਕਰਨ ਵਾਲੀ ਗੱਲ ਹੈ ਕੁਝ ਅਸਲੋਂ ਨਵੇਂ ਪ੍ਰਤੀਕਾਂ ਦੀ ਸਿਰਜਣਾ। ਜਿਵੇਂ ਹੇਠਲੀਆਂ ਸਤਰਾਂ ਵਿਚ ਸਿਉਂਕ, ਕੁੱਤੀ, ਛੇਲੀ ਤੇ ਟੋਟਰੂ ਆਦਿ।

**— ਜੜੀਂ ਅਸਾਂ ਦੀ ਸਿਉਂਕ ਦਾ ਬਾਸ ਹੋਇਆ**
**ਕਦੇ ਪਟ ਕੇ ਓਸ ਨੂੰ ਢਾਓਗੇ ਨਾ ?**
**ਕੁੱਤੀ ਲੱਤ ਨੂੰ ਆਨ ਕੇ ਪਕੜਦੀ ਹੈ,**
**ਡੰਡਾ ਪਕੜ ਕੇ ਪਿੱਛੇ ਹਟਾਓਗੇ ਨਾ ?**



**— ਪਾਪੀ ਮਾਰਦਾ ਦੇਵੇ ਨਾ ਰੋਣ ਬਿਲਕੁਲ,**
**ਛੇਲੀ ਵਸ ਬਘਿਆੜ ਦੇ ਆਈ ਹੈ ਵੇ।**
**— ਵਾਰ ਗੁਰੀਲਾ ਖ਼ੂਬ ਚਲਾਵੋ,**
**ਮਾਰੋ ਜਲਦ ਟੋਟਰੂ ਢਾਈ।**

**(ਸ) ਅਲੰਕਾਰ ਵਿਧਾਨ** : ਇਸ ਕਵਿਤਾ ਵਿਚ ਸ਼ਬਦ-ਅਲੰਕਾਰਾਂ ਵਿਚੋਂ ਅਨੁਪ੍ਰਾਸ ਤੇ ਅਰਥ ਅਲੰਕਾਰਾਂ ਵਿਚੋਂ ਉਪਮਾ, ਰੂਪਕ ਤੇ ਦ੍ਰਿਸ਼ਟਾਂਤ ਦੀ ਵਰਤੋਂ ਵਧੇਰੇ ਹੋਈ ਹੈ, ਪਰ ਕਿਧਰੇ ਕਿਧਰੇ ਯਮਕ, ਅਤਕਥਨੀ, ਪ੍ਰਸ਼ਨੋਤਰੀ ਤੇ ਵਿਰੋਧ ਅਲੰਕਾਰ ਵੀ ਮਿਲਦਾ ਹੈ।

ਲੋਕ-ਜੀਵਨ ਵਿਚੋਂ ਲਏ ਦ੍ਰਿਸ਼ਟਾਂਤਾਂ ਵਿਚੋਂ ਇਕ ਦ੍ਰਿਸ਼ਟਾਂਤ ਪਿੰਡਾਂ ਵਿਚ ਭੂਤ ਕੱਢਣ ਵਾਲੇ ਸੈਰੀਆਂ (ਸਿਆਣਿਆਂ) ਦਾ ਹੈ। ਭੂਤ ਕੱਢਣ ਦੀ ਕ੍ਰਿਆ ਦਾ ਦ੍ਰਿਸ਼ਟਾਂਤ ਦੇ ਕੇ ਦੱਸਿਆ ਗਿਆ ਹੈ ਕਿ ਅੰਗ੍ਰੇਜ਼ ਦਾ ਭੂਤ ਵੀ ਭਾਰਤ ਵਿਚੋਂ ਜੁੱਤੀ ਨਾਲ ਹੀ ਕੱਢਿਆ ਜਾਵੇਗਾ :

**ਦਾਰੂ ਯਾਦ ਆਇਆ ਕੱਚੇ ਭੂਤਨੇ ਦਾ,**
**ਆਓ ਤੁਸਾਂ ਭੀ ਅਜ ਸਖਲਾ ਲਈਏ।**
**ਰਖੋ ਧਯਾਨ ਦੱਸਾਂ ਪੈਹਲਾਂ ਕੰਮ ਵੀਰੋ,**
**ਵਿਸ਼ਟੇ ਸੰਦੜੀ ਧੂੜ ਧੁਖਾ ਲਈਏ।**
**ਧੂਣੀ ਦਿੰਦਿਆਂ ਸਾਰ ਤੜੱਕ ਬੋਲੇ,**
**ਕੱਚੇ ਚੰਮ ਦਾ ਬੂਟ ਮੰਗਵਾ ਲਈਏ।**
**ਤਾੜ ਤਾੜ ਪੁੱਠੇ ਮਗ਼ਜ਼ ਵਿਚ ਮਾਰੋ,**
**ਇਕੋ ਜਗਾ, ਨਾ ਹੱਥ ਹਲਾ ਲਈਏ।**
**ਮਾਰ ਮਾਰ ਛਿੱਤਰ ਘਰੋਂ ਬਾਹਰ ਕਢੋ,**
**ਸਿਰਫ਼ ਘਰੋਂ ਨਾ, ਜੂਹ ਟਪਾ ਲਈਏ।**

ਗ਼ਦਰ ਲਹਿਰ ਦੇ ਕਵੀਆਂ ਦੀ ਕਾਵਿ-ਚੇਤਨਾ ਤੇ ਸ਼ਿਲਪਕਾਰੀ ਸੰਬੰਧੀ ਉਪਰੋਕਤ ਚਰਚਾ ਦਾ ਮਨੋਰਥ ਇਸ ਕਵਿਤਾ ਦੇ ਪ੍ਰਮੁੱਖ ਗੁਣਾਂ-ਲੱਛਣਾਂ ਦੀ ਨਿਸ਼ਾਨਦੇਹੀ ਕਰਕੇ ਕੇਵਲ ਇਹ ਨਿਵੇਦਨ ਕਰਨਾ ਸੀ ਕਿ ਇਸ ਕਵਿਤਾ ਨੂੰ ਗ਼ਦਰੀ ਕਵੀਆਂ ਦੀ ਸ਼ਖ਼ਸੀਅਤ, ਪਰਦੇਸ ਦੇ ਸੰਦਰਭ, ਉਨ੍ਹਾਂ ਦੀਆਂ ਇਤਿਹਾਸਕ-ਸਿਆਸੀ ਪਰਿਸਥਿਤੀਆਂ ਤੇ ਉਨ੍ਹਾਂ ਦੇ ਸਾਹਿੱਤਕ ਸਭਿਆਚਾਰ ਦੇ ਪ੍ਰਸੰਗ ਵਿਚ ਸਮਝ ਕੇ ਹੀ ਇਸ ਦਾ ਸਹੀ ਮੁਲੰਕਣ ਕੀਤਾ ਜਾ ਸਕਦਾ ਹੈ।

k k k k k

# ਗ਼ਦਰ ਲਹਿਰ ਦੀ ਚੋਣਵੀ ਕਵਿਤਾ

## 1. ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ

ਹਿੰਦ ਦੇ ਬਹਾਦਰੋ ਕਿਉਂ ਬੈਠੇ ਚੁੱਪ ਜੀ।
ਅੱਗ ਲੱਗੀ ਦੇਸ, ਨਾ ਸਹਾਰੇ ਧੁੱਪ ਜੀ।
ਬੁਝਣੀ ਇਹ ਤਾਂ ਹੀ ਹੈ ਸਰੀਰ ਤੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।
ਸਿਰ ਦਿੱਤੇ ਬਾਝ ਨਹੀਂ ਕੰਮ ਸਰਨਾ।
ਯੁਧ ਵਿਚ ਪਵੇਗਾ ਜ਼ਰੂਰ ਮਰਨਾ।
ਪਾਵੋ ਲਲਕਾਰ ਸ਼ੇਰਾਂ ਵਾਂਗ ਗੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।
ਹੱਥ ਸ਼ਮਸ਼ੀਰ, ਕੁੱਦ ਪਓ ਮੈਦਾਨ ਜੀ।
ਮਾਰ ਮਾਰ ਵੈਰੀਆਂ ਦੇ ਲਾਹੋ ਘਾਣ ਜੀ।
ਵੈਰੀਆਂ ਦਾ ਆਓ ਲਹੂ ਪੀਏ ਰੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।
ਮਾਰ ਲਈਏ ਵੈਰੀ, ਮਰ ਜਾਈਏ ਆਪ ਜਾਂ।
ਕਾਇਰਤਾ, ਗਰੀਬੀ, ਮਿਟ ਜਾਏ ਤਾਪ ਜਾਂ।
ਪਾ ਲਈਏ ਸ਼ਹੀਦੀ, ਸਿੰਘ ਸ਼ੇਰ ਸੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।
ਰਖੋ ਨਾ ਫਿਕਰ ਵੀਰੋ ਮਰਨ-ਜੀਣ ਦੀ।
ਧਾਰੋ ਨੀਤ ਵੈਰੀਆਂ ਦਾ ਲਹੂ ਪੀਣ ਦੀ।
'ਜਾਨ ਨਾ ਪਿਆਰੀ' ਮੂਹੋਂ ਬੋਲੋ ਗੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।
ਪਿਛਲੀ ਕਲੰਕੀ ਸਾਰੀ ਚੁੱਕੀ ਜਾਊਗੀ।
ਹੋਊਗੀ ਆਜ਼ਾਦੀ, ਨਸਲ ਸੁੱਖ ਪਾਊਗੀ।
'ਬੰਦੇ ਮਾਤਰਮ' ਸਾਰੇ ਬੋਲੋ ਗੱਜ ਕੇ।
ਬਣੀ ਸਿਰ ਸ਼ੇਰਾਂ ਦੇ, ਕੀ ਜਾਣਾ ਭੱਜ ਕੇ।

## 2. ਬੈਂਤ : ਹਿੰਦ ਲੁੱਟ ਫਰੰਗੀਆਂ ਚੌੜ ਕੀਤਾ

ਹਿੰਦ ਲੁੱਟ ਫਰੰਗੀਆਂ ਚੌੜ ਕੀਤਾ, ਦੁਨੀਆਂ ਦੇਖ ਕੇ ਹੋਈ ਹੈਰਾਨ ਲੋਕੋ।
ਪੈਸਾ ਸੂਤ ਸਾਰਾ ਹਿੰਦ ਦੇਸ਼ ਵਾਲਾ, ਇੰਗਲੈਂਡ ਦੇ ਵਿਚ ਲੈ ਜਾਣ ਲੋਕੋ।



ਲੁੱਟੀ ਲਈ ਜਾਂਦੇ ਦਿਨੇ ਰਾਤ ਡਾਕੂ, ਭੁੱਖੇ ਮਰਨ ਗਰੀਬ ਕਰਸਾਨ ਲੋਕੋ।
ਤਲਬਾਂ ਚੰਗੀਆਂ ਦੇਵੰਦੇ ਗੋਰਿਆਂ ਨੂੰ, ਖਾਣ ਪੀਣ ਤੇ ਐਸ਼ ਉਡਾਨ ਲੋਕੋ।
ਛੋਲੇ ਚੱਬ ਕੇ ਕਰਨ ਗੁਜ਼ਰਾਨ ਸਾਰੇ, ਫੌਜੀ ਸਿੰਘ ਹਿੰਦੂ ਮੁਸਲਮਾਨ ਲੋਕੋ।
ਗੋਰੇ ਲੜਨ ਵੇਲੇ ਰੈਂਹਦੇ ਆਪ ਪਿੱਛੇ, ਦੂਰੋਂ ਖੜ੍ਹੇ ਹੀ ਹੁਕਮ ਚਲਾਨ ਲੋਕੋ।
ਇਕ ਦੂਸਰੇ ਵਿਚ ਏਹ ਫੁਟ ਪਾ ਕੇ, ਆਪ ਵਜਦੇ ਨੇ ਸਾਹਿਬਾਨ ਲੋਕੋ।
ਲੜਨ ਮਰਨ ਨੂੰ ਅਸੀਂ ਹੁਨ ਅਗੇ ਕੀਤੇ, ਜਾ ਕੇ ਮਿਸਰ ਅਫਰੀਕਾ ਈਰਾਨ ਲੋਕੋ।
ਤਾਕਤ ਹੋਈ ਇੰਗਲੈਂਡ ਦੀ ਬਹੁਤ ਥੋੜੀ, ਬਲ ਹਿੰਦ ਦੇ ਧੂੜ ਧੁਮਾਨ ਲੋਕੋ।
ਕਦੋਂ ਗ਼ਦਰ ਵਾਲਾ ਵਕਤ ਆਵੇ ਛੇਤੀ, ਸੁਣੇ ਬੇਨਤੀ ਰੱਬ ਰੈਹਮਾਨ ਲੋਕੋ।
ਕਦੋਂ ਅਲੀ ਅਲੀ ਕਰਕੇ ਲੜਨ ਗਾਜ਼ੀ, ਕਰਨ ਪਾਜੀਆਂ ਦੀ ਤੰਗ ਜਾਨ ਲੋਕੋ।
ਕਿਯੋਂ ਨਾ ਖਿੱਚ ਤਲਵਾਰ ਰਾਜਪੂਤ ਲੜਦੇ, ਜੇਹੜੀ ਮੁਢੋਂ ਸੀ ਏਨ੍ਹਾਂ ਦੀ ਬਾਣ ਲੋਕੋ।
ਕਦੋਂ ਖਾਲਸਾ ਧੂ ਕੇ ਤੇਗ ਨੰਗੀ, ਲੌਹਣ ਗੋਰਿਆਂ ਦੇ ਆ ਕੇ ਘਾਣ ਲੋਕੋ।
ਔਣ ਸੂਰਮੇ ਹੌਂਸਲੇ ਨਾਲ ਚੜ੍ਹ ਕੇ, ਲੇਖਾ ਗੋਰਿਆਂ ਨਾਲ ਮੁਕਾਨ ਲੋਕੋ।
ਦਗੇਬਾਜ਼ ਜੋ ਕੌਮ ਇੰਗਰੇਜ਼ ਦੀ ਹੈ, ਏਹਨਾਂ ਬਕਰੇ ਵਾਂਗ ਝਟਕਾਨ ਲੋਕੋ।
ਜਾਲਮ ਫਿਰਨ ਤਰੈਹਕਦੇ ਵਾਂਗ ਹਰਨਾਂ, ਮਾਝਾ ਮਾਲਵਾ ਜਦੋਂ ਮਿਲ ਜਾਨ ਲੋਕੋ।
ਸਾਡੇ ਬੀਰ ਸਾਵਰਕਰ ਜੇਹੇ ਦਰਦੀ, ਘੱਲੇ ਤਿਲਕ ਜੈਸੇ ਅੰਡੇਮਾਨ ਲੋਕੋ।
ਅਜੀਤ ਸਿੰਘ ਜੈਸੇ ਸੂਰ ਬੀਰ ਬਾਂਕੇ, ਵਧਨ ਦੇਣ ਨਾ ਜੇਹੜੇ ਲਗਾਨ ਲੋਕੋ।
ਪਏ ਘੁੰਮਦੇ ਫਿਰਨ ਪਰਦੇਸ ਅੰਦਰ, ਖਾਤਰ ਦੇਸ਼ ਦੀ ਕਸ਼ਟ ਉਠਾਨ ਲੋਕੋ।
ਛੇਤੀ ਕਰੋ ਤਿਆਰੀਆਂ ਗ਼ਦਰ ਦੀਆਂ, ਦੁਸ਼ਟ ਰਾਜ ਦਾ ਮਿਟੇ ਨਸ਼ਾਨ ਲੋਕੋ।

(ਲੇਖਕ ਦੇਸ ਪ੍ਰੇਮੀ, ਜਨਵਰੀ-1914)

## 3. 10 ਮਈ 1857 ਦੇ ਗ਼ਦਰ ਦੀ ਯਾਦਗਾਰ

ਦਿਲਾ ਦਰਦੀਆ ਦਰਦ ਹਜ਼ਾਰ ਭਾਵੇਂ, ਦਸ ਮਈ ਦਾ ਦਿਨ ਭੁਲਾਵਨਾ ਕੀ।
ਏਸੇ ਰੋਜ਼ ਆਜ਼ਾਦੀ ਦਾ ਜੰਗ ਛਿੜਿਆ, ਵਕਤ ਖੁਛੀ ਦਾ ਗਮੀ ਲਿਆਵਣਾ ਕੀ।
ਏਸੇ ਰੋਜ਼ ਪਲਾਸੀ ਦੀ ਜੰਗ ਹੋਈ, ਐਸਾ ਖੁਛੀ ਦਾ ਰੋਜ਼ ਭੁਲਾਵਨਾ ਕੀ।
ਆਪਸ ਵਿਚ ਭਾਵੇਂ ਲੜ ਕੇ ਹਾਰ ਆਈ, ਸਿੱਖੋ ਸਬਕ ਹੁਣ ਮਨੋ ਭੁਲਾਵਨਾ ਕੀ।
ਅਸੀਂ ਲੜਾਂਗੇ ਕਰਾਂਗੇ ਗਦਰ ਜਲਦੀ, ਖਬਰਦਾਰ ਹੋ ਚਿੱਤ ਡੁਲਾਵਨਾ ਕੀ।
ਗੋਰੇ ਗੱਲ ਕੀ ਏ ? ਜਦੋਂ ਉੱਠ ਬੈਠੇ, ਏਹਨਾ ਬਾਂਦਰਾਂ ਤੋਂ ਖੌਫ਼ ਖਾਵਣਾ ਕੀ।
ਅੱਗ ਲੱਗ ਚੁੱਕੀ ਜੇਹੜੀ ਨਹੀਂ ਬੁਝਦੀ, ਹੋਊ ਗ਼ਦਰ ਜਰੂਰ ਹਟਾਵਣਾ ਕੀ।
ਕਿਲਾ ਦੇਸ਼ ਪਰੇਮ ਦਾ ਬੜਾ ਪੱਕਾ, ਨਹੀਂ ਟੁੱਟਣਾ ਦਿਲ ਦੈਹਲਾਵਣਾ ਕੀ।
ਸਾਰੀ ਕੌਮ ਨੂੰ ਗ਼ਦਰ ਦੀ ਖਬਰ ਲਗੀ, ਹੁਣ ਤਾਨ ਫਰੰਗ ਨੇ ਲਾਵਨਾ ਕੀ।
ਹੋਊ ਯੁੱਧ ਆਜ਼ਾਦੀ ਦਾ ਬੌਹਤ ਭਾਰੀ, ਲੱਗੀ ਖ਼ਬਰ ਤੇ ਪਿੱਛਾਂ ਨੂੰ ਜਾਵਣਾ ਕੀ।

ਮੁੱਦਤ ਗੁਜ਼ਰ ਗਈ ਏ ਦੁੱਖ ਸੈਂਹਦਿਆਂ ਦੀ, ਹੋਣੀ ਜਿਤ' ਹੁਣ ਵਕਤ ਗੁਆਵਣਾ ਕੀ।
ਜਲਦੀ ਉਠ ਤੇ ਤਿਯਾਰ ਬਰ ਤਿਯਾਰ ਹੋ ਜਾ, ਬੋਲ ਗੱਜ ਕੇ ਮਨੋ ਸ਼ਰਮਾਵਣਾ ਕੀ।
ਪੁੱਛ ਗ਼ਦਰ ਪਰੇਮੀਆਂ ਸਾਰਿਆਂ ਨੂੰ, ਸਾਫ਼ ਸਾਫ਼ ਐਵੇਂ ਪੇਚ ਪਾਵਣਾ ਕੀ।
ਕੌਣ ਤਿਯਾਰ ਹੁੰਦਾ ਮਾਲਕ ਜਾਵਣੇ ਨੂੰ, ਕਰਨਾ ਗ਼ਦਰ ਕੈਹ ਸਾਫ਼, ਸ਼ਰਮਾਵਣਾ ਕੀ।
ਥੋੜ੍ਹੇ ਦਿਨਾਂ ਦੇ ਵਿਚ ਤਿਯਾਰ ਹੋ ਜਾਓ, ਜਿਸ ਦੀ ਖੁਸ਼ੀ ਆ ਮਿਲੇ ਅਟਕਾਂਵਣਾ ਕੀ।
ਖਬਰਦਾਰ ਖੁਫ਼ੀਆ ਰਾਜ਼ ਰੱਖ ਖੁਫ਼ੀਆ, ਉੱਚਾ ਬੋਲ ਕੇ ਸ਼ੋਰ ਮਚਾਵਣਾ ਕੀ।
ਆਹਾ ਹਸਰਤ ਮੁਹਾਣੀ ਦੀ ਦੇਖ ਹਿੰਮਤ, ਦਿਲ ਸਿੰਘ ਅਜੀਤ ਦਾ ਢਾਵਣਾ ਕੀ।
ਦਸ ਦਸ ਸਾਲ ਦੇ ਬੱਚੇ ਸ਼ਹੀਦ ਹੋਏ, ਖਾਤਰ ਦੇਸ਼ ਦੀ ਜ਼ੁਲਮ ਭੁਲਾਵਣਾ ਕੀ।
ਸਾਕਾ ਯਾਦ ਵੀਰੋ ਅਜੇ ਕਾਨਪੁਰ ਦਾ, ਹੋਯਾ ਕੱਲ੍ਹ ਜੋ ਮਨੋਂ ਭੁਲਾਵਣਾ ਕੀ।
ਕੇਹੜੀ ਗੱਲ ਪਿੱਛੇ ਐਡੀ ਡੇਰ ਲਾਈ, ਮੁਲਕ ਪੌਂਹਚ ਛੇਤੀ ਡੇਰੀ ਲਾਵਣਾ ਕੀ।
ਕੰਮ ਕਾਰ ਮਾਯਾ ਲੋਭ ਛੱਡ ਏਥੇ, ਕੂੜੇ ਧੰਦਿਆਂ ਚਿੱਤ ਫਸਾਵਨਾ ਕੀ।
ਜੇ ਕਰ ਜਾਣਦਾ ਹੈਂ ਅੰਤ ਛੰਡ ਦੇਣੀ, ਅੱਜੋ ਛੱਡ ਛੇਤੀ ਡੇਰੀ ਲਾਵਣਾ ਕੀ।
ਝੂਠੇ ਮਜ਼ਹਬੀ ਝਗੜਿਆਂ ਝੇੜਿਆਂ ਦਾ, ਗਲੋਂ ਤੋੜ ਫ਼ਾਹਾ ਗਲ੍ਹੇ ਪਾਵਣਾ ਕੀ।
ਹਿੰਦੋਸਤਾਨ ਦੇ ਨਾਮ ਤੋਂ ਵਾਰ ਜਲਦੀ, ਝੂਠੀ ਜਾਨ ਦਾ ਮੋਹ ਵਧਾਵਣਾ ਕੀ।
ਲੈਕਚਰ ਸੁਨਦਿਆਂ ਸੁਨਦਿਆਂ ਡੇਰ ਹੋਈ, ਸੋਹਣਾ ਵਕਤ ਏਹ ਵਕਤ ਗੁਆਵਣਾ ਕੀ।
ਡਾਹਡਾ ਜੋਸ਼ ਮਨ ਵਿੱਚ ਹਿੰਦੋਸਤਾਨੀਆਂ ਦੇ, ਜਲਦੀ ਤੋਰ ਤੁਰ ਆਪ ਅਟਕਾਵਣਾ ਕੀ।
ਈਦੋਂ ਬਾਦ ਤੰਬਾ ਭਲਾ ਕੰਮ ਕੇਹੜੇ, ਸੁਖ਼ਨ ਯਾਦ ਕਰ ਮਨੋਂ ਭੁਲਾਵਣਾ ਕੀ।
ਨਾਮ ਸਿੰਘ ਰਾਜਪੂਤ ਤੇ ਖਾਨ ਧਰ ਕੇ, ਜ਼ੁਲਮ ਦੇਖ ਕੇ ਹੱਥ ਖਸਕਾਵਣਾ ਕੀ।

(ਜੂਨ 1914)

### 4. ਸੋਚ ਵਿਚਾਰ

ਖੋਲ੍ਹੋ ਅੱਖੀਆਂ ਜਰਾ ਹੁਸ਼ੇਆਰ ਹੋਜੋ, ਮੁਸਲਮਾਨ ਹਿੰਦੂ ਹਿੰਦੋਸਤਾਨ ਵਾਲੇ।
ਝੂਠੇ ਝਗੜੇਆਂ ਨੇ ਸਾਡਾ ਨਾਸ ਕੀਤਾ, ਗੋਰੇ ਲੁੱਟਦੇ ਪੁਤ ਸ਼ੈਤਾਨ ਵਾਲੇ।
ਕਈ ਮਸਜਦੀਂ ਬੈਠ ਗੁਜਰਾਨ ਕਰਦੇ, ਕੰਮ ਜਾਨਦੇ ਨਾ ਮੁਸਲਮਾਨ ਵਾਲੇ।
ਕਈ ਮੋਨਧਾਰੀ ਬਨੇ ਸਾਧ ਫਿਰਦੇ, ਜੈਸੇ ਜਾਨਵਰ ਹੈਂ ਬੀਆਵਾਨ ਵਾਲੇ।
ਕਈ ਸਿੰਘ ਸੂਰੇ ਅੱਖਾਂ ਮੀਟ ਬੈਠੇ, ਨਹੀਂ ਜਾਣਦੇ ਕੰਮ ਇੰਨਸਾਨ ਵਾਲੇ।
ਕਈ ਸੰਤ ਮਹਾਤਮਾਂ ਬਨੇ ਫਿਰਦੇ, ਗਲਾਂ ਥੋੜ੍ਹੀਆਂ ਤੋਂ ਘਬਰਾਨ ਵਾਲੇ।
ਉਲਟੇ ਝਗੜਦੇ ਕੁਲ ਜਹਾਨ ਨਾਲੋਂ, ਆਪੇ ਕੈਹਨ ਹਾਂ ਅਸੀਂ ਦੀਵਾਨ ਵਾਲੇ।
ਬਗਲਾ ਡੁਬੇਆ ਹੰਸ ਕੀ ਰੀਸ ਕਰਕੇ, ਨਹੀਂ ਜਾਨਦਾ ਢੰਗ ਤਰ ਜਾਨ ਵਾਲੇ।
ਗਿਆ ਉਲਟ ਜਮਾਨੇ ਦਾ ਰੰਗ ਯਾਰੋ, ਰਹੇ ਵਕਤ ਨਾ ਦੇਰ ਲਗਾਨ ਵਾਲੇ।
ਬੇਈਮਾਨਾਂ ਦੇ ਪੁੱਤ ਸ਼ੈਤਾਨ ਜੇੜ੍ਹੇ, ਭੇਦ ਗੋਰੇਆਂ ਕੋਲ ਬਤਾਨ ਵਾਲੇ।



ਚੁਗਲ ਖ਼ੋਰ ਨੂੰ ਲੁੱਟ ਕੰਗਾਲ ਕਰਨਾ, ਘਰ ਫੂਕ ਦੇਣੇ ਬੇਈਮਾਨ ਵਾਲੇ।
ਹਥ ਕੰਗਨੇ ਮੌਤ ਦੇ ਬੰਨ੍ਹ ਲੈਣੇ, ਜੰਜ ਗੋਰੇਆਂ ਦੇ ਘਰੀਂ ਜਾਨ ਵਾਲੇ।
ਐਸੇ ਆਦਮੀ ਕਰਨ ਗ੍ਰਿਫਤਾਰ ਕਾਨੂੰ, ਜੇੜੇ ਮੌਤ ਕੋਲੋਂ ਡਰ ਜਾਨ ਵਾਲੇ।
ਹਿੰਦੋਸਤਾਨ ਅੰਧੇਰ ਗੁਬਾਰ ਦਿੱਸੇ, ਕਰੋ ਤਿਆਰੀਆਂ, ਸ਼ਮ੍ਹਾ ਜਗਾਨ ਵਾਲੇ।
ਰਹੀ ਬੁਜ਼ਦਿਲਾਂ ਦੀ ਨਹੀਂ ਲੋੜ ਕੋਈ, ਆਓ ਹਥ ਦਾ ਹੁਨਰ ਦਖਲਾਨ ਵਾਲੇ।
ਭੱਜ ਜਾਣਗੇ ਐਸ ਮੈਦਾਨ ਵਿਚੋਂ, ਵਾਂਗ ਔਰਤਾਂ ਦੇ ਡਰ ਜਾਨ ਵਾਲੇ।
ਭਾਈ ਮੇਰੇਓ ਜਰਾ ਖਿਆਲ ਕਰਨਾ, ਰਖੋ ਹੌਸਲਾ ਜੰਗ ਮਚਾਨ ਵਾਲੇ।
ਕਲਮ ਸਿਆਹੀ ਦਾ ਖਾਤਮਾ ਨਹੀਂ ਹੁੰਦਾ, ਨਹੀਂ ਮੁਕਦੇ ਹਰਫ ਜ਼ਬਾਨ ਵਾਲੇ।
ਬਨੋ ਮਰਦ ਗਾਜ਼ੀ ਮੁਸਲਮਾਨ ਸਾਰੇ, ਆਓ ਸਿੰਘ ਸ਼ਹੀਦੀਆਂ ਪਾਨ ਵਾਲੇ।
ਜਾਰਜ ਬਾਦਸ਼ਾਹ ਦਾ ਕਰੋ ਗਰਕ ਬੇੜਾ, ਪਰੈਜੀਡੰਟ ਦੇ ਝੰਡੇ ਝੁਲਾਨ ਵਾਲੇ।
ਪੈਹਲਾਂ ਮਾਰ ਲੈਣਾ ਦੇਸੀ ਕੁਤੇਆਂ ਨੂੰ, ਜੇੜੇ ਗੋਰੇਆਂ ਦੀ ਘਰੀ ਜਾਨ ਵਾਲੇ।
ਗ਼ਦਰ ਪਾਰਟੀ ਨੂੰ ਨਹੀਂ ਲੋੜ ਕੋਈ, ਜੋੜੇ ਆਪਨਾ ਆਪ ਛਪਾਨ ਵਾਲੇ।
ਪਿੰਡਾਂ ਵਾਲਿਓ ਮਾਮਲੇ ਬੰਦ ਕਰ ਲੋ, ਕਰੋ ਤਿਆਰੀਆਂ ਲੁੱਟ ਮਚਾਨ ਵਾਲੇ।
ਜਾਂਦੇ ਬੈਠ ਕੇ ਸੋਚਨਾ ਨਹੀਂ ਚੰਗਾ, ਆਓ ਤੋਪ ਬੰਦੂਕ ਚਲਾਨ ਵਾਲੇ।
ਧੋਖੇ ਵਿਚ ਨਾ ਕਿਸੇ ਦੇ ਮੂਲ ਔਣਾ, ਕਈ ਆਉਣਗੇ ਦਗਾ ਕਮਾਨ ਵਾਲੇ।
ਆਪੋ ਆਪਨੇ ਫਰਜ਼ ਅਦਾ ਕਰੀਏ, ਸਿੰਘੋ ਹਿੰਦੂਓ ਤੇ ਮੁਸਲਮਾਨ ਵਾਲੇ।
ਮਿਲ ਜਾਨ 'ਫਕੀਰ' ਦੇ ਨਾਲ ਬੰਦੇ, ਦੀਨ ਮਜ਼ਹਬ ਦਾ ਭਰਮ ਮਟਾਨ ਵਾਲੇ।

(ਫਕੀਰ, 21-ਮਾਰਚ, 1915)

### 5. ਕੋਰੜਾ ਛੰਦ : ਬੱਬਰ ਗੂੰਜ

**ਬੱਬਰਾਂ ਦਾ ਮੰਤਰ : ਹਿੰਦ ਨੂੰ ਆਜ਼ਾਦ ਬੱਬਰ ਕਰੌਣਗੇ!**

ਬੱਬਰ ਅਕਾਲੀਆਂ ਦਾ ਦਸਾਂ ਹਾਲ ਜੀ, ਕਰ ਕੇ ਖਿਆਲ ਸੁਣੋਂ ਨੌ ਨਿਹਾਲ ਜੀ।
ਗੋਰੀ ਗਵਰਮਿੰਟ ਹੱਥੋਂ ਬੱਬਰ ਅੱਕ ਕੇ, ਆ ਗਏ ਮਦਾਨ ਵਿਚ ਤੇਗ਼ ਚੱਕ ਕੇ।
ਦੁਸ਼ਮਨਾਂ ਨੂੰ ਹੱਥ ਆਪਣੇ ਵਖੌਨਗੇ, ਹਿੰਦ ਨੂੰ ਆਜ਼ਾਦ ਬੱਬਰ ਕਰੌਣਗੇ।
ਫਿਰਦੇ ਝੋਲੀ ਚੁੱਕਾਂ ਦਾ ਸੁਧਾਰ ਕਰਦੇ, ਡਾਕੂਆਂ ਦੇ ਕੋਲੋਂ ਨਹੀਂ ਮੂਲ ਡਰਦੇ।
ਮਾਰ ਮਾਰ ਗੋਲੀ ਛਾਤੀਆਂ ਨੂੰ ਪਾੜਦੇ, ਝੋਲੀ ਚੁੱਕ ਬੈਠੇ ਜੇਹੜੇ ਵਿਚ ਆੜ ਦੇ।
ਜਿੰਨੇ ਦੇਸ਼ ਘਾਤੀ ਜਾਨਾਂ ਤੋਂ ਮੁਕੌਣਗੇ, ਹਿੰਦ ਨੂੰ ਆਜ਼ਾਦ ਬੱਬਰ ਕਰੌਣਗੇ।
ਬੱਬਰ ਕੈਂਹਦੇ ਹਿੰਦ ਵਿਚੋਂ ਗੋਰੇ ਕੱਢਣੇ, ਮਿੱਤਰ ਵੀ' ਦੁਸ਼ਮਣਾਂ ਦੇ ਨਹੀਂ ਛਡਣੇ।
ਕਰਨਾ ਆਜ਼ਾਦ ਅਸੀਂ ਹਿੰਦੁਸਤਾਨ ਨੂੰ, ਨਹੀਂ ਰੈਹਣ ਦੇਣਾ ਕਿਸੇ ਬੇਈਮਾਨ ਨੂੰ।
ਵਿਚੇ ਮਾਰ ਦੇਣੇ ਜੇਹੜੇ ਸਾਨੂੰ ਠੌਣਗੇ, ਹਿੰਦ ਨੂੰ ਆਜ਼ਾਦ ਬੱਬਰ ਕਰੌਣਗੇ।
ਇਕ ਇਕ ਬੱਬਰ ਤੋਂ ਹਜ਼ਾਰਾਂ ਡਰਦੇ, ਕੇਹੜਾ ਦੇਵੇ ਜਾਨ ਭਲਾ ਪਿਛੇ ਪਰ ਦੇ।

ਜਿੰਨੇ ਨੇ ਮੁਲਾਜ਼ਮ ਸਾਰੇ ਕੁੱਤੇ ਖਾਣਦੇ, ਕੌਮੀ ਭਲਿਆਈ ਨੂੰ ਨਹੀਂ ਪਛਾਣਦੇ।
ਇੰਗਲੈਂਡ ਵਿਚ ਵੀ ਸਿਆਪੇ ਪੌਣਗੇ, ਹਿੰਦ ਨੂੰ ਆਜ਼ਾਦ ਬੱਬਰ ਕਰੌਣਗੇ।
ਬੱਬਰ ਕਿਉਂ ਨਾ ਹੋਣ ਡਾਕੂ ਤੰਗ ਕਰਦਾ, ਬੱਬਰ ਹੋਇਆਂ ਬਿਨਾਂ ਨਹੀਂ ਕੰਮ ਸਰਦਾ।
ਬੱਬਰ ਹਜ਼ਾਰਾਂ ਹੋਣੇ ਚਾਹੀਏ ਹੋਰ ਜੀ, ਭਾਰਤ ਉਤੇ ਹੋਂਵਦਾ ਜ਼ੁਲਮ ਘੋਰ ਜੀ।
ਸੂਰਮੇਂ ਜ਼ੁਲਮ ਏਸ ਨੂੰ ਮਟੌਣਗੇ, ਹਿੰਦ ਨੂੰ ਆਜ਼ਾਦ ਬੱਬਰ ਕਰੌਣਗੇ।
ਬੱਬਰਾਂ ਵਿਸਾਰੇ ਪਿਆਰੇ ਘਰਬਾਰ ਜੀ, ਮਾਈ ਬਾਪ ਭਾਈ ਅਤੇ ਭੈਣ ਨਾਰ ਜੀ।
ਦੁਖੀ ਦਿਲ ਕਦੇ ਨਹੀਂ ਸੁਖੀ ਹੋਂਵਦੇ, ਦੁਸ਼ਮਣਾਂ ਦੇ ਅੱਗੇ ਝੱਟ ਜਾ ਖੜੋਂਵਦੇ।
ਬੱਬਰ ਮੁਰੱਬੇ ਕਈਆਂ ਨੂੰ ਦੁਔਣਗੇ, ਹਿੰਦ ਨੂੰ ਆਜ਼ਾਦ ਬੱਬਰ ਕਰੌਣਗੇ।
ਸ਼ਾਂਤੀਮਈ ਬੱਬਰ ਅਸੂਲ ਤੋੜਕੇ, ਛਾਤੀ ਵਿਚ ਮਾਰਦੇ ਹੈਂ ਗੋਲੀ ਜੋੜਕੇ।
ਫਰੰਗੀ ਬੱਬਰਾਂ ਤੋਂ ਵਡਾ ਖੌਫ਼ ਖਾਂਵਦੇ, ਬੱਬਰਾਂ ਦੇ ਪਿਛੇ ਕੁੱਤਿਆਂ ਨੂੰ ਲਾਂਵਦੇ।
ਨਿਮਕ ਹਰਾਮ ਭੀ ਨਾ ਸੁਖੀ ਸੌਣਗੇ, ਹਿੰਦ ਨੂੰ ਆਜ਼ਾਦ ਬੱਬਰ ਕਰੌਣਗੇ।
ਚਾਰ ਜੇ ਹਜ਼ਾਰ ਹੋਵੇ ਬੱਬਰ ਹਿੰਦ ਮੇਂ, ਪਾ ਦੇਵੇ ਭੁਚਾਲ ਇਕ ਪਲ ਬਿੰਦ ਮੇਂ।
ਕਰਨ ਕੀ ਵਚਾਰੇ ਥੋੜ੍ਹੇ ਬੱਬਰ ਸ਼ੇਰ ਵੀ, ਖੋਲ੍ਹੇ ਓਹਨਾਂ ਕੰਨ ਹਿੰਦੀਆਂ ਦੇ ਫੇਰ ਵੀ।
ਛੱਡਣੇ ਨਾਂ ਰਾਗ ਜੋ ਗ਼ੁਲਾਮੀ ਗੌਣਗੇ, ਹਿੰਦ ਨੂੰ ਆਜ਼ਾਦ ਬੱਬਰ ਕਰੌਣਗੇ।
ਦੇਸ਼ ਭਗਤ ਬੱਬਰਾਂ ਦੀ ਵਿਚ ਸ਼ਾਨ ਦੇ, ਕਵਤਾ ਬਣੌਂਦੇ ਵੱਡੇ ਨਾਲ ਮਾਣ ਦੇ।
ਕਿਉਂਕਿ ਬੱਬਰਾਂ ਨੇ ਵਡਾ ਕੰਮ ਚੱਕਿਆ, ਕਰਦਾ ਗ਼ੁਲਾਮੀ ਸਾਰਾ ਹਿੰਦ ਥੱਕਿਆ
ਪਾਣੀ ਵਾਂਗ ਦੋਸ਼ੀ ਦਾ ਲਹੂ ਵਗੌਣਗੇ, ਹਿੰਦ ਨੂੰ ਆਜ਼ਾਦ ਬੱਬਰ ਕਰੌਣਗੇ।
ਬੱਬਰਾਂ ਕੋਲੋਂ ਸਬਕ ਸਿਖੋ ਪਿਆਰਿਓ, ਕਦੇ ਬੱਬਰਾਂ ਨੂੰ ਦਿਲੋਂ ਨਾ ਵਿਸਾਰਿਓ।

## 6. ਅਸੀਂ ਤੇ ਤੁਸੀਂ

**(ਵਲੋਂ ਇਕ ਕਾਲੇ ਪਾਣੀ ਨਿਵਾਸੀ ਦੇਸ਼ ਭਗਤ)**

ਅਸੀਂ ਮਾਰ ਖਾਈਏ ਤੁਸੀਂ ਹੋਰ ਮਾਰੋ, ਅਸੀਂ ਰੋਵੀਏ ਤੇ ਤੁਸੀਂ ਹਸਦੇ ਓ।
ਅਸੀਂ ਤੜਫ ਜਾਗੇ ਤੁਸੀਂ ਮਸਤ ਸੁੱਤੇ, ਅਸੀਂ ਪਕੜਦੇ ਹਾਂ ਤੁਸੀਂ ਨਸਦੇ ਓ।
ਨੱਕ ਨਾਲ ਲੀਕਾਂ ਅਸੀਂ ਕੱਢਦੇ ਹਾਂ, ਗੱਲਾਂ ਤਿਖੀਆਂ ਨਾਲ ਅਗੋਂ ਡਸਦੇ ਓ।
ਅਸੀਂ ਤੜਫਦੇ ਲੁੱਛਦੇ ਜ਼ਿਮੀ ਉਤੇ, ਤੁਸੀਂ ਵਿਚ ਹੋਠਾਂ ਉਤੋਂ ਹਸਦੇ ਓ।
ਅਸੀਂ ਮੂੰਹ ਤੁਸਾਡੜਾ ਤੱਕਦੇ ਹਾਂ, ਤੁਸੀਂ ਤੀਰ ਕਮਾਨ ਚੋਂ ਕਸਦੇ ਓ।
ਅਸੀਂ ਬਿਰਹੋਂ ਦੇ ਵਿਚ ਬੀਮਾਰ ਪੈ ਗਏ, ਤੁਸੀਂ ਮਕਰ ਫਰੇਬ ਹੀ ਦਸਦੇ ਓ।
ਸਾਨੂੰ ਬੰਨ੍ਹਿਆਂ ਜੇ ਨਾਲ ਸੰਗਲਾਂ ਦੇ, ਤੁਸੀਂ ਕਦੋਂ ਹੋਏ ਸਾਡੇ ਵਸ ਦੇ ਓ।
ਅਸੀਂ ਆਪਣੀ ਅਕਲ ਗਵਾ ਬੈਠੇ, ਰਾਹ ਤੁਸੀਂ ਭੀ ਕੋਈ ਨਾ ਦਸਦੇ ਓ।
ਲੋਕ ਟਿਚਕਰਾਂ ਕਰਦੇ ਨੇ ਦੇਖ ਕਮਲਾ, ਤੁਸੀਂ ਨਾਲ ਲੋਕਾਂ ਰਲ ਕੇ ਹੱਸਦੇ ਓ।
ਪ੍ਰੇਮ ਫਾਹੀਆਂ ਲਾਈਆਂ ਬਹੁਤ ਭਾਵੇਂ, ਤੁਸੀਂ ਕਿਸੇ ਦੇ ਵਿਚ ਨਾ ਫਸਦੇ ਓ।



ਅਸੀਂ ਆਪਣਾ ਹਾਲ ਬੇਹਾਲ ਕੀਤਾ, ਤੁਸੀਂ ਮੁੰਡਿਆਂ ਦੀ ਖੇਡ ਦਸਦੇ ਓ।
ਅਸੀਂ ਆਖਿਆ ਮਾਰ ਮੁਕਾ ਸਾਨੂੰ, ਤੁਸੀਂ ਤੜਫਦਾ ਵੇਖ ਵਿਗਸਦੇ ਓ।

(ਅਪਰੈਲ-1929)

## 7. ਹਿੰਦੋਸਤਾਨ ਗ਼ਦਰ

**ਦਿੱਲੀ ਲੈਣ ਦੀ ਦਿਲੀ ਮੁਰਾਦ ਪੂਰੀ**
**ਹੋਊ ਤੇਗ਼ ਜਦੋਂ ਬੇਕਰਾਰ ਚਮਕੀ।**

ਗੱਲਾਂ ਨਾਲ ਜੇ ਮੁਲਕ ਆਜ਼ਾਦ ਹੋਣਾ, ਦੇਸ਼ ਹਿੰਦ ਦਾ ਰਹੇ ਗ਼ੁਲਾਮ ਕਾਹਨੂੰ।
ਕਲਮ ਦੁਸ਼ਮਣ ਦਾ ਸੀਸ ਜੇ ਕਲਮ ਕਰਦੀ, ਕੋਈ ਲਵੇ ਤਲਵਾਰ ਦਾ ਨਾਮ ਕਾਹਨੂੰ।
ਝਗੜੇ ਰੋਕਦੀ ਨੇਕ ਜ਼ਬਾਨ ਜੇ ਕਰ, ਵਿਚ ਜੰਗ ਮਰਦੇ ਲੋਕੀਂ ਆਮ ਕਾਹਨੂੰ।
ਸਾਫ਼ ਦਿਲਾਂ ਨੂੰ ਅਦਲ ਇਨਸਾਫ਼ ਰੱਖੇ, ਢਟੇ ਫਿਰਨ ਫਿਰ ਬੇਲਗਾਮ ਕਾਹਨੂੰ।
ਖੇਤੀ ਬਣਜ ਸੁਨੇਹੀਂ ਜੇ ਕਰੇ ਕੋਈ, ਤੇਤੀ ਬਤੀਓਂ ਕਿਨੇ ਕਮਾਏ ਨਾਹੀਂ।
ਗੱਲੀਂ ਕੋਟ ਨਾ ਉਸਰੇ, ਨਾਲ ਲਫਜ਼ਾਂ ਕਿਨੇ ਦੇਸ਼ ਆਜ਼ਾਦ ਕਰਾਏ ਨਾਹੀਂ।

ਲਿਆ ਰਾਜ ਅਮਰੀਕਾ ਨੇ ਲਾਜ ਰਖੀ, ਵਾਸ਼ਿੰਗਟਨ ਦੀ ਜਦੋਂ ਤਲਵਾਰ ਚਮਕੀ।
ਜ਼ਾਰ ਖਵਾਰ ਤੇ ਬੁਰਾ ਬੇਜ਼ਾਰ ਹੋਇਆ, ਦੁਖੀ ਦਿਲਾਂ ਦੀ ਬਿਜਲੀ ਦੀ ਤਾਰ ਚਮਕੀ।
ਆਇਰਲੈਂਡ ਦੀ ਆਰਜ਼ੂ ਹੋਈ ਪੂਰੀ, ਡੀਵਲੇਰਾ ਦੀ ਜਦੋਂ ਕਟਾਰ ਚਮਕੀ।
ਦਿੱਲੀ ਲੈਣ ਦੀ ਦਿਲੀ ਮੁਰਾਦ ਪੂਰੀ, ਹੋਊ ਤੇਗ਼ ਜਦੋਂ ਬੇਕਰਾਰ ਚਮਕੀ।
ਦੁਸ਼ਮਣ ਦੇਸ ਦੀ ਪੇਸ਼ ਜੋ ਪਿਆ ਸਾਡੇ, ਲੋਗ ਦੇਸ਼ ਦੇ ਪਰ ਕਮ-ਖਾਅਬ ਹੈ ਨਹੀਂ।
ਪੱਥਰ ਇੱਟ ਦਾ ਜਿਸ ਤਰ੍ਹਾਂ ਲੋਕ ਦਿੰਦੇ, ਦੇਣਾ ਆਉਂਦਾ ਅਸਾਂ ਜਵਾਬ ਹੈ ਨਹੀਂ।

(ਸਾਫਗੋ-1929)

## 8. ਬੇਕਾਰੀ

**(ਇਕ ਹਿੰਦੁਸਤਾਨੀ ਬੀ.ਏ. ਪਾਸ ਦੀ ਦੁਰਦਸ਼ਾ)**

ਬੈਠਾ ਹੋਇਆ ਇਕ ਪੁਲ ਦੀ ਡਾਟ ਉਤੇ, ਚੜ੍ਹਦੀ ਉਮਰ ਦਾ ਇਕ ਜਵਾਨ ਡਿੱਠਾ।
ਕਰਦਾ ਜ਼ਾਰੀਆਂ ਤੇ ਭਰਦਾ ਆਹਾਂ ਹੈਸੀ, ਧੌਣ ਸੁੱਟ ਬੈਠਾ ਨਿਮੋਝਾਣ ਡਿੱਠਾ।
ਬੜਾ ਜ਼ਿੰਦਗੀ ਤੋਂ ਅਵਾਜ਼ਾਰ ਜਾਪੇ, ਪੀਲਾ ਭੂਕ ਮੂੰਹ ਤੋੜਦਾ ਜਾਨ ਡਿੱਠਾ।
ਡੁੱਬਾ ਗ਼ਮਾਂ ਤੇ ਫਿਕਰ ਦੇ ਵਿਚ ਹੈਸੀ ਮੈਲਾ ਵੇਸ ਤੋਂ ਬੜਾ ਹੈਰਾਨ ਡਿੱਠਾ।
ਪਿਆ ਝੂਰਦਾ ਸੀ ਕਿਸੇ ਖ਼ਿਆਲ ਅੰਦਰ, ਨਾਲ ਦਿਲ ਦੇ ਗੀਟੀਆਂ ਗਿਣ ਰਿਹਾ ਸੀ।
ਇਵੇਂ ਜਾਪਦਾ ਸੀ ਜਿਵੇਂ ਦੁੱਖ ਬਹੁਤਾ, ਬੈਠਾ ਦੁਖੜਿਆਂ ਦੇ ਬੋਹਲ ਮਿਣ ਰਿਹਾ ਸੀ।
ਉਹਨੂੰ ਪੁੱਛਿਆ ਬੀਬਿਆ ਦਸ ਮੈਨੂੰ, ਕੇਹੜੇ ਦੁਖ ਤੇਰਾ ਐਸਾ ਹਾਲ ਕੀਤਾ।
ਫੁਟ ਫੁਟ ਰੋਇਆ ਅਗੋਂ ਕਹਿਣ ਲਗਾ, ਦੁੱਖਾਂ ਦੁਖੀ ਮੇਰਾ ਵਾਲ ਵਾਲ ਕੀਤਾ।

ਬੀ. ਏ. ਪਾਸ ਹਾਂ ਨੌਕਰੀ ਮਿਲੀ ਨਾਹੀਂ, ਧਕੇ ਪਏ ਜਿੱਥੇ ਜਾ ਸਵਾਲ ਕੀਤਾ।
ਫਿਰਦਾ ਰਿਹਾ ਬੇਕਾਰੀ ਦਾ ਧੱਕਿਆ ਮੈਂ, ਕਿਸੇ ਜਗਾ ਨਾ ਰਤਾ ਰਵਾਲ ਕੀਤਾ।
ਇਨ੍ਹਾਂ ਦੁਖਾਂ ਤੋਂ ਬਚ ਕੇ ਜਾਂ ਕਿਧਰ, ਕੋਈ ਜਾਣ ਦਾ ਲੱਭੇ ਨਾ ਰਾਹ ਮੈਨੂੰ।
ਨਿਕਲੇ ਜਾਨ ਨ ਰਤਾ ਅਰਮਾਨ ਆਵੇ, ਡਾਢੇ ਪਏ ਮੁਸੀਬਤਾਂ ਢਾਹ ਮੈਨੂੰ।

## 9. ਗ਼ਦਰ ਪਾਰਟੀ ਦੀਆਂ ਕਾਂਗਰਸ ਨਾਲ ਦੋ ਗੱਲਾਂ
## ("ਆਜ਼ਾਦ" ਦੀਆਂ ਵਿਚਾਰਾਂ)

ਮੈਂ ਦੱਸਿਆ ਸਾਰਿਆਂ ਹਿੰਦੀਆਂ ਨੂੰ, ਸਿੱਧਾ ਰਾਹ ਆਜ਼ਾਦੀ ਵਲ ਜਾਏ ਕਿਹੜਾ।
ਕਾਂਗਰਸ ਬੜੀ ਚਾਤਰ ਮੋੜੀ ਗਲ ਵਲ ਕੇ, 'ਮੇਰੇ ਪੇਚ ਚੋਂ ਭਲਾ ਬਚ ਜਾਏ ਕਿਹੜਾ।
ਲੋੜ ਪਈ ਕੀ ਜ਼ਹਿਰ ਉਸ ਦੇਵਣੇ ਦੀ, ਗੁੜ ਦਿੱਤਿਆਂ ਭਲਾ ਮਰ ਜਾਏ ਜਿਹੜਾ।
ਬਾਈਕਾਟ ਅਰ ਸ਼ਾਂਤੀ ਦੀ ਤੋਪ ਅੱਗੇ, ਕਿਲ੍ਹਾ ਨਹੀਂ ਕੋਈ ਢੱਠ ਨਾ ਜਾਏ ਜਿਹੜਾ।

ਤੇਰੀ ਲੋੜ੍ਹੇ ਦੀ ਏਸ ਦਲੀਲ ਅੱਗੇ, ਸਭਨਾ ਬੁਜ਼ਦਿਲਾਂ ਸੀਸ ਨਿਵਾ ਦਿੱਤਾ।
ਖਤਰਾ ਜਾਨ ਦਾ ਨਾ ਪੈਸਾ ਖਰਚਨਾ ਨਾ, ਕਾਵਾਂ ਰੌਲੀ ਦੀ ਜੰਗ ਮਚਾ ਦਿੱਤਾ।
ਅਜਿਹੇ ਜੰਗ ਚਿ ਕੌਣ ਨਾ ਹੋਏ ਸ਼ਾਮਲ, ਹਮਾ ਤੁਮਾ ਨੇ ਬੜ੍ਹਕ ਸੁਨਾ ਦਿੱਤਾ।
ਪਾਣੀ ਫਿਰ ਗਿਆ ਸਾਰੀਆਂ ਨੀਤੀਆਂ ਤੇ, ਇਰਵਨ ਕੱਢ ਜਦ ਠੂਠ ਵਿਖਾ ਦਿਤਾ।
ਤੇਰੀ ਆਸ ਤੇ ਵਿਲ੍ਹਕਦੇ ਰਹੇ ਹਿੰਦੀ, ਹੁਣ ਮੈਂ ਆਪਣਾ ਨਾਦ ਵਜਾ ਦਿਆਂਗੀ।
ਚਾਲਾਂ ਤੇਰੀਆਂ ਹੋਗੀਆਂ ਫੇਲ ਸਭੇ, ਹੁਣ ਫਿਰ ਦੇਸ਼ ਹਲੂਣ ਜਗਾ ਦਿਆਂਗੀ।
ਸਾਰੀ ਕੱਢ ਕੇ ਬੁਜ਼ਦਿਲੀ ਹਿੰਦੀਆਂ ਦੀ, ਸੱਚੇ ਰਾਹ ਆਜ਼ਾਦੀ ਦੇ ਪਾ ਦਿਆਂਗੀ।
ਪਹੁੰਚ 'ਗ਼ਦਰ ਦੀ ਗੂੰਜ' ਵਿਚ ਦੇਸ਼ ਸਾਰੇ, ਡਗਾ ਯੁੱਧ ਦੇ ਢੋਲ ਤੇ ਲਾ ਦਿਆਂਗੀ।
ਜੇ ਤੂੰ ਵਰਜਦੀ ਨਾ ਮੈਨੂੰ ਟੋਕਦੀ ਨਾ, ਹੁਣ ਨੂੰ ਦੇਸ਼ ਆਜ਼ਾਦ ਸੀ ਹੋਇਆ ਹੋਣਾ।
ਵਗਦਾ ਖ਼ੂਨ ਪਰ ਕਦੇ ਦਾ ਦਾਗ ਗੰਦਾ, ਸੀਗਾ ਏਸ ਗ਼ੁਲਾਮੀ ਦਾ ਧੋਇਆ ਹੋਣਾ।
ਸਾਨੂੰ ਰਖਿਆ ਸ਼ਾਂਤ ਦਲਾਸਿਆਂ ਨੇ, ਨਹੀਂ ਕੁਛ ਹੋਰ ਦਾ ਹੋਰ ਸੀ ਹੋਇਆ ਹੋਣਾ।
ਸੀਨੇ ਅਸਾਂ ਭਰਾਵਾਂ ਦੇ ਕਾਤਲਾਂ ਦੇ, ਨਾਲ ਗੁਮਰ ਸੀ ਛੁਰਾ ਖਭੋਇਆ ਹੋਣਾ।

## 10. ਸਿਤਮਗਰ ਢੋਂਦੇ ਸਿਤਮ ਯਾਰ ਬਣ ਕੇ

ਲੋਹੇ ਨਾਲ ਹੀ ਲੋਹੇ ਨੂੰ ਜ਼ਰਬ ਔਂਦੀ, ਖ਼ੂਨ ਖਵਾਰ ਨਾਲ ਲੜੋ ਖ਼ੂਨ ਖਵਾਰ ਬਣ ਕੇ।
ਖਾਲੀ ਧਮਕੀਆਂ ਨਾਲ ਨਾ ਸੱਟ ਵਜਦੀ, ਲੜੋ ਦੁਸ਼ਮਣਾਂ ਨਾਲ ਤਲਵਾਰ ਬਣ ਕੇ।
ਜੇਹੜੇ ਆਖਦੇ ਅੱਜ ਨਾਮਰਦ ਥੋਨੂੰ, ਦੱਸੋ ਉਨ੍ਹਾਂ ਨੂੰ ਮਰਦ ਇਕ ਵਾਰ ਬਣ ਕੇ।
ਸੁੱਟੇ ਪਿਛਲੀਆਂ ਰੀਤੀਆਂ ਖੂਹ ਅੰਦਰ, ਚਲੋ ਅੱਜ ਦੇ ਸਮੇਂ, ਅਨੁਸਾਰ ਬਣ ਕੇ।
ਲੱਖਾਂ ਦੁਸ਼ਮਣਾਂ ਤੋਂ ਬੁਰਾ ਇਕ ਭੇਤੀ, ਬੇੜਾ ਗਰਕ ਕਰ ਸੁੱਟੇ ਗਦਾਰ ਬਣ ਕੇ।
ਨਹੀਂ ਗਿਲਾ ਬੇਵਫ਼ਾ ਤੇ, ਹੈ ਲੇਕਨ ਕਰੇ ਬੇਵਫ਼ਾਈ, ਵਫ਼ਾਦਾਰ ਬਣ ਕੇ।



ਧੋਖੇ ਦੇਂਦੀਆਂ ਇਹ ਸ਼ਕਲਾਂ ਭੋਲੀਆਂ ਭੀ, ਠਗੀ ਕਰਦੀਆਂ ਦਿਲ ਦਿਲਦਾਰ ਬਣ ਕੇ।
'ਹਮਦਮ' ਬੀਤੀਆਂ ਦਸਦਾ ਜਗ ਤਾਈਂ, ਸਿਤਮਗਾਰ ਢੋਂਦੇ ਸਿਤਮ ਯਾਰ ਬਣ ਕੇ।
(ਹਮਦਮ, ਮਾਰਚ-1930)

## 11. ਬਿਨਾਂ ਗ਼ਦਰ ਨਾ ਮੁਲਕ ਅਜ਼ਾਦ ਹੁੰਦੇ
## ਸਾਰੀ ਦੁਨੀਆਂ ਦੀ ਹਿਸਟਰੀ ਫੋਲ ਦੇਖੋ

ਹਿੰਦੋਸਤਾਨ ਦੇ ਗ਼ਦਰੀਓ ਉਠੋ ਜਲਦੀ, ਸੋਹਣਾ ਵਕਤ ਹੈ ਜੰਗ ਮਚਾਵਣੇ ਦਾ।
ਸਮਾਂ ਬੀਤਿਆ ਹੱਥ ਮੁੜ ਨਹੀਂ ਔਂਦਾ, ਵੇਲਾ ਏਹੀ ਸ਼ਹੀਦੀਆਂ ਪਾਵਣੇ ਦਾ।
ਕਾਲਾ ਦਾਗ ਜੋ ਮੱਥੇ ਤੇ ਲਗਾ ਸਾਡੇ, ਮੌਕਾ ਆਗਿਆ ਏਸ ਨੂੰ ਲ੍ਹਾਵਣੇ ਦਾ।
ਕਰ ਹੌਂਸਲਾ ਵਿਚ ਮਦਾਨ ਆਵੋ, ਵਕਤ ਗੀਤ ਅਜ਼ਾਦੀ ਦੇ ਗਾਵਣੇ ਦਾ।
ਡਾਢ੍ਹਾ ਹਾਲ ਮੰਦਾ ਬੁੱਧੀ ਹੀਣ ਹੋਏ, ਤਾਹੀਂ ਮਰਦੇ ਨਾਲ ਬੀਮਾਰੀਆਂ ਦੇ।
ਲੜਨ ਮਰਨ ਦੀ ਰੀਤ ਭੁਲਾ ਬੈਠੇ, ਠੇਡੇ ਖਾਮਦੇ ਹੋ ਪੂੰਜੀਦਾਰੀਆਂ ਦੇ।
ਬੱਚੇ ਸੱਪਾਂ ਦੇ ਮਿੱਤ ਨਾ ਕਦੀ ਹੁੰਦੇ, ਦੁਧ ਪਾ ਕੇ ਕਾਸ ਨੂੰ ਪਾਲਦੇ ਹੋ।
ਡੰਗ ਮਾਰਨੋ ਮੂਲ ਨਾ ਹਟੇ ਜ਼ਾਲਮ, ਜਕੜੇ ਵਿਚ ਗੁਲਾਮੀ ਦੇ ਜਾਲਦੇ ਹੋ।
ਅਜੇ ਸੰਭਲੋ ਹੋਸ਼ ਦੇ ਵਿਚ ਆਵੋ, ਦੱਸੋ ਜ਼ਾਲਮਾਂ ਤੋਂ ਕੀ ਹੁਣ ਭਾਲਦੇ ਹੋ।
ਉਮਰ ਜੇਹਲ ਤੋਂ ਫਾਂਸੀ ਲਟਕਾਏ ਕਿਰਤੀ, ਅਮੋਲਕ ਜਨਮ ਹੀਰਾ ਏਮੇ ਗਾਲਦੇ ਹੋ।
ਜੇਕਰ ਉਹ ਇਨਸਾਨ ਤੇ ਅਸੀਂ ਭੀ ਹਾਂ, ਧੱਕੇ ਕਾਸਨੂੰ ਉਨ੍ਹਾਂ ਤੋਂ ਅਸੀਂ ਖਾਈਏ।
ਸੀਗੇ ਸ਼ੇਰ ਭਰ ਗਧੇ ਦੀ ਛੱਟ ਪਾਈ, ਅੰਧ ਘੋਰ ਗੁਲਾਮੀ ਦਾ ਜਸ ਗਾਈਏ।
ਸਾਡੇ ਵਿਚ ਦੀਮਾਗੜੇ ਅਕਲ ਹੁੰਦੀ, ਕਦੀ ਜ਼ਾਲਮਾਂ ਦੇ ਹੱਥ ਆਮਦੇ ਨਾ।
ਅਕਲ ਆਪਣੀ ਨੂੰ ਜਿੰਦਾ ਲਾ ਪੱਕਾ, ਕੁੰਜੀ ਹੱਥ ਫਰੰਗ ਫੜਾਮਦੇ ਨਾ।
ਹੋਸ਼ ਆਪਣੀ ਨੂੰ ਜੇ ਕਰ ਕੈਮ ਰੱਖਦੇ, ਸਾਰੇ ਜੱਗ ਵਿਚ ਠੋਕਰਾਂ ਖਾਮਦੇ ਨਾ।
ਡੈਮ ਫੂਲ ਕੁਲੀ ਡਰਟੀ ਕੈਹਣ ਗੋਰੇ, ਮੋਹਰੇ ਇਨਾਂ ਦੇ ਦੁੰਬ ਹਲਾਮਦੇ ਨਾ।
ਜੇ ਕਰ ਹੁਣ ਭੀ ਸੁਰਤ ਸੰਭਾਲ ਲਈਏ, ਹਿੰਦ ਰੱਖ ਲਈਏ ਇਨ੍ਹਾਂ ਜ਼ਾਲਮਾ ਤੋਂ।
ਧੋਖੇ ਨਾਲ ਇਹ ਜੜ੍ਹਾਂ ਨੂੰ ਪੁੱਟਦੇ ਨੇ, ਬਚਣਾ ਹਿੰਦੀਓ ਦਗੇ ਦੇ ਆਲਮਾ ਤੋਂ।
ਹਿੰਦੋਸਤਾਨ ਦੇ ਖ਼ੂਨ ਦੇ ਅਸੀਂ ਕਤਰੇ, ਭਾਰਤ ਮਾਤਾ ਨੂੰ ਅਸੀਂ ਅਜ਼ਾਦ ਕਰਨਾ।
ਭਮੇਂ ਲੱਖ ਮੁਸੀਬਤਾਂ ਪੈਣ ਸਿਰ ਤੇ, ਹੋ ਕੇ ਬੀਰ ਜੋਧੇ ਹੈ ਅਬਾਦ ਕਰਨਾ।
ਪਾਣੀ ਪਾਵਣਾ ਸੁੱਕਿਆਂ ਬੂਟਿਆਂ ਨੂੰ, ਰੱਤ ਬਹਾ ਕੇ ਫਲ ਸੁਵਾਦ ਕਰਨਾ।
ਪਿਛਲੇ ਰਸਮ ਰਵਾਜ ਭੁਲਾਏ ਜੇਹੜੇ, ਉਨ੍ਹਾਂ ਸਾਰਿਆਂ ਨੂੰ ਯਾਦ ਆਦ ਕਰਨਾ।
ਬਿਨਾਂ ਗਦਰ ਨਾ ਮੁਲਕ ਅਜ਼ਾਦ ਹੁੰਦੇ, ਸਾਰੀ ਦੁਨੀਆਂ ਦੀ ਹਿਸਟਰੀ ਫੋਲ ਦੇਖੋ।
ਸਮਾਂ ਨੰਘਦਾ ਜਾਮਦਾ "ਜਾਚਕਾ" ਓਏ, ਜਾਗੋ ਹਿੰਦ ਵਾਸੀ ਅੱਖਾਂ ਖੋਲ ਦੇਖੋ।

### 12. ਭਗਤ ਸਿੰਘ, ਰਾਜ ਗੁਰੂ, ਸੁਖਦੇਵ ਦਾ ਭਾਰਤ ਵਰਸ਼ ਨੂੰ ਫਾਂਸੀ ਦੇ ਤਖਤੇ ਤੇ ਆਖਰੀ ਪੈਗਾਮ

ਲੈ ਨੀ ਅੰਮੀਏਂ ਅਸੀਂ ਤਿਆਰ ਬੈਠੇ, ਸਾਡਾ ਆਖਰੀ ਅੱਜ ਸਲਾਮ ਤੈਨੂੰ।
ਰੈਹ ਗਏ ਮੱਭੜੇ ਦਿਲਾਂ ਦੇ ਦਿਲਾਂ ਅੰਦਰ, ਛੱਡ ਚਲੇ ਹਾਂ ਮਾਤਾ ਗ਼ੁਲਾਮ ਤੈਨੂੰ।
ਆਪਾ ਵਾਰ ਦਿਤੈ ਕਈਆਂ ਸੂਰਿਆਂ ਨੇ, ਅੜੀਏ ਕਰਨ ਬਦਲੇ ਨੇਕ ਨਾਮ ਤੈਨੂੰ।
ਭਾਰਤ ਮਾਤ ਨਿਕਰਮਣੇ ਭਾਗ ਤੇਰੇ, ਕੈਹੰਦੇ ਗਏ ਨੇ ਏਹ ਕਲਾਮ ਤੈਨੂੰ।
ਸਤਵੰਜੇ ਵਿਚ ਅਜ਼ਾਦੀ ਦਾ ਨਾਦ ਵੱਜਾ, ਤੋੜਨ ਲਈ ਗ਼ੁਲਾਮੀ ਦੇ ਸੰਗਲਾਂ ਨੂੰ।
ਨਾਨਾ ਸਾਹਿਬ ਨੇ ਹੱਥ ਕਮਾਨ ਲੈ ਕੇ, ਮਾਤ ਕਰ ਦਿੱਤਾ ਜੰਗੀ ਦੰਗਲਾਂ ਨੂੰ।
ਜਨਰਲ ਬਣੀ ਆ ਕੇ ਖੰਡਾ ਫੜ ਝਾਂਸੀ, ਜੰਗਲ ਵਿਚ ਬਨਾਉਣ ਲਈ ਮੰਗਲਾਂ ਨੂੰ।
ਤਾਂਤੇ ਤੋਪੀਆ ਹੋਏ ਸ਼ਹੀਦ ਉਥੇ, ਭੁੱਖੇ ਮਰਦਿਆਂ ਦੇਖ ਕੇ ਕੰਗਲਾਂ ਨੂੰ।
ਐਪਰ ਤੇਰੀਆਂ ਬੇੜੀਆਂ ਟੁੱਟੀਆਂ ਨਾ, ਚਾਚਾ ਦੇਸ਼ ਪਰਦੇਸ ਰੁਲਾ ਦਿਤਾ।
ਤੇਰੇ ਪ੍ਰੇਮ ਦੀ ਲਗਨ ਕਰਤਾਰ ਲੱਗੀ, ਸਣੇ ਪਿੰਗਲੇ ਮਿਟੀ ਮਲਾ ਦਿਤਾ।
ਬੱਬਰ ਬੰਬ ਮਾਰੇ ਮਾਤਾ ਅਣਖ ਪਿੱਛੇ, ਮੰਡਲ ਦਾਸ ਦੀ ਭੁੱਖ ਹਲਾ ਦਿਤਾ।
ਲੈ ਹੁਣ ਸੀਸ ਦੀ ਫੀਸ ਹਾਂ ਦੇਣ ਲੱਗੇ, ਮਤੇ ਕਹੇਂ ਤੂੰ ਮੈਨੂੰ ਭੁਲਾ ਦਿਤਾ।
ਵਿਦਾ ਕਰ ਸਾਨੂੰ ਪਿਛੋਂ ਹੋਰ ਆਉਂਦੇ, ਜਾਗ ਪਏ ਮਾਤਾ ਨੇ ਜੁਵਾਨ ਮੁੰਡੇ।
ਨਹੀਂ ਹੋਈ ਆਸ਼ਕ ਬੁੱਢੇ ਨੀਂਗਰਾਂ ਤੇ, ਵਰ ਲਿਆਉਣ ਓਹਨੂੰ ਪੈਹਲਵਾਨ ਮੁੰਡੇ।
ਧਰਤੀ ਜਾਊ ਛਿੜਕੀ ਖ਼ੂਨ ਡੋਲ ਰੱਤਾ, ਮੇਟ ਦੇਣਗੇ ਕਾਲੇ ਨਸ਼ਾਨ ਮੁੰਡੇ।
ਰਾਤੋ ਰਾਤ ਪ੍ਰਾਧੀਨਤਾ ਨੱਸ ਜਾਊ, ਜਦੋਂ ਫੜਨਗੇ ਹੱਥ ਕੁਮਾਨ ਮੁੰਡੇ।
ਸ਼ੁਕਰ ਅਸਾਂ ਦਾ ਫਰਜ਼ ਅਦਾ ਹੋਇਆ, ਜਾਂਦੀ ਵਾਰ ਅੱਜ ਹੱਸ ਕੇ ਤੋਰ ਮਾਤਾ।
ਤੇਰੇ ਪ੍ਰੇਮ ਬਦਲੇ ਅੜੀਏ ਮਿਲੇ ਹੂਟੇ, ਗੈਰ ਕੈਹਣ ਸਾਨੂੰ ਖ਼ੂਨੀ ਚੋਰ ਮਾਤਾ।
ਅਸੀਂ ਤੁਰੇ ਜਾਂਦੇ ਤੇਰਾ ਰੱਬ ਬੇਲੀ, ਬੁੱਢੇ ਪਾਉਣ ਐਵੇਂ ਫੋਕਾ ਸ਼ੋਰ ਮਾਤਾ।
ਲਾਹ ਦੇ ਆਸ ਉਮੈਦ ਹੁਣ ਕਾਂਗਰਸ ਦੀ, ਖ਼ੂਨ ਡੋਲ ਸੇਵਾ ਕਰਸਨ ਹੋਰ ਮਾਤਾ।


**ਪੰਜਾਬੀ ਲੋਕਧਾਰਾ ਸਮੀਖਿਆ**
**ਡਾ. ਕਰਮਜੀਤ ਸਿੰਘ**
ਪੰਨੇ 160, ਮੁੱਲ 200/-
**ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਦੇਵਿੰਦਰ ਸਤਿਆਰਥੀ ਦਾ ਲੋਕ-ਕਾਵਿ ਸ਼ਾਸਤਰ
**ਗੁਰਬਚਨ ਕੌਰ**
**ਮਨਪ੍ਰੀਤ ਪ੍ਰਕਾਸ਼ਨ, ਦਿੱਲੀ**




# ਗ਼ਦਰ ਕਾਵਿ-ਪੁਨਰ-ਮੁਲਾਂਕਣ

ਡਾ. ਪ੍ਰੀਤਮ ਸਿੰਘ ਕੈਂਬੋ

ਸਾਹਿਤ ਤੇ ਜ਼ਿੰਦਗੀ ਦਾ ਅਟੁੱਟ ਰਿਸ਼ਤਾ ਹੈ। ਜੀਵਨ ਸਾਹਿਤ ਦਾ ਕੱਚਾ ਮਸਾਲਾ ਹੈ ਜਿਸ ਨੂੰ ਕਲਾਕਾਰ ਆਪਣੀ ਕਲਾ ਵਿਚ ਢਾਲ ਕੇ ਪੇਸ਼ ਕਰਦਾ ਹੈ। ਸਾਹਿਤ ਕੇਵਲ ਜ਼ਿੰਦਗੀ ਨਾਲ ਹੀ ਸੰਬੰਧਿਤ ਨਹੀਂ, ਸਗੋਂ ਇਹ ਸਮਾਜ ਨਾਲ ਵੀ ਸੰਬੰਧਿਤ ਹੈ। ਸਮਾਜ ਸਾਹਿਤ ਨੂੰ ਭਿੰਨ-ਭਿੰਨ ਤਰੀਕਿਆਂ ਨਾਲ ਪ੍ਰਭਾਵਿਤ ਕਰਦਾ ਹੈ। ਇਸ ਲਈ ਸਮਾਜ ਤੇ ਸਾਹਿਤ ਦਾ ਰਿਸ਼ਤਾ ਅਟੁੱਟ ਹੈ। ਰਾਜਨੀਤੀ ਦਾ ਵੀ ਸਮਾਜ 'ਤੇ ਪ੍ਰਭਾਵ ਪੈਂਦਾ ਹੈ। ਰਾਜਨੀਤਿਕਤਾ ਦੇ ਵੀ ਕਈ ਪਹਿਲੂ ਹਨ। ਜਦੋਂ ਕੋਈ ਬਿਦੇਸ਼ੀ ਸ਼ਕਤੀ ਕਿਸੇ ਮੁਲਕ 'ਤੇ ਜਬਰੀ ਕਬਜ਼ਾ ਕਰ ਲੈਂਦੀ ਹੈ ਤਾਂ ਉਸ ਦੇਸ਼ ਦੇ ਲੋਕ ਇਕਮੁੱਠ ਹੋ ਕੇ ਜਦੋ-ਜਹਿਦ ਕਰਦੇ ਹਨ। ਇਹ ਜਦੋ-ਜਹਿਦ ਸਾਹਿੱਤ ਵਿਚ ਵੀ ਪਰਵਿਰਤ ਹੁੰਦੀ ਹੈ। ਲੋਕ ਇਸ ਸੰਘਰਸ਼ ਲਈ ਭਿੰਨ-ਭਿੰਨ ਜੱਥੇਬੰਦੀਆਂ ਤੇ ਪਾਰਟੀਆਂ ਸਿਰਜਦੇ ਹਨ ਤਾਂ ਕਿ ਸੰਘਰਸ਼ ਨੂੰ ਬਲ ਮਿਲ ਸਕੇ। ਇਸ ਤਰ੍ਹਾਂ ਰਾਜਨੀਤਕ ਸੰਘਰਸ਼ ਰਾਹੀਂ ਚੇਤੰਨਤਾ ਪੈਦਾ ਹੁੰਦੀ ਹੈ। ਰਾਜਨੀਤਕ ਲੇਖਕ ਤੱਥਾਂ, ਖਿਆਲਾਂ ਤੇ ਜਜ਼ਬਿਆਂ ਨੂੰ ਆਪਣੀ ਲੇਖਣੀ ਰਾਹੀਂ ਪ੍ਰਗਟ ਕਰਦਾ ਹੈ ਤੇ ਲੋਕਾਂ 'ਤੇ ਪ੍ਰਭਾਵ ਪਾਉਂਦਾ ਹੈ। ਉਸ ਦੀਆਂ ਲਿਖਤਾਂ ਸਮਾਜਿਕ ਸਮੱਸਿਆਵਾਂ ਦੀ ਆਵਾਜ਼ ਹੁੰਦੀਆਂ ਹਨ। ਅਜਿਹੇ ਸਮਾਜਿਕ ਪ੍ਰਭਾਵ ਰਾਜਨੀਤਕ ਚੇਤੰਨਤਾ ਵੀ ਪੈਦਾ ਕਰਦੇ ਹਨ। ਇਸ ਤਰ੍ਹਾਂ ਰਾਜਸੀ ਸਥਿਤੀਆਂ ਸਾਹਿਤ ਦੀ ਬੁਨਿਆਦ ਹੁੰਦੀਆਂ ਹਨ। ਸਾਹਿਤ ਬਹੁਤ ਸਾਰੇ ਚੈਨਲਾਂ ਰਾਹੀਂ ਸਮੇਂ ਦੀ ਆਵਾਜ਼ ਨੂੰ ਪ੍ਰਗਟ ਕਰਦਾ ਹੈ ਜਿਵੇਂ ਰਾਜਨੀਤਕ ਲਹਿਰਾਂ, ਧਾਰਮਿਕ ਲਹਿਰਾਂ ਤੇ ਦਾਰਸ਼ਨਿਕ ਲਹਿਰਾਂ ਆਦਿ। ਜਦੋਂ ਲੇਖਕ ਲਿਖਦਾ ਹੈ ਤਾਂ ਉਸ ਦੀਆਂ ਲਿਖਤਾਂ ਰਾਜਸੀ ਤੇ ਸਮਾਜਕ ਲਹਿਰਾਂ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਲਈ ਲੇਖਕ ਸਮਾਜ ਦਾ ਪ੍ਰਤਿਨਿਧ ਹੀ ਨਹੀਂ, ਸਗੋਂ ਉਹ ਟਾਰਚ ਰਾਹੀਂ ਸਮਾਜ ਨੂੰ ਅਗਲਾ ਮਾਰਗ ਵੀ ਵਿਖਾਉਂਦਾ ਹੈ। ਰਾਜਨੀਤਕ ਲਹਿਰਾਂ ਕਿਸੇ ਦੇਸ਼ ਦੇ ਸਾਹਿਤ 'ਤੇ ਬਹੁਤ ਮਹੱਤਵਪੂਰਣ ਪ੍ਰਭਾਵ ਪਾਉਂਦੀਆਂ ਹਨ ਤੇ ਸਾਹਿਤ ਵੀ ਰਾਜਨੀਤਕ ਸਰਗਰਮੀਆਂ ਨੂੰ ਉਤੇਜਿਤ ਕਰਦਾ ਹੈ।

ਗ਼ਦਰ ਲਹਿਰ ਨੂੰ ਉਤੇਜਤ ਕਰਨ ਵਿਚ ਪੰਜਾਬੀ ਸਾਹਿਤਕਾਰਾਂ ਵਿਚੋਂ ਵਿਸ਼ੇਸ਼ ਰੂਪ ਵਿਚ ਕਵੀਆਂ ਦਾ ਵਿਸ਼ੇਸ਼ ਯੋਗਦਾਨ ਹੈ। ਕਵਿਤਾ ਸਾਹਿਤ ਦਾ ਇਕ ਅਜਿਹਾ ਰੂਪ ਹੈ ਜੋ ਦੂਜੇ ਸਾਹਿਤ ਰੂਪਾਂ ਤੋਂ ਵਧੇਰੇ ਟੁੰਬਦਾ ਤੇ ਪ੍ਰਭਾਵਸ਼ਾਲੀ ਅਸਰ ਪਾਉਂਦਾ ਹੈ। ਕਵਿਤਾ ਮਨੁੱਖ ਦੇ ਅੰਤਰੀਵ ਭਾਵਾਂ ਨੂੰ ਟੁੰਬਦੀ, ਝੰਜੋੜਦੀ ਤੇ ਸੁੱਤੀਆਂ ਸ਼ਕਤੀਆਂ ਨੂੰ ਜਗਾ ਕਿ ਇਕ ਨਵਾਂ ਨਰੋਆ ਬਲ ਬਖਸ਼ਦੀ ਹੈ। ਇਸ ਦੇ ਡੂੰਘੇ ਜਜ਼ਬੇ ਰਾਹੀਂ ਕੌਮ ਦੀ ਮਾਣ ਮਰਿਆਦਾ ਮੁੜ ਜਾਗ ਪੈਂਦੀ ਹੈ। ਗਦਰ ਲਹਿਰ ਨਾਲ ਸੰਬੰਧਿਤ ਕਵਿਤਾਵਾਂ ਗਦਰ ਅੰਕਾਂ ਵਿਚ ਛਪਦੀਆਂ ਅਤੇ ਆਪਣੀ ਲੋਕ-ਪ੍ਰਿਯਤਾ ਕਾਰਣ ਗ਼ਦਰ ਗੂੰਜਾਂ ਦੇ ਵੱਖਰੇ ਸੰਗ੍ਰਹਿ ਵਿਚ ਸੰਪਾਦਿਤ ਕੀਤੀਆਂ ਗਈਆਂ। ਇਹ ਜੋਸ਼ ਭਰਪੂਰ ਕਵਿਤਾਵਾਂ ਹਿਰਦੇ ਨੂੰ ਟੁੰਬਦੀਆਂ ਸਨ ਜੋ ਮੁਰਦੇ ਦਿਲਾਂ ਨੂੰ ਜ਼ਿੰਦਾ ਕਰਕੇ ਦੇਸ਼ ਭਗਤੀ ਦੀ ਜਵਾਲਾ ਭੜਕਾ ਦਿੰਦੀਆਂ ਸਨ। ਇਹ ਕਵਿਤਾਵਾਂ ਸੁਣਕੇ ਲੋਕ

ਪਏ ਚੀਨ ਅਫਰੀਕਾ ਦੇ ਵਿਚ ਭੌਂਦੇ,
ਵੱਜਣ ਠੋਕਰਾਂ ਤੇ ਭੈੜੇ ਹਾਲ ਹੋ ਗਏ।
ਕੀ ਕੁੱਝ ਖੱਟਿਆ ਜੋ ਮਿਰਕਣ ਵਿਚ ਆ ਕੇ,
ਦੇਸ਼ ਛੱਡਿਆਂ ਨੂੰ ਕਈ ਸਾਲ ਹੋ ਗਏ।

ਗੁਲਾਮੀ ਦਾ ਇਹ ਤੀਬਰ ਅਹਿਸਾਸ ਉਨ੍ਹਾਂ ਨੂੰ ਸੋਚਣ ਤੇ ਮਜਬੂਰ ਕਰਦਾ ਕਿ ਉਹ ਕਿਉਂ ਪਰਾਏ ਮੁਲਕਾਂ ਵਿਚ ਦਰ ਦਰ ਧੱਕੇ ਖਾ ਰਹੇ ਹਨ। ਜੇ ਇਹ ਧੱਕੇ ਹੀ ਮਿਲਣੇ ਸਨ ਤਾਂ ਫਿਰ ਕਿਉਂ ਇਨ੍ਹਾਂ ਮੁਲਕਾਂ ਵਿਚ ਆਏ। ਉਨ੍ਹਾਂ ਦੀ ਆਤਮਾ ਵਲੋਂ ਇਹੀ ਉੱਤਰ ਮਿਲਦਾ ਕਿ ਉਹ ਗਰੀਬੀ ਤੇ ਮੰਦਹਾਲੀ ਕਾਰਣ ਹੀ ਪਰਦੇਸਾਂ ਵਿਚ ਆਉਣ ਲਈ ਮਜਬੂਰ ਹੋਏ ਹਨ। ਭਾਰਤ ਵਿਚ ਗਰੀਬੀ, ਕੰਗਾਲੀ ਤੇ ਬੀਮਾਰੀ ਨੇ ਦੇਸ਼ ਦਾ ਸਾਹ ਸਤ ਚੂਸਿਆ ਹੋਇਆ ਸੀ। ਲੱਖਾਂ ਹੀ ਲੋਕ ਭੁਖ, ਗਰੀਬੀ ਤੇ ਬੀਮਾਰੀਆਂ ਨਾਲ ਆਪਣੀ ਜਾਨਾਂ ਤੋਂ ਹੱਥ ਧੋ ਬੈਠੇ :

ਬੱਚੇ ਬੱਚੀਆਂ ਹਿੰਦੇ ਦੇ ਫਿਰਨ ਰੁਲਦੇ,
ਕੋਈ ਮਿਲੇ ਨਾ ਵਿਚ ਜਹਾਨ ਵੀਰੋ।
ਭਾਰਤ ਬੱਚੀਆਂ ਜੇਲ੍ਹਾਂ ਦੇ ਵਿਚ ਤੜਫਣ,
ਕੰਬ ਉਠਿਆ ਜ਼ਿਮੀਂ ਅਸਮਾਨ ਵੀਰੋ।
ਭਾਰਤ ਵਿਚ ਨਾ ਢੂੰਡਿਆਂ ਮਿਲੇ ਕੌਡੀ,
ਮਾਲਾਮਾਲ ਹੋਇਆ ਇੰਗਲਿਸਤਾਨ ਵੀਰੋ।
ਕੁੱਤੇ ਖਾਣ ਫਿਰੰਗੀ ਦੇ ਪੇਟ ਭਰ ਕੇ,
ਭੁੱਖੇ ਹਿੰਦ ਦੇ ਮਰਨ ਇਨਸਾਨ ਵੀਰੋ।
ਪੈਣ ਕਾਲ ਤੇ ਮੌਤ ਪਲੇਗ ਆਵੇ,
ਹੈਜ਼ਾ ਤਾਪ ਤੇ ਰੋਗ ਵੀ ਖਾਣ ਵੀਰੋ।
ਮੌਜ ਕੁਲ ਜਹਾਨ ਦੀ ਲੈਣ ਗੋਰੇ,
ਹਿੰਦੀ ਫੋਕੇ ਹੀ ਸੰਖ ਵਜਾਣ ਵੀਰੋ।

ਨਵੇਂ ਮੁਲਕਾਂ ਵਿਚ ਆ ਕੇ ਉਨ੍ਹਾਂ ਮੁਲਕਾਂ ਦੀ ਸ਼ਾਨੋ-ਸ਼ੌਕਤ ਨੂੰ ਵੇਖਿਆ। ਉਨ੍ਹਾਂ ਮੁਲਕਾਂ ਵਿਚ ਹੋ ਰਹੀ ਸਨਅੱਤੀ ਤਰੱਕੀ, ਵਿਦਿਆ ਦਾ ਵਿਕਾਸ, ਉਨ੍ਹਾਂ ਦੇ ਰਹਿਣ ਸਹਿਣ ਦੇ ਢੰਗ ਤਰੀਕਿਆਂ ਵਿਚ ਨਵੀਨਤਾ ਤੇ ਦੇਸ਼ ਵਾਸੀਆਂ ਦੀ ਚੰਗੀ ਆਰਥਿਕਤਾ ਨੇ ਉਨ੍ਹਾਂ ਦੇ ਮਨਾਂ ਨੂੰ ਚਕਾਚੌਂਧ ਕਰ ਦਿੱਤਾ। ਉਨ੍ਹਾਂ ਨੇ ਆਪਣੇ ਮੁਲਕ ਦੀ ਢਹਿੰਦੀ ਕਲਾ ਤੇ ਨਿੱਘਰ ਰਹੀ ਵਿਵਸਥਾ ਦਾ ਟਾਕਰਾ ਕੀਤਾ ਤਾਂ ਉਨ੍ਹਾਂ ਦੇ ਦਿਲ ਵਿਚ ਡੂੰਘੇ ਸੱਲ ਪੈਣ ਲਗਦੇ। ਗਦਰੀ ਕਵੀਆਂ ਨੇ ਪਰਸਪਰ ਟਾਕਰਾ ਕਰਕੇ ਆਪਣੇ ਦੇਸ਼ ਵਾਸੀਆਂ ਦੇ ਮਨਾਂ ਵਿਚ ਇਹ ਖਿਆਲ ਭਰਿਆ ਕਿ ਇਨ੍ਹਾਂ ਵਡਾ ਖੱਪਾ ਗੁਲਾਮੀ ਦੇ ਪਏ ਪ੍ਰਭਾਵਾਂ ਕਰਕੇ ਹੀ ਹੈ। ਉਨ੍ਹਾਂ ਦੀ ਕਵਿਤਾ ਵਿਚ ਦੇਸ਼ ਵਾਸੀਆਂ ਦੇ ਡਿਗਦੇ-ਢਹਿੰਦੇ ਮਨਾਂ ਦੀ ਤਸਵੀਰ ਦਿਸ ਪੈਂਦੀ ਹੈ :



ਕਿਸਮਤ ਕੁਲ ਜਹਾਨ ਦੀ ਤੇਜ਼ ਹੋਈ,
ਭਾਗ ਗਿਰ ਗਏ ਕਿਉਂ ਹਿੰਦੁਸਤਾਨ ਤੇਰੇ।
ਪਾਟੇ ਕੱਪੜੇ ਵਾਂਗ ਸ਼ੁਦਾਈਆਂ ਦੇ,
ਰੁਲਦੇ ਫਿਰਨ ਕਿਊਂ ਨੌਜਵਾਨ ਤੇਰੇ।
ਦੁਨੀਆਂ ਮਸਤ ਵਿਚ ਰੰਗ ਤਮਾਸ਼ਿਆਂ ਦੇ,
ਖਸਤਾ ਹਾਲ ਫਿਰਦੇ ਜਿੰਦ ਜਾਨ ਤੇਰੇ।
ਬਿਜਲੀ ਬੱਤੀਆਂ ਜਗ ਵਿਚ ਜ਼ੋਰ ਪਾਇਆ,
ਪਰ ਚਮਕਦੇ ਨਹੀਂ ਸ਼ਮੁਦਾਨ ਤੇਰੇ।

ਜਦੋਂ ਹਿੰਦੀਆਂ ਨੇ ਇਕ ਗੱਲ ਨੂੰ ਚੰਗੀ ਤਰ੍ਹਾਂ ਭਾਂਪ ਲਿਆ ਕਿ ਜਿਹੜੀ ਹਾਨੀ ਤੇ ਗਿਲਾਨੀ ਦੀ ਹਾਲਤ ਇਨ੍ਹਾਂ ਮੁਲਕਾਂ ਵਿਚ ਸਹਿਣੀ ਪੈ ਰਹੀ ਹੈ ਉਸ ਦਾ ਕਾਰਣ ਉਸ ਦੇ ਆਪਣੇ ਮੁਲਕ ਵਿਚਲੀ ਮੰਦਹਾਲੀ ਹੈ। ਉਨ੍ਹਾਂ ਸਿੱਟਾ ਕੱਢਿਆ ਕਿ ਉਹ ਗੁਲਾਮ ਹਨ। ਇਹ ਗੁਲਾਮੀ ਦਾ ਫਾਹਾ ਗਲੋਂ ਲਾਹ ਦੇਣਾ ਚਾਹੀਦਾ ਹੈ। ਗਦਰੀ ਲੇਖਕਾਂ ਨੇ ਅਮਰੀਕਾ ਵਿਚ ਰਹਿੰਦਿਆਂ ਹੋਇਆਂ ਦੁੱਖਾਂ ਤਕਲੀਫਾਂ ਨੂੰ ਸਹਿ ਕੇ ਵੀ ਅਮਰੀਕਾ ਨੂੰ ਨਹੀਂ ਨਿੰਦਿਆ ਕਿਉਂਕਿ ਗਦਰੀ ਬੁੱਧੀਮਾਨਾਂ ਇਹ ਗੱਲ ਚੰਗੀ ਤਰ੍ਹਾਂ ਸਮਝ ਲਈ ਸੀ ਕਿ ਉਨ੍ਹਾਂ ਦੀ ਦੁਰਗਤੀ ਸਾਂਡੇ ਆਪਣੇ ਮੁਲਕ ਦੀ ਪਰਾਧੀਨਤਾ ਕਾਰਣ ਹੀ ਹੋ ਰਹੀ ਹੈ। ਗੁਲਾਮੀ ਦਾ ਜੂਲਾ ਗਲੋਂ ਲਾਹੁਣ ਨਾਲ ਹੀ ਇਨ੍ਹਾਂ ਮੁਲਕਾਂ ਵਿਚ ਉਨ੍ਹਾਂ ਦੀ ਇੱਜ਼ਤ ਹੋਵੇਗੀ। ਗਦਰੀ ਕਵੀਆਂ ਨੇ ਆਪਣੀ ਕਵਿਤਾ ਵਿਚ ਗੁਲਾਮੀ ਨੂੰ ਵਗਾਹ ਮਾਰਨ ਲਈ ਵਾਰ-ਵਾਰ ਵੰਗਾਰ ਪਾਈ ਹੈ:

ਆਓ ਦੇਸ਼ ਭਾਈਓ ਹਿੰਦੁਸਤਾਨ ਵਾਲੇ,
ਢੰਗ ਸੋਚੀਏ ਦੁੱਖ ਮਿਟਾਵਨੇ ਦਾ।
ਪਿਆ ਤੌਂਕ ਗੁਲਾਮੀ ਦਾ ਗਲ ਸਾਡੇ,
ਕਰੀਏ ਜਤਨ ਹੁਣ ਇਸ ਨੂੰ ਲਾਹਵਨੇ ਦਾ।
ਮਰਨਾ ਭਲਾ ਗੁਲਾਮੀ ਦੀ ਜ਼ਿੰਦਗੀ ਤੋਂ,
ਨਹੀਂ ਸੁਖਨ ਇਹ ਮਨੋਂ ਭੁਲਾਵਨੇ ਦਾ।
ਮੁਲਕ ਜਾਗਿਆ ਚੀਨ ਜੋ ਘੂਕ ਸੁੱਤਾ,
ਢੋਲ ਵਜਿਆ ਹਿੰਦ ਜਗਾਵਨੇ ਦਾ।

## ਰਾਸ਼ਟਰੀ ਚੇਤਨਤਾ

(ੳ) ਦੇਸ਼ ਦੀ ਨਿਘਰ ਰਹੀ ਹਾਲਤ ਤੋਂ ਮੁਕਤੀ ਦਿਵਾਉਣ ਦਾ ਇਹੀ ਰਾਹ ਸੀ ਕਿ ਭਾਰਤੀ ਲੋਕ ਸੁਤੰਤਰਤਾ ਲਈ ਜੂਝਣ। ਸੁਤੰਤਰਤਾ ਦੀ ਪ੍ਰਾਪਤੀ ਲਈ ਜੂਝਣ ਤੋਂ ਪਹਿਲਾਂ ਉਨ੍ਹਾਂ ਵਿਚ ਰਾਸ਼ਟਰੀ ਚੇਤੰਨਤਾ ਦਾ ਜਗਾਉਣਾ ਮੁੱਖ ਕਾਰਜ ਸੀ। ਦੇਸ਼ ਵਾਸੀਆਂ ਨੂੰ ਫਿਰੰਗੀ ਦੀ ਲੁੱਟ-ਕਸੁੱਟ ਦੀ ਨੀਤੀ ਤੋਂ ਗਿਆਤ ਕਰਾ ਕੇ ਉਨ੍ਹਾਂ ਵਿਚ ਰਾਜਨੀਤਕ ਸੂਝ-ਬੂਝ ਪੈਦਾ ਕਰਨਾ ਸੀ। ਗਦਰੀ ਕਵੀਆਂ ਨੇ ਇਹ ਚੰਗੀ ਤਰ੍ਹਾਂ ਭਾਂਪ

ਨੂੰ ਜਾਰੀ ਹੀ ਨਹੀਂ ਰੱਖਿਆ ਸਗੋਂ ਇਸ ਨੂੰ ਇਸ ਹੱਦ ਤਕ ਵਧਾ ਦਿੱਤਾ ਕਿ ਇਸ ਦਾ ਪੂਰਾ ਲਾਹਾ ਲੈ ਸਕਣ। ਸੋ ਸਾਮਰਾਜ ਨੇ ਆਪਣੇ ਰਾਜ ਨੂੰ ਚਲਦਾ ਰਖੱਣ ਲਈ ਭਾਰਤੀ ਕੌਮ ਨੂੰ ਬੁਰੀ ਤਰ੍ਹਾਂ ਵੰਡਿਆ ਹੋਇਆ ਸੀ। ਹਿੰਦੂਸਤਾਨ ਨੂੰ ਆਜ਼ਾਦ ਕਰਾਉਣ ਤੋਂ ਬਗੈਰ ਇਸ ਫੁੱਟ ਨੂ ਦੂਰ ਕੀਤਾ ਹੀ ਨਹੀਂ ਸੀ ਜਾ ਸਕਦਾ। ਗਦਰੀ ਕਵੀਆਂ ਦਾ ਖਿਆਲ ਸੀ ਕਿ ਮਜ਼ਹਬੀ ਝਗੜਿਆਂ ਨਾਲ ਕੌਮ ਨੂੰ ਭਾਰੀ ਸੱਟ ਵੱਜਦੀ ਹੈ ਤੇ ਫਿਰੰਗੀ ਇਸ ਦਾ ਨਾਜਾਇਜ਼ ਲਾਭ ਉਠਾ ਕੇ ਕੌਮੀ ਏਕਤਾ ਦੀਆਂ ਜੜ੍ਹਾਂ ਖੋਖਲੀਆਂ ਕਰਦਾ ਹੈ। ਗਦਰ ਲਹਿਰ ਦੀ ਕਵਿਤਾ ਵਿਚ ਥਾਂ ਥਾਂ ਮਜ਼ਹਬੀ ਝਗੜਿਆਂ ਤੋਂ ਹੋੜਨ ਲਈ ਵੰਗਾਰ ਪਾਈ ਗਈ ਹੈ :

ਮਜ਼ਬੀ ਝਗੜਿਆਂ 'ਤੇ ਤੁਸੀਂ ਜ਼ੋਰ ਪਾਇਆ,
ਕੀਤਾ ਦੇਸ਼ ਦਾ ਨਹੀਂ ਧਿਆਨ ਵੀਰੋ।
ਤੁਸੀਂ ਭੋਲਿਓ ਮੂਲ ਨਾ ਖਬਰ ਲਗੀ,
ਝਗੜਾ ਘੱਤਿਆ ਵੇਦ ਕੁਰਾਨ ਵੀਰੋ।
ਦੇਸ ਪੱਟਿਆ ਤੁਸਾਂ ਦੇ ਝਗੜਿਆਂ ਨੇ,
ਤੁਸੀਂ ਸਮਝਦੇ ਨਹੀਂ ਨਦਾਨ ਵੀਰੋ।

ਗਦਰੀ ਕਵੀਆਂ ਦਾ ਇਹ ਖਿਆਲ ਸੀ ਕਿ ਭਾਰਤ ਦੀਆਂ ਸਾਰੀਆਂ ਕੌਮਾਂ ਹਿੰਦੂ, ਮਸੁਲਿਮ ਤੇ ਸਿੱਖ ਭਾਰਤ ਦੀ ਵਿਰਾਟ ਕੌਮੀਅਤ ਦੀਆਂ ਹੀ ਸ਼ਾਖਾਂ ਹਨ। ਉਨ੍ਹਾਂ ਨੇ ਬਾਰ ਬਾਰ ਜ਼ੋਰ ਲਾਕੇ ਇਹ ਗੱਲ ਕਹੀ ਹੈ ਕਿ ਤੁਸੀਂ ਸਾਰੇ ਭਾਰਤ ਮਾਤਾ ਦੇ ਸਪੂਤ ਹੋ। ਫੁੱਟ ਨੇ ਤੁਹਾਡਾ ਬੁਰਾ ਹਾਲ ਕਰ ਦਿੱਤਾ ਹੈ। ਇਸ ਵੇਲੇ ਭਾਰਤ ਮਾਤਾ ਤੇ ਬਿਪਤਾ ਪਈ ਹੋਈ ਹੈ। ਤੁਹਾਨੂੰ ਸਾਰਿਆਂ ਨੂੰ ਇਕੱਠੇ ਹੋਕੇ ਭਾਰਤ ਮਾਤਾ ਦੀ ਇੱਜ਼ਤ ਬਚਾਉਣੀ ਚਾਹੀਦੀ ਹੈ। ਪਰਦੇਸ਼ਾਂ ਵਿਚ ਗਏ ਹੋਏ ਜ਼ਿਆਦਾਤਰ ਸਿੱਖ ਹੀ ਸਨ ਤੇ ਸੰਬੋਧਨ ਵੀ ਉਨ੍ਹਾਂ ਨੂੰ ਹੀ ਕੀਤਾ ਗਿਆ ਹੈ ਪਰ ਇਸ ਦੀ ਅੰਤਰ ਆਤਮਾ ਦਾ ਸੰਦੇਸ਼ ਕੌਮੀ ਭਾਵਨਾ ਵਾਲਾ ਹੈ :

ਹਿੰਦੂ ਮੋਮਨੋ ਮੁਗਲ ਪਠਾਣ ਮਿਲ ਕੇ,
ਬੇੜਾ ਦਿਉ ਫਰੰਗੀਆਂ ਗਾਲ ਸਿੰਘੋ।
ਅਸਾਂ ਸਾਰਿਆਂ ਵਿਚ ਨਾ ਫਰਕ ਕੋਈ,
ਹਿੰਦ ਮਾਤਾ ਦੇ ਸਭੀ ਹਾਂ ਲਾਲ ਸਿੰਘੋ।
ਭਬਕ ਮਾਰ ਕੇ ਸ਼ੇਰ ਮੈਦਾਨ ਗੱਜੇ,
ਨਹੀਂ ਤਾਂ ਹੋ ਜਾਊ ਗਰਕ ਪਤਾਲ ਸਿੰਘੋ।
ਓਏ ਗਾਫਲੋ ਕਦੇ ਤਾਂ ਸੋਧ ਕਰੋ,
ਭਾਰਤ ਵਰਸ਼ ਦਾ ਕੀ ਹੋਇਆ ਹਾਲ ਸਿੰਘੋ।

(ੲ) ਰਾਸ਼ਟਰੀ ਚੇਤੰਨਤਾ ਨੂੰ ਜਗਾਣ ਲਈ ਪੁਰਾਤਨ ਵਿਰਸੇ ਪ੍ਰਤਿ ਮੋਹ ਜਗਾਣਾ ਵੀ ਅਤਿ ਜ਼ਰੂਰੀ ਹੁੰਦਾ ਹੈ। ਆਪਣੇ ਦੇਸ਼ ਪ੍ਰਤਿ ਲਗਾਉ ਤੇ ਪਿਆਰ ਪੁਰਾਤਨ ਕੌਮੀ



ਪਰੰਪਰਾ ਵਿਚੋਂ ਹੀ ਉਪਜਦਾ ਤੇ ਇਸ ਨਾਲ ਕੌਮ ਨੂੰ ਬਲ ਮਿਲਦਾ ਹੈ। ਗਦਰੀ ਕਵੀਆਂ ਨੇ ਭਾਰਤੀ ਪਰੰਪਰਾ ਨੂੰ ਆਪਣੀ ਕਵਿਤਾ ਵਿਚ ਪੂਰਨ ਰੂਪ ਵਿਚ ਸਾਕਾਰ ਕੀਤਾ ਹੈ। ਰਾਸ਼ਟਰੀ ਜਜ਼ਬਿਆਂ ਨੂੰ ਬਲਵਾਨ ਕਰਨ ਤੇ ਉਤੇਜਿਤ ਕਰਨ ਲਈ ਪੁਰਾਤਨ ਸੂਰਮਿਆਂ ਦੀ ਸੂਰਮਤਾਈ ਨੂੰ ਪੂਰਨ ਸ਼ਿੱਦਤ ਤੇ ਰੀਝ ਨਾਲ ਦ੍ਰਿਸ਼ਟਮਾਨ ਕੀਤਾ ਹੈ। ਰਾਸ਼ਟਰੀ ਲਹਿਰ ਦੇ ਲੀਡਰਾਂ ਤੇ ਉਨ੍ਹਾਂ ਵਲੋਂ ਕੀਤੀਆਂ ਕੁਰਬਾਨੀਆਂ ਨੂੰ ਦਰਸਾ ਕੇ ਲੋਕਾਂ ਵਿਚ ਬੀਰਤਾ ਦਾ ਚਾਅ ਉਪਜਾਉਣ ਵਿਚ ਗ਼ਦਰੀ ਕਵੀਆਂ ਨੇ ਕੋਈ ਕਸਰ ਬਾਕੀ ਨਾ ਛੱਡੀ :

ਮਿਸਟਰ ਤਿਲਕ ਤੇ ਸਿੰਘ ਅਜੀਤ ਯਾਰੋ,
ਕੀਤਾ ਸਿੰਘ ਭਗਵਾਨ ਗੁਮਾਨ ਕਿਉਂ ਨਹੀਂ।
ਘੋਸ਼, ਰਾਮਚੰਦ ਦੇ ਬਰਕਤਉੱਲਾ,
ਹਜ਼ਰਤ ਮੁਹਾਨੀ ਤੇ ਹਰਦਿਆਲ ਕਿਉਂ ਨਹੀਂ।
ਜੇਲ੍ਹਾਂ ਕੱਟਦੇ, ਝੂਟਦੇ ਫਾਂਸੀਆਂ 'ਤੇ,
ਬੀਰ ਸਾਵਰਕਰ ਤੇ ਹੋਤੀ ਮਰਦਾਨ ਲਾਲ ਕਿਉਂ ਨਹੀਂ।
ਦੇਵੀ ਮੈਡਮ ਕਾਮਾ ਤੇ ਕਰਿਸ਼ਨਾ ਵਰਮਾ,
ਪਿੰਡੀ ਦਾਸ ਤੇ ਨੰਦ ਗੁਪਾਲ ਕਿਉਂ ਨਹੀਂ।

ਪੁਰਾਤਨ ਸੂਰਮਿਆਂ ਦੀ ਬਹਾਦਰੀ ਚੇਤੇ ਕਰਵਾ ਕੇ ਭਾਰਤੀ ਲੋਕਾਂ ਦੀ ਸਿਥਲਤਾ ਵਲ ਵੀ ਟਕੋਰਾਂ ਕੀਤੀਆਂ ਗਈਆਂ ਹਨ:

ਕਿਉਂ ਨਾ ਨਾਲ ਸ਼ਮਸ਼ੇਰ ਜਵਾਬ ਦਿੰਦਾ,
ਹੁੰਦਾ ਹਰੀ ਸਿੰਘ ਸੂਰਾ ਮੇਹਰਬਾਨ ਕਿੱਥੇ।
ਅੱਜ ਅਣਖ ਬਦਲੇ ਜਿੰਦ ਵਾਰ ਦਿੰਦਾ,
ਹੁੰਦਾ ਸ਼ਿਵਾ ਜੀ ਸ਼ੇਰ ਬਲਵਾਨ ਕਿੱਥੇ।
ਤੁਸੀਂ ਬੁਜ਼ਦਿਲੋਂ ਮੌਤ ਤੋਂ ਖੌਫ ਆਵੇ,
ਸ਼ੇਰ ਜੰਗ ਦਾ ਤੁਸਾਂ ਗੁਮਾਨ ਕਿੱਥੇ।
ਸਵਾ ਲਖ ਸੇ ਲੜੇਗਾ ਇਕ ਸੂਰਾ,
ਗਏ ਗੁਰਾਂ ਦੇ ਇਹ ਅਰਮਾਨ ਕਿੱਥੇ।

ਜਿੱਥੇ ਗਦਰੀ ਕਵੀਆਂ ਨੇ ਭਾਰਤ ਦੀ ਸਾਂਝੀ ਕੌਮੀ ਪਰੰਪਰਾ ਦੀ ਗੱਲ ਕੀਤੀ ਉਥੇ ਭਾਰਤ ਦੀਆਂ ਵੱਖ-ਵੱਖ ਕੌਮਾਂ ਦੇ ਧਰਮ, ਸੰਸਕ੍ਰਿਤੀ ਤੇ ਕਦਰਾਂ ਕੀਮਤਾਂ ਨੂੰ ਵੀ ਰੱਜ-ਰੱਜ ਕਿ ਸਲਾਹਿਆ ਹੈ, ਜਿਥੋਂ ਉਨ੍ਹਾਂ ਨੂੰ ਮੁੱਢਲੀ ਪ੍ਰੇਰਨਾ ਮਿਲਦੀ ਸੀ। ਭਾਵੇਂ ਗਦਰੀ ਕਵੀਆਂ ਨੂੰ ਹਿੰਦੂਆਂ ਤੇ ਮੁਸਲਮਾਨਾਂ ਦੇ ਸਿਧਾਂਤਕ ਵਿਤਕਰਿਆਂ ਦਾ ਗਿਆਨ ਤਾਂ ਸੀ, ਉਨ੍ਹਾਂ ਦਾ ਮੁੱਖ ਮੰਤਵ ਇਹ ਸੀ ਕਿ ਉਹ ਸਾਂਝੇ ਕਾਰਜ ਲਈ ਸਾਰੇ ਮਤ-ਭੇਦ ਭੁਲਾ ਕੇ ਇਕੱਠੇ ਹੋ ਜਾਣ। ਇਸ ਲਈ ਉਨ੍ਹਾਂ ਨੇ ਸਾਰੀਆਂ ਕੌਮਾਂ ਦੀਆਂ ਪੁਰਾਤਨ ਪਰੰਪਰਾਵਾਂ, ਇਤਿਹਾਸਕ ਕਾਰਨਾਮਿਆਂ ਤੇ ਕੁਰਬਾਨੀਆਂ ਦੀਆਂ ਮਿਸਾਲਾਂ

ਦੇ ਕੇ ਤੇ ਉਨ੍ਹਾਂ ਵਿੱਚ ਮੋਹ ਉਪਜਾ ਕੇ ਉਨ੍ਹਾਂ ਦੇ ਨਕਸ਼ੇ ਕਦਮ 'ਤੇ ਚੱਲਣ ਲਈ ਪ੍ਰੇਰਨਾ ਦਿੱਤੀ ਹੈ। ਗ਼ਦਰ ਗੂੰਜਾਂ ਦੀਆਂ ਕਵਿਤਾਵਾਂ ਵਿਚ ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਦੇ ਤਿਆਗ ਤੇ ਜ਼ੁਲਮ ਨਾਲ ਲੋਹਾ ਲੈਣ ਦੀਆਂ ਰਿਵਾਇਤਾਂ ਨੂੰ ਸੁਰਜੀਤ ਕੀਤਾ ਹੈ :

ਪਰਉਪਕਾਰ ਕਾਰਨ ਗੁਰਾਂ ਸਾਜਿਆ ਸੀ,
ਹੱਥੀਂ ਕੀਤਾ ਸੀ ਜੰਗ ਕਮਾਲ ਸਿੰਘੋ।
ਭਾਰਤ ਵਰਸ਼ ਤੋਂ ਜ਼ੁਲਮ ਹਟਾਇਆ ਸੀ,
ਬਹੁਤ ਕਰਕੇ ਜੰਗੋ ਜਦਾਨ ਸਿੰਘੋ।
ਏਸ ਹਿੰਦ ਦੀ ਰੱਖਿਆ ਕਰਨ ਖਾਤਰ,
ਵਾਰ ਦਿੱਤੇ ਸੀ ਜਿਗਰ ਦੇ ਲਾਲ ਸਿੰਘੋ।
ਬੰਦੇ ਆਣ ਕੇ ਰੱਖਿਆ ਖੂਬ ਕੀਤੀ,
ਤਦੋਂ ਪੰਥ ਹੋਇਆ ਮਾਲਾ ਮਾਲ ਸਿੰਘੋ।....
ਪਿੱਛੋਂ ਸਿੰਘ ਰਣਜੀਤ ਨੇ ਜ਼ੋਰ ਪਾਇਆ,
ਕੀਤਾ ਆਕੀਆਂ ਦਾ ਮੰਦਾ ਹਾਲ ਸਿੰਘੋ।
ਹਰੀ ਸਿੰਘ ਵਰਗੇ ਜਰਨੈਲ ਸੂਰੇ,
ਨੇਕ ਦਿਲ ਆਜ਼ਾਦ ਖਿਆਲ ਸਿੰਘੋ।
ਫੂਲਾ ਸਿੰਘ ਅਕਾਲੀ ਸੀ ਵਡਾ ਸੂਰਾ,
ਨਿਤ ਰੱਖਦਾ ਓਟ ਅਕਾਲ ਸਿੰਘੋ।
ਜਦੋਂ ਸਿੰਘ ਦਲੀਪ ਨੂੰ ਕੈਦ ਕੀਤਾ,
ਪਿਆ ਮੁਲਕ ਦੇ ਵਿਚ ਭੁਚਾਲ ਸਿੰਘੋ।
ਪਾਏ ਵਿਚ ਪੰਜਾਬ ਅੰਗਰੇਜ਼ ਜ਼ਾਲਮ,
ਦਿੱਤਾ ਮੁਲਕ ਨੂੰ ਕਰ ਕੰਗਾਲ ਸਿੰਖੋ।

ਇਸ ਤਰ੍ਹਾਂ ਹੀ ਹਿੰਦੂਆਂ ਤੇ ਮੁਸਲਮਾਨਾਂ ਦੇ ਪੁਰਾਤਨ ਇਤਿਹਾਸ ਤੇ ਕੌਮੀ ਲੀਡਰਾਂ ਦੇ ਬੀਰਤਾ ਭਰੇ ਕਾਰਨਾਮਿਆਂ ਨੂੰ ਲਿਸ਼ਕਾ ਪੁਸ਼ਕਾ ਕੇ ਪੇਸ਼ ਕੀਤਾ ਹੈ ਤਾਕਿ ਹਿੰਦੂ ਤੇ ਮੁਸਲਮਾਨ ਆਪਣੇ ਵਿਰਸੇ ਤੇ ਗੌਰਵ ਕਰਨ ਤੇ ਸਾਂਝੇ ਦੁਸ਼ਮਣ ਦੇ ਖਿਲਾਫ ਡਟ ਕੇ ਖਲੋ ਜਾਣ:

ਮਿਸਟਰ ਤਿਲਕ ਵਰਗੇ ਵਿਚ ਜੇਹਲ ਤੜਫਣ,
ਭਾਰਤ ਵਰਸ਼ ਦੇ ਨੌਨਿਹਾਲ ਸਿੰਘੋ।
ਜਿਨ੍ਹਾਂ ਗੋਰਿਆਂ ਤਿਲਕ ਨੂੰ ਕੈਦ ਕੀਤਾ,
ਉਨ੍ਹਾਂ ਕਰੋ ਹੁਣ ਗਰਕ ਪਤਾਲ ਸਿੰਘੋ।



ਬੈਠਾ ਵਿਚ ਜਪਾਨ ਦੇ ਬਰਕਤਉੱਲਾ,
ਤਕਵਾ ਰੱਖਿਆ ਜੁਲ ਜਲਾਲ ਸਿੰਘੋ।
ਕ੍ਰਿਸ਼ਨ ਵਰਮਾ ਜਾ ਵਿਚ ਫਰਾਂਸ ਬੈਠੇ,
ਮੈਡਮ ਕਾਮਾ ਦਾ ਕਰੋ ਖਿਆਲ ਸਿੰਘੋ।
ਸਾਵਰਕਰ ਨੂੰ ਪਕੜਿਆ ਜ਼ੋਰ ਜ਼ਾਰੀ,
ਜੇਲ੍ਹ ਵਿਚ ਰਿਹਾ ਸਠ ਸਾਲ ਸਿੰਘੋ।
ਅਰਵਿੰਦ ਘੋਸ਼ ਨੂੰ ਜਾਣਦਾ ਜਗ ਸਾਰਾ,
ਜਨਮ ਲਿਆ ਜਿਨ ਵਿਚ ਬੰਗਾਲ ਸਿੰਘੋ।

ਇਸ ਤਰ੍ਹਾਂ ਗਦਰੀਂ ਕਵੀਆਂ ਵਿਚ ਜਿੱਥੇ ਭਾਰਤ ਦੀ ਪੁਰਾਤਨ ਸੰਸਕ੍ਰਿਤੀ, ਪੁਰਾਤਨ ਭਾਰਤ ਦੀ ਸ਼ਾਨ, ਕਲਾ ਤੇ ਸਭਿਆਚਾਰ 'ਤੇ ਅਟੁੱਟ ਮਾਣ ਹੈ, ਉਥੇ ਉਨ੍ਹਾਂ ਨੂੰ ਭਾਰਤ ਦੇ ਵਖ-ਵੱਖ ਕੌਮਾਂ ਦੇ ਸੂਰਮਿਆਂ ਉਤੇ ਅਟੁੱਟ ਗੌਰਵ ਹੈ ਜੋ ਪੂਰੀ ਸਿਦਕ ਦਿਲੀ ਨਾਲ ਰੂਪਮਾਨ ਹੋਇਆ ਹੈ। ਗਦਰੀ ਕਵੀਆਂ ਵਲੋਂ ਭਾਰਤ ਵਾਸੀਆਂ ਵਿਚ ਉਪਜਾਇਆ ਕੌਮੀ ਸਵੈਮਾਨ ਹੀ ਸੀ ਜਿਸ ਨੇ ਉਨ੍ਹਾਂ ਵਿਚ ਦੇਸ਼ ਭਗਤੀ ਦੀ ਜਵਾਲਾ ਭੜਕਾ ਦਿੱਤੀ ਤੇ ਉਹ ਭਾਰਤ ਵਰਸ਼ ਤੋਂ ਹਰ ਕੁਰਬਾਨੀ ਕਰਨ ਲਈ ਤਤਪਰ ਹੋ ਗਏ।

## ਗ਼ਦਰ ਤੇ ਸੁਤੰਤਰਤਾ ਪ੍ਰਾਪਤੀ

ਭਾਰਤੀ ਲੋਕਾਂ ਵਿਚ ਰਾਸ਼ਟਰੀ ਚੇਤੰਨਤਾ ਉਪਜਾਉਣ ਪਿਛੋਂ ਗਦਰ ਲਹਿਰ ਦੇ ਕਵੀਆਂ ਦਾ ਮਨੁੱਖ ਨਿਸ਼ਾਨਾ ਸੀ ਗ਼ਦਰ ਫੈਲਾਉਣਾ। ਗ਼ਦਰ ਦਾ ਭਾਵ ਸੀ ਵਿਦਰੋਹ ਜਿਹੜਾ ਅੰਗਰੇਜ਼ ਪ੍ਰਤਿ ਦੁਸ਼ਮਣੀ ਨੂੰ ਪ੍ਰਗਟ ਕਰਦਾ ਸੀ ਤੇ 1857 ਈ. ਦੇ ਗਦਰ ਦੀ ਯਾਦ ਦਿਲਾਂਦਾ ਸੀ। ਭਾਵੇਂ ਇਹ ਗਦਰ ਫੇਲ੍ਹ ਹੋ ਗਿਆ ਸੀ ਤਾਂ ਵੀ ਇਹ ਭਾਰਤੀਆਂ ਦੇ ਮਨਾਂ ਅੰਤਰ ਅੰਗਰੇਜ਼ ਦੇ ਖਿਲਾਫ ਇਕ ਭਖਦੀ ਚੰਗਿਆੜੀ ਸੁੱਟ ਗਿਆ ਸੀ। ਗਦਰ ਕਾਰਜ ਨੂੰ ਲਾਲਾ ਹਰਦਿਆਲ ਨੇ ਤਿੰਨ ਧਾਰਾਵਾਂ ਵਿਚ ਤਜਵੀਜ਼ਿਆ ਸੀ। ਪਹਿਲੀ ਸਟੇਜ ਵਿਚ ਇਖ਼ਲਾਕੀ ਤੇ ਮਾਨਸਿਕ ਤਿਆਰੀ ਕਰਨਾ, ਦੂਜੇ ਵਿਚ ਅਮਲੀ ਸੰਘਰਸ਼ ਤੇ ਤੀਜੀ ਸਟੇਜ ਵਿਚ ਮੁੜ ਉਸਾਰੀ। ਹਰਿਦਆਲ ਦਾ ਸਿੱਧਾ ਸਾਦਾ ਮਨੋਰਥ ਸੀ ਜੋ ਉਸ ਨੇ ਗ਼ਦਰ ਲਹਿਰ ਦੇ ਸਮੇਂ ਪ੍ਰਗਟਾਇਆ :

ਲੋਕਾਂ ਸਾਮ੍ਹਣੇ ਸਾਫ ਸਾਫ ਸਮੱਸਿਆ ਰੱਖੋ, ਉਨ੍ਹਾਂ ਦੀ ਸਹੀ ਤਸਵੀਰ ਪੇਸ਼ ਕਰੋ ਤੇ ਇਸ ਦੇ ਕਾਰਣ ਪ੍ਰਗਟ ਕਰੋ ਤੇ ਕਾਰਣਾਂ ਨੂੰ ਪਰ੍ਹਾਂ ਵਗਾਹ ਮਾਰੋ।

ਗਦਰੀ ਲੀਡਰ ਅਮਰੀਕਨਾਂ ਦੇ ਲੋਕਤੰਤਰ ਸੁਤੰਤਰਤਾ ਤੇ ਸਮਾਨਤਾ ਦੇ ਸਿਧਾਂਤਾਂ ਦੇ ਉਪਾਸ਼ਕ ਸਨ। ਇਨ੍ਹਾਂ ਸੁਨਹਿਰੀ ਸਿਧਾਂਤਾਂ ਨੇ ਹੀ ਅਮਰੀਕਨਾਂ ਨੂੰ ਅੰਗਰੇਜ਼ਾਂ ਤੋਂ ਸੁਤੰਤਰਤਾ ਪ੍ਰਾਪਤ ਕਰਨ ਲਈ ਸ਼ਸਤਰਬੱਧ ਇਨਕਲਾਬ ਲਈ ਪ੍ਰੇਰਿਆ ਸੀ। ਇਸੇ ਲਈ ਗ਼ਦਰ ਪਰਚੇ ਵਿਚ ਅਮਰੀਕਨਾਂ ਵਲੋ ਆਜ਼ਾਦੀ ਪ੍ਰਾਪਤੀ ਦੇ ਸਿਧਾਂਤਾਂ ਦੀ ਵਕਾਲਤ ਕੀਤੀ ਜਾਂਦੀ ਰਹੀ। ਇਸੇ ਸਿਧਾਂਤ ਦੀ ਪਾਲਣਾ ਕਰਦਿਆਂ ਹੋਇਆਂ ਗਦਰੀ ਲੀਡਰਾਂ ਨੇ ਅਮਰੀਕਨਾਂ ਤੇ ਕੋਈ ਕਿੰਤੂ ਨਹੀਂ ਸੀ ਕੀਤਾ ਸਗੋਂ ਅਮਰੀਕਨਾਂ

ਵਲੋਂ ਦਿੱਤੀ ਜਾਂਦੀ ਸਹਾਇਤਾ ਦੀ ਸਰਾਹਣਾ ਹੀ ਕੀਤੀ। ਇਸ ਪ੍ਰੋਗਰਾਮ ਨੂੰ ਅਮਲੀ ਰੂਪ ਦੇਣ ਲਈ ਗਦਰ ਪਾਰਟੀ ਨੇ ਸ਼ਸਤਰਬੱਧ ਇਨਕਲਾਬ ਦਾ ਟੀਚਾ ਮਿਥਿਆ। ਪਰਵਾਸੀ ਭਾਰਤੀਆਂ ਦਾ ਅਮਲੀ ਤਜਰਬੇ ਰਾਹੀਂ ਇਹ ਦ੍ਰਿੜ੍ਹ ਵਿਸ਼ਵਾਸ ਬਣ ਗਿਆ ਸੀ ਕਿ ਅੰਗਰੇਜ਼ਾਂ ਨੂੰ ਭਾਰਤ ਵਿਚੋਂ ਸ਼ਾਂਤਮਈ ਤਰੀਕਿਆਂ ਨਾਲ ਨਹੀਂ ਕੱਢਿਆ ਜਾ ਸਕਦਾ। ਇਸ ਲਈ ਉਨ੍ਹਾਂ ਨੇ ਦੂਜਾ ਰਾਹ ਫੜਿਆ। ਸ਼ਾਂਤਮਈ ਦਾ ਰਾਹ ਕਾਇਰਤਾ ਦਾ ਚਿੰਨ੍ਹ ਸਮਝਿਆ ਗਿਆ। ਗ਼ਦਰ ਗੂੰਜ ਵਿਚ ਅੰਕਿਤ ਕਵਿਤਾਵਾਂ ਰਾਹੀਂ ਦਿੱਤਾ ਪ੍ਰੋਗਰਾਮ ਨਾਮਿਲਵਰਤਣ ਤਕ ਹੀ ਸੀਮਤ ਨਹੀਂ ਸੀ, ਸਗੋਂ ਖੁਲ੍ਹੀ ਬਗਾਵਤ ਲਈ ਪ੍ਰੇਰਿਆ ਗਿਆ ਹੈ :

**ਦੁਖਾਂ ਵਿਚ ਜਾਨ ਪਈ ਜੀਵਨਾ ਮੁਹਾਲ ਹੋਇਆ,**
**ਤੋੜ ਨਹੀਂ ਸਕਦੇ ਗ਼ੁਲਾਮੀ ਵਾਲੀ ਤਾਰ ਨੂੰ।**
**ਉਡ ਜਾਣ ਦੁੱਖ ਅਤੇ ਭੁੱਖ ਦੇ ਕੜਾਕੇ ਅੱਜ,**
**ਜੁੱਤੀ ਨਾਲ ਕਢੋ ਤੇ ਫਰੰਗੀ ਦੀ ਸਰਕਾਰ ਨੂੰ।**
**ਖਿਲੇ ਪਿਆਰਾ ਬਾਗ ਸਾਡਾ ਸਦਾ ਹੀ ਬਸੰਤ ਵਾਂਗ,**
**ਛੇਤੀ ਬਲ ਧਾਰ ਵੀਰੋ ਕਰੋ ਉਪਕਾਰ ਨੂੰ।**

ਕੈਨੇਡਾ ਵਿਚ ਰਹਿਣ ਵਾਲੇ ਭਾਰਤੀਆਂ ਨੇ ਆਪਣੇ ਵਿਧਾਨਕ ਹੱਕਾਂ ਦੀ ਪ੍ਰਾਪਤੀ ਲਈ ਦਰ ਖੜਕਾਏ, ਮਿੰਨਤਾਂ ਤੇ ਅਰਜੋਈਆਂ ਕੀਤੀਆਂ। ਇੰਗਲੈਂਡ ਅਤੇ ਭਾਰਤ ਸਰਕਾਰ ਪਾਸ ਡੈਪੂਟੇਸ਼ਨ ਭੇਜੇ ਪਰ ਇਨ੍ਹਾਂ ਸਰਕਾਰਾਂ ਦੇ ਕੰਨਾਂ ਤੇ ਜੂੰ ਤਕ ਨਾ ਸਰਕੀ। ਬਾਬਾ ਗੁਰਦਿੱਤ ਸਿੰਘ ਕਾਮਾਗਾਟਾ ਮਾਰੂ ਜਹਾਜ਼ ਰਾਹੀਂ ਮੁਸਾਫਰ ਲੈਕੇ ਗਏ ਪਰ ਉਨ੍ਹਾਂ ਮੁਸਾਫਰਾਂ ਨੂੰ ਉਤਰਨ ਦੀ ਇਜਾਜ਼ਤ ਨਾ ਦਿੱਤੀ ਗਈ ਤੇ ਅੰਤ ਕਾਮਾਗਾਟਾ ਮਾਰੂ ਜਾਹਜ਼ ਦੇ ਮੁਸਾਫਰਾਂ ਨੂੰ ਨਿਰਾਸ ਹੋਕੇ ਭਾਰਤ ਪਰਤਣਾ ਪਿਆ। ਅਗੋਂ ਭਾਰਤ ਸਰਕਾਰ ਨੇ ਬਜਬਜ ਘਾਟ ਉਤੇ ਗੋਲੀਆਂ ਦੀ ਵਰਖਾ ਨਾਲ ਯਾਤਰੂਆਂ ਦਾ ਸਵਾਗਤ ਕੀਤਾ। ਇਨ੍ਹਾਂ ਹੱਡ-ਬੀਤੀਆਂ ਘਟਨਾਵਾਂ ਨੇ ਸਪਸ਼ਟ ਸੰਕੇਤ ਦੇ ਦਿੱਤੇ ਕਿ ਵਿਧਾਨਕ ਲੜਾਈਆਂ ਨਾਲ ਹੁਣ ਕੁਝ ਨਹੀਂ ਬਣਨਾ। ਮਿੰਨਤਾਂ ਤਰਲਿਆਂ ਵਾਲੇ ਢੰਗ ਤਿਆਗ ਕੇ ਹਿੰਸਾਤਮਕ ਤਰੀਕਿਆਂ ਰਾਹੀਂ ਸੁਤੰਤਰਤਾ ਪ੍ਰਾਪਤ ਕਰਨੀ ਚਾਹੀਦੀ ਹੈ :

**ਨਾਲ ਮਿੰਨਤਾਂ ਨਹੀਂ ਮਿਲਣ ਲੱਗੇ,**
**ਆਉ ਹੱਕ ਲਈਏ ਹੱਕਦਾਰ ਵਾਂਗੂ।**
**ਕਰ ਕੇ ਗਦਰ ਦੱਸੋ ਕੱਢੋ ਗੋਰਿਆਂ ਨੂੰ,**
**ਕਾਹਨੂੰ ਹਥ ਜੋੜੇ ਗੁਨਾਹਗਾਰ ਵਾਂਗੂੰ।**

ਹਥਿਆਰ-ਬੰਦ ਇਨਕਲਾਬ ਦੀ ਪ੍ਰਾਪਤੀ ਲਈ ਭਾਰਤੀ ਫੌਜ ਦਾ ਸਹਿਯੋਗ ਬੜਾ ਜ਼ਰੂਰੀ ਸੀ। ਉਨ੍ਹਾਂ ਨੂੰ ਦੂਜੇ ਮੁਲਕਾਂ ਵਿਚ ਜਾਕੇ ਲੜਨ ਤੋਂ ਰੋਕਣਾ ਸੀ। ਕਿਉਂਕਿ ਅੰਗਰੇਜ਼ ਸਾਮਰਾਜ ਦੂਜੇ ਮੁਲਕਾਂ ਨੂੰ ਗੁਲਾਮ ਬਣਾਉਣ ਵਿਚ ਭਾਰਤੀ ਫੌਜਾਂ ਦੀ ਮਦਦ ਲੈਂਦੇ ਸਨ। ਇਸ ਤਰ੍ਹਾਂ ਗ਼ਦਰੀ ਕਵੀਆਂ ਦਾ ਕਹਿਣਾ ਸੀ ਕਿ ਭਾਰਤੀ ਫੌਜੀ ਦੂਜੇ



ਲੋਕਾਂ ਨੂੰ ਗ਼ੁਲਾਮ ਬਣਾਉਣ ਵਿਚ ਸਾਮਰਾਜ ਦੀ ਮਦਦ ਕਰਦੇ ਹਨ। ਗਦਰੀ ਕਵੀਆਂ ਨੇ ਫੌਜੀਆਂ ਵਿਚ ਸਾਮਰਾਜ ਦੀਆਂ ਇਨ੍ਹਾਂ ਕੁਚਾਲਾਂ ਵਿਰੁੱਧ ਘਿਰਣਾ ਉਪਜਾਈ। ਇਸ ਕੰਮ ਲਈ ਪ੍ਰਚਾਰ ਹੀ ਲਾਹੇਵੰਦ ਸੀ। ਗਦਰ ਫੈਲਾਉਣ ਸਮੇਂ ਗਦਰੀ ਵਰਕਰਾਂ ਨੇ ਭਾਰਤੀ ਫੌਜੀ ਛਾਉਣੀਆਂ ਵਿਚ ਪ੍ਰਚਾਰ ਕੀਤਾ ਤੇ ਬਹੁਤ ਸਾਰਾ ਸਾਹਿਤ ਵੰਡਿਆ:

**ਚੰਗਾ ਵਕਤ ਹੈ ਗਦਰ ਮਚਾਵਣੇ ਦਾ,**
**ਹਿੰਦੁਸਤਾਨੀਉਂ ਦੇਰੀਆਂ ਲਾਈਆਂ ਕਿਉਂ।**
**ਫੌਜਾਂ ਵਾਲਿਉ ਤੁਸਾਂ ਦੀ ਮੱਤ ਮਾਰੀ,**
**ਲੋਕਾਂ ਵਾਸਤੇ ਕਰੋ ਲੜਾਈਆਂ ਕਿਉਂ।**
**ਵੈਰੀ ਤੁਸਾਂ ਦਾ ਘੇਰਿਆ ਵਿਚ ਯੂਰਪ,**
**ਵੇਲਾ ਸਾਂਭ ਲਓ ਢੇਰੀਆਂ ਢਾਈਆਂ ਕਿਉਂ।**

ਜੁਲਾਈ, 1914 ਵਿਚ ਯੂਰਪ ਵਿਚ ਯੁੱਧ ਛਿੜ ਚੁੱਕਾ ਸੀ। ਭਾਰਤੀ ਫੌਜਾਂ ਨੂੰ ਯੂਰਪ ਵਿਚ ਲੜਨ ਲਈ ਧਕੇਲ ਦਿੱਤਾ ਗਿਆ। ਗਦਰੀ ਲੀਡਰ ਇਸ ਮੌਕੇ ਤੋਂ ਲਾਭ ਲੈਣਾ ਚਾਹੁੰਦੇ ਸਨ ਕਿਉਂਕਿ ਫਿਰੰਗੀ ਬੁਰੀ ਤਰ੍ਹਾਂ ਕੁੜਿੱਕੀ ਵਿਚ ਫਸਿਆ ਹੋਇਆ ਸੀ। ਹੁਣ ਦੁਸ਼ਮਣ ਨੂੰ ਢੇਹਣ ਦਾ ਅਤਿ ਸੁਨਹਿਰੀ ਮੌਕਾ ਸੀ। ਗਦਰੀ ਕਵੀਆਂ ਨੇ ਗਦਰ ਦੇ ਪਾਠਕਾਂ ਵਿਚ ਦਲੇਰਾਨਾ ਅਪੀਲ ਪ੍ਰਕਾਸ਼ਿਤ ਕੀਤੀ :

**ਦੁਸ਼ਮਣ ਸਾਡਾ ਯੂਰਪ ਵਿਚ ਫਸਿਆ ਫ਼ਾਹੀ ਡਾਢੀ ਹੈ,**
**ਜਰਮਨ ਸ਼ੇਰ ਖੜਾ ਹੈ ਘੇਰੀ ਹੁਣ ਤਾਂ ਢਿਲ ਅਸਾਡੀ ਹੈ।**
**ਅਗੇ ਜਿਤ ਹਮੇਸ਼ਾਂ ਕਰਦਾ, ਹੁਣ ਤਾਂ ਸਾਲਮ ਫਾਡੀ ਹੈ,**
**ਛੇਤੀ ਹਿੰਮਤ ਕਰੋ ਹਿੰਦੀਓ, ਹੁਣ ਤਾਂ ਕਸਰ ਤੁਹਾਡੀ ਹੈ।**

ਗ਼ਦਰੀ ਕਵੀਆਂ ਨੇ ਇਹ ਪ੍ਰਚਾਰਿਆ ਕਿ ਉਨ੍ਹਾਂ ਦਾ ਮਿਸ਼ਨ ਬੜਾ ਹੀ ਸ਼੍ਰੇਸ਼ਟ ਹੈ। ਫਿਰੰਗੀ ਭਾਰਤੀਆਂ ਦੀ ਰੱਤ ਨਿਚੋੜ ਰਿਹਾ ਹੈ। ਇਸ ਜ਼ਾਲਮ ਤੋਂ ਖਹਿੜਾ ਛੁਡਾਉਣਾ ਭਾਰਤੀਆਂ ਦਾ ਧਾਰਮਿਕ ਫਰਜ਼ ਹੈ। ਹੁਣ ਇਹ ਜਾਲ ਵਿਚ ਫਸ ਚੁਕਿਆ ਹੈ ਤੇ ਇਹ ਮੌਕਾ ਹੁਣ ਹੱਥੋਂ ਨਹੀਂ ਖੁੰਝਾਉਣਾ ਚਾਹੀਦਾ :

**ਗ਼ਦਰ ਪਾਰਟੀ ਲੇਖਾ ਲੈਣਾ,**
**ਕੰਮ ਨਹੀਂ ਕੋਈ ਚੋਰੀ ਦਾ।**
**ਰਲ ਮਿਲ ਸਾਰੇ ਕਰੋ ਖਾਤਮਾ,**
**ਕੌਮ ਫਰੰਗੀ ਗੋਰੀ ਦਾ।**
**ਸ਼ਾਹੂਕਾਰੋ ਰਲ ਮਿਲ ਕੇ,**
**ਇਹ ਸਾਂਝਾ ਕੰਮ ਚਲਾਵਨ ਦਾ।**
**ਆਉ ਸ਼ੇਰੋ ਗਦਰ ਮਚਾਈਏ,**
**ਮੌਕਾ ਨਹੀਂ ਖੁੰਝਾਵਨ ਦਾ।**

ਗਦਰੀ ਕਵੀਆਂ ਨੇ ਫੌਜੀਆਂ ਵਿਚ ਵੀਰ ਭਾਵਨਾ ਭਰਨ ਵਿਚ ਸਾਰਾ ਤਰਾਣ ਲਾ ਦਿੱਤਾ ਹੈ। ਇਥੇ ਫਿਰ ਕਵੀਆਂ ਨੇ ਬਹਾਦਰੀ ਦੀ ਪਰੰਪਰਾ ਤੋਂ ਚੰਗਾ ਕੰਮ ਲਿਆ ਹੈ :

ਕਰੋ ਪਲਟਨਾਂ ਨੂੰ ਖਬਰਦਾਰ ਜਾ ਕੇ,
ਸੁੱਤੇ ਪਏ ਕਿਉਂ ਤੇਗ ਚਲਾਨ ਵਾਲੇ।
ਮੁਸਲਮਾਨ ਪਠਾਨ ਬਲਵਾਨ ਡੋਗਰ,
ਸਿੰਘ ਸੂਰਮੇ ਯੁੱਧ ਮਚਾਨ ਵਾਲੇ।
ਤਾਕਤ ਕੋਈ ਨਾ ਬੜੀ ਫਰੰਗੀਆਂ ਦੀ,
ਮਿਲ ਕੇ ਕਰਨ ਹੱਲਾ ਹਿੰਦੁਸਤਾਨ ਵਾਲੇ।
ਹਿੰਦੁਸਤਾਨੀਆਂ ਮੋਰਚੇ ਫਤਿਹ ਕੀਤੇ,
ਬਰਮਾ, ਮਿਸਰ ਤੇ ਚੀਨ, ਸੁਡਾਨ ਵਾਲੇ।

## ਭਾਵਨਾਵਾਂ ਦਾ ਜੋਸ਼

ਗ਼ਦਰ ਗੂੰਜ ਦਾ ਸਮੁੱਚੀ ਕਵਿਤਾ ਵਿਚ ਭਾਵਨਾਤਮਕ ਜੋਸ਼ ਵਿਦਮਾਨ ਹੈ। ਗਦਰੀ ਕਵੀਆਂ ਦਾ ਉਚਤਮ ਫਰਜ਼ ਭਾਰਤ ਵਾਸੀਆਂ ਵਿਚ ਚੇਤੰਨਤਾ ਜਗਾਉਣ ਉਪਰੰਤ ਦੇਸ ਲਈ ਮਰ ਮਿਟਣ ਦੀ ਭਾਵਨਾ ਭਰਨਾ ਸੀ, ਜੋ ਉਨ੍ਹਾਂ ਨੇ ਪੂਰੀ ਇਮਾਨਦਾਰੀ ਨਾਲ ਪੂਰਾ ਕੀਤਾ। ਗਦਰ ਦੀ ਭਾਵਨਾ ਪੈਦਾ ਕਰਨ ਲਈ ਜਿਥੇ ਜਾਗੇ ਹੋਏ ਮਨ ਦੀ ਲੋੜ ਸੀ, ਉਥੇ ਮਾਨਸਿਕ ਤੌਰ 'ਤੇ ਵੀ ਤਿਆਰੀ ਦੀ ਆਵੱਸ਼ਕਤਾ ਸੀ। ਭਾਰਤ ਵਾਸੀਆਂ ਵਿਸ਼ੇਸ਼ ਕਰਕੇ ਗਦਰੀ ਭਗਤਾਂ ਵਿਚ ਤਨ, ਮਨ ਤੇ ਧਨ ਦੀ ਕੁਰਬਾਨੀ ਦਾ ਜਜ਼ਬਾ ਉਭਾਰਨਾ ਸੀ। ਲੜਾਈ ਦੇ ਸਮੇਂ ਵਿਚ ਤਿਆਗ ਦੀ ਅਤਿਅੰਤ ਲੋੜ ਸੀ ਕਿਉਂਕਿ ਗਦਰ ਸ਼ਸਤਰਬੱਧ ਤਰੀਕੇ ਨਾਲ ਕਰਨਾ ਸੀ ਇਸ ਲਈ ਸਾਜ਼ੋ-ਸਾਮਾਨ ਲਈ ਧੰਨ ਦੀ ਅਤਿ ਲੋੜ ਸੀ। ਗ਼ਦਰੀ ਕਵੀਆਂ ਨੇ ਜਿੱਥੇ ਹਰ ਤਰ੍ਹਾਂ ਦੀ ਕੁਰਬਾਨੀ ਤੇ ਤਿਆਗ 'ਤੇ ਜ਼ੋਰ ਦਿੱਤਾ ਉਥੇ ਧੰਨ ਦੀ ਪ੍ਰਾਪਤੀ ਲਈ ਉਚੇਚੀ ਅਪੀਲ ਵੀ ਕੀਤੀ:

ਜੋ ਕੁਛ ਪਾਸ ਹੈ ਮੁਲਕ 'ਤੇ ਵਾਰ ਦੇਵੋ,
ਪਿਛੇ ਰੱਖ ਰਖੌਣ ਦੀ ਲੋੜ ਕੀ ਏ।
ਝੱਲੋ ਦੁੱਖ ਮੁਸੀਬਤਾਂ ਵਾਂਗ ਮਰਦਾਂ,
ਪਿਛੇ ਹਟਣ ਹਟੌਣ ਦੀ ਲੋੜ ਕੀ ਏ।
ਸੇਵਾ ਮੁਲਕ ਦੀ ਕਰਨ ਦੇ ਢੰਗ ਲੱਖਾਂ,
ਸੇਵਾ ਕਰੋ ਜਤਲੌਣ ਦੀ ਲੋੜ ਕੀ ਏ।
ਬਸ ਕਰੋ ਹਿੰਮਤ ਜਲਦੀ ਕਰੀਏ,
ਬਾਹਰ ਦੁਹਰਾਣ ਦੀ ਲੋੜ ਕੀ ਏ।



ਪਰ ਸਭ ਤੋਂ ਔਖਾਂ ਕੰਮ ਗਦਰ ਪ੍ਰੇਮੀਆਂ ਦੇ ਮਨੋਬਲ ਨੂੰ ਉੱਚਾ ਕਰਨ ਤੇ ਉਨ੍ਹਾਂ ਦੇ ਮਨ ਦੀ ਮਾਨਸਿਕ ਤਕੜਾਈ ਕਰਨਾ ਸੀ। ਗਦਰ ਕਵੀਆਂ ਨੇ ਗਦਰ ਪ੍ਰੇਮੀਆਂ ਨੂੰ ਦੁੱਖਾਂ ਮੁਸੀਬਤਾਂ ਨੂੰ ਜਰਨ ਲਈ ਪਹਿਲੇ ਹੀ ਤਿਆਰ ਕੀਤਾ। ਉਨ੍ਹਾਂ ਨੂੰ ਆਉਣ ਵਾਲੀਆਂ ਮੁਸੀਬਤਾਂ ਦੀ ਝਾਕੀ ਪੇਸ਼ ਕਰਕੇ ਉਨ੍ਹਾਂ ਦੇ ਮਨਾਂ ਨੂੰ ਆਤਮਿਕ ਬੁਲੰਦੀ ਤੇ ਪਹੁੰਚਾਉਣ ਵਿਚ ਕਵਿਤਾ ਨੇ ਪੂਰਨ ਰੋਲ ਨਿਭਾਇਆ। ਹੇਠਲੇ ਬੰਦਾਂ ਵਿਚ ਤਿਆਗ, ਸੂਰਮਤਾਈ, ਸਖਤੀਆਂ ਤੇ ਸ਼ਹਾਦਤ ਦੀ ਪ੍ਰੇਰਣਾ ਲਈ ਤਸਵੀਰ ਸਾਕਾਰ ਕੀਤੀ ਹੈ। ਜਜ਼ਬਾ ਇਸ ਕਦਰ ਬਲਵਾਨ ਹੈ ਕਿ ਮਰੀਆਂ ਰੂਹਾਂ ਵਿਚ ਵੀ ਜਾਨ ਪੈਂਦੀ ਦਿਸਦੀ ਹੈ :

ਗ਼ਦਰ ਗ਼ਦਰ ਕਰਦਾ ਸਾਰਾ ਜਗ ਐਵੇਂ,
ਐਪਰ ਗ਼ਦਰ ਮਚਾਵਣਾ ਬੜਾ ਔਖਾ।
ਰੌਲੇ ਨਾਲ ਨਾ ਹੋਂਵਦੇ ਗ਼ਦਰ ਯਾਰੋ,
ਦਿਲ ਦਾ ਖੂਨ ਬਹਾਵਣਾ ਖਰਾ ਔਖਾ।
ਸੋਚ ਸਮਝ ਕੇ ਰੱਖਣਾ ਪੈਰ ਯਾਰੋ,
ਆਪਣਾ ਸੀਸ ਕਟਾਵਣਾ ਖਰਾ ਔਖਾ।
ਲੀਡਰ ਬਣਨ ਖਾਤਰ ਚਿਤ ਲੋਂਭਦਾ ਹੈ,
ਐਪਰ ਜੇਲ੍ਹ ਵਿਚ ਜਾਵਣਾ ਖਰਾ ਔਖਾ।
ਹੋਸੀ ਜੇਲ੍ਹ ਜਾਂ ਮਿਲੇਗੀ ਅੰਤ ਫਾਂਸੀ,
ਦਿਲ ਤੋਂ ਗ਼ਦਰ ਭੁਲਾਵਣਾ ਖਰਾ ਔਖਾ।
ਫਾਕੇ ਕੱਟਣੇ ਵਾਂਗ ਸੁਦਾਈਆਂ ਦੇ,
ਸੁੱਖ ਦਾ ਸਵਾਸ ਵੀ ਆਵਣਾ ਖਰਾ ਔਖਾ।
ਰਾਜ ਕਰੇਗੀ ਅਸਾਂ ਦੀ ਨਸਲ ਪਿਆਰੀ,
ਸਾਨੂੰ ਰਾਜ ਕਮਾਵਣਾ ਖਰਾ ਔਖਾ।
ਸੁਣ ਲੌ ਗ਼ਦਰ ਪਰੇਮੀਉਂ! ਕੰਨ ਧਰ ਕੇ,
ਪਿਛੋਂ ਸਾਂਗ ਬਨਾਵਣਾ ਖਰਾ ਔਖਾ।
ਹਥੀਂ ਪੈਹਨ ਹੱਥਕੜੀਆਂ ਪੈਰ ਬੇੜੀ,
ਤਦ ਭੀ ਜੋਸ਼ ਵਿਖਾਵਣਾ ਖਰਾ ਔਖਾ।

ਇਸ ਤਰ੍ਹਾਂ ਗ਼ਦਰ ਪ੍ਰੇਮੀਆਂ ਦੀ ਮਾਨਸਿਕ ਤਿਆਰੀ ਕਰਕੇ ਉਨ੍ਹਾਂ ਨੂੰ ਸ਼ਹਾਦਤ ਦੀ ਉਚੀ ਟੀਸੀ 'ਤੇ ਪਹੁੰਚਾਉਣ ਵਿਚ ਗਦਰੀ ਕਵੀਆਂ ਨੇ ਇਕ ਬੜਾ ਮਹਾਨ ਕੰਮ ਕੀਤਾ :

ਹਿੰਦੁਸਤਾਨੀਓ ਰੱਖਣਾ ਯਾਦ ਸਾਨੂੰ,
ਕਿਤੇ ਦਿਲ ਤੋਂ ਨਹੀਂ ਭੁਲਾ ਜਾਣਾ।

ਖਾਤਰ ਵਤਨ ਦੀ ਚੜ੍ਹੇ ਹਾਂ ਅਸੀਂ ਫਾਂਸੀ,
ਦੇਖ ਅਸਾਂ ਨੂੰ ਨਹੀਂ ਘਬਰਾ ਜਾਣਾ।
ਦੇਸ਼ ਵਾਸੀਓ ਚਮਿਕਿਓ ਚੰਦ ਵਾਂਗੂ,
ਕਿਤੇ ਬੱਦਲੀਆਂ ਹੇਠ ਨਾ ਆ ਜਾਣਾ।
ਬਣ ਕੇ ਫੁੱਲ ਆਜ਼ਾਦੀ ਦਾ ਟਹਿਕ ਪੈਣਾ,
ਜ਼ੁਲਮ ਨਾਲ ਨਾ ਕਿਤੇ ਕੁਮਲਾ ਜਾਣਾ।

ਕੁਰਬਾਨੀ ਭਾਵਨਾ ਨੂੰ ਉਤੇਜਤ ਕਰਨ ਲਈ ਕੌਮੀ ਪਰੰਪਰਾ 'ਚੋਂ ਕਾਫੀ ਕੰਮ ਲਿਆ ਹੈ। 1857 ਦੇ ਗਦਰ ਦੀ ਯਾਦ ਵਿਸ਼ੇਸ ਕਰਕੇ ਚਿਤਰੀ ਹੈ ਤਾਂ ਕਿ ਗ਼ਦਰ ਪ੍ਰੇਮੀ ਪੁਰਾਤਨ ਸੂਰਮਿਆਂ ਦੀ ਬਹਾਦਰੀ ਦੇ ਜੌਹਰ ਦੇਖ ਕੇ ਆਪਣੀ ਵੀਰ ਭਾਵਨਾ ਨੂੰ ਹੋਰ ਬਲਵਾਨ ਬਣਾ ਸਕਣ :

ਦੋਹਾਂ ਪਾਸਿਆਂ ਦੇ ਦਲ ਆਣ ਢੁੱਕੇ,
ਖੂਬ ਜੰਗ ਹੋਇਆ ਘਲੂਘਾਰ ਭੀ ਸੀ।
ਮਾਰ ਮਾਰ ਫਰੰਗ ਦੇ ਘਾਣ ਲਾਹੇ,
ਦਿੱਤੀ ਲੋਥ ਤੇ ਲੋਥ ਉਸਾਰ ਭੀ ਸੀ।
ਹੱਥ ਪਕੜ ਤਲਵਾਰ ਮੈਦਾਨ ਆਈ,
ਬੋਲੇ ਦੁਸ਼ਮਣਾਂ ਤਾਈਂ ਵੰਗਾਰ ਵੀ ਸੀ।

ਗ਼ਦਰੀ ਕਵੀਆਂ ਨੇ ਕੁਰਬਾਨੀ ਦੀ ਭਾਵਨਾ ਭਰਨ ਲਈ ਹਰ ਹੀਲਾ ਵਰਤਿਆ। ਜਿਥੇ ਪੁਰਾਤਨ ਬਹਾਦਰਾਂ ਦੀ ਬਹਾਦਰੀ ਦੇ ਕ੍ਰਿਸ਼ਮੇ ਦਿਖਾਕੇ ਉਨ੍ਹਾਂ ਨੂੰ ਲੜ ਮਰਨ ਲਈ ਪ੍ਰੇਰਿਆ, ਉਥੇ ਉਨ੍ਹਾਂ ਦੀ ਜ਼ਮੀਰ ਨੂੰ ਉਭਾਰਨ ਵਾਸਤੇ ਟਕੋਰਾਂ ਲਾਉਣ ਦੀ ਕਸਰ ਵੀ ਨਾ ਛੱਡੀ :

ਹਿੰਦੁਸਤਾਨੀ ਦੁਲਾਰਿਓ ਸੁਣੋ ਭਾਈਓ,
ਦਿਲੀ ਖਿਆਲ ਦੀ ਬਾਤ ਸੁਨਾਇ ਦਿੱਤੀ।
ਮੇਰੇ ਬਾਪ ਬਜ਼ੁਰਗ ਦੇ ਖ਼ੂਨ ਜਿਗਰੋ,
ਦੇਸੀ ਪ੍ਰੀਤ ਕਿਉਂ ਗੀਤ ਭੁਲਾਇ ਦਿੱਤੀ।
ਸੋਹਣੀ ਸ਼ਾਨ ਵਾਲੇ ਸੀ ਬਜ਼ੁਰਗ ਸਾਡੇ,
ਇੱਜ਼ਤ ਉਨ੍ਹਾਂ ਦੀ ਖਾਕ ਮਿਲਾਇ ਦਿੱਤੀ।
ਪਰਉਪਕਾਰ ਬਿਨਾਂ ਤਨ ਮਿਥਿਆ ਹੈ,
ਗੱਲ ਗੁਰਾਂ ਨੇ ਅਸਲ ਸਮਝਾਇ ਦਿੱਤੀ।

ਗ਼ਦਰੀ ਕਵੀਆਂ ਨੇ ਆਪਣੇ ਪੁਰਾਣੇ ਵਿਰਸੇ ਨੂੰ ਚੰਗੀ ਤਰ੍ਹਾਂ ਵਰਤਿਆ ਹੈ। ਅਧਿਆਤਮਵਾਦ ਦਾ ਆਸਰਾ ਲੈਂਦਿਆਂ ਕਵੀਆਂ ਨੇ ਇਹ ਗੱਲ ਪੂਰੀ ਤਰ੍ਹਾਂ ਸਮਝਾਈ ਕਿ ਦੇਹ ਨੇ ਤਾਂ ਅੰਤ ਨੂੰ ਬਿਨਸ ਹੀ ਜਾਣਾ ਹੈ ਕਿਉਂ ਨਾ ਇਸ ਨੂੰ ਦੇਸ਼ ਤੇ ਧਰਮ ਦੇ ਲੇਖੇ ਲਾਇਆ ਜਾਵੇ :



ਜੀਵ ਜਾਨ ਨਿਕਾਰੀ ਹੈ ਕੋਲ ਸਾਡੇ,
ਖਾਤਰ ਕੌਮ ਦੀ ਏਸ ਨੂੰ ਲਾ ਲਈਏ।
ਬਲੀਦਾਨ ਦੇ ਕੇ ਬੀਰ ਯੋਧਿਆਂ ਦਾ,
ਜੀਉਂਦੀ ਕੌਮ ਜਹਾਨ ਸਦਾ ਲਈਏ।
ਅਜ ਪੈਣ ਧੱਕੇ ਫਿਰ ਹੋਊ ਆਦਰ,
ਏਨ੍ਹਾਂ ਵੈਰੀਆਂ ਨੂੰ ਜੇ ਕਰ ਖਾ ਲਈਏ।
ਸੁਖੀ ਵਸੀਏ ਹੋਇ ਅਜ਼ਾਦ ਸ਼ੇਰੋ,
ਬੇਈਮਾਨ ਦਾ ਤੁਖਮ ਉਡਾ ਲਈਏ।

ਗ਼ਦਰੀ ਕਵੀਆਂ ਦੀ ਇਹ ਦਿਲੀ ਮਨਸ਼ਾ ਸੀ ਕਿ ਗ਼ਦਰ ਪ੍ਰੇਮੀ ਕਿਵੇਂ ਨਾ ਕਿਵੇਂ ਲੜਨ ਮਰਨ ਲਈ ਤਿਆਰ ਹੋ ਜਾਣ ਤੇ ਇਹ ਗੁਲਾਮੀ ਦਾ ਫਾਹਾ ਸਾਡੇ ਗਲੋਂ ਲਹਿ ਜਾਵੇ। ਗ਼ਦਰੀ ਕਵੀ ਭਲੀ ਭਾਂਤ ਜਾਣਦੇ ਸਨ ਕਿ ਭਾਰਤੀਆਂ ਅੰਦਰ ਆਪਣੇ ਧਰਮ ਦੀ ਖਾਤਰ ਮਰ ਮਿਟਣ ਦੀ ਸਰੇਸ਼ਟ ਧਾਰਣਾ ਹੈ। ਇਸ ਲਈ ਉਨ੍ਹਾਂ ਨੇ ਗ਼ਦਰ ਨੂੰ ਧਾਰਮਿਕ ਰੰਗਣ ਦੇਕੇ ਪੇਸ਼ ਕੀਤਾ ਹੈ :

ਮਰੋਗੇ ਸ਼ਹੀਦਾਂ ਵਿਚ ਰਲੋਗੇ ਨਿਸ਼ੰਗ ਹੋਕੇ,
ਜਗ ਵਿਚ ਸੂਰਿਆਂ ਦਾ ਨਾਮ ਛੱਡ ਜਾਵੋਗੇ।
ਦੀਨ ਤੇ ਈਮਾਨ ਸੇਵਾ ਕੌਮ ਹੀ ਕੀ ਜਾਨ ਲੈਣਾ,
ਏਸ ਧਰਮ ਵਾਸਤੇ ਲੱਖਾਂ ਹੀ ਸੀਸ ਲਾਵੋਗੇ।
ਧਰਮ ਦੀ ਗੁਲਾਮੀ ਦਾ ਮਿਸਲ ਮਸ਼ਹੂਰ ਸਾਰੇ,
ਕੱਟ ਕੇ ਗੁਲਾਮੀ ਧਰਮ ਆਪਣਾ ਨਿਭਾਵੋਗੇ।

ਫਿਰ ਗ਼ਦਰੀ ਕਵੀ ਕੁਰਬਾਨੀ ਦੀ ਅਥਾਹ ਭਾਵਨਾ ਭਰਨ ਲਈ ਗ਼ਦਰੀ ਅੰਦਰ ਭਰੇ ਹੋਏ ਜਜ਼ਬੇ ਦੀ ਤਸਵੀਰ ਪੇਸ਼ ਕਰਦਾ ਹੈ। ਗ਼ਦਰੀ ਪ੍ਰੇਮੀ ਆਪਣੀ ਜਾਨ ਤਲੀ 'ਤੇ ਧਰਕੇ ਬੈਠਾ ਹੈ। ਇਹ ਕੁਰਬਾਨੀ ਦੀ ਭਾਵਨਾ ਦੂਜੇ ਪ੍ਰੇਮੀਆਂ ਨੂੰ ਬਲ ਬਖਸ਼ਦੀ ਹੈ :

ਫੌਜ ਇਸ਼ਕ ਆਜ਼ਾਦੀ ਦੀ ਕਰ ਕੱਠੀ,
ਗ਼ਦਰੀ ਕੂਚ ਦਾ ਨਾਦ ਵਜਾ ਦਿਆਂਗੇ।
ਪੈਰ ਪੈਰ 'ਤੇ ਪੈਣ ਮੁਸੀਬਤਾਂ ਜੋ,
ਪੈਰੀਂ ਇਸ਼ਕ ਜਰਨੈਲ ਦੀ ਪਾ ਦਿਆਂਗੇ।
ਰੋਕਣ ਰਾਹ ਜੇ ਸੱਤੇ ਸਮੁੰਦ ਆ ਕੇ,
ਵਾਂਗ ਤਲੀ ਦੇ ਖੁਸ਼ਕ ਕਰਾ ਦਿਆਂਗੇ।
ਜੰਗਲ ਆਉਣ ਪਹਾੜ ਦੁਸ਼ਵਾਰ ਅੱਗੇ,
ਸਫਾ ਹਸਤੀ ਤੋਂ ਸਭ ਮਿਟਾ ਦਿਆਂਗੇ।

ਗ਼ਦਰੀ ਕਵੀ ਕੁਰਬਾਨੀ ਵਾਲੇ ਸੂਰਮਿਆਂ ਦੀ ਸ਼ਖਸੀਅਤ ਉਸਾਰੀ ਦੀ ਪੂਰਨ ਤਸਵੀਰ ਪੇਸ਼ ਕਰਦੇ ਹਨ। ਇਸ ਤਸਵੀਰ ਵਿਚ ਭਾਰਤ ਦੀ ਇਖਲਾਕੀ ਤੇ ਉਚੀ ਸੁਚੀ ਕਦਰ ਕੀਮਤ ਦੀ ਸੂਚੀ ਪੇਸ਼ ਕਰਕੇ ਵੀਰ ਭਾਵਨਾ ਨੂੰ ਹੋਰ ਬਲ ਪਰਦਾਨ ਕੀਤਾ ਗਿਆ ਹੈ :

ਆਊਣ ਸਫਲ ਜਹਾਨ ਵਿਚ ਉਸ ਦਾ,
ਜਿੰਦ ਅਰਥ ਮਜ਼ਲੂਮਾਂ ਦੇ ਲਾਈ ਹੋਵੇ।
ਧੰਨ ਉਹ ਤੇ ਉਸ ਦੀ ਧੰਨ ਮਾਤਾ,
ਸਿੱਖਿਆ ਇਕ ਸਮਾਨ ਸਿਖਾਈ ਹੋਵੇ।
ਮਰਣ ਕੌਮ ਤੇ ਦੇਸ਼ ਦੀ ਸ਼ਾਨ ਬਦਲੇ,
ਜਿੰਦ ਸੂਲੀ ਦੇ ਨਾਲ ਲਟਕਾਈ ਹੋਵੇ।
ਮਾਣ ਖੋਰਿਆਂ ਬੋਲਿਆਂ ਲੀਡਰਾਂ ਦੇ,
ਕੰਨਾਂ ਤਾਈਂ ਆਵਾਜ਼ ਸੁਣਾਈ ਹੋਵੇ।
ਜ਼ਾਲਮ ਸ਼ਾਹੀ ਗੁਮਾਨ ਵਿਚ ਮੱਤੀ ਹੋਈ ਵੀ,
ਨਾਲ ਬੰਬਾਂ ਦੇ ਬੰਬ ਬੁਲਾਈ ਹੋਵੇ।
ਨਹੀਂ ਝਿਜਕ ਗੰਭੀਰ ਅਟੱਲ ਹੋ ਕੇ,
ਸੂਰਮਤਾਈ ਦੀ ਰੀਤ ਦਿਖਾਈ ਹੋਵੇ।
ਉਹ ਕੀ ਜਾਣਦੀ ਅਟਕ ਰੁਕਾਵਟਾਂ ਨੂੰ,
ਜੰਗੀ ਵਿਦਿਆ ਜਿਨਾਂ ਨੂੰ ਆਈ ਹੋਵੇ।
ਨਾਮ ਉਨ੍ਹਾਂ ਦਾ ਵਿਚ ਜਹਾਨ ਰੌਸ਼ਨ,
ਜਿਨ੍ਹਾਂ ਜ਼ੁਲਮ ਦੀ ਘੰਡ ਬਹਾਈ ਹੋਵੇ।

ਅਧਿਆਤਮਕ ਸਿੱਖਿਆ ਦੀ ਰੌ ਵਿਚ ਗ਼ਦਰੀ ਪ੍ਰੇਮੀ ਨੂੰ ਪੂਰਨ ਭਾਂਤ ਤਿਆਰ ਕੀਤਾ ਹੈ ਕਿ ਸ਼ਹੀਦ ਦੀ ਆਤਮਾ ਕਦੀ ਨਹੀਂ ਮਰਦੀ। ਦੇਸ਼ ਤੋਂ ਜਿੰਦ ਘੁਮਾਣ ਵਾਲੇ ਪਰਵਾਨੇ ਦੇ ਮੂੰਹੋਂ ਇਹ ਸ਼ਬਦ ਅਖਵਾਏ ਹਨ :

ਨਹੀਂ ਜ਼ਾਲਮਾਂ ਜ਼ੁਲਮ ਦੀ ਕਸਰ ਛੱਡੀ,
ਹੋਸੀ ਨਹੀਂ ਨੁਕਸਾਨ ਰਵਾਲ ਮੇਰਾ।
ਮੇਰੀ ਆਤਮਾ ਸਦਾ ਅਡੋਲ ਵੀਰੋ,
ਵੈਰੀ ਕਰ ਸਕੂ ਨਾ ਵਿੰਗਾ ਵਾਲ ਮੇਰਾ।
ਮੇਰੇ ਬੁੱਤ ਨੂੰ ਜ਼ਾਲਮਾਂ ਕੈਦ ਕੀਤਾ,
ਖੁਲ੍ਹਾ ਫਿਰੇ ਆਜ਼ਾਦ ਖਿਆਲ ਮੇਰਾ।

ਗ਼ਦਰੀ ਕਵੀਆਂ ਨੇ ਅਧਿਆਤਮਕ ਸਿਖਿਆ ਦੀ ਪੂਰੀ ਪਰਬੀਨਤਾ ਨਾਲ ਵਰਤੋਂ ਕੀਤੀ ਹੈ। ਇਨ੍ਹਾਂ ਨੇ ਗ਼ਦਰੀ ਪਾਠਕਾਂ ਦੀ ਸੰਸਕਾਰਕ ਬਿਰਤੀ ਨੂੰ ਖੂਬ ਜਗਾਇਆ



ਹੈ ਤੇ ਇਸ ਸੰਸਕਾਰਕ ਬਿਰਤੀ 'ਚੋਂ ਵੀਰ ਭਾਵਨਾ ਪ੍ਰਜਵਲਤ ਕਰਨ ਲਈ ਪੂਰਾ ਪੂਰਾ ਤਰਾਣ ਲਾਇਆ ਹੈ :

ਜਾਨ ਪਿਆਰੀ ਕਰੋ ਨਾ ਸ਼ੇਰੋ, ਇਕ ਦਿਨ ਨਿਕਲ ਜਾਣੀ ਹੈ।
ਜਿਨ੍ਹਾਂ ਕੌਮੀ ਸੇਵਾ ਕਰਨੀ, ਮਿਲਣਾ ਪਦ ਨਿਰਬਾਣੀ ਹੈ।
ਦੂਨੀਆਂ ਵਿਚ ਨਾ ਝੰਡਾ ਸਾਡਾ, ਅੱਖੀਂ ਸਾਡੀ ਕਾਣੀ ਹੈ।
ਦੂਨੀਆਂ ਦੇ ਵਿਚ ਨਾਲ ਅਸਾਢੇ, ਹੁੰਦੀ ਕੁੱਤੇ-ਖਾਣੀ ਹੈ।
ਤਨ ਮਨ ਧਨ ਸਭ ਵਾਰੋ, ਜੇਕਰ ਸ਼ੌਕ ਨਿਸ਼ਾਨ ਚੜ੍ਹਾਵਨ ਦਾ।
ਆਉ ਸ਼ੇਰੋ ਗ਼ਦਰ ਮਚਾਈਏ, ਮੌਕਾ ਨਹੀਂ ਖੁੰਝਾਵਣ ਦਾ।

ਗ਼ਦਰੀ ਕਵਿਤਾ ਵਿਚ ਭਾਵਨਾਵਾਂ ਦਾ ਜੋਸ਼ ਪੂਰੀ ਸ਼ਿੱਦਤ ਨਾਲ ਰੂਪਮਾਨ ਹੋਇਆ ਹੈ। ਗ਼ਦਰੀ ਕਵੀਆਂ ਦਾ ਸਮੁੱਚਾ ਜੀਵਨ ਵੀ ਲਹਿਰ ਲਈ ਅਰਪਤ ਸੀ ਤਾਂਹੀਓਂ ਉਨ੍ਹਾਂ ਵਲੋਂ ਰਚੀ ਇਕ ਇਕ ਸਤਰ 'ਚੋਂ ਸਿਦਕਦਿਲੀ ਦੀ ਗੁੰਜਾਰ ਆਉਂਦੀ ਹੈ।

ਗ਼ਦਰੀ ਕਵਿਤਾ ਦਾ ਸਮੁੱਚਾ ਪ੍ਰਭਾਵ ਇਹ ਹੀ ਨਹੀਂ ਪਿਆ ਕਿ ਭਾਰਤ ਵਰਸ਼ ਦੇ ਕਿਰਤੀ ਤੇ ਕਿਸਾਨ ਗ਼ਦਰ ਮਚਾਉਣ ਲਈ ਨਿਤਰ ਪਏ ਤੇ ਉਨ੍ਹਾਂ ਨੇ ਆਪਣੀਆਂ ਜਾਨਾਂ ਪਿਆਰੇ ਦੇਸ਼ ਦੀ ਖਾਤਰ ਹੂਲੀਆਂ, ਸਗੋਂ ਆਉਣ ਵਾਲੇ ਸੁਤੰਤਰਤਾ ਦੇ ਘੋਲ ਵਿਚ ਇਸ ਕਵਿਤਾ ਨੇ ਭਾਰਤੀ ਕੌਮ ਵਿਚ ਲਟ ਲਟ ਬਲਦਾ ਜਜ਼ਬਾ ਪਰਵੇਸ਼ ਕਰ ਦਿੱਤਾ ਜਿਸ ਸਦਕਾ ਕੌਮ ਨੂੰ ਪੂਰਨ ਸੁਤੰਤਰਤਾ ਪ੍ਰਾਪਤ ਹੋਈ।

k k k k k

## 2012 ਵਿਚ ਹਰਭਜਨ ਸਿੰਘ ਹੁੰਦਲ ਦੀਆਂ ਨਵੀਂ ਛਪੀਆਂ ਪੁਸਤਕਾਂ

1. ਚੀ-ਗਵੇਰਾ (ਜੀਵਨੀ) ਦੂਸਰੀ ਐਡੀਸ਼ਨ, ਪੰਨੇ 84, ਮੁੱਲ 50/- ਫੋਰਮ, ਬਰਗਾੜੀ (ਫਰੀਦਕੋਟ), 98729-89313
2. ਪਾਬਲੋ ਨੇਰੂਦਾ (ਵਾਰਤਕ ਲਿਖਤਾਂ) ਪੰਨੇ 182, ਮੁੱਲ 375/- ਮਨਪ੍ਰੀਤ ਪ੍ਰਕਾਸ਼ਨ, 16/16 ਗੀਤਾ ਕਾਲੋਨੀ, ਦਿੱਲੀ-31 ਫੋਨ-09312271252
3. ਮਹਿਮੂਦ ਦਰਵੇਸ਼ ਦਾ ਕਾਵਿ-ਚਿੰਤਨ, ਪੰਨੇ 152, ਮੁੱਲ 340/- ਮਨਪ੍ਰੀਤ ਪ੍ਰਕਾਸ਼ਨ, ਦਿੱਲੀ-31
4. ਲੋਕਾਂ ਦੀ ਨਰਤਕੀ (ਆਈਸਾ ਡੋਰਾ ਡੰਕਨ ਦੀ ਜੀਵਨੀ) ਪੰਨੇ 176, ਮੁੱਲ 225/- ਚੇਤਨਾ ਪ੍ਰਕਾਸ਼ਨ, ਲੁਧਿਆਣਾ।

## ਸਾਡਾ ਵਿਰਸਾ

ਹਰਭਜਨ ਸਿੰਘ ਹੁੰਦਲ

ਗ਼ਲਤ ਸਮਝਿਆ ਹੈ ਤੁਸਾਂ
ਬਹੁਤ ਕੁਝ ਹੈ ਮੇਰੇ ਕੋਲ
ਮੇਰੇ ਕੋਲ
ਸ਼ੇਖ਼ ਫ਼ਰੀਦ ਦੇ ਬੋਲ ਨੇ
ਮੁਲਤਾਨ ਦੀਆਂ ਖਜੂਰਾਂ ਵਰਗੇ
ਨਰੋਏ ਤੇ ਮਿੱਠੇ।
ਬਾਬੇ ਨਾਨਕ ਦੀ ਬਾਣੀ ਹੈ
ਕੋਧਰੇ ਦੀ ਰੋਟੀ ਉੱਤੇ
ਲੂਣ ਭੁੱਕਦੀ
ਬਾਬਰ ਨੂੰ ਵੰਗਾਰਦੀ।

ਗੁਰੂ ਗੋਬਿੰਦ ਸਿੰਘ ਦਾ
ਤੀਰਾਂ ਨਾਲ ਲਿਖਿਆ
ਜ਼ਫ਼ਰਨਾਮਾ ਹੈ
ਬਾਜ਼ਾਂ ਦੇ ਨਾਂ ਲਿਖਿਆ
ਚਿੜੀਆਂ ਦਾ ਜ਼ਫ਼ਰਨਾਮਾ
ਤੇ ਮਿੱਤਰ-ਪਿਆਰੇ ਨੂੰ ਮੁਖ਼ਾਤਬ
ਮੁਹੱਬਤ ਦਾ ਸੁੱਚਾ ਖ਼ਤ ਹੈ
ਮੇਰੇ ਕੋਲ।

ਮੇਰੇ ਕੋਲ ਸੁਖ਼ਨ ਦੇ 'ਵਾਰਸ' ਦੀ
ਹੀਰ ਹੈ
ਫੁਲਕਾਰੀ ਦੇ ਰੰਗਾਂ ਵਿਚ ਕੱਢੀਆਂ
ਨਿਹੁੰ ਦੀਆਂ ਫੁੱਲ-ਪੱਤੀਆਂ
ਕਾਫ਼ੀਆਂ ਨੇ 'ਸ਼ਾਹ ਹੁਸੈਨ' ਦੀਆਂ
ਵਿਛੋੜੇ ਦੇ ਸੇਕ ਨੂੰ
ਪਲਕਾਂ ਨਾਲ ਚੁਗਦੀਆਂ
ਦੋਹੜੇ ਨੇ 'ਸੁਲਤਾਨ ਬਾਹੂ' ਦੇ
ਦਰਦ ਵਿਚ ਡੁੱਬ ਕੇ ਲਿਖੇ ਨਗ਼ਮੇ,
ਸੱਚ ਹੈ ਮੇਰੇ ਕੋਲ
'ਬੁੱਲ੍ਹੇ ਸ਼ਾਹ' ਦਾ
ਨਿੰਮ ਦੇ ਪੱਤਿਆਂ ਜਿਹਾ
ਕੌੜਾ, ਕੁਸੈਲਾ
ਜੰਗਨਾਮਾ ਹੈ, 'ਸ਼ਾਹ ਮੁਹੰਮਦ' ਦਾ
ਪੰਜਾਬੀਆਂ ਦੇ ਲਹੂ ਨਾਲ
ਲਿਖਿਆ ਸ਼ਹਾਦਤ-ਨਾਮਾ

ਬਹੁਤ ਕੁਝ ਹੈ ਮੇਰੇ ਕੋਲ!
ਮੇਰੇ ਕੋਲ ਭਗਤ ਸਿੰਘ ਦਾ

ਇਨਕਲਾਬ-ਜ਼ਿੰਦਾਬਾਦ ਹੈ।
ਜੂਝਦੇ ਮਨੁੱਖ ਦੀ
ਮੁਕਤੀ ਦਾ ਅਹਿਦਨਾਮਾ
ਗ਼ਦਰੀ ਬਾਬੇ ਨੇ
ਮੱਸ-ਫੁੱਟਣ ਤੋਂ ਧੌਲ਼ਿਆਂ ਤੀਕ ਦੀ
ਸੂਰਮਗਤੀ ਦੇ ਸਫ਼ੀਰ।

'ਗ਼ਦਰ ਦੀਆਂ ਗੂੰਜਾਂ' ਨੇ ਮੇਰੇ ਕੋਲ
ਆਜ਼ਾਦੀ ਦੇ ਆਦਰਸ਼ ਲਈ

ਫ਼ਾਂਸੀ ਦੇ ਰੱਸੇ ਚੁੰਮਦੀਆਂ ਕਵਿਤਾਵਾਂ।
ਜਲ੍ਹਿਆਂ ਵਾਲਾ ਬਾਗ਼ ਹੈ
ਲਹੂ ਤੋਂ ਖਿੜਦੇ ਗੁਲਾਬਾਂ ਦੀ
ਜਨਮ-ਭੂਮੀ।

ਕਿੰਨਾ ਕੁਝ ਹੈ ਮੇਰੇ ਕੋਲ
ਜੀਊਣ ਲਈ!
ਜੂਝਣ ਲਈ!!
ਤੁਹਾਡੇ ਕੋਲ ਕੀ ਹੈ ?

*99150-42242*



## ਗ਼ਜ਼ਲ
## (ਗ਼ਦਰੀ ਬਾਬਿਆਂ ਦੇ ਨਾਂ)

ਹਰਭਜਨ ਸਿੰਘ ਹੁੰਦਲ

ਪਲ ਪਲ, ਗਿਣ ਗਿਣ, ਕਦੇ ਗੁਜ਼ਾਰੇ, ਜੇਲ੍ਹੀਂ, ਸੂਲੀਂ-ਟੰਗੇ ਦਿਨ।
ਵਰ੍ਹਿਆਂ ਪਿੱਛੋਂ, ਅੱਜ ਕਿਉਂ ਲੱਗਣ, ਸਾਨੂੰ ਚੰਗੇ ਚੰਗੇ ਦਿਨ।

ਰਾਤਾਂ ਭਾਵੇਂ ਸੱਤ-ਰੰਗੀਆਂ ਸਨ, ਰੌਸ਼ਨੀਆਂ ਦੀ ਝਿਲਮਿਲ ਵੀ,
ਆਖਣ, 'ਮੰਗ ਲੈ, ਜੋ ਵੀ ਚਾਹੇਂ", ਅਸਾਂ ਹਮੇਸ਼ਾ ਮੰਗੇ, ਦਿਨ।

ਦਿਨਾਂ ਦਿਨਾਂ ਦਾ ਚੱਕਰ ਹੁੰਦੇ, ਉਹ ਲੰਘੇ, ਇਹ ਲੰਘ ਜਾਣੇ,
ਕੀ ਹੋਇਆ ਜੇ ਅੱਜ ਧੁਆਂਖੇ, ਕੌੜੇ, ਕਾਲਖ਼-ਰੰਗੇ ਦਿਨ।

ਗੱਲ ਹਮੇਸ਼ਾ ਕੋਰੀ ਕਰੀਏ, ਕੌੜੀ ਲੱਗੇ, ਜਾਂ ਮਿੱਠੀ,
ਅੱਗ ਦੀ ਰੁੱਤੇ, ਧਮਕੀ ਵਾਂਗੂੰ ਸਾਡੇ ਸਿਰ ਤੋਂ ਲੰਘੇ ਦਿਨ।

ਐਵੇਂ ਪੱਤੇ ਵਾਂਗ ਨਾ ਕੰਬੀਂ, ਸਦੀਆਂ ਦਾ ਇਤਿਹਾਸ ਬਣਨ,
ਫਾਂਸੀ ਚੜ੍ਹਦੇ, ਜੋ ਮੁਸਕਾਏ, ਹੱਸੇ, ਸੂਲੀ ਟੰਗੇ ਦਿਨ।

ਬੁਜ਼ਦਿਲ ਦਾ ਕੀ ਜੀਣਾ ਹੁੰਦਾ, ਕੀ ਜੀਣਾ ਕਮਜ਼ੋਰਾਂ ਦਾ,
ਤਰਲੇ ਲੈ ਲੈ ਕਾਤਲ ਕੋਲੋਂ, ਜਿਨ੍ਹਾਂ ਹੁਧਾਰੇ ਮੰਗੇ ਦਿਨ।

ਉਹ ਦਿਨ ਸਦਾ ਸਲਾਮਤ ਰਹਿੰਦੇ, ਅਣਖ ਜਿਨ੍ਹਾਂ ਦੇ ਹੈ ਪੱਲੇ,
ਸੰਗੀਨਾਂ ਨੂੰ ਕਰਨਾ ਮਖ਼ੌਲਾਂ ਕਾਤਲ ਬੂਹੇ ਖੰਘੇ ਦਿਨ।

k k k k k

# ਗਦਰ ਲਹਿਰ ਦੀ ਕਵਿਤਾ (ਸੰਖੇਪ ਟਿਪਣੀ)

**ਹਰਭਜਨ ਸਿੰਘ ਹੁੰਦਲ**

ਮੈਂ "ਕਵਿਤਾ ਗਦਰ ਲਹਿਰ ਦੀ" ਪੁਸਤਕ ਪੜ੍ਹੀ ਹੈ। ਅਜੋਕੇ ਪ੍ਰਸੰਗ ਵਿਚ ਇਸ ਕਵਿਤਾ ਦੀ ਮਹੱਤਤਾ ਹੈ। ਇਹ ਗੱਲ ਇੱਕ ਕਵੀ ਵਜੋਂ ਮੈਨੂੰ ਪੁਸਤਕ ਪੜ੍ਹਨ ਤੋਂ ਬਾਅਦ ਕੁਝ ਬਹੁਤ ਹੀ ਸਪਸ਼ਟ ਹੋਈ ਹੈ। ਇਹ ਕਵਿਤਾ ਕਈ ਮੁੱਦੇ ਛੇੜਦੀ ਹੈ। ਜੋ ਬਦਲੇ ਹੋਏ ਪ੍ਰਸੰਗਾਂ ਵਿਚ ਫਿਰ ਉਭਰਦੇ ਪ੍ਰਤੀਤ ਹੁੰਦੇ ਹਨ, ਭਾਵੇਂ ਕਿ ਇਹ ਮੁੱਦੇ ਆਮ ਲੇਖਕਾਂ, ਸਾਧਾਰਨ ਪਾਠਕ ਤੇ ਕਈ ਵਾਰ ਚਿੰਤਕਾਂ ਨੂੰ ਵੀ ਉਭਰਵੇਂ ਰੂਪ ਵਿਚ ਵਿਖਾਈ ਨਹੀਂ ਦਿੰਦੇ। ਵਿਸ਼ਵੀਕਰਨ ਉਦਾਰੀ ਕਰਨ ਤੇ ਸੰਸਾਰ ਵਪਾਰ ਸੰਗਠਨ ਦੇ ਖਤਰਨਾਕ ਜਾਲ ਹਾਲੀ ਸਾਡੀ ਚਿੰਤਾ ਤੇ ਚਿੰਤਨ ਦਾ ਵਿਸ਼ਾ ਨਹੀਂ ਬਣੇ। ਲੰਮੀ ਭੂਮਿਕਾ ਵਿਚ ਇਹ ਮੁੱਦੇ ਉਠਾਏ ਗਏ ਹਨ ਤੇ ਇਸੇ ਗੱਲ ਕਾਰਨ ਇਹ ਪੁਸਤਕ ਪੜ੍ਹਨ ਦੇ ਕਾਬਿਲ ਪ੍ਰਤੀਤ ਹੁੰਦੀ ਹੈ।

ਸਾਡੇ ਸਾਹਿਤ ਦੇ ਇਤਿਹਾਸਕਾਰਾਂ ਨੇ ਗਦਰ ਲਹਿਰ ਦੀ ਕਵਿਤਾ ਤੇ ਵਾਰਤਕ ਨੂੰ ਬਣਦਾ ਥਾਂ ਨਹੀਂ ਦਿੱਤਾ। ਉਹਨਾਂ ਨੇ ਇਸ ਕਵਿਤਾ ਦੀ ਦੇਸ਼-ਭਗਤਕ ਸੁਰ, ਕੁਰਬਾਨੀ ਤੇ ਜੂਝ ਮਰਨ ਦੀ ਭਾਵਨਾ ਨੂੰ ਪ੍ਰਚੰਡ ਕਰਨ ਵਾਲੀ ਰਚਨਾ ਦੇ ਇਤਿਹਾਸਕ ਮਹੱਤਵ ਨੂੰ ਪੂਰੀ ਤਰਾਂ ਪਛਾਣਿਆ ਨਹੀਂ ਹੈ। ਇਸ ਕਾਰਨ ਇਸ ਕਵਿਤਾ ਦਾ ਆਲੋਚਨਾਤਮਿਕ ਖੇਤਰ ਵਿਚ ਦੁਬਾਰਾ ਜ਼ਿਕਰ ਛੇੜਨ ਤੇ ਇਸ ਨੂੰ ਫੋਕਸ ਵਿਚ ਲਿਆਂਉਣਾ ਚੰਗਾ ਉਦਮ ਹੈ।

ਇਹ ਕਵਿਤਾ ਜਨ-ਸਧਾਰਨ ਦਾ ਗੌਰਵਮਈ ਸਾਹਿਤਕ ਵਿਰਸਾ ਹੈ। ਇਸ ਵਿਰਸੇ ਦੀ ਪਛਾਣ ਕਰਾਉਣੀ ਉਤਸਾਹੀ ਪ੍ਰਬੰਧਕਾਂ ਦਾ ਕਰਤਵ ਹੈ। ਇਸ ਕਵਿਤਾ ਨੂੰ ਲੋਕਾਂ ਤੀਕ ਜਾਣ ਤੋਂ ਰੋਕਣ ਲਈ ਬਦੇਸ਼ੀ ਅੰਗ੍ਰੇਜ਼ੀ ਸਰਕਾਰ ਨੇ ਕਈ ਬਾਨਣੂ ਬੰਨੇ। ਫਿਰ ਵੀ ਇਹ ਗੁਪਤ ਰੂਪ ਵਿਚ ਸਫਰ ਕਰਦੀ ਪੰਜਾਬੀਆਂ ਤੀਕ ਪਹੁੰਚੀ ਤੇ ਆਪਣਾ ਸੰਦੇਸ਼ ਦਿੱਤਾ। ਲਹਿਰ ਦੇ ਅਸਫਲ ਹੋਣ ਤੋਂ ਬਾਅਦ ਵੀ ਇਹ ਕਵਿਤਾ ਹੋਲੀ-ਹੋਲੀ, ਗੁਪਤ ਤੇ ਪ੍ਰਗਟ ਰੂਪ ਵਿਚ ਸਾਡੇ ਆਜ਼ਾਦੀ ਸੰਗਰਾਮ ਲਈ ਪ੍ਰੇਰਨਾ ਦਿੰਦੀ ਰਹੀ।

ਇਸ ਕਵਿਤਾ ਨੇ ਪੰਜਾਬੀ ਦੇ ਦੇਸ਼-ਭਗਤਕ ਕਵੀਆਂ ਦੀਆਂ ਕਈ ਪੀੜ੍ਹੀਆਂ ਨੂੰ ਕਿਸੇ ਨਾ ਕਿਸੇ ਰੂਪ ਵਿਚ ਪ੍ਰਭਾਵਤ ਕੀਤਾ ਹੈ। ਆਖਿਰ ਇਸ ਦਾ ਕਾਰਨ ਕੀ ਸੀ ?

ਸ਼ਾਇਦ ਇਸ ਦਾ ਵੱਡਾ ਕਾਰਨ ਇਸ ਕਵਿਤਾ ਦੇ ਸੈਕੂਲਰ ਤੇ ਦੇਸ਼-ਭਗਤਕ ਹੋਣ ਦਾ ਸੀ। ਪਰ ਉਸ ਤੋਂ ਵੀ ਵੱਡਾ ਤੇ ਜ਼ਰੂਰੀ ਲਛਣ, ਇਸ ਕਵਿਤਾ ਦਾ ਸਾਦਾ ਹੋਣਾ ਵੀ ਸੀ। ਇਹ ਕਵਿਤਾ ਸਾਧਾਰਨ ਪੇਂਡੂ ਕਾਵਿ-ਮੁਹਾਵਰੇ ਵਿਚ ਗੱਲ ਕਰਦੀ ਹੈ। ਇਸ ਦੇ ਛੰਦ ਪੰਜਾਬੀ ਦੇ ਆਪਣੇ ਛੰਦ ਹਨ। ਕਰੋੜਾ ਸ਼ਲੋਕ, ਬੈਂਤ ਆਦਿ। ਕੀ ਇਸ ਕਾਵਿ-ਵਿਰਾਸਤ ਦੀ ਪ੍ਰਸੰਗਤਾ ਪੰਜਾਬੀ ਕਵੀਆਂ ਲਈ ਖਤਮ ਹੋ ਗਈ ਹੈ ?



ਕੀ ਸਾਨੂੰ ਇਸ ਨਾਲ ਘਿਰਣਾ ਤਾਂ ਨਹੀਂ ਹੋ ਗਈ। ਕੀ ਜਟਲਤਾ ਕਵਿਤਾ ਦੀ ਇੱਕ ਇੱਕ ਵਿਸ਼ੇਸ਼ਤਾਈ ਰਹਿ ਗਈ ਹੈ। ਕਵਿਤਾ ਲਿਖਦੇ ਹੋਏ, ਅਚੇਤ ਜਾਂ ਸੁਚੇਤ ਹਮੇਸ਼ਾ ਹੀ ਪੰਜਾਬੀ ਦੇ ਸਾਧਾਰਨ ਪਾਠਕ ਨੂੰ ਅੱਖੋਂ ਓਹਲੇ ਕਰਨ ਦੀ ਰੁਚੀ ਸਾਡੇ ਆਧੁਨਿਕ ਸਹਜ ਸਵਾਦ ਦਾ-ਇੱਕ ਅੰਗ ਬਣ ਚੁੱਕੀ ਹੈ।

ਪਰ ਮੈਂ ਅਨੁਭਵ ਕੀਤਾ ਹੈ ਕਿ ਵੀਹਵੀਂ ਸਦੀ ਦੇ ਪ੍ਰਵਾਨ ਹੋਏ ਪ੍ਰਸਿੱਧ ਕੌਮਾਂਤਰੀ ਕਵੀ ਪਾਬਲੋ ਨੇਰੂਦਾ, ਨਾਜ਼ਿਮ ਹਿਕਮਤ ਤੇ ਬਰਤੋਲਤ ਬ੍ਰੈਖਤ ਸਾਦਾ ਕਵੀ ਸਨ। ਸਾਦਗੀ ਉਹਨਾਂ ਨੇ ਸੁਚੇਤ ਹੋ ਕੇ ਅਪਣਾਈ ਤੇ ਸਿੱਖੀ ਸੀ ਤਾਂਕਿ ਉਹਨਾਂ ਦੀ ਗੱਲ ਪਾਠਕਾਂ ਤੀਕ ਸਹਿਜੇ ਹੀ ਪਹੁੰਚ ਸਕੇ। ਗੋਰਕੀ ਨੇ ਲੈਨਿਨ ਦਾ ਰੇਖਾ-ਚਿੱਤਰ ਲਿਖਦਿਆਂ ਕਿਹਾ ਸੀ, "He is as simple as the truth" ਸਾਦਗੀ ਵਿਚਲੀ ਕਾਵਿ ਸ਼ਕਤੀ ਦਾ ਅਸੀਂ ਬਹੁਤ ਵਾਰ ਅਨੁਮਾਨ ਨਹੀਂ ਲਾ ਸਕਦੇ ਹੁੰਦੇ। ਸੋ ਅੱਜ ਵੀ ਗਦਰ-ਲਹਿਰ ਦੀ ਕਵਿਤਾ ਸਾਨੂੰ ਪਾਠਕਾਂ ਨਾਲ ਜੁੜਨ ਦੀ ਪ੍ਰੇਰਨਾ ਤੇ ਨਵੀਆਂ ਕਾਵਿ-ਜੁਗਤਾਂ ਦੱਸ ਸਕਦੀ ਹੈ। ਮੈਂ ਬਦਲੇ ਹੋਏ ਹਾਲਾਤ ਵਿਚ ਕਵਿਤਾ ਦੀ ਸ਼ੈਲੀ ਤੇ ਉਸ ਦੇ ਕਾਵਿ-ਮੁਹਾਵਰੇ ਦੇ ਬਦਲ ਜਾਣ ਤੋਂ ਇਨਕਾਰੀ ਨਹੀਂ, ਪਰ ਅੱਜ ਵੀ ਇਸ ਕਵਿਤਾ ਦਾ ਲੋਕਾਂ ਦੇ ਮੂੰਹ ਉਤੇ ਚੜ੍ਹੇ ਹੋਣਾ ਹੈਰਾਨੀ ਪੈਦਾ ਕਰਦਾ ਹੈ। ਹਰ ਨਵੀਂ ਪੀੜ੍ਹੀ ਨੇ ਆਪਣੀ ਪੀੜ੍ਹੀ ਦੀਆਂ ਲੋੜਾਂ ਤੇ ਤਕਾਜ਼ਿਆਂ ਅਨੁਸਾਰ ਵਿਰਾਸਤ ਦਾ ਆਲੋਚਨਾਤਮਿਕ ਲੇਖਾ-ਜੋਖਾ ਕਰਨਾ ਹੁੰਦਾ ਹੈ ਤੇ ਨਰੋਏ ਅਤੇ ਸਾਰਥਕ ਅੰਸ਼ਾਂ ਨੂੰ ਗ੍ਰਹਿਣ ਕਰਨਾ ਹੈ।

ਮੈਨੂੰ ਨਹੀਂ ਪਤਾ ਕਿ ਕਿਵੇਂ ਮੇਰੀ ਇੱਕ ਕਵਿਤਾ 'ਵਿਰਸਾ' ਵਿਚ ਗਦਰ-ਕਾਵਿ ਦਾ ਮਹੱਤਵ ਆਪਣੇ ਆਪ ਹੀ ਆ ਸ਼ਾਮਿਲ ਹੋਇਆ ਸੀ।

**ਗਦਰ ਦੀਆਂ ਗੂੰਜਾਂ ਨੇ**
**ਮੇਰੇ ਕੋਲ**
**ਆਜ਼ਾਦੀ ਦੇ ਆਦਰਸ਼ ਲਈ**
**ਫਾਂਸੀ ਦੇ ਰੱਸੇ ਨੂੰ ਚੁੰਮਦੀਆਂ**
**ਕਵਿਤਾਵਾਂ।**

**ਜਾਂ**

**ਉਹ ਦਿਨ ਸਦਾ ਸਲਾਮਤ ਰਹਿੰਦੇ**
**ਅਣਖ ਜਿਨ੍ਹਾਂ ਦੇ ਹੈ ਪੱਲੇ**
**ਸੰਗੀਨਾਂ ਨੂੰ ਕਰਨ ਮਖੌਲਾਂ**
**ਕਾਤਲ ਬੂਹੇ ਖੰਘੇ ਦਿਨ।**

ਗ਼ਦਰ ਲਹਿਰ ਦੀ ਕਵਿਤਾ ਤੇ ਸਾਹਿਤ ਦਾ ਜ਼ਿਕਰ ਦੁਬਾਰਾ ਛੇੜ ਕਿ ਪ੍ਰਬੰਧਕਾਂ ਇੱਕ ਵਾਰ ਫਿਰ ਆਪਣੀ ਵਿਰਾਸਤ ਨਾਲ ਜੁੜਨ ਤੇ ਇਸ ਤੋਂ ਪ੍ਰੇਰਨਾ ਲੈਣ ਦਾ ਅਵਸਰ ਦਿੱਤਾ ਹੈ। ਇੱਕ ਕਵੀ ਵਜੋਂ ਮੈਨੂੰ ਇਹ ਕਵਿਤਾ ਅਕਸਰ ਹੀ ਪ੍ਰੇਰਤ ਕਰਦੀ

ਰਹਿੰਦੀ ਰਹੀ ਹੈ। ਸ਼ਾਇਦ ਮੇਰੀ ਕਵਿਤਾ ਵਿਚਲੀ ਸਾਦਗੀ, ਸਰਲਤਾ ਤੇ ਸੰਚਾਰ ਵਿਚ ਇਸ ਗ਼ਦਰ ਕਾਵਿ ਦਾ ਵੀ ਕੁਝ ਹੱਥ ਹੋਵੇ। ਮੈਨੂੰ ਇਸ ਕਾਵਿ-ਵਿਰਸੇ ਤੇ ਹਮੇਸ਼ਾਂ ਮਾਣ ਰਿਹਾ ਹੈ। ਏਸੇ ਲਈ ਇਹ ਉਦੇਸ਼ ਮੈਨੂੰ ਵੇਲੇ ਦੀ ਲੋੜ ਜਾਪਿਆ ਹੈ।

ਇਸ ਕਾਵਿ ਨੂੰ ਅਣਡਿੱਠ ਕਰਨ ਵਾਲੇ ਕਥਿਤ ਵਿਦਵਾਨਾਂ ਨੂੰ ਕੀ ਪਤਾ ਹੈ ਕਿ ਇਹ ਕਵਿਤਾ ਲੋਕਾਂ ਨੂੰ ਆਜ਼ਾਦੀ ਲਈ ਜੂਝਣ ਦੀ ਪ੍ਰੇਰਨਾ ਕਿੰਨੇ ਤੀਬਰ ਤਰੀਕੇ ਨਾਲ ਦਿੰਦੀ ਹੈ। ਇਹ ਫਾਂਸੀ ਦੇ ਰੱਸੇ ਹੱਸ-ਹੱਸ ਕੇ ਚੁੰਮਣ ਵਾਲੇ ਸੂਰਮਿਆਂ ਦੀ ਸਿਰਜਣਾ ਹੈ, ਆਪਣੀਆਂ ਜ਼ਿੰਦਗੀਆਂ ਜੇਲ੍ਹਾਂ ਵਿਚ ਗਾਲ ਦੇਣ ਵਾਲੇ ਸਿਰਲੱਥ ਦੀ ਕਾਵਿ-ਰਚਨਾ ਹੈ, ਰਚਨਾ ਜੋ ਅੱਜ ਵੀ ਬਦਲੇ ਹੋਏ ਹਾਲਾਤ ਵਿਚ ਪ੍ਰਾਪਤ ਆਜ਼ਾਦੀ ਦੀ ਰਾਖੀ ਕਰਨ ਦੀ ਪ੍ਰੇਰਨਾ ਦਿੰਦੀ ਹੈ। ਐਸੀ ਕਵਿਤਾ ਸਦਾ ਜੀਵੰਤ ਰਹਿੰਦੀ ਹੈ। ਇਹ ਸਾਡੇ ਸ਼ਾਨਾਂ ਮੱਤੇ ਵਿਰਸੇ ਦੀ ਪ੍ਰਮਾਣਿਤ ਦਸਤਾਵੇਜ਼ ਹੈ।



# ਗ਼ਦਰ ਲਹਿਰ ਅਤੇ ਸਰਾਭਾ ਨਾਲ ਜੁੜੀਆਂ ਕੁਝ ਮਹੱਤਵਪੂਰਨ ਕਵਿਤਾਵਾਂ

ਡਾ. ਚਮਨ ਲਾਲ (ਦਿੱਲੀ)

ਗ਼ਦਰ ਲਹਿਰ ਦੀ ਇਕ ਵੱਡੀ ਖ਼ਾਸੀਅਤ ਇਹ ਸੀ ਕਿ ਜਨਤਾ ਵਿੱਚ ਜਾਗ੍ਰਿਤੀ ਫੈਲਾਉਣ ਲਈ ਪਰੰਪਰਕ ਪੰਜਾਬੀ ਕਾਵਿ ਦਾ ਖ਼ੂਬ ਇਸਤੇਮਾਲ ਕੀਤਾ ਗਿਆ। ਗਿਆਨੀ ਕੇਸਰ ਸਿੰਘ ਵੱਲੋਂ ਸੰਕਲਿਤ ਅਤੇ ਡਾ. ਕੇਸਰ ਸਿੰਘ ਵੱਲੋਂ ਸੰਪਾਦਿਤ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪੰਜਾਬੀ ਵਿੱਚ ਪ੍ਰਕਾਸ਼ਿਤ "ਗਦਰ ਲਹਿਰ ਦੀ ਕਵਿਤਾ" ਵਿੱਚੋਂ ਕਰੀਬ ਪੰਜ ਸੌ ਅਜਿਹੀਆਂ ਕਵਿਤਾਵਾਂ ਸੰਕਲਿਤ ਕੀਤੀਆਂ ਗਈਆਂ ਹਨ। ਇਹ ਕਵਿਤਾਵਾਂ ਗ਼ਦਰ ਪਾਰਟੀ ਦੇ ਬੁਲਾਰੇ 'ਗ਼ਦਰ ਦੀ ਗੂੰਜ' ਦੇ ਇਕ ਤੋਂ ਸੱਤ ਅੰਕਾਂ ਵਿੱਚੋਂ ਪੰਜ ਅੰਕਾਂ ਸਹਿਤ ਹੋਰ ਅਨੇਕ ਪਤ੍ਰਿਕਾਵਾਂ ਵਿੱਚੋਂ ਸੰਕਲਿਤ ਕੀਤੀਆਂ ਗਈਆਂ ਹਨ। 'ਗ਼ਦਰ ਦੀ ਗੂੰਜ' ਦੇ ਅੰਕ ਚਾਰ ਅਤੇ ਪੰਜ ਹਾਲੀਂ ਤਕ ਮਿਲੇ ਨਹੀਂ ਹਨ। ਇਹ ਸਾਰੇ ਅੰਕ 1914 ਤੋਂ 1933 ਵਿਚਕਾਰ ਛਪੇ। ਉਸ ਸਮੇਂ ਇਨ੍ਹਾਂ ਅੰਕਾਂ ਦੀ ਪ੍ਰਸਾਰ ਗਿਣਤੀ ਦਸ ਹਜ਼ਾਰ ਪ੍ਰਤੀ ਅੰਕ ਤੋਂ ਵੀ ਵੱਧ ਸੀ। ਇਨ੍ਹਾਂ ਵਿੱਚੋਂ ਕਈ ਕਵਿਤਾਵਾਂ ਕਰਤਾਰ ਸਿੰਘ ਸਰਾਭਾ ਨੇ ਵੀ ਰਚੀਆਂ ਸਨ, ਹਾਲਾਂਕਿ ਉਨ੍ਹਾਂ ਕਵਿਤਾਵਾਂ ਦੀ ਪਛਾਣ ਹਾਲੀਂ ਨਹੀਂ ਹੋ ਸਕੀ ਹੈ। ਬਹੁਤ ਸਾਰੇ ਗ਼ਦਰੀ ਇਨਕਲਾਬੀ ਕਵਿਤਾ ਲਿਖਦੇ ਸਨ ਪਰ ਸਭ ਤੋਂ ਵੱਧ ਅਤੇ ਕਲਾਤਮਕ ਕਵਿਤਾਵਾਂ ਗ਼ਦਰ ਪਾਰਟੀ ਦੇ ਦੂਸਰੇ ਪ੍ਰਧਾਨ (1914 ਤੋਂ 1920 ਤੱਕ) ਗਿਆਨੀ ਭਗਵਾਨ ਸਿੰਘ ਪ੍ਰੀਤਮ ਨੇ ਲਿਖੀਆਂ। ਗਦਰ ਦੀ ਨਾਕਾਮਯਾਬੀ ਤੋਂ ਬਾਅਦ ਜਦ ਸਰਾਭਾ ਅਤੇ ਉਨ੍ਹਾਂ ਦੇ ਸਾਥੀ ਮੁਲਕ ਛੱਡ ਕੇ ਜਾ ਰਹੇ ਸਨ, ਉਸ ਵੇਲੇ ਉਹ 'ਗ਼ਦਰ ਦੀ ਗੂੰਜ' ਦੀ ਹੀ ਇਕ ਕਵਿਤਾ ਗੁਣਗੁਣਾਉਣ ਲੱਗੇ—'ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ' ਅਤੇ ਉਨ੍ਹਾਂ ਮੁੜਨ ਦਾ ਫ਼ੈਸਲਾ ਕਰ ਲਿਆ। ਮੁੜਨ 'ਤੇ ਹੀ ਕਿਸੇ ਸੰਪਰਕ ਦੀ ਮੁਖ਼ਬਰੀ ਕਾਰਨ ਉਨ੍ਹਾਂ ਦੀ ਗ੍ਰਿਫ਼ਤਾਰੀ ਅਤੇ ਮਗਰੋਂ ਸਰਾਭਾ ਦੀ ਸ਼ਹਾਦਤ ਹੋਈ। ਇਥੇ ਗ਼ਦਰ ਲਹਿਰ ਦੀਆਂ ਕੁਝ ਕਵਿਤਾਵਾਂ ਦੀ ਵੰਨਗੀ ਦਿੱਤੀ ਜਾ ਰਹੀ ਹੈ ਤਾਂ ਕਿ ਗ਼ਦਰ ਲਹਿਰ ਦੀ ਬਾਗ਼ੀ ਆਤਮਾ ਦੀ ਧੜਕਨ ਨੂੰ ਪਛਾਣਿਆ ਜਾ ਸਕੇ। ਸਰਾਭਾ ਰਚਿਤ ਦੋ ਹਿੰਦੁਸਤਾਨੀ ਕਵਿਤਾਵਾਂ ਦਾ ਗੁਰਮੁਖੀ ਲਿਪੀਅੰਤਰ ਵੀ ਇਥੇ ਪੇਸ਼ ਕੀਤਾ ਜਾ ਰਿਹਾ ਹੈ।

**ਸਰਾਭਾ ਰਚਿਤ ਹਿੰਦੁਸਤਾਨੀ ਕਵਿਤਾਵਾਂ**

ਯਹੀ ਪਾਓਗੇ ਮਹਸ਼ਰ ਮੇਂ ਜ਼ੁਬਾਂ ਮੇਰੀ ਬਯਾਂ ਮੇਰਾ,
ਮੈਂ ਬੰਦਾ ਹਿੰਦ ਵਾਲੋਂ ਕਾ ਹੂੰ, ਹੈ ਹਿੰਦੁਸਤਾਂ ਮੇਰਾ।
ਮੈਂ ਹਿੰਦੀ, ਠੇਠ ਹਿੰਦੀ, ਖ਼ੂਨ ਹਿੰਦੀ, ਜਾਤ ਹਿੰਦੀ ਹੂੰ,
ਯਹੀ ਮਜ਼ਹਬ ਯਹੀ ਫ਼ਿਰਕਾ, ਯਹੀ ਹੈ ਖ਼ਾਨਦਾਂ ਮੇਰਾ।
ਮੈਂ ਇਸ ਉਜੜੇ ਹੁਏ ਭਾਰਤ ਕੇ ਖੰਡਰ ਦਾ ਇਕ ਜ਼ੱਰਾ ਹੂੰ,

ਰਹਿੰਦੀ ਰਹੀ ਹੈ। ਸ਼ਾਇਦ ਮੇਰੀ ਕਵਿਤਾ ਵਿਚਲੀ ਸਾਦਗੀ, ਸਰਲਤਾ ਤੇ ਸੰਚਾਰ ਵਿਚ ਇਸ ਗ਼ਦਰ ਕਾਵਿ ਦਾ ਵੀ ਕੁਝ ਹੱਥ ਹੋਵੇ। ਮੈਨੂੰ ਇਸ ਕਾਵਿ-ਵਿਰਸੇ ਤੇ ਹਮੇਸ਼ਾਂ ਮਾਣ ਰਿਹਾ ਹੈ। ਏਸੇ ਲਈ ਇਹ ਉਦੇਸ਼ ਮੈਨੂੰ ਵੇਲੇ ਦੀ ਲੋੜ ਜਾਪਿਆ ਹੈ।

ਇਸ ਕਾਵਿ ਨੂੰ ਅਣਡਿੱਠ ਕਰਨ ਵਾਲੇ ਕਥਿਤ ਵਿਦਵਾਨਾਂ ਨੂੰ ਕੀ ਪਤਾ ਹੈ ਕਿ ਇਹ ਕਵਿਤਾ ਲੋਕਾਂ ਨੂੰ ਆਜ਼ਾਦੀ ਲਈ ਜੂਝਣ ਦੀ ਪ੍ਰੇਰਨਾ ਕਿੰਨੇ ਤੀਬਰ ਤਰੀਕੇ ਨਾਲ ਦਿੰਦੀ ਹੈ। ਇਹ ਫਾਂਸੀ ਦੇ ਰੱਸੇ ਹੱਸ-ਹੱਸ ਕੇ ਚੁੰਮਣ ਵਾਲੇ ਸੂਰਮਿਆਂ ਦੀ ਸਿਰਜਣਾ ਹੈ, ਆਪਣੀਆਂ ਜ਼ਿੰਦਗੀਆਂ ਜੇਲ੍ਹਾਂ ਵਿਚ ਗਾਲ ਦੇਣ ਵਾਲੇ ਸਿਰਲੱਥ ਦੀ ਕਾਵਿ-ਰਚਨਾ ਹੈ, ਰਚਨਾ ਜੋ ਅੱਜ ਵੀ ਬਦਲੇ ਹੋਏ ਹਾਲਾਤ ਵਿਚ ਪ੍ਰਾਪਤ ਆਜ਼ਾਦੀ ਦੀ ਰਾਖੀ ਕਰਨ ਦੀ ਪ੍ਰੇਰਨਾ ਦਿੰਦੀ ਹੈ। ਐਸੀ ਕਵਿਤਾ ਸਦਾ ਜੀਵੰਤ ਰਹਿੰਦੀ ਹੈ। ਇਹ ਸਾਡੇ ਸ਼ਾਨਾਂ ਮੱਤੇ ਵਿਰਸੇ ਦੀ ਪ੍ਰਮਾਣਿਤ ਦਸਤਾਵੇਜ਼ ਹੈ।



# ਗ਼ਦਰ ਲਹਿਰ ਅਤੇ ਸਰਾਭਾ ਨਾਲ ਜੁੜੀਆਂ ਕੁਝ ਮਹੱਤਵਪੂਰਨ ਕਵਿਤਾਵਾਂ

ਡਾ. ਚਮਨ ਲਾਲ (ਦਿੱਲੀ)

ਗ਼ਦਰ ਲਹਿਰ ਦੀ ਇਕ ਵੱਡੀ ਖ਼ਾਸੀਅਤ ਇਹ ਸੀ ਕਿ ਜਨਤਾ ਵਿੱਚ ਜਾਗ੍ਰਿਤੀ ਫੈਲਾਉਣ ਲਈ ਪਰੰਪਰਕ ਪੰਜਾਬੀ ਕਾਵਿ ਦਾ ਖ਼ੂਬ ਇਸਤੇਮਾਲ ਕੀਤਾ ਗਿਆ। ਗਿਆਨੀ ਕੇਸਰ ਸਿੰਘ ਵੱਲੋਂ ਸੰਕਲਿਤ ਅਤੇ ਡਾ. ਕੇਸਰ ਸਿੰਘ ਵੱਲੋਂ ਸੰਪਾਦਿਤ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਪੰਜਾਬੀ ਵਿੱਚ ਪ੍ਰਕਾਸ਼ਿਤ "ਗਦਰ ਲਹਿਰ ਦੀ ਕਵਿਤਾ" ਵਿੱਚੋਂ ਕਰੀਬ ਪੰਜ ਸੌ ਅਜਿਹੀਆਂ ਕਵਿਤਾਵਾਂ ਸੰਕਲਿਤ ਕੀਤੀਆਂ ਗਈਆਂ ਹਨ। ਇਹ ਕਵਿਤਾਵਾਂ ਗ਼ਦਰ ਪਾਰਟੀ ਦੇ ਬੁਲਾਰੇ 'ਗ਼ਦਰ ਦੀ ਗੂੰਜ' ਦੇ ਇਕ ਤੋਂ ਸੱਤ ਅੰਕਾਂ ਵਿੱਚੋਂ ਪੰਜ ਅੰਕਾਂ ਸਹਿਤ ਹੋਰ ਅਨੇਕ ਪਤ੍ਰਿਕਾਵਾਂ ਵਿੱਚੋਂ ਸੰਕਲਿਤ ਕੀਤੀਆਂ ਗਈਆਂ ਹਨ। 'ਗ਼ਦਰ ਦੀ ਗੂੰਜ' ਦੇ ਅੰਕ ਚਾਰ ਅਤੇ ਪੰਜ ਹਾਲੀਂ ਤਕ ਮਿਲੇ ਨਹੀਂ ਹਨ। ਇਹ ਸਾਰੇ ਅੰਕ 1914 ਤੋਂ 1933 ਵਿਚਕਾਰ ਛਪੇ। ਉਸ ਸਮੇਂ ਇਨ੍ਹਾਂ ਅੰਕਾਂ ਦੀ ਪ੍ਰਸਾਰ ਗਿਣਤੀ ਦਸ ਹਜ਼ਾਰ ਪ੍ਰਤੀ ਅੰਕ ਤੋਂ ਵੀ ਵੱਧ ਸੀ। ਇਨ੍ਹਾਂ ਵਿੱਚੋਂ ਕਈ ਕਵਿਤਾਵਾਂ ਕਰਤਾਰ ਸਿੰਘ ਸਰਾਭਾ ਨੇ ਵੀ ਰਚੀਆਂ ਸਨ, ਹਾਲਾਂਕਿ ਉਨ੍ਹਾਂ ਕਵਿਤਾਵਾਂ ਦੀ ਪਛਾਣ ਹਾਲੀਂ ਨਹੀਂ ਹੋ ਸਕੀ ਹੈ। ਬਹੁਤ ਸਾਰੇ ਗ਼ਦਰੀ ਇਨਕਲਾਬੀ ਕਵਿਤਾ ਲਿਖਦੇ ਸਨ ਪਰ ਸਭ ਤੋਂ ਵੱਧ ਅਤੇ ਕਲਾਤਮਕ ਕਵਿਤਾਵਾਂ ਗ਼ਦਰ ਪਾਰਟੀ ਦੇ ਦੂਸਰੇ ਪ੍ਰਧਾਨ (1914 ਤੋਂ 1920 ਤੱਕ) ਗਿਆਨੀ ਭਗਵਾਨ ਸਿੰਘ ਪ੍ਰੀਤਮ ਨੇ ਲਿਖੀਆਂ। ਗਦਰ ਦੀ ਨਾਕਾਮਯਾਬੀ ਤੋਂ ਬਾਅਦ ਜਦ ਸਰਾਭਾ ਅਤੇ ਉਨ੍ਹਾਂ ਦੇ ਸਾਥੀ ਮੁਲਕ ਛੱਡ ਕੇ ਜਾ ਰਹੇ ਸਨ, ਉਸ ਵੇਲੇ ਉਹ 'ਗ਼ਦਰ ਦੀ ਗੂੰਜ' ਦੀ ਹੀ ਇਕ ਕਵਿਤਾ ਗੁਣਗੁਣਾਉਣ ਲੱਗੇ—'ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ' ਅਤੇ ਉਨ੍ਹਾਂ ਮੁੜਨ ਦਾ ਫ਼ੈਸਲਾ ਕਰ ਲਿਆ। ਮੁੜਨ 'ਤੇ ਹੀ ਕਿਸੇ ਸੰਪਰਕ ਦੀ ਮੁਖ਼ਬਰੀ ਕਾਰਨ ਉਨ੍ਹਾਂ ਦੀ ਗ੍ਰਿਫਤਾਰੀ ਅਤੇ ਮਗਰੋਂ ਸਰਾਭਾ ਦੀ ਸ਼ਹਾਦਤ ਹੋਈ। ਇਥੇ ਗ਼ਦਰ ਲਹਿਰ ਦੀਆਂ ਕੁਝ ਕਵਿਤਾਵਾਂ ਦੀ ਵੰਨਗੀ ਦਿੱਤੀ ਜਾ ਰਹੀ ਹੈ ਤਾਂ ਕਿ ਗ਼ਦਰ ਲਹਿਰ ਦੀ ਬਾਗ਼ੀ ਆਤਮਾ ਦੀ ਧੜਕਨ ਨੂੰ ਪਛਾਣਿਆ ਜਾ ਸਕੇ। ਸਰਾਭਾ ਰਚਿਤ ਦੋ ਹਿੰਦੁਸਤਾਨੀ ਕਵਿਤਾਵਾਂ ਦਾ ਗੁਰਮੁਖੀ ਲਿਪੀਅੰਤਰ ਵੀ ਇਥੇ ਪੇਸ਼ ਕੀਤਾ ਜਾ ਰਿਹਾ ਹੈ।

### ਸਰਾਭਾ ਰਚਿਤ ਹਿੰਦੁਸਤਾਨੀ ਕਵਿਤਾਵਾਂ

ਯਹੀ ਪਾਓਗੇ ਮਹਸ਼ਰ ਮੇਂ ਜ਼ੁਬਾਂ ਮੇਰੀ ਬਯਾਂ ਮੇਰਾ,
ਮੈਂ ਬੰਦਾ ਹਿੰਦ ਵਾਲੋਂ ਕਾ ਹੂੰ, ਹੈ ਹਿੰਦੁਸਤਾਂ ਮੇਰਾ।
ਮੈਂ ਹਿੰਦੀ, ਠੇਠ ਹਿੰਦੀ, ਖ਼ੂਨ ਹਿੰਦੀ, ਜਾਤ ਹਿੰਦੀ ਹੂੰ,
ਯਹੀ ਮਜ਼ਹਬ ਯਹੀ ਫ਼ਿਰਕਾ, ਯਹੀ ਹੈ ਖ਼ਾਨਦਾਂ ਮੇਰਾ।
ਮੈਂ ਇਸ ਉਜੜੇ ਹੂਏ ਭਾਰਤ ਕੇ ਖੰਡਰ ਦਾ ਇਕ ਜ਼ੱਰਾ ਹੂੰ,

ਯਹੀ ਬਸ ਇਕ ਪਤਾ ਮੇਰਾ, ਯਹੀ ਨਾਮੋਂ-ਨਿਸ਼ਾਂ ਮੇਰਾ।
ਕਦਮ ਹੂੰ ਮਾਦਰੇ ਭਾਰਤ ਤੇਰੇ, ਮੈਂ ਉਠਤੇ ਔਰ ਬੈਠਤੇ,
ਕਹਾਂ ਕਿਸਮਤ ਮੇਰੀ ਐਸੀ, ਨਸੀਬਾਂ ਯਹ ਕਹਾਂ ਮੇਰਾ।
ਤੇਰੀ ਖ਼ਿਦਮਤ ਮੇ ਐ ਭਾਰਤ, ਯਹ ਸਿਰ ਜਾਏ ਯਹ ਜਾਂ ਜਾਏ,
ਤੋ ਸਮਝੂੰਗਾ, ਯਹ ਮਰਨਾ ਹਯਾਤੇ ਜਾਵਦਾ ਮੇਰਾ।
ਜੋ ਕੋਈ ਪੂਛੇ ਕਿ ਕੌਨ ਹੋ ਤੁਮ,
ਤੋ ਕਹਿ ਦੋ ਬਾਗ਼ੀ ਯੇ ਨਾਮ ਅਪਨਾ
ਜ਼ੁਲਮ ਮਿਟਾਨਾ ਹਮਾਰਾ ਪੇਸ਼ਾ
ਗ਼ਦਰ ਕਾ ਕਰਨਾ ਯੇ ਕਾਮ ਅਪਨਾ
ਨਮਾਜ਼ ਸੰਧਿਆ ਯਹੀ ਹਮਾਰੀ
ਔਰ ਪਾਠ-ਪੂਜਾ ਬੀ ਸਬ ਯਹੀ ਹੈ
ਧਰਮ-ਕਰਮ ਸਬ ਯਹੀ ਹੈ ਪਿਆਰੇ
ਯਹੀ ਖ਼ੁਦਾ ਔਰ ਰਾਮ ਅਪਨਾ।

'ਦੀ ਗ਼ਦਰ ਕਾਂਸਪੀਰੇਸੀ-ਸੰਪਾਦਕ ਵੇਦ ਵਟੁਕ ਤੋਂ ਧੰਨਵਾਦ ਸਹਿਤ (ਪਰ ਵੇਦ ਵਟੁਕ ਨੇ ਇਨ੍ਹਾਂ ਕਵਿਤਾਵਾਂ ਦੇ ਸਰਾਭਾ ਵੱਲੋਂ ਰਚਿਤ ਹੋਣ ਦਾ ਕੋਈ ਸਰੋਤ ਤੇ ਪ੍ਰਮਾਣ ਨਹੀਂ ਦਿੱਤਾ)

ਸਰਾਭਾ ਦੇ ਪਸੰਦੀਦਾ ਬੋਲ—

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ,
ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ,
ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਇਹ ਬੋਲ ਭਗਤ ਸਿੰਘ ਦੇ ਵੀ ਪਸੰਦੀਦਾ ਬੋਲ ਸਨ।

ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜਕੇ
ਹਿੰਦ ਦੇ ਬਹਾਦਰੋ ਕਿਉਂ ਬੈਠੇ ਚੁੱਪ ਜੀ
ਅੱਗ ਲੱਗੀ ਦੇਸ਼ ਨਾ ਸਹਾਰੋ ਧੁੱਪ ਜੀ
ਬੁਰਣੀ ਇਹ ਠਾਂ ਹੀ ਹੈ ਮਗਰ ਭੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ
ਸਿਰ ਦਿੱਤੇ ਬਾਝ ਨਹੀਂ ਸਰਨਾ
ਯੁੱਧ ਵਿੱਚ ਪਵੇਗਾ ਜ਼ਰੂਰ ਮਰਨਾ
ਪੈਂਦੇ ਲਲਕਾਰ ਸ਼ੇਰਾਂ ਵਾਂਗ ਗੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ



ਹੱਥ ਸ਼ਮਸ਼ੀਰ ਕੁੱਦ ਪਵੋ ਮੈਦਾਨ ਜੀ
ਮਾਰ ਮਾਰ ਵੈਰੀਆਂ ਦੇ ਲਾਹੋ ਘਾਣ ਜੀ
ਵੈਰੀਆਂ ਦਾ ਆਵੋ ਲਹੂ ਪੀਈਏ ਰੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ
ਮਾਰ ਲਈਏ ਵੈਰੀ ਮਰ ਜਾਈਏ ਆਪ ਜਾਂ
ਕਾਇਰਤਾ ਗ਼ਰੀਬੀ ਮਿਟ ਜਾਵੇ ਤਾਪ ਤਾਂ
ਪਾ ਲਈਏ ਸ਼ਹੀਦੀ ਸੂਰੇ ਗੱਜ ਵੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ
ਸ਼ੇਰ ਹੋ ਕੇ ਗਿੱਦੜਾਂ ਦੇ ਕਰੋ ਕੰਮ ਓਏ
ਸੁਣ ਕੇ ਗ਼ਦਰ ਦਿਲ ਖਾਓ ਗ਼ਮ ਓਏ
ਗੀਦੀ ਬਣੋ ਸ਼ੇਰੋ ਕਿਉਂ ਮੈਦਾਨੋਂ ਭੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ
ਰੱਖੋ ਨਾ ਫਿਕਰ ਵੀਰੋ ਮਰਨ ਜਿਊਣ ਦਾ
ਧਾਰੋ ਰੀਤ ਵੈਰੀਆਂ ਦੇ ਲਹੂ ਪੀਣ ਦਾ
'ਜਾਨ ਨਾ ਪਿਆਰੀ' ਮੂੰਹੋਂ ਬੋਲੋ ਗੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ
ਪਿਛਲੀ ਕਲੰਕੀ ਸਾਡੀ ਚੁੱਕੀ ਜਾਊਗੀ
ਹੋਊਗੀ ਆਜ਼ਾਦੀ ਨਸਲ ਸੁਖ ਪਾਊਗੀ
ਬੰਦੇ ਮਾਤਰਮ ਸਭ ਬੋਲੋ ਗੱਜ ਕੇ
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ

## ਗ਼ਦਰ ਦੀ ਮਹਿਮਾ

(ਨੋਟ: ਇਸ ਕਵਿਤਾ ਦਾ ਕੇਵਲ ਸਿਰਲੇਖ ਹੀ ਪੰਜਾਬੀ ਵਿੱਚ ਹੈ। ਬੋਲੀ ਸਾਰੀ ਹਿੰਦੀ-ਉਰਦੂ ਪੰਜਾਬੀ ਰਲੀ-ਮਿਲੀ ਜਿਹੀ ਹੈ। ਲੇਖਕ ਭਾਈ ਭਗਵਾਨ ਸਿੰਘ 'ਪ੍ਰੀਤਮ' ਹੈ।)

ਐ ਗ਼ਦਰ! ਤੂੰਨੇ ਹਮ ਕੋ ਅਪਨਾ ਬਨਾ ਕੇ ਛੋੜਾ,
ਬਿਛੜੇ ਥੇ ਭਾਈ ਭਾਈ ਸਬ ਕੋ ਮਿਲਾ ਕੇ ਛੋੜਾ।
ਸੋਤੋਂ ਕੋ ਹੈ ਜਗਾਇਆ, ਮੁਰਦੋਂ ਕੋ ਹੈ ਉਠਾਇਆ
ਹਰ ਦਿਲ ਪੇ ਸਿੱਕਾ ਤੂੰ ਨੇ ਅਪਨਾ ਜਮਾ ਕੇ ਛੋੜਾ।
ਆਜ਼ਾਦੀਏ ਵਤਨ ਕੀ ਤੂੰਨੇ ਲਗਨ ਲਗਾਈ,
ਹਾਥੋਂ ਹਮਾਰੇ ਖ਼ੂਨੀ ਖ਼ੰਜਰ ਦਿਲਾ ਕੇ ਛੋੜਾ।

ਆਂਖੋਂ ਪੇ ਛੀਂਟੇਂ ਦੇਕਰ ਗ਼ਫ਼ਲਤ ਸੇ ਹੈ ਜਗਾਇਆ,
ਦਿਲ ਸੇ ਹਮਾਰੇ ਰੁ-ਅਬੇ ਦੁਸ਼ਮਨ ਹਟਾ ਕੇ ਛੋੜਾ।
ਸ਼ਾਹੋਂ ਕੇ ਤਾਜ ਛੀਨੇ ਪਰਜਾ ਕਾ ਬਲ ਦਿਖਾਇਆ,
ਆਲਮ ਪੇ ਇਨਕਲਾਬੋ-ਆਜ਼ਮ ਹੈ ਲਾ ਕੇ ਛੋੜਾ।
ਯੂਰੋਪ ਔਰ ਏਸ਼ੀਆ ਮੇਂ ਤੇਰਾ ਹੀ ਨੂਰ ਚਮਕੇ,
ਜਿਸ ਘਰ ਸੇ ਸਿਰ ਉਠਾਇਆ ਉਸਕੋ ਬਿਠਾ ਕੇ ਛੋੜਾ।
ਬਰਕਤ ਤੇਰੀ ਕਾ ਚਰਚਾ ਸੁਨਤੇ ਹੈਂ ਹਰ ਜ਼ਬਾਂ ਸੇ,
ਜੰਗਲ ਮੇਂ ਤੂੰਨੇ ਮੰਗਲ ਅਪਨਾ ਰਚਾ ਕੇ ਛੋੜਾ।
ਜ਼ਾਲਮੋਂ ਪੇ ਜ਼ਿੱਲਤ ਪਰਜਾ ਮੇਂ ਸ਼ੌਕੇ ਮਿੱਲਤ,
ਮਾਹੇ ਮੁਨੀਰ ਅਪਨਾ ਸਬ ਕੋ ਦਿਖਾ ਕੇ ਛੋੜਾ।
ਬੇਬਸੋਂ ਕਾ ਤੂੰਨੇ ਪਕੜਾ ਹੈ ਹਾਥ ਆਖ਼ਰ
ਤਾਜੇ ਸ਼ਾਹੀ ਉਨ ਕੇ ਸਿਰ ਪਰ ਟਿਕਾ ਕੇ ਛੋੜਾ।
ਅਬਦੁਲ ਹਮੀਦ ਟਰਕੀ ਚੀਨਿਓਂ ਕਾ ਯੁਆਨ ਜ਼ਾਲਮ,
ਰਸ਼ੀਆ ਕਾ ਜ਼ਾਰ ਤੂੰਨੇ ਨੀਚੇ ਗਿਰਾ ਕੇ ਛੋੜਾ।
ਹੂਏ ਸ਼ਹੀਦ ਮਿਸਰੀ ਚੀਨੀ ਵਾ ਆਇਰਿਸ਼ ਹਿੰਦੀ,
ਲਾਖੋਂ ਕੇ ਦਾਰੇ-ਦੁਸ਼ਮਨ ਤੂੰ ਨੇ ਚੜ੍ਹਾ ਕੇ ਛੋੜਾ।
ਜੇਲ੍ਹੋਂ ਮੇਂ ਭਰ ਦੀਏ ਕੁਛ ਕੀਏ ਜਲਾਵਤਨ ਕੁਛ,
ਦੁਸ਼ਮਨ ਦੇ ਦਾਮੇ-ਆਹਨ ਸਭ ਕੋ ਫੰਸਾ ਕੇ ਛੋੜਾ।
ਅਪਨੇ ਬਿਗਾਨੇ ਸਾਰੇ ਡਰਤੇ ਹੈਂ ਨਾਮ ਲੇਕਰ,
ਦਰ ਬਦਰ ਪੇ ਤੂੰਨੇ ਹਮ ਕੋ ਰੁਲਾ ਕੇ ਛੋੜਾ।
ਦੌਲਤ ਕਾ ਘਰ ਭੀ ਛੋੜਾ ਐਸ਼ੋ-ਆਰਾਮ ਛੋੜਾ,
ਬਾਕੀ ਥਾ ਖ਼ਿਆਲ ਅਪਨਾ ਵੋਹ ਭੀ ਭੁਲਾ ਕੇ ਛੋੜਾ।
ਜੀਤੇ ਹੈਂ ਵੋਹ ਹਮੇਸ਼ਾ ਮਰਤੇ ਜੋ ਕੌਮ ਖ਼ਾਤਿਰ,
ਘਰ ਘਰ ਮੇਂ ਡੰਕਾ ਤੂੰਨੇ ਅਪਨਾ ਬਜਾ ਕੇ ਛੋੜਾ।
ਐ ਬਾਦੇ-ਵਤਨ ਤੂੰਨੇ 'ਪ੍ਰੀਤਮ' ਸੇ ਪਿਆਰ ਪਾ ਕਰ,
ਦੋਸਤੋਂ-ਅਦੂ ਸੇ ਬਾਗ਼ੀ ਕਹਾ ਕੇ ਛੋੜਾ।

## ਹਿੰਦੁਸਤਾਨੀਓ ਰੱਖਣਾ ਯਾਦ ਸਾਨੂੰ

ਹਿੰਦੁਸਤਾਨੀਓ ਰੱਖਣਾ ਯਾਦ ਸਾਨੂੰ
ਕਿਤੇ ਦਿਲ ਤੋਂ ਨਹੀਂ ਭੁਲਾ ਜਾਣਾ।
ਖ਼ਾਤਰ ਵਤਨ ਦੀ ਚੜ੍ਹੇ ਹਾਂ ਫਾਂਸੀਆਂ 'ਤੇ



ਦੇਖ ਅਸਾਂ ਨੂੰ ਨਹੀਂ ਘਬਰਾ ਜਾਣਾ।
ਮੌਤ ਅਸਾਂ ਦੀ ਜ਼ਿੰਦਗੀ ਕੌਮ ਦੀ ਹੈ
ਫ਼ਰਜ਼ ਆਪਣਾ ਅਸਾਂ ਨਿਭਾ ਜਾਣਾ।
ਸਾਡੀ ਯਾਦ ਨੇ ਵਤਨ ਸਪੁੱਤਰਾਂ ਨੂੰ
ਇਸ਼ਕ ਵਤਨ ਦਾ ਅੰਤ ਨੂੰ ਲਾ ਜਾਣਾ।
ਸਾਡਾ ਜਿਸਮ ਹੈ ਵਤਨ ਦੀ ਖ਼ਾਕ ਪਿਆਰੀ
ਇਸ ਨੂੰ ਵਤਨ ਦੇ ਵਿੱਚ ਮਿਲਾ ਜਾਣਾ।
ਕੁਛ ਮਰ ਗਏ ਹਾਂ ਕੁਝ ਜੇਲ੍ਹ ਚੱਲੇ
ਪਿੱਛੋਂ ਤੁਸਾਂ ਨਾ ਮੁੱਖ ਪਰਤਾ ਜਾਣਾ।
ਕਦੇ ਦੇਖ ਸ਼ਹੀਦਾਂ ਦੀ ਕਬਰ ਵੱਲੇ
ਦੋ ਦੋ ਫੁੱਲ ਪ੍ਰੇਮ ਦੇ ਪਾ ਜਾਣਾ।
ਚਿੱਤ ਰਹੇ ਅਡੋਲ ਨਾ ਡੋਲ ਜਾਵੇ
ਨੀਰ ਅੱਖੀਆਂ ਤੋਂ ਨਾ ਬਹਾ ਜਾਣਾ।
ਬਣ ਕੇ ਫੁੱਲ ਆਜ਼ਾਦੀ ਦਾ ਟਹਿਕ ਪੈਣਾ
ਜ਼ੁਲਮ ਨਾਲ ਨਾ ਕਿਤੇ ਕੁਮਲਾ ਜਾਣਾ।
ਦਿੱਤਾ ਪਾੜ ਸਾਨੂੰ ਕੌਮੀ ਦੁਸ਼ਮਣਾਂ ਨੇ
ਮੁਲਕ ਵਾਸਤੇ ਮਿਲ ਮਿਲਾ ਜਾਣਾ।
ਜਿਹੜੇ ਜ਼ੁਲਮ ਤੋਂ ਹੋਈ ਏ ਅੱਗ ਪੈਦਾ
ਇਸ ਨੂੰ ਹੋਰ ਭੀ ਜ਼ਰਾ ਚਮਕਾ ਜਾਣਾ।
ਬੁਰੀ ਮੌਤ ਮਰਿਓ ਨਾ ਬਿਮਾਰ ਹੋ ਕੇ
ਬਣ ਕੇ ਮਰਦ ਮੈਦਾਨ ਤਪਾ ਜਾਣਾ।
ਵਤਨ ਸੇਵਕਾਂ ਨੂੰ ਮੰਦਾ ਬੋਲਿਓ ਨਾ
ਕਿਤੇ ਦੇਖਣਾ ਚਿੱਤ ਨਾ ਦੁਖਾ ਜਾਣਾ।
ਮੂਲਾ ਸਿੰਘ ਤੇ ਅਮਰ ਨਵਾਬ ਵਾਂਗੂੰ
ਗਿੱਦੜ ਵਾਂਗ ਨਾ ਦੁੰਬ ਦਬਾ ਜਾਣਾ।
ਦੁਸ਼ਮਣ ਅਸਾਂ ਦਾ ਬਹੁਤ ਬਦਮਾਸ਼ ਜ਼ਾਲਮ
ਧੋਖਾ ਏਸ ਦਾ ਤੁਸਾਂ ਨਾ ਖਾ ਜਾਣਾ।
ਸਾਰੇ ਜੱਗ ਤੋਂ ਬੁਰਾ ਬਦਮਾਸ਼ ਝੂਠਾ
ਖ਼ਬਰਦਾਰ ਹੋ ਵਾਰ ਬਚਾ ਜਾਣਾ।
ਜੇਲ੍ਹਾਂ ਹੈਨ ਕਾਲਜ ਵਤਨ ਸੇਵਕਾਂ ਦੇ
ਉਥੇ ਆਪਣਾ ਨਾਮ ਲਿਖਾ ਜਾਣਾ।

ਸਨਦ ਮਿਲੇ ਫਾਂਸੀ ਏਸ ਸਕੂਲ ਵਿੱਚੋਂ
ਏਥੋਂ ਪਾਸ ਹੋਇਆਂ ਕੀ ਖਤਾ ਜਾਣਾ।
ਹੁੰਦੇ ਫੇਲ੍ਹ ਬਹੁਤ ਐਪਰ ਪਾਸ ਥੋੜ੍ਹੇ
ਵਤਨ ਵਾਸੀਓ ਚਿੱਤ ਨਾ ਢਾ ਜਾਣਾ।
ਹਿੰਦੋਸਤਾਨ ਸਾਡਾ ਅਸੀਂ ਹਿੰਦ ਵਾਸੀ
ਸਬਕ ਬੱਚਿਆਂ ਤਾਈਂ ਸਿਖਾ ਜਾਣਾ।
ਪਿਆਰੇ ਪ੍ਰੀਤਮੋਂ ਚੱਲੇ ਹਾਂ ਅਸੀਂ ਜਿੱਥੇ
ਏਸੇ ਰਸਤਿਓਂ ਤੁਸਾਂ ਭੀ ਆ ਜਾਣਾ।

### ਗੂੰਜਾਂ ਪਾਂਵਦਾ ਪਿਆ ਕਰਤਾਰ ਹੋਵੇਸ

ਦਿਲਾ ਦਰਦੀਆ ਗੀਤ ਸੁਣਾ ਕੋਈ, ਯਾਦ ਵਤਨ ਤੇ ਵਤਨ ਦਾ ਪਿਆਰ ਹੋਵੇ।
ਨਕਸ਼ਾ ਬੰਨ੍ਹ ਦੇ ਹਿੰਦ ਦੇ ਚਮਨ ਵਾਲਾ, ਪੰਛੀ ਚਹਿਕਦੇ ਖਿੜੀ ਗੁਲਜ਼ਾਰ ਹੋਵੇ।
ਹਰ ਇਕ ਸੱਦ 'ਚੋਂ ਵਤਨ ਆਵਾਜ਼ ਆਵੇ, ਬੜੀ ਸੁਰਾਂ ਵਿੱਚ ਪ੍ਰੇਮ ਦੀ ਤਾਰ ਹੋਵੇ।
ਕੋਈ ਪ੍ਰੇਮ ਦੀ ਚਿਣਗ ਲਗਾ ਐਸੀ, ਵਤਨ ਵਾਲਿਆਂ ਵਤਨ ਦੀ ਸਾਰ ਹੋਵੇ।
ਸਾਨੂੰ ਸਿੰਘ ਕਰਤਾਰ ਦਾ ਦੱਸ ਜਲਵਾ, ਬਾਂਕੇ ਸ਼ੇਰ ਦਾ ਕਦੇ ਦੀਦਾਰ ਹੋਵੇ।
ਕਿਧਰੇ ਤੁਖ਼ਮ ਫਰੰਗੀ ਦਾ ਪਿਆ ਮੇਟੇ, ਕਿਤੇ ਕੱਢਦਾ ਗ਼ਦਰ ਅਖ਼ਬਾਰ ਹੋਵੇ।
ਕਿਤੇ ਮੁਲਕ ਦਾ ਦਰਦ ਵੰਡਾਣ ਬਦਲੇ, ਗਲ਼ ਵਿੱਚ ਪਾਂਵਦਾ ਫਾਂਸੀ ਦੀ ਤਾਰ ਹੋਵੇ।
ਜੰਗਲ ਖੇਤ ਬਸਤੀ ਬੀਆਬਾਨ ਅੰਦਰ, ਗੂੰਜਾਂ ਪਾਂਵਦਾ ਪਿਆ ਕਰਤਾਰ ਹੋਵੇ।

### ਉੱਨ੍ਹੀਵਾਂ ਬੈਂਤ

ਰਹੇ ਗ਼ਰਕ ਹਿੰਦੂ ਮੁਸਲਮਾਨ ਸਾਰੇ, ਆਯਾ ਜਦੋਂ ਦਾ ਰਾਜ ਫਰੰਗੀਆਂ ਦਾ।
ਰੱਦੀ ਝਗੜਿਆਂ ਵਿੱਚ ਮਸ਼ਗੂਲ ਹੋਏ, ਜਿਵੇਂ ਕੰਮ ਜਨਾਨੀਆਂ ਰੰਡੀਆਂ ਦਾ।
ਪੈਦਾ ਹੋਇਕੇ ਇਕ ਹੀ ਦੇਸ਼ ਅੰਦਰ, ਭੈੜਾ ਕੰਮ ਫੜਿਆ ਧੜੇ ਬੰਦੀਆਂ ਦਾ।
ਛੂਤ-ਛਾਤ ਅੰਦਰ ਊਚ ਨੀਚ ਬਣ ਕੇ, ਉਲਟਾ ਕੰਮ ਕੀਤਾ ਫਿਰਕੇ ਬੰਦੀਆਂ ਦਾ।
ਗਿਆ ਦੇਸ਼ ਦਾ ਭੁੱਲ ਪਯਾਰ ਸਾਨੂੰ, ਹੋਯਾ ਅਸਰ ਜੋ ਸੋਹਬਤਾਂ ਮੰਦੀਆਂ ਦਾ।
ਕਿਵੇਂ ਗਦਰ ਅਖਬਾਰ ਦੀ ਸਿਫਤ ਕਰੀਏ, ਪਤਾ ਆਣ ਦਿੱਤਾ ਗੱਲਾਂ ਚੰਗੀਆਂ ਦਾ।
ਕਰੋ ਸਤ ਸੰਗਤ ਸੰਗ ਦੂਰ ਹੋਵੇ, ਕਰੋ ਦੂਰ ਹੁਣ ਸੰਗ ਕੁਸੰਗੀਆਂ ਦਾ।
ਸਿਰ ਤੇ ਵਾਲ ਨਾ ਛਡਿਆ ਇਕ ਜ਼ਾਲਮ, ਝਗੜਾ ਛੇੜਿਆ ਤੁਸਾਂ ਨੇ ਕੰਘੀਆਂ ਦਾ।
ਆਓ ਅਕਲ ਤੇ ਇਲਮ ਦੇ ਨਾਲ ਲੜੀਏ, ਜਿਵੇਂ ਕੰਮ ਸਿਆਣਿਆਂ ਢੰਗੀਆਂ ਦਾ।
ਜੇਕਰ ਨਾਮ ਜਹਾਨ ਦੇ ਵਿਚ ਚੌਂਹਦੇ, ਪਊ ਯੁੱਧ ਕਰਨਾ ਤੇਗਾਂ ਨੰਗੀਆਂ ਦਾ।
ਤੁਸੀਂ ਅਜੇ ਵੀ ਸ਼ਰਮ ਨਾ ਮੂਲ ਕਰਦੇ, ਪਿਆ ਮੁੱਲ ਕੀ ਵਿਲਕੀਆਂ ਦੰਦੀਆਂ ਦਾ।



ਕੁੱਛੜ ਡੈਣ ਦੇ ਬਾਲ ਫੜਾਇਆ ਜੋ, ਵੀਰੋ ਕੰਮ ਨਹੀਂ ਅਕਲਮੰਦੀਆਂ ਦਾ।
ਇੰਗਲਸ਼ ਕੌਮ ਵੀਰੋ ਬੁਰੀ ਡੈਣ ਕੋਲੋਂ, ਮਣਕਾ ਤੋੜਦੀ ਅਸਾਂ ਦੀਆਂ ਸੰਘੀਆਂ ਦਾ
ਤੁਸਾਂ ਭੋਲਿਓ ਮੂਲ ਨਾ ਖ਼ਬਰ ਲੱਗੀ, ਕੀਤਾ ਫੈਸਲਾ ਤੁਸਾਂ ਦੀਆਂ ਵੰਡੀਆਂ ਦਾ।
ਖੱਟੀ ਤੁਸਾਂ ਦੀ ਖੂਹ ਦੇ ਵਿਚ ਪੈਂਦੀ, ਮਿਲਦਾ ਸੌ ਵਿਚੋਂ ਹਿੱਸਾ ਪੰਜੀਆਂ ਦਾ।
ਹੋਈ ਜ਼ੁਲਮ ਦੀ ਆਣ ਕੇ ਹੱਦ ਵੀਰੋ, ਕੋਈ ਨਹੀਂ ਹਸਾਬ ਹੈ ਰੰਜੀਆਂ ਦਾ।
ਖੜੇ ਹੋਣ ਨੂੰ ਕਿਤੇ ਨਾ ਜਗ੍ਹਾ ਲਭਦੀ, ਲੈਂਦੇ ਮਾਮਲਾ ਛੋਟੀਆਂ ਡੰਡੀਆਂ ਦਾ।
ਦੁਨੀਆਂ ਵਿਚ ਹੈ ਨਾਮ ਗ਼ੁਲਾਮ ਸਾਡਾ, ਕੂੜਾ ਮਾਣ ਐਵੇਂ ਫੌਜਾਂ ਜੰਗੀਆਂ ਦਾ।
ਕਿਸੇ ਰੋਜ਼ ਸੀ ਚਮਕਦਾ ਨਾਮ ਸਾਡਾ, ਵੀਰੋ ਕਰੋ ਖ਼ਿਆਲ ਬੁਲੰਦੀਆਂ ਦਾ।
ਲੜੋ ਦੇਸ਼ ਖ਼ਾਤਰ ਸ਼ੇਰ ਮਰਦ ਬਣ ਕੇ, ਖਹਿੜਾ ਛੱਡ ਦੇਵੋ ਗੱਲਾਂ ਮੰਦੀਆਂ ਦਾ।
ਭੈਣਾਂ ਵਿਚ ਅਫਰੀਕਾ ਦੀ ਜੇਲ੍ਹ ਤੜਫਨ, ਸੁਣੋ ਵਾਸਤਾ ਰੱਬ ਦੀਆਂ ਬੰਦੀਆਂ ਦਾ।
ਮਿਲੋ ਦੇਸ਼ ਖਾਤਰ ਹਿੰਦੂ ਮੁਸਲਮਾਨੋ, ਬੜਾ ਦੁੱਖ ਡਿੱਠਾ ਦਿਲੀ ਤੰਗੀਆਂ ਦਾ।
('ਗ਼ਦਰ ਲਹਿਰ ਦੀ ਕਵਿਤਾ'—ਸੰਕਲਨ ਗਿਆਨੀ ਕੇਸਰ ਸਿੰਘ—ਵਿਚੋਂ)

### ਕਰਤਾਰ ਸਿੰਘ ਸਰਾਭਾ ਅਤੇ ਗ਼ਦਰ ਲਹਿਰ ਦਾ ਸਾਹਿਤ ਵਿੱਚ ਪ੍ਰਤੀਬਿੰਬਨ

ਦੁਨੀਆਂ ਭਰ ਵਿੱਚ ਬਲਸ਼ਾਲੀ ਸਮਾਜਿਕ ਅਤੇ ਸਿਆਸੀ ਲਹਿਰਾਂ ਦੀ ਗੂੰਜ ਸਾਹਿਤ ਅਤੇ ਹੋਰ ਕਲਾ ਮਾਧਿਅਮਾਂ ਵਿੱਚੋਂ ਸੁਣਾਈ ਦਿੰਦੀ ਹੈ। 1857 ਦੇ ਪਹਿਲੇ ਅਜ਼ਾਦੀ ਸੰਗਰਾਮ ਦੀ ਗੂੰਜ ਹਿੰਦੀ ਅਤੇ ਹੋਰ ਭਾਸ਼ਾਈ ਸਾਹਿਤਾਂ ਵਿੱਚ ਪ੍ਰਤੀਬਿੰਬਤ ਹੋਈ ਤਾਂ 1857 ਤੋਂ 57 ਸਾਲ ਬਾਅਦ ਉਹੀ ਇਨਕਲਾਬੀ ਲਹਿਰ ਯਾਨੀ ਗ਼ਦਰ ਲਹਿਰ ਦੀ ਗੂੰਜ ਵੀ ਪੰਜਾਬੀ ਸਾਹਿਤ ਵਿੱਚ ਖ਼ਾਸ ਤੌਰ ਤੇ ਅਤੇ ਹੋਰ ਭਾਸ਼ਾਈ ਸਾਹਿਤਾਂ ਵਿੱਚ ਵੀ ਸੁਣਾਈ ਦਿੰਦੀ ਹੈ। ਪੰਜਾਬੀ ਭਾਸ਼ਾ ਵਿੱਚ ਗਿਆਨੀ ਕੇਸਰ ਸਿੰਘ ਤਾਂ ਜਿਵੇਂ ਗ਼ਦਰ ਪਾਰਟੀ ਦੀ ਪੂਰੀ ਲਹਿਰ ਦੇ ਅਦਬੀ ਪ੍ਰਤੀਕ ਹੀ ਬਣ ਗਏ। ਗ਼ਦਰ ਪਾਰਟੀ ਲਹਿਰ 'ਤੇ ਆਧਾਰਿਤ ਉਨ੍ਹਾਂ ਢੇਰ ਸਾਰੇ ਨਾਵਲਾਂ ਦੀ ਰਚਨਾ ਕੀਤੀ, ਗਦਰ ਪਾਰਟੀ ਨੇ ਆਪਣੇ ਕਾਰਕੁਨਾਂ ਅਤੇ ਉਸ ਦੇ ਹਮਾਇਤੀਆਂ ਵੱਲੋਂ ਰਚੀਆਂ ਕਵਿਤਾਵਾਂ ਦਾ ਮਹਾਨ ਸੰਕਲਨ ਤਿਆਰ ਕੀਤਾ ਅਤੇ ਉਨ੍ਹਾਂ ਦੀ ਆਪਣੀ ਸਵੈ-ਜੀਵਨੀ ਵੀ ਗਦਰ ਪਾਰਟੀ ਨਾਲ ਜੁੜੀ ਹੋਈ ਹੈ ਅਤੇ ਜਿਸ ਵਿੱਚ ਉਨ੍ਹਾਂ ਦੀਆਂ ਹੋਰ ਸਾਹਿਤਕ ਅਤੇ ਸਿਆਸੀ ਸਰਗਰਮੀਆਂ ਹਨ, ਨੂੰ ਦਰਜ ਕੀਤਾ ਹੈ।

ਗਿਆਨੀ ਕੇਸਰ ਸਿੰਘ ਦਾ ਵੱਡਾ ਨਾਵਲ 'ਹਥਿਆਰਬੰਦ ਇਨਕਲਾਬ' ਹੈ, ਜਿਸ ਵਿੱਚ ਉਨ੍ਹਾਂ 1857 ਦੇ ਗਦਰ ਤੋਂ ਲੈਕੇ 1914 ਦੇ ਗਦਰ ਨੂੰ ਸਮੇਟਦੇ ਹੋਏ ਨੇਤਾ ਜੀ ਸੁਭਾਸ਼ ਚੰਦਰ ਬੋਸ ਦੀ ਆਜ਼ਾਦ ਹਿੰਦ ਫੌਜ ਦੇ ਸੰਘਰਸ਼ ਨੂੰ ਵੀ ਸੱਤ ਸੌ ਸਫ਼ਿਆਂ ਦੀ ਰਚਨਾਤਮਕਤਾ ਵਿੱਚ ਬੰਨ੍ਹਿਆ ਹੈ। ਨਾਵਲ ਸੱਤ ਖੰਡਾਂ ਵਿੱਚ ਵੰਡਿਆ ਹੈ ਅਤੇ ਨਾਵਲ ਦੇ ਤੀਜੇ ਤੋਂ ਛੇਵੇਂ ਖੰਡ-'ਯੁਗਾਂਤਰ ਆਸ਼ਰਮ', 'ਗਦਰ', 'ਮਾਰੋ ਫਿਰੰਗੀ' ਅਤੇ 'ਜੇਲ੍ਹਾਂ ਵਰਤੋਂ ਦੂਰ ਵਿੱਚ ਗ਼ਦਰ ਪਾਰਟੀ ਲਹਿਰ ਦਾ ਹੀ ਚਿਤ੍ਰਣ ਹੋਇਆ ਹੈ, ਜੋ ਭਾਰਤ ਤੋਂ ਲੈਕੇ ਵਿਦੇਸ਼ਾਂ ਤਕ ਫੈਲੀ ਹੋਈ ਸੀ। ਇਹ ਉਨ੍ਹਾਂ ਦੀਆਂ ਆਖਰੀ ਰਚਨਾਵਾਂ

ਵਿੱਚੋਂ ਇਕ ਹੈ। ਇਹ ਨਾਵਲ 1998 ਵਿੱਚ ਛਪਿਆ। ਲੇਖਕ ਦਾ ਸਤੰਬਰ ਵਿੱਚ 9… ਵਰ੍ਹਿਆਂ ਦੀ ਉਮਰ ਵਿਚ ਦੇਹਾਂਤ ਹੋਇਆ ਸੀ ਜੋ ਆਮ ਕਰਕੇ ਗ਼ਦਰੀ ਬਾਬਿਆਂ ਦੀ ਲੰਮੀ ਉਮਰ ਜਿਉਣ ਦੀ ਪਰੰਪਰਾ ਦਾ ਹੀ ਹਿੱਸਾ ਹੈ।

ਗ਼ਦਰ ਲਹਿਰ ਬਾਰੇ ਹੀ ਗਿਆਨੀ ਕੇਸਰ ਸਿੰਘ ਦਾ ਪਹਿਲਾ ਨਾਵਲ 'ਬਾਬਾ ਹਰੀ ਸਿੰਘ ਉਸਮਾਨ' 1977 ਵਿੱਚ ਛਪਿਆ, ਜਿਸ ਵਿੱਚ ਗਦਰ ਪਾਰਟੀ ਦੇ ਧੁਰ ਪੂਰਬ ਦੇ ਦੇਸ਼ਾਂ-ਇੰਡੋਨੇਸ਼ੀਆ ਆਦਿ ਵਿੱਚ ਰਹਿਣ ਵਾਲੇ ਹਰੀ ਸਿੰਘ ਉਸਮਾਨ ਦੀ ਜ਼ਿੰਦਗੀ ਨੂੰ ਕੇਂਦਰ ਵਿੱਚ ਰੱਖਿਆ ਗਿਆ ਹੈ।

1978 ਵਿੱਚ ਉਨ੍ਹਾਂ ਦਾ ਨਾਵਲ 'ਸ਼ਹੀਦ ਮੇਵਾ ਸਿੰਘ ਲੋਪੋਕੇ' ਛਪਿਆ ਜਿਸ ਨੇ ਕਨੇਡਾ ਵਿਚ ਸਿੱਖਾਂ ਦੀ ਜਾਸੂਸੀ ਕਰ ਰਹੇ ਬਰਤਾਨਵੀ ਏਜੰਟ ਡਬਲਿਊ ਸੀ. ਹਾਪਕਿੰਸਨ ਦਾ ਕਤਲ ਕੀਤਾ ਸੀ। ਮੇਵਾ ਸਿੰਘ ਨੇ ਇਹ ਕਤਲ ਭਰੀ ਅਦਾਲਤ ਵਿੱਚ ਕੀਤਾ ਸੀ ਅਤੇ ਕਤਲ ਤੋਂ ਬਾਅਦ ਸਮਰਪਣ ਕਰ ਦਿੱਤਾ ਸੀ। ਉਨ੍ਹਾਂ ਨੂੰ ਬਾਅਦ ਵਿੱਚ ਫਾਂਸੀ ਦਿੱਤੀ ਗਈ। ਭਾਰਤ ਤੋਂ ਬਾਹਰ ਵਿਦੇਸ਼ਾਂ ਵਿੱਚ ਫਾਂਸੀ ਦਿੱਤੇ ਜਾਣ ਵਾਲੇ ਤਿੰਨ ਦੇਸ਼ ਭਗਤਾਂ ਵਿੱਚ ਉਹ ਸ਼ਾਮਲ ਹਨ। ਮਦਨ ਲਾਲ ਢੀਂਗਰਾ ਅਤੇ ਊਧਮ ਸਿੰਘ ਨੂੰ ਲੰਦਨ ਵਿੱਚ ਫਾਂਸੀ ਦਿੱਤੀ ਗਈ ਸੀ।

1982 ਵਿੱਚ ਗਿਆਨੀ ਕੇਸਰ ਸਿੰਘ ਨੇ ਸਿੰਘ ਸਾਹਿਬ ਦੀ ਸ਼ਹਾਦਤ ਨਾਵਲ ਲਿਖ ਕੇ ਭਾਈ ਬਲਵੰਤ ਸਿੰਘ ਦੀ ਜ਼ਿੰਦਗੀ ਨੂੰ ਕੇਂਦਰ ਵਿੱਚ ਲਿਆਂਦਾ ਜੋ ਕਨੇਡਾ ਤੋਂ ਬੈਂਕਾਕ ਆ ਗਏ ਸਨ। ਉਥੋਂ ਉਨ੍ਹਾਂ ਨੂੰ ਗ੍ਰਿਫਤਾਰ ਕਰਕੇ ਸਿੰਗਾਪੁਰ ਵਿੱਚ ਰੱਖਿਆ ਗਿਆ। ਬਾਅਦ ਵਿੱਚ ਉਨ੍ਹਾਂ ਨੂੰ ਲਾਹੌਰ ਲਿਆ ਕੇ ਲਾਹੌਰ ਸਾਜਿਸ਼ ਕੇਸ ਵਿੱਚ 16 ਮਾਰਚ 1917 ਨੂੰ ਫਾਂਸੀ ਦਿੱਤੀ ਗਈ ਸੀ।

1987 ਵਿੱਚ ਗਿਆਨੀ ਕੇਸਰ ਸਿੰਘ ਨੇ ਗ਼ਦਰ ਪਾਰਟੀ ਦੀ ਔਰਤ ਕਾਰਕੁਨ ਗੁਲਾਬ ਕੌਰ ਨੂੰ ਆਧਾਰ ਬਣਾਕੇ 'ਗ਼ਦਰੀ ਗੁਲਾਬ' ਨਾਵਲ ਦੀ ਰਚਨਾ ਕੀਤੀ। ਗੁਲਾਬ ਕੌਰ ਨੇ ਆਪਣੇ ਪਤੀ ਵੱਲੋਂ ਕਮਜ਼ੋਰੀ ਦਿਖਾਏ ਜਾਣ ਦੇ ਬਾਵਜੂਦ ਗ਼ਦਰ ਲਹਿਰ ਵਿੱਚ ਸਰਗਰਮੀ ਜਾਰੀ ਰੱਖੀ। ਮਨੀਲਾ ਅਤੇ ਭਾਰਤ ਵਿੱਚ ਉਹ ਇਕੱਲੀ ਸਰਗਰਮ ਔਰਤ ਸੀ ਅਤੇ ਉਸ ਨੂੰ ਲਾਹੌਰ ਵਿੱਚ ਦੋ ਸਾਲ ਤਕ ਬਿਨਾਂ ਮੁਕੱਦਮਾ ਚਲਾਏ ਜੇਲ੍ਹ ਵਿੱਚ ਰੱਖਿਆ ਗਿਆ ਸੀ।

1993 ਵਿੱਚ ਗਿਆਨੀ ਕੇਸਰ ਸਿੰਘ ਨੇ 'ਕਾਮਾਗਾਟਾਮਾਰੂ' ਨਾਵਲ ਵਿੱਚ ਇਸੇ ਘਟਨਾ ਨੂੰ ਕੇਂਦਰ ਵਿੱਚ ਰੱਖਿਆ ਅਤੇ 1997 ਵਿੱਚ ਰਚੇ 'ਗ਼ਦਰੀ ਤੇ ਕਾਮਾ' ਨਾਵਲ ਵਿੱਚ ਗ਼ਦਰ ਲਹਿਰ ਤੇ ਖੱਬੇ ਪੱਖੀ ਲਹਿਰ ਦੇ ਅਸਰ ਨੂੰ ਉਕੇਰਿਆ। ਇਸ ਤਰ੍ਹਾਂ ਸਵੈ-ਜੀਵਨੀ ਤੋਂ ਇਲਾਵਾ ਗਿਆਨੀ ਕੇਸਰ ਸਿੰਘ ਨੇ ਆਪਣੇ ਛੇ ਨਾਵਲਾਂ ਵਿੱਚ ਗ਼ਦਰ ਨੂੰ ਕੇਂਦਰ ਵਿੱਚ ਰੱਖਿਆ।

ਗਿਆਨੀ ਕੇਸਰ ਸਿੰਘ ਤੋਂ ਇਲਾਵਾ ਗੁਰਚਰਨ ਸਿੰਘ ਸੈਂਸਰਾ ਨੇ 'ਉਹ ਵੀ ਦਿਨ ਸਨ।' ਸਿਰਲੇਖ ਹੇਠ ਗ਼ਦਰ ਲਹਿਰ ਬਾਰੇ ਨਾਵਲ ਲਿਖਿਆ ਹੈ।



ਸਾਧੂ ਸਿੰਘ ਧਾਮੀ ਰਚਿਤ ਅੰਗਰੇਜ਼ੀ ਨਾਵਲ 'ਮਲੂਕਾ' ਵਿੱਚ ਵੀਹਵੀਂ ਸਦੀ ਦੇ ਆਰੰਭ ਵਿੱਚ ਕਨੇਡਾ ਅਤੇ ਅਮਰੀਕਾ ਵਿੱਚ ਆ ਕੇ ਵੱਸੇ ਪੰਜਾਬੀਆਂ ਦੀ ਕਥਾ ਨੂੰ ਆਤਮਕਥਾਤਮਕ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਇਸ ਨਾਵਲ ਦਾ ਪੰਜਾਬੀ ਅਨੁਵਾਦ ਅੰਗਰੇਜ਼ੀ ਤੋਂ ਵੀ ਵੱਧ ਮਕਬੂਲ ਹੋਇਆ। ਸਾਧੂ ਸਿੰਘ ਧਾਮੀ ਨੇ 80 ਵਰ੍ਹਿਆਂ ਤੋਂ ਵੱਧ ਉਮਰ ਵਿੱਚ ਜਾ ਇਸ ਨਾਵਲ ਦੀ ਰਚਨਾ ਕੀਤੀ ਅਤੇ ਕਲਾਤਮਕ ਪੱਧਰ 'ਤੇ ਇਹ ਨਾਵਲ ਬੜਾ ਗੁੰਦਵਾਂ ਅਤੇ ਪ੍ਰਭਾਵਸ਼ਾਲੀ ਹੈ। ਇਸ ਨਾਵਲ ਵਿੱਚ ਗ਼ਦਰ ਪਾਰਟੀ ਦੇ ਨਿਰਮਾਣ, ਕਾਮਾਗਾਟਾਮਾਰੂ ਘਟਨਾ ਅਤੇ ਗ਼ਦਰ ਬਗ਼ਾਵਤ ਦਾ ਬਿਓਰਾ ਮਿਲਦਾ ਹੈ ਅਤੇ ਅਮਰੀਕਾ ਅਤੇ ਕਨੇਡਾ ਵਿੱਚ ਵਸੇ ਭਾਰਤੀਆਂ ਦੇ ਵਿਦੇਸ਼ਾਂ ਵਿੱਚ ਜਾਣ, ਵੱਸਣ ਅਤੇ ਸੰਘਰਸ਼ ਕਰਨ ਦੀ ਦਸ਼ਾ ਵੀ ਇਸ ਵਿੱਚ ਉੱਭਾਰੀ ਹੈ। ਸਾਹਿਤਕ ਪੱਧਰ ਤੇ ਇਹ ਰਚਨਾ ਹੋਰ ਸਾਰੀਆਂ ਰਚਨਾਵਾਂ ਤੋਂ ਬਿਹਤਰ ਕਹੀ ਜਾ ਸਕਦੀ ਹੈ।

ਅੰਗਰੇਜ਼ੀ ਵਿੱਚ ਹੀ ਐਗਨਸ ਸਮੈਡਲੇ ਦੇ ਪ੍ਰਸਿੱਧ ਨਾਵਲ 'ਧਰਤੀ ਦੀ ਧੀ' ਵਿੱਚ ਅਮਰੀਕਾ ਦੇ ਗ਼ਦਰੀ ਇਨਕਲਾਬੀਆਂ ਦੇ ਚਿੱਤਰ ਉਘੜਦੇ ਹਨ।

ਗ਼ਦਰ ਪਾਰਟੀ ਦੇ ਹੀਰੋ ਕਰਤਾਰ ਸਿੰਘ ਸਰਾਭਾ ਦੀ ਜ਼ਿੰਦਗੀ ਨੂੰ ਆਧਾਰ ਬਣਾਕੇ ਹਿੰਦੀ ਵਿੱਚ ਇਕ ਛੋਟਾ ਜੀਵਨੀ-ਮੂਲਕ ਨਾਵਲ ਲਿਖਿਆ ਗਿਆ ਹੈ— 'ਅਮਰ ਬਲੀਦਾਨ'। 1991 ਵਿੱਚ ਛਪੇ ਇਸ ਜੀਵਨੀ-ਮੂਲਕ ਕਥਾ ਦੇ ਲੇਖਕ ਹਨ— ਰੂਪ ਸਿੰਘ ਚੰਦੇਲ। ਰੂਪ ਸਿੰਘ ਚੰਦੇਲ ਨੇ ਸਰਾਭਾ ਦੀ ਜ਼ਿੰਦਗੀ ਵਿੱਚ ਕਲਪਨਾ ਦਾ ਅੰਸ਼ ਮਿਲਾ ਕੇ ਉਸ ਨੂੰ 1857 ਦੇ ਗ਼ਦਰ ਦੇ ਪਰਿਵਾਰ ਦੀ ਬਜ਼ੁਰਗ ਔਰਤ ਨਾਲ ਬਚਪਨ ਵਿੱਚ ਮਿਲਦਾ ਦਿਖਾ ਕੇ ਉਸ ਦੇ ਮਨ ਵਿੱਚ ਦੇਸ਼-ਪਿਆਰ ਦੀ ਚਿੰਗਾਰੀ ਜਗਾਉਣ ਦੀ ਕਥਾ ਬੁਣੀ ਹੈ ਪਰ ਚੰਦੇਲ ਦਾ ਇਹ ਜੀਵਨੀ-ਮੂਲਕ ਲਘੂ ਨਾਵਲ ਨਾ ਤਾਂ ਜੀਵਨ ਬਣਦਾ ਹੈ ਤੇ ਨਾ ਹੀ ਨਾਵਲ ਬਣ ਸਕਿਆ ਹੈ।

ਕਰਤਾਰ ਸਿੰਘ ਸਰਾਭਾ ਦੀ ਜ਼ਿੰਦਗੀ ਨੂੰ ਅਧਾਰ ਬਣਾਕੇ ਪੰਜਾਬੀ ਦੇ ਮੋਢੀ ਨਾਵਲਕਾਰ ਨਾਨਕ ਸਿੰਘ ਨੇ ਨਾਵਲ ਲਿਖਿਆ—'ਇਕ ਮਿਆਨ ਦੋ ਤਲਵਾਰਾਂ'। 1967 ਵਿੱਚ ਛਪਿਆ ਇਹ 358 ਸਫ਼ਿਆਂ ਦਾ ਵੱਡ-ਅਕਾਰੀ ਨਾਵਲ ਹੈ, ਜਿਸ ਦੀ ਭੂਮਿਕਾ ਵਿੱਚ ਲੇਖਕ ਨੇ ਗ਼ਦਰ ਲਹਿਰ ਦੀ ਨਾਕਾਮਯਾਬੀ ਦਾ ਕਾਰਨ ਇਸ ਦੇ ਦਹਿਸ਼ਤਵਾਦੀ ਤਰੀਕਿਆਂ ਨੂੰ ਮੰਨਿਆ ਹੈ। ਗ਼ਦਰ ਲਹਿਰ ਨਾਲ ਜੁੜੇ ਨੌਂ ਕੇਸਾਂ ਵਿੱਚ ਸੌ ਦੇ ਕਰੀਬ ਗ਼ਦਰੀਆਂ ਨੂੰ ਫਾਂਸੀ, ਨੌਂ ਸੌ ਦੇ ਕਰੀਬ ਗ਼ਦਰੀਆਂ ਨੂੰ ਕਾਲਾਪਾਣੀ ਜਾਂ ਹੋਰ ਸਖ਼ਤ ਸਜਾਵਾਂ ਮਿਲੀਆਂ। ਲੇਖਕ ਗ਼ਦਰੀਆਂ ਦੀ ਕੁਰਬਾਨੀ ਤੋਂ ਪ੍ਰਭਾਵਿਤ ਹੈ ਅਤੇ ਉਸ ਨੇ ਬਾਬਾ ਸੋਹਣ ਸਿੰਘ ਭਕਨਾ ਅਤੇ ਬਾਬਾ ਹਰਨਾਮ ਸਿੰਘ ਟੁੰਡੀਲਾਟ ਤੋਂ ਸੁਣੇ ਨਿੱਜੀ ਅਨੁਭਵਾਂ ਤੋਂ ਲੈ ਕੇ ਸਚਿੰਦਰ ਨਾਥ ਸਾਨਿਆਲ ਦੇ 'ਬੰਦੀ ਜੀਵਨ ਅਤੇ ਕੁਝ ਹੋਰ ਕਿਤਾਬਾਂ ਦੇ ਸਹਾਰੇ ਨਾਲ ਆਪਣੀ ਨਾਵਲੀ ਸਮੱਗਰੀ ਨੂੰ ਸੰਵਾਰਿਆ ਹੈ। ਭਗਤ ਸਿੰਘ ਤੇ ਬਣੀਆਂ ਫ਼ਿਲਮਾਂ ਵਾਂਗ ਲੇਖਕ ਨੇ ਸਰਾਭਾ ਦੀ ਜ਼ਿੰਦਗੀ ਵਿੱਚ ਵੀ ਉਸ ਨੂੰ ਪਿਆਰ ਕਰਨ ਵਾਲੀ ਇਕ ਕੁੜੀ ਬੀਰੀ ਨੂੰ ਕਿਰਦਾਰ ਬਣਾਇਆ ਹੈ। ਲੇਖਕ ਨੇ ਨਾਵਲ ਵਿੱਚ ਸਰਾਭਾ ਨੂੰ ਬਹਾਦਰ ਹੀਰੋ ਵਾਂਗ ਪੇਸ਼ ਕਰਦੇ ਹੋਏ ਗ਼ਦਰ

ਲਹਿਰ ਦੀਆਂ ਘਟਨਾਵਾਂ ਦਾ ਵਿਸਥਾਰ ਸਹਿਤ ਵਰਣਨ ਕੀਤਾਂ ਹੈ। ਪਰ ਇਹ ਸਭ ਕੁਝ ਕਰਦਿਆਂ ਲੇਖਕ ਨਾ ਤਾਂ ਨਾਵਲ ਨੂੰ ਗੁੰਦਵਾਂ ਹੀ ਬਣਾ ਸਕਿਆ ਅਤੇ ਨਾ ਉਸ ਵਿੱਚ ਇਤਿਹਾਸਕ ਯਥਾਰਥ ਨੂੰ ਤਾਕਤਵਰ ਰੂਪ ਵਿੱਚ ਪੇਸ਼ ਕਰ ਸਕਿਆ। ਲੇਖਕ ਦੀ ਅਤਿ ਭਾਵੁਕ ਸ਼ੈਲੀ ਵੀ ਨਾਵਲ ਸੰਰਚਨਾ ਨੂੰ ਕਮਜ਼ੋਰ ਬਣਾਉਂਦੀ ਹੈ। ਵਿਡੰਬਨਾ ਇਹ ਕਿ ਪੰਜਾਬੀ ਦੇ ਉਨ੍ਹਾਂ ਦਿਨਾਂ ਦੇ ਸਭ ਤੋਂ ਸੀਨੀਅਰ ਅਤੇ ਸਰਬਸ਼੍ਰੇਸ਼ਟ ਨਾਵਲਕਾਰ ਵੱਲੋਂ ਕਰਤਾਰ ਸਿੰਘ ਸਰਾਭਾ ਬਾਰੇ ਜੋ ਨਾਵਲ ਲਿਖਿਆ ਗਿਆ ਉਹ ਵੀ ਕਲਾਤਮਕ ਪੱਧਰ ਤੇ ਕਮਜ਼ੋਰ ਹੀ ਰਿਹਾ।

ਨਾਵਲ-ਖੇਤਰ ਵਿੱਚ ਸੰਤ ਸਿੰਘ ਸੇਖੋਂ ਨੇ "ਮਿੱਤਰ ਪਿਆਰੇ ਨੂੰ" ਨਾਟਕਵਿੱਚ ਗ਼ਦਰੀ ਇਨਕਲਾਬੀ ਰਤਨ ਸਿੰਘ ਦਾ ਕਿਰਦਾਰ ਉਭਾਰਿਆ ਹੈ, ਜੋ ਰੂਸ ਜਾ ਕੇ ਲੈਨਿਨ ਨੂੰ ਮਿਲਣ ਵਾਲੇ ਭਾਰਤੀ ਇਨਕਲਾਬੀਆਂ ਵਿੱਚੋਂ ਇੱਕ ਸੀ।

ਕਾਮਾਗਾਟਾਮਾਰੂ ਜਹਾਜ਼ ਦੀ ਘਟਨਾ ਨੂੰ ਅਧਾਰ ਬਣਾਕੇ ਡਾ. ਹਰਚਰਨ ਸਿੰਘ ਅਤੇ ਅਜਮੇਰ ਰੋਡੇ ਨੇ ਵੱਖ-ਵੱਖ ਨਾਟਕਾਂ ਦੀ ਰਚਨਾ ਕੀਤੀ ਹੈ।

ਗ਼ਦਰ ਲਹਿਰ ਦੇ ਗੀਤਾਂ ਤੇ 1969 ਵਿੱਚ ਵੇਦ ਪ੍ਰਕਾਸ਼ ਬਟੁਕ ਨੇ ਆਲੋਚਨਾਤਮਕ ਪੁਸਤਕ ਹਿੰਦੀ ਵਿੱਚ ਲਿਖੀ ਸੀ, ਜਿਸ ਵਿੱਚ ਉਨ੍ਹਾਂ ਗ਼ਦਰ ਲਹਿਰ ਵਿੱਚ ਲੋਕਰੰਗ ਅਤੇ ਇਤਿਹਾਸਕ ਪ੍ਰਸੰਗ ਦੇ ਮੇਲ ਨਾਲ ਉਭਰੇ ਤਾਕਤਵਰ ਕਾਵਿ-ਬਿੰਬਾਂ ਦਾ ਵਿਸ਼ਲੇਸ਼ਣ ਕੀਤਾ ਸੀ।

ਗ਼ਦਰ ਲਹਿਰ ਦੀ ਅਸਲ ਰੂਹ ਕਵਿਤਾ ਵਿੱਚ ਪ੍ਰਗਟ ਹੋਈ। ਗਿਆਨੀ ਕੇਸਰ ਸਿੰਘ ਹੁਰਾਂ ਹੀ ਇਸ ਖੇਤਰ ਵਿੱਚ ਵੀ ਸਭ ਤੋਂ ਵੱਡਾ ਕੰਮ 'ਗ਼ਦਰ ਲਹਿਰ ਦੀ ਕਵਿਤਾ' ਸਿਰਲੇਖ ਹੇਠ ਇਸ ਕਵਿਤਾ ਦਾ ਸੰਗ੍ਰਹਿ ਕੀਤਾ ਜਿਸ ਨੂੰ ਉਨ੍ਹਾਂ ਦੇ ਹਮਨਾਮ ਡਾ. ਕੇਸਰ ਸਿੰਘ ਨੇ ਸੰਪਾਦਿਤ ਕਰਕੇ ਆਪਣੇ ਲੰਬੀ ਭੂਮਿਕਾ ਸਾਹਿਤ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ 1995 ਵਿੱਚ ਪ੍ਰਕਾਸ਼ਿਤ ਕੀਤਾ। ਇਸ ਸੰਗ੍ਰਹਿ ਵਿੱਚ 1 ਨਵੰਬਰ 1913 ਨੂੰ ਅਮਰੀਕਾ ਤੋਂ ਸ਼ੁਰੂ ਹੋਏ ਗ਼ਦਰ ਅਖ਼ਬਾਰ ਤੋਂ ਲੈਕੇ ਆਧੁਨਿਕ ਕਾਲ ਤਕ ਗ਼ਦਰ ਲਹਿਰ ਸੰਬੰਧੀ ਰਚੀਆਂ ਕਵਿਤਾਵਾਂ ਦਾ ਸੰਕਲਨ ਕੀਤਾ ਗਿਆ ਹੈ। ਇਸ ਸੰਗ੍ਰਹਿ ਦਾ ਸਭ ਤੋਂ ਮਹੱਤਵਪੂਰਨ ਹਿੱਸਾ ਹੈ 'ਗ਼ਦਰ' ਅਤੇ 'ਹਿੰਦੁਸਤਾਨ ਗ਼ਦਰ' ਅਖ਼ਬਾਰਾਂ ਵਿੱਚੋਂ ਚੁਣੀਆਂ ਗਈਆਂ ਕਵਿਤਾਵਾਂ ਜੋ ਹਰ ਵਰ੍ਹੇ ਦੋ ਵਰ੍ਹੇ ਬਾਅਦ 'ਗ਼ਦਰ ਦੀ ਗੂੰਜ' ਸਿਰਲੇਖ ਹੇਠ ਸੰਕਲਨ ਰੂਪ ਵਿੱਚ ਲੜੀਵਾਰ ਛਾਪੀਆਂ ਜਾਂਦੀਆਂ ਸਨ ਅਤੇ ਦੁਨੀਆਂ ਭਰ ਵਿੱਚ ਫੈਲੇ ਗ਼ਦਰ ਪਾਰਟੀ ਹਮਾਇਤੀਆਂ ਨੂੰ ਭੇਜੀਆਂ ਜਾਂਦੀਆਂ ਸਨ ਉਨ੍ਹੀਂ ਦਿਨੀ ਇਨ੍ਹਾਂ ਲੜੀਆਂ ਦੀ ਪ੍ਰਕਾਸ਼ਨ ਗਿਣਤੀ ਪੱਚੀ ਹਜ਼ਾਰ ਤਕ ਪਹੁੰਚ ਜਾਂਦੀ ਸੀ ਪਰ 1914 ਤੋਂ 1937 ਵਿਚਕਾਰ ਪ੍ਰਕਾਸ਼ਨ ਇਕ ਤੋਂ ਸੱਤ ਲੜੀਆਂ-ਗ਼ਦਰ ਦੀ ਗੂੰਜ ਦੇ ਲੜੀ ਨੰ: ਚਾਰ ਅਤੇ ਪੰਜ ਲੜੀ ਹੁਣ ਨਹੀਂ ਲੱਭਦੇ। ਇਹ ਦੋਵੇਂ ਲੜੀਆਂ 1920 ਤੋਂ 1930 ਦੇ ਦਰਮਿਆਨ ਛਪੀਆਂ ਸਨ। 'ਗ਼ਦਰ ਦੀ ਗੂੰਜ' ਤੋਂ ਇਲਾਵਾ ਵਿਦੇਸ਼ਾਂ ਤੋਂ ਹੀ ਪ੍ਰਕਾਸ਼ਿਤ ਪੰਜਾਬੀ ਅਖ਼ਬਾਰਾਂ-'ਸੁਦੇਸ਼ ਸੇਵਕ', 'ਸੰਸਾਰ', 'ਯੁਗਾਂਤਰ', 'ਬੱਬਰ ਗੂੰਜ', 'ਇੰਡੀਆ ਐਂਡ ਕਨੇਡਾ', 'ਸੋਸ਼ਲ ਸੁਧਾਰ' ਆਦਿ ਮੈਗਜ਼ੀਨਾਂ ਤੋਂ ਚੁਣ ਕੇ ਕਰੀਬ ਪੰਜ ਸੌ ਕਵਿਤਾਵਾਂ ਦਾ ਇਹ ਸੰਗ੍ਰਹਿ ਲਗਭਗ ਇੰਨੇ ਹੀ ਸਫ਼ਿਆਂ ਵਿੱਚ



ਛਪਿਆਂ ਹੈ ਜਿਸ ਦੀ ਭੂਮਿਕਾ ਹੀ 74 ਸਫ਼ਿਆਂ ਦੀ ਹੈ। ਗ਼ਦਰ ਲਹਿਰ ਦੇ ਅਨੇਕਾਂ ਕਾਰਕੁਨ ਖ਼ਾਸਕਰ ਕਰਤਾਰ ਸਿੰਘ ਸਰਾਭਾ, ਭਾਈ ਭਗਵਾਨ ਸਿੰਘ, ਵਸਾਖਾਂ ਸਿੰਘ ਆਦਿ ਕਵਿਤਾ ਲਿਖਦੇ ਸਨ। ਪਰ ਭਾਈ ਭਗਵਾਨ ਸਿੰਘ ਤੋਂ ਇਲਾਵਾ ਕਿਸੇ ਹੋਰ ਕਵੀ ਦੀ ਹਾਲੀਂ ਤੀਕ ਪਛਾਣ ਨਹੀਂ ਹੋ ਸਕੀ।

ਗਿਆਨੀ ਕੇਸਰ ਸਿੰਘ ਦੇ ਸੰਗ੍ਰਹਿ ਤੋਂ ਪਹਿਲਾਂ ਦੇਸ਼ ਭਗਤ ਯਾਦਗਾਰ ਹਾਲ (ਜਲੰਧਰ) ਨੇ 1993 ਵਿੱਚ 'ਗ਼ਦਰ ਦੀ ਗੂੰਜ' ਸਿਰਲੇਖ ਹੇਠ ਇਸ ਦੇ ਪਹਿਲੇ ਤਿੰਨ ਅੰਕਾਂ (ਲੜੀਆਂ) ਨੂੰ 'ਪਹਿਲਾ ਭਾਗ' ਕਹਿ ਕਿ ਛਾਪਿਆ ਸੀ। ਇਸ ਵਿੱਚ 1914 ਵਿੱਚ ਪਹਿਲੀ ਵਾਰੀ ਪ੍ਰਕਾਸ਼ਿਤ 'ਗ਼ਦਰ ਦੀ ਗੂੰਜ' ਲੜੀ ਵਿੱਚੋਂ 36 ਕਵਿਤਾਵਾਂ 1916 ਵਿੱਚ ਛਪੀ ਲੜੀ ਨੰ: ਵਿੱਚੋਂ 22 ਕਵਿਤਾਵਾਂ ਅਤੇ 1918 ਵਿੱਚ ਛਪੀ 'ਗ਼ਦਰ ਦੀ ਗੂੰਜ' ਲੜੀ ਨੰ: ਤਿੰਨ ਵਿੱਚੋਂ 29 ਕਵਿਤਾਵਾਂ ਸ਼ਾਮਲ ਹਨ। 'ਗ਼ਦਰ ਦੀ ਗੂੰਜ' ਅਤੇ ਗ਼ਦਰ ਲਹਿਰ ਦੀਆਂ ਹੋਰ ਕਵਿਤਾਵਾਂ ਵੀ ਆਮ ਤੌਰ ਤੇ ਛੰਦ ਬੱਧ ਅਤੇ ਗਾਉਣ ਵਾਲੀਆਂ ਹਨ। ਗ਼ਦਰੀ ਸ਼ਹੀਦਾਂ ਦੀ ਯਾਦ ਵਿੱਚ ਸਥਾਪਤ ਦੇਸ਼ਭਗਤ ਯਾਦਗਾਰ ਹਾਲ, ਜਲੰਧਰ ਨੇ ਹਾਲੀ ਤਕ 'ਗ਼ਦਰ ਦੀ ਗੂੰਜ' ਸੰਗ੍ਰਹਿ ਦਾ ਦੂਜਾ ਹਿੱਸਾ ਨਹੀਂ ਛਾਪਿਆ।

ਗਿਆਨੀ ਕੇਸਰ ਸਿੰਘ ਗ਼ਦਰ ਪਾਰਟੀ ਦੇ 1914 ਤੋਂ 1920 ਤਕ ਪ੍ਰਧਾਨ ਰਹੇ ਜੋ ਪਹਿਲੇ ਤੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਦੇ ਭਾਰਤ ਵੱਲ ਗ਼ਦਰ ਕਰਨ ਲਈ ਚੱਲ ਪੈਣ ਤੇ ਪ੍ਰਧਾਨ ਬਣਾਏ ਗਏ ਸਨ। ਉਹ 'ਪ੍ਰੀਤਮ' ਉਪਨਾਮ ਨਾਲ ਕਵਿਤਾ ਲਿਖਦੇ ਸਨ ਅਤੇ 'ਗ਼ਦਰ ਦੀ ਗੂੰਜ' ਵਿੱਚ ਉਨ੍ਹਾਂ ਦੀਆਂ ਅਨੇਕ ਕਵਿਤਾਵਾਂ ਸ਼ਾਮਲ ਹਨ ਪਰ ਉਨ੍ਹਾਂ ਦੀਆਂ ਕਵਿਤਾਵਾਂ ਦਾ ਵੱਖਰਾ ਸੰਗ੍ਰਹਿ ਉਨ੍ਹਾਂ ਦੇ ਦੋਹਤੇ ਸੁਰਿੰਦਰਪਾਲ ਸਿੰਘ ਦੇ ਸੰਪਾਦਨ ਵਿੱਚ 'ਗ਼ਦਰ ਗੂੰਜ' ਸਿਰਲੇਖ ਹੇਠ ਛਪਿਆ ਹੈ।

ਕਰਤਾਰ ਸਿੰਘ ਸਰਾਭਾ ਪੰਜਾਬ ਦੇ ਲੋਕ-ਜੀਵਨ ਵਿੱਚ ਇਕ ਲੋਕ-ਨਾਇਕ ਦੇ ਰੂਪ ਵਿੱਚ ਪ੍ਰਸਿੱਧ ਹੋਏ, ਜਿਨ੍ਹਾਂ ਨੂੰ ਪੰਜਾਬੀ ਦੇ ਲੋਕ-ਸਾਹਿਤ ਅਤੇ ਲੋਕ-ਗੀਤਾਂ ਵਿੱਚ ਵਿਆਪਕ ਅਭਿਵਿਅਕਤੀ ਮਿਲੀ। ਸਰਾਭਾ ਪਿੰਡ ਵਿੱਚ ਵੀ ਕਈ ਅਜਿਹੇ ਕਵੀ ਹੋਏ ਹਨ, ਜਿਨ੍ਹਾਂ ਨੇ ਸਰਾਭਾ ਦੇ ਦੇਸ਼ ਭਗਤੀ ਭਰੇ ਵੀਰਤਾਪੂਰਨ ਕਾਰਨਾਮਿਆਂ ਨੂੰ ਜਾਂ ਤਾਂ ਕਵਿਤਾ ਵਿੱਚ ਉਤਾਰਿਆ ਜਾਂ ਉਸ ਨੂੰ ਗਾਇਨ ਦਾ ਰੂਪ ਦਿੱਤਾ। ਇਨ੍ਹਾਂ ਵਿੱਚ ਕਵੀਸ਼ਰ ਮਹਾਂ ਸਿੰਘ ਗੁੜ੍ਹਿਆਂਵਾਲਾ ਰਚਿਤ 'ਅਣਖੀ ਨਿਰਭੈ ਯੋਧਾ' 268 ਸਫ਼ਿਆਂ ਦੀ ਇਤਿਹਾਸਕ ਕਾਵਿ-ਰਚਨਾ ਹੈ। ਇਸ ਮਹਾਂ-ਕਾਵਿਕ ਰਚਨਾ ਦੇ ਚਾਰ ਹਿੱਸੇ ਹਨ। ਪਹਿਲੇ ਭਾਗ ਵਿੱਚ ਭਾਰਤ ਦੀ ਦੁਰਦਸ਼ਾ ਅਤੇ ਗ਼ੁਲਾਮੀ ਸਰਾਭਾ ਦਾ ਜਨਮ ਅਤੇ ਪਾਲਣ-ਪੋਸ਼ਣ ਅਤੇ ਅਮਰੀਕਾ ਪਹੁੰਚਣ ਦੀ ਕਹਾਣੀ ਹੈ। ਦੂਜੇ ਭਾਗ ਵਿੱਚ ਸਰਾਭਾ ਦੀ ਸ਼ਖ਼ਸੀਅਤ ਦੇ ਵਿਕਾਸ ਅਤੇ ਉਸ ਵਿੱਚ ਦੇਸ਼ ਭਗਤੀ ਦੀ ਚੇਤਨਾ ਜਾਗਣ, ਗ਼ਦਰ ਪਾਰਟੀ ਬਣਨ ਅਤੇ ਗ਼ਦਰ ਅਖਬਾਰ ਦੀ ਸ਼ੁਰੂਆਤ ਦੇ ਨਾਲ-ਨਾਲ ਗ਼ਦਰ ਪਾਰਟੀ ਕਾਰਕੁਨਾਂ ਵੱਲੋਂ ਭਾਰਤ ਵਿਚ ਮੁੜ ਕੇ ਗ਼ਦਰ ਸ਼ੁਰੂ ਕਰਨ ਦੀ ਕਹਾਣੀ ਬਿਆਨ ਕੀਤੀ ਗਈ ਹੈ। ਇਸ ਭਾਗ ਵਿੱਚ ਗ਼ਦਰ ਲਹਿਰ ਦੀ ਔਰਤ ਕਾਰਕੁਨ ਬੀਬੀ ਗੁਲਾਬ ਕੌਰ ਦੀ ਬਹਾਦਰੀ ਦਾ ਚਿਤਰਣ ਵੀ ਹੈ। ਤੀਸਰੇ ਹਿੱਸੇ ਵਿੱਚ ਕਰਤਾਰ ਸਿੰਘ ਸਰਾਭਾ

ਵੱਲੋਂ ਗ਼ਦਰ ਨੂੰ ਸੰਗਠਤ ਕਰਨ ਲਈ ਕੀਤੀਆਂ ਗਈਆਂ ਸਿਆਸੀ ਸਰਗਰਮੀਆਂ ਦਾ ਬਿਓਰਾ ਹੈ, ਜਦਕਿ ਚੌਥੇ ਅਤੇ ਆਖ਼ਰੀ ਹਿੱਸੇ ਵਿੱਚ ਸਰਾਭਾ ਦੀ ਬਹਾਦਰੀ ਅਤੇ ਉਸ ਨੂੰ ਫਾਂਸੀ ਦਿੱਤੇ ਜਾਣ ਦਾ ਬਿਰਤਾਂਤ ਹੈ। ਇਸ ਕਾਵਿ ਵਿੱਚ ਇਤਿਹਾਸਕ ਘਟਨਾਵਾਂ ਦਾ ਤੱਥ-ਪੂਰਨ ਬਿਓਰਾ ਮਿਲਦਾ ਹੈ। 1990 ਵਿੱਚ ਛਪੇ ਇਸ ਕਾਵਿ ਸੰਗ੍ਰਹਿ ਵਿੱਚੋਂ ਸਰਾਭਾ ਦੀ ਜਨਮ ਮਿਤੀ, ਗ਼ਦਰ ਪਾਰਟੀ ਦੀ ਸਥਾਪਨਾ, ਗ਼ਦਰ ਅਖ਼ਬਾਰ ਦਾ ਨਿਕਲਣਾ, ਗ਼ਦਰ ਪਾਰਟੀ ਦੀਆਂ ਸਰਗਰਮੀਆਂ ਆਦਿ ਦੀਆਂ ਤਰੀਕਾਂ ਇਤਿਹਾਸਕ ਤੱਥਾਂ ਦੇ ਰੂਪ ਵਿੱਚ ਦਿੱਤੀਆਂ ਗਈਆਂ ਹਨ। ਅਸਲ ਵਿੱਚ ਸਰਾਭਾ ਦੀ ਜੇ ਕੋਈ ਚੰਗੀ ਜੀਵਨੀ ਦੇਖਣੀ ਹੋਵੇ ਤਾਂ ਇਹ ਪੰਜਾਬੀ ਕਾਵਿ-ਜੀਵਨੀ ਹੀ ਸਭ ਤੋਂ ਵਧੀਆ ਮੰਨੀ ਜਾਵੇਗੀ, ਹਾਲਾਂਕਿ ਇਸ ਕਾਵਿ ਦਾ ਬੌਧਿਕ ਹਲਕਿਆਂ ਤਕ ਨਾ ਪਹੁੰਚ ਸਕਣਾ ਇਸ ਦੀ ਉਪੇਖਿਆ ਦਾ ਕਾਰਨ ਵੀ ਬਣਿਆ।

ਕਰਤਾਰ ਸਿੰਘ ਸਰਾਭਾ ਦੇ ਪਿੰਡ ਵਿੱਚ ਹੀ ਇਕ ਕੈਸੇਟ ਵੇਚਣ ਵਾਲੇ ਦੀ ਦੁਕਾਨ ਤੇ ਸਰਾਭਾ ਦੀ ਜ਼ਿੰਦਗੀ ਨਾਲ ਸੰਬੰਧਤ ਲੋਕ-ਗਾਇਕ ਦੀਆਂ ਤਿੰਨ ਕੈਸੇਟਾਂ ਮਿਲੀਆਂ। ਇਨ੍ਹਾਂ ਵਿੱਚੋਂ ਇਕ ਦੇ ਗਾਇਕ ਪ੍ਰਸਿੱਧ ਤੇ ਨਾਮੀ ਗਾਇਕ ਕੁਲਦੀਪ ਮਾਣਕ ਹਨ। ਇਸ ਕੈਸੇਟ ਵਿਚ ਮਾਣਕ ਦੇ ਗਾਏ ਸੱਤ ਗੀਤਾਂ ਵਿੱਚ ਸਰਾਭਾ ਦੀ ਜੀਵਨ-ਕਹਾਣੀ ਬਿਆਨ ਕੀਤੀ ਹੋਈ ਹੈ। ਮਾਣਕ ਦੀ ਆਵਾਜ਼ ਅਤੇ ਗਾਇਨ-ਸ਼ੈਲੀ ਉੱਚ ਕੋਟੀ ਦੀ ਮੰਨੀ ਜਾਂਦੀ ਹੈ।

'ਸੱਚੀ ਸ਼ਰਧਾਂਜਲੀ' ਸਿਰਲੇਖ ਨਾਲ ਰਿਕਾਰਡ ਹੋਈ ਕੈਸੇਟ ਵਿੱਚ ਗੀਤਕਾਰ ਸੋਨੂੰ ਸਰਾਭਾ ਦੇ ਗੀਤਾਂ ਨੂੰ ਕੁਲਦੀਪ ਮਾਣਕ, ਸੁਖਵਿੰਦਰ ਸੁੱਖੀ ਅਤੇ ਅਮਰੀਕ ਹਸਨਪੁਰੀ ਵਰਗੇ ਗਾਇਕਾਂ ਨੇ ਆਵਾਜ਼ ਦਿੱਤੀ ਹੈ। ਇਸ ਪੰਜਾਬੀ ਕੈਸੇਟ ਵਿੱਚ ਵੀ ਸਰਾਭਾ ਦੇ ਬੀਰਤਾਪੂਰਨ ਕਾਰਨਾਮਿਆਂ ਨੂੰ ਗਾਕੇ ਸ਼ਰਧਾਂਜਲੀ ਦਿੱਤੀ ਗਈ ਹੈ।

ਇਕ ਹੋਰ ਚੰਗੀ ਕੈਸਿਟ 'ਗ਼ਦਰੀ ਸੂਰਮਾ-ਕਰਤਾਰ ਸਿੰਘ ਸਰਾਭਾ' ਹੈ, ਜਿਸ ਦੇ ਗਾਇਕ ਰਾਜਿੰਦਰ ਗਰੇਵਾਲ ਹਨ। ਇਸ ਵਿੱਚ ਸ਼ਾਮਲ ਅੱਠ ਗੀਤਾਂ ਦੇ ਲੇਖਕ ਸ਼ਿੰਦਰ ਸਰਾਭਾ ਹਨ ਅਤੇ ਇਸ ਵਿੱਚ ਕੁਮੈਂਟਰੀ ਸਰਾਭਾ ਪਿੰਡ ਦੇ ਹੀ ਇਕ ਰਿਟਾਇਰਡ ਅਧਿਆਪਕ ਮਾਸਟਰ ਸੁਰਜੀਤ ਸਿੰਘ ਸਰਾਭਾ ਦੀ ਹੈ। ਇਸ ਕੈਸੇਟ ਵਿੱਚ ਸਰਾਭਾ ਦੀ ਜ਼ਿੰਦਗੀ ਨੂੰ ਵਿਚਾਰਕ ਪਰਿਪੇਖ ਵਿੱਚ ਪੇਸ਼ ਕੀਤਾ ਗਿਆ ਹੈ।

ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਪੰਜਾਬ ਦੇ ਲੋਕ-ਮਾਨਸ ਵਿੱਚ ਵਸੇ ਨਾਇਕ ਹਨ, ਜੋ ਲੋਕ-ਗੀਤਾਂ ਦਾ ਮਨਭਾਉਂਦਾ ਵਿਸ਼ਾ ਹਨ।

ਗ਼ਦਰ ਲਹਿਰ ਅਤੇ ਕਰਤਾਰ ਸਿੰਘ ਸਰਾਭਾ ਦੀ ਜ਼ਿੰਦਗੀ 'ਤੇ ਆਧਾਰਤ ਰਚੇ ਗਏ ਸਾਹਿਤ ਤੋਂ ਇਸ ਲਹਿਰ ਦੀ ਅੰਦਰੂਨੀ ਤਾਕਤ ਦਾ ਅਹਿਸਾਸ ਜ਼ਰੂਰ ਹੁੰਦਾ ਹੈ। ਵਿਧਾ ਰੂਪ ਵਿੱਚ ਕਵਿਤਾ ਹੀ ਗ਼ਦਰ ਲਹਿਰ ਦਾ ਸਭ ਤੋਂ ਵੱਧ ਬਲਸ਼ਾਲੀ ਪ੍ਰਗਟਾਅ ਮਾਧਿਅਮ ਹੈ ਅਤੇ ਇਹ ਕਵਿਤਾ ਆਮ ਤੌਰ ਤੇ ਗ਼ਦਰ ਲਹਿਰ ਦੇ ਦੌਰਾਨ ਹੀ ਰਚੀ ਗਈ ਪਰ ਗ਼ਦਰ ਪਾਰਟੀ ਦੇ ਵਿਆਪਕ ਰੂਪ ਨੂੰ ਸਾਹਿਤਕ ਰੂਪ ਦੇਣ ਦਾ ਸਭ ਤੋਂ ਵੱਧ ਮਾਣ ਨਿਸ਼ਚੇ ਹੀ ਗਿਆਨੀ ਕੇਸਰ ਸਿੰਘ ਨੂੰ ਹਾਸਲ ਹੈ।

ੴ ੴ ੴ ੴ ੴ



# ਵਿਦੇਸ਼ਾਂ ਵਿਚ ਭਾਰਤੀ ਇਨਕਲਾਬ ਦਾ ਮੋਢੀ ਤਾਰਕ ਨਾਥ ਦਾਸ

ਡਾ. ਤੇਜਿੰਦਰ ਵਿਰਲੀ

ਭਾਰਤ ਅੱਜ ਜਿਸ ਗ਼ਦਰ ਦੀ ਸ਼ਤਾਬਦੀ ਮਨਾ ਰਿਹਾ ਹੈ ਅਗਰ ਇਸ ਗ਼ਦਰ ਦੇ ਸਭ ਤੋਂ ਮਹਾਨ ਤੇ ਮੁਢਲੇ ਵਿਅਕਤੀ ਨੂੰ ਯਾਦ ਨਾ ਕੀਤਾ ਤਾਂ ਇਹ ਜਸ਼ਨ ਅਧੂਰੇ ਹੀ ਸਮਝੇ ਜਾਣਗੇ। ਉਹ ਇਕ ਵਿਅਕਤੀ ਹੀ ਨਹੀਂ ਸੀ ਸਗੋਂ ਆਪਣੇ ਆਪ ਵਿਚ ਇਕ ਪੂਰਾ ਇਤਿਹਾਸ ਜਿਸ ਨੂੰ ਸਮਝੇ ਬਿਨ੍ਹਾਂ ਗ਼ਦਰ ਦੀ ਏਨੀ ਵੱਡੀ ਮੂਵਮੈਂਟ ਨੂੰ ਸਮਝਿਆ ਹੀ ਨਹੀਂ ਜਾ ਸਕਦਾ। ਪੰਜਾਬ ਦੇ ਕੁਝ ਅਖੌਤੀ ਚਿੰਤਕ ਪੰਜਾਬ ਦੇ ਮਹਾਨ ਆਗੂਆਂ ਨੂੰ ਫ਼ਿਰਕਾ ਪ੍ਰਸਤੀ ਦੀ ਅੱਖ ਨਾਲ ਦੇਖਦੇ ਹੋਏ ਉਨ੍ਹਾਂ ਨੂੰ ਕੇਵਲ ਤੇ ਕੇਵਲ ਸਿੱਖ ਸਿੱਧ ਕਰਨ ਵੱਲ ਰੁਚਿੱਤ ਹੋ ਰਹੇ ਹਨ ਤੇ ਇਹ ਸਿੱਧ ਕਰਨ ਦੇ ਆਹਰ ਵਿਚ ਹਨ ਕਿ ਉਹ ਗ਼ਦਰ ਇਕ ਰਾਸ਼ਟਰੀ ਇਨਕਲਾਬ ਨਹੀਂ ਸੀ ਸਗੋਂ ਸਿੱਖ ਇਨਕਲਾਬ ਸੀ ਜਦ ਕਿ ਮਹਾਨ ਗ਼ਦਰੀ ਦੇਸ਼ ਦੇ ਸੱਚੇ ਇਨਕਲਾਬੀ ਸਨ ਜਿਨ੍ਹਾਂ ਦਾ ਪ੍ਰੇਰਨਾ ਸਰੋਤ ਸੰਸਾਰ ਦਾ ਇਨਕਲਾਬੀ ਵਿਰਸਾ ਸੀ, ਜਿਨ੍ਹਾਂ ਲਈ ਧਰਮ ਜਾਤ ਤੇ ਰੰਗ ਕੇਵਲ ਵਿਅਕਤੀਗਤ ਮਸਲਾ ਹੀ ਸੀ। ਭਾਰਤ ਦੇ ਇਹ ਮਹਾਨ ਗ਼ਦਰੀ ਬੰਗਾਲੀ ਪ੍ਰੋਫੈਸਰ ਤਾਰਕ ਨਾਥ ਦਾਸ ਦੀ ਅਗਵਾਈ ਵਿਚ ਮਹਾਨ ਗ਼ਦਰ ਵੱਲ ਵਧੇ ਸਨ ਜਿਨ੍ਹਾਂ ਦੀਆਂ ਵੱਡੀਆਂ ਕੁਰਬਾਨੀਆਂ ਨੇ ਉਸ ਮਹਾਨ ਬੰਗਾਲੀ ਨੂੰ ਫੋਕਸ ਵਿਚ ਹੀ ਨਹੀਂ ਆਉਣ ਦਿੱਤਾ। ਇਹ ਭਾਰਤੀਆਂ ਦਾ ਇਕ ਸੁਭਾਅ ਵੀ ਹੈ ਕਿ ਇਨ੍ਹਾਂ ਲਈ ਸ਼ਹੀਦੀ ਦਾ ਜਾਮ ਪੀਣ ਵਾਲਾ ਵੱਡਾ ਹੈ ਜਦ ਕਿ ਸਾਰੀ ਉਮਰ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਵਿਚ ਨਰਕ ਵਾਲੀ ਜ਼ਿੰਦਗੀ ਬਤੀਤ ਕਰਨ ਵਾਲਾ ਬਹੁਤਾ ਅਰਥ ਨਹੀਂ ਰੱਖਦਾ। ਸਾਡੇ ਇਤਿਹਾਸਕਾਰਾਂ ਨੇ ਹੀ ਹਾਕਮਾਂ ਦੇ ਇਸ਼ਾਰੇ ਉਪਰ ਸਾਡੇ ਇਤਿਹਾਸ ਨੂੰ ਵਗਾੜਕੇ ਹੀ ਪੇਸ਼ ਕੀਤਾ ਹੈ। ਆਓ ਪੰਜਾਬ ਦੇ ਮਹਾਨ ਗ਼ਦਰੀਆਂ ਦੇ ਮੋਢੀ ਆਗੂ ਨੂੰ ਯਾਦ ਕਰੀਏ।

ਤਾਰਕ ਨਾਥ ਦਾਸ ਦਾ ਨਾਮ ਵਿਦੇਸ਼ਾਂ ਵਿਚ ਭਾਰਤ ਦੀ ਆਜ਼ਾਦੀ ਦਾ ਝੰਡਾ ਬੁਲੰਦ ਕਰਨ ਵਾਲਿਆਂ ਵਜੋਂ ਲਿਆ ਜਾਂਦਾ ਹੈ। ਜਦ ਕਦੇ ਵੀ ਭਾਰਤੀ ਆਜ਼ਾਦੀ ਦੇ ਘੋਲ ਦੀ ਗੱਲ ਚੱਲੇਗੀ ਤਾਂ ਤਾਰਕ ਨਾਥ ਦਾਸ ਦੁਆਰਾ ਸਿਰਜਿਆ ਸ਼ਾਨਾਮੱਤਾ ਇਤਿਹਾਸ ਉਭਰਵੇਂ ਰੂਪ ਵਿਚ ਸਾਹਮਣੇ ਆਵੇਗਾ। ਇਹ ਅੰਤਰਰਾਸ਼ਟਰੀ ਪ੍ਰਸਿੱਧੀ ਵਾਲਾ ਇਨਕਲਾਬੀ ਪੱਛਮੀ ਬੰਗਾਲ ਦੇ ਇਕ ਨਿੱਕੇ ਜਿਹੇ ਪਿੰਡ ਮਜੂਪਰਾ (ਨੇੜੇ ਕੰਚਰਪਰਾ) ਜ਼ਿਲ੍ਹਾ 24 ਪਰਗਾਨਾ ਵਿਚ 15 ਜੂਨ 1884 ਨੂੰ ਨਿਮਨ ਮੱਧ ਵਰਗੀ ਪਰਿਵਾਰ ਵਿਚ ਪਿਤਾ ਸ਼੍ਰੀ ਕਾਲੀ ਮੋਹਨ ਦੇ ਘਰ ਪੈਦਾ ਹੋਇਆ। ਸ਼੍ਰੀ ਕਾਲੀ ਮੋਹਨ ਕਲਕੱਤਾ ਵਿੱਖੇ ਕੇਂਦਰੀ ਟੈਲੀਗ੍ਰਾਫ ਮਹਿਕਮੇ ਵਿਚ ਕਲਰਕ ਸਨ। ਤਾਰਕ ਨਾਥ ਦਾਸ ਸਕੂਲ ਦੇ ਮੁੱਢਲੇ ਦਿਨਾਂ ਵਿਚ ਹੀ ਇਕ ਲਾਇਕ ਵਿਦਿਆਰਥੀ ਵਜੋਂ ਆਪਣੇ ਅਧਿਆਪਕਾਂ ਦਾ ਕੇਂਦਰ ਬਿੰਦੂ ਬਣ ਗਿਆ ਸੀ। ਦੇਸ਼ ਭਗਤੀ ਬਾਰੇ ਮੁੱਢਲਾ ਗਿਆਨ

ਉਦੋਂ ਹੋਇਆ ਜਦੋਂ ਤਾਰਕਨਾਥ ਦਾਸ ਦੇ ਹੈਡਮਾਸਟਰ ਨੇ ਇਕ ਲੇਖ ਲਿਖਣ ਮੁਕਾਬਲੇ ਲਈ ਤਾਰਕ ਨਾਥ ਨੂੰ ਪ੍ਰੇਰਿਤ ਕੀਤਾ। ਇਹ ਮੁਕਾਬਲਾ ਦੇਸ਼ ਭਗਤੀ ਨਾਲ ਸੰਬੰਧਿਤ ਵਿਸ਼ੇ ਬਾਰੇ ਲੇਖ ਲਿਖਣ ਦਾ ਸੀ। ਇਸ ਮੁਕਾਬਲੇ ਲਈ ਲਿਖੇ ਲੇਖ ਨੂੰ ਪੜ੍ਹਕੇ ਇਕ ਨਿਰਨਾਇਕ ਹੱਕਾ ਬੱਕਾ ਰਹਿ ਗਿਆ। 16 ਸਾਲਾਂ ਦੇ ਵਿਦਿਆਰਥੀ ਦੀ ਇਸ ਅਹਿਮ ਰਚਨਾ ਨੇ ਜਿੱਥੇ ਤਾਰਕ ਨਾਥ ਦਾਸ ਨੂੰ ਪਹਿਲਾ ਸਥਾਨ ਪ੍ਰਦਾਨ ਕਰਵਾਇਆ ਉੱਥੇ ਉਸ ਦੀ ਵਿਲੱਖਣ ਲਿਖਣ ਸ਼ੈਲੀ ਤੇ ਤਿੱਖੀ ਸਮਝਦਾਰੀ ਨੇ ਸਹਿਪਾਠੀਆਂ ਦਾ ਧਿਆਨ ਵੀ ਆਪਣੇ ਵੱਲ ਖਿੱਚਿਆ। ਇਸੇ ਲੇਖ ਨੂੰ ਪੜ੍ਹਕੇ "ਅਨੁਸ਼ੀਲਨ ਸਮਿਤੀ" ਦੇ ਬਾਨੀ ਪੀ. ਮਿੱਤਰ ਇਨੇ ਪ੍ਰਭਾਵਿਤ ਹੋਏ ਕਿ ਉਨ੍ਹਾਂ ਨੇ ਆਪਣੇ ਸਹਿਯੋਗੀ ਸ਼ਤੀਸ਼ ਚੰਦਰ ਬਾਸੂ ਨੂੰ ਕਿਹਾ ਕਿ ਇਸ ਹੋਣਹਾਰ ਵਿਦਿਆਰਥੀ ਨੂੰ ਸਮਿਤੀ ਦਾ ਮੈਂਬਰ ਬਣਾ ਲਿਆ ਜਾਵੇ। ਸੋ ਤਾਰਕ ਨਾਥ ਦਾਸ ਛੋਟੀ ਉਮਰ ਵਿਚ ਹੀ ਅਨੁਸ਼ੀਲਨ ਸਮਿਤੀ ਦੇ ਮੈਂਬਰ ਬਣ ਗਏ ਸਨ। ਸਮਿਤੀ ਦੇ ਆਗੂਆਂ ਦੀਆਂ ਉਮੀਦਾਂ ਉਸ ਹੋਣਹਾਰ ਵਿਦਿਆਰਥੀ 'ਤੇ ਸ਼ੁਰੂ ਵਿਚ ਹੀ ਲੱਗ ਗਈਆਂ ਸਨ।

1901 ਵਿਚ ਉਹ ਉਚ ਵਿਦਿਆ ਪ੍ਰਾਪਤ ਕਰਨ ਲਈ ਕਲਕੱਤੇ ਚਲਾ ਗਿਆ। ਉਸ ਦੀਆਂ ਦੇਸ਼ ਭਗਤੀ ਦੀਆਂ ਰੁਚੀਆਂ ਨੂੰ ਪ੍ਰਫੁਲਤ ਕਰਨ ਵਿਚ ਉਸ ਦੀ ਵੱਡੀ ਭੈਣ ਗਿਰੀਜਾ ਦਾ ਅਹਿਮ ਰੋਲ ਸੀ। ਉਹ ਆਪਣੇ ਭਰਾ ਦੀਆਂ ਦੇਸ਼ ਭਗਤੀ ਦੀਆਂ ਰੁਚੀਆਂ ਨੂੰ ਪ੍ਰਚੰਡ ਕਰਨ ਲਈ ਉਸ ਦਾ ਵਿਸ਼ੇਸ਼ ਸਹਿਯੋਗ ਦਿੰਦੀ ਸੀ। ਨਵੰਬਰ 1905 ਵਿਚ ਜਦੋਂ ਪੀ. ਮਿੱਤਰ ਅਨੁਸ਼ੀਲਨ ਸਮਿਤੀ ਦੀਆਂ ਸਿਖਿਆਵਾਂ ਦੇ ਵਿਸਥਾਰ ਲਈ ਢਾਕਾ ਗਏ ਉਸ ਸਮੇਂ ਉਨ੍ਹਾਂ ਦੇ ਨਾਲ ਨੌਜਵਾਨ ਵਿਦਿਆਰਥੀ ਆਗੂ ਵਜੋਂ ਤਾਰਕ ਨਾਥ ਦਾਸ ਵੀ ਨਾਲ ਸਨ। ਇਹ ਉਹ ਸਮਾਂ ਸੀ ਜਦੋਂ ਸ੍ਰੀ ਅਰਬਿੰਦੋ ਨੌਜਵਾਨਾਂ ਲਈ ਪ੍ਰੇਰਨਾ ਦਾ ਸਰੋਤ ਬਣੇ ਹੋਏ ਸਨ। ਤਾਰਕ ਨਾਥ ਦਾਸ ਅਤੇ ਉਨ੍ਹਾਂ ਦੇ ਦੋਸਤ ਗੁਰੂ 'ਦੱਤ ਕੁਮਾਰ' ਪੂਰੀ ਤਰ੍ਹਾਂ ਨਾਲ ਅਨੁਸ਼ੀਲਨ ਸਮਿਤੀ ਦੀ ਲਹਿਰ ਵਿਚ ਸਰਗਰਮ ਹੋ ਗਏ ਸਨ।

ਛੇਤੀ ਮਗਰੋਂ ਉਹ ਤਾਰਕ ਬ੍ਰਹਮਚਾਰੀ ਦੇ ਨਾਮ ਹੇਠ ਮਦਰਾਸ (ਚੇਨਈ) ਦੇ ਲੈਕਚਰ ਟੂਰ ਲਈ ਚੱਲ ਪਿਆ। ਵਿਵੇਕਾਨੰਦ ਤੇ ਬਿਪਨਚੰਦਰ ਪਾਲ ਤੋਂ ਬਾਅਦ ਉਹ ਪਹਿਲਾ ਅਜਿਹਾ ਵਿਅਕਤੀ ਸੀ ਜਿਸ ਨੇ ਆਪਣੀਆਂ ਦੇਸ਼ ਭਗਤੀ ਦੀਆਂ ਤਕਰੀਰਾਂ ਨਾਲ ਲੋਕਾਂ ਵਿਚ ਆਪਣੀ ਵਿਸ਼ੇਸ਼ ਥਾਂ ਬਣਾਈ। ਇਸੇ ਟੂਰ ਵਿਚ ਉਸ ਨੇ ਨੀਲਕੰਠ ਬ੍ਰਹਮਚਾਰੀ, ਸੁਬਰਾਮਨੀਅਮਾ ਸ਼ਿਵਾ ਅਤੇ ਚਿਦੰਬਰਮ ਪਿਲਾਈ ਵਰਗਿਆਂ ਨੂੰ ਵੀ ਪ੍ਰਭਾਵਿਤ ਕੀਤਾ।

16 ਜੁਲਾਈ 1907 ਨੂੰ ਤਾਰਕਨਾਥ ਦਾਸ ਜਪਾਨ ਰਾਹੀਂ ਸਿਆਟਲ। (ਅਮਰੀਕਾ) ਪਹੁੰਚ ਗਿਆ। ਇੱਥੇ ਪਹੁੰਚ ਕੇ ਉਸ ਨੇ ਖੇਤ ਮਜ਼ਦੂਰੀ ਕੀਤੀ ਤਾਂ ਕਿ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕੀਤੀਆਂ ਜਾ ਸਕਣ। ਇਸ ਉਪਰੰਤ ਉਸ ਨੂੰ ਬਰਕਲੇ ਯੂਨੀਵਰਸਿਟੀ ਦੀ ਲੈਬੋਟਰੀ ਵਿਚ ਨੌਕਰੀ ਮਿਲ ਗਈ। ਇਸ ਦੇ ਨਾਲ ਨਾਲ ਉਸ ਨੇ ਪੜ੍ਹਨਾ ਵੀ ਸ਼ੁਰੂ ਕਰ ਦਿੱਤਾ ਅਤੇ ਛੇਤੀ ਹੀ ਉਸ ਨੇ ਅਨੁਵਾਦਕ ਅਤੇ ਦੋਭਾਸ਼ੀਏ



ਦੇ ਇਮਤਿਹਾਨ ਚੰਗੇ ਨੰਬਰਾਂ ਵਿਚ ਪਾਸ ਕਰ ਲਏ। ਇਸੇ ਵਿਸ਼ੇਸ਼ ਯੋਗਤਾ ਕਰਕੇ ਤਾਰਕ ਨਾਥ ਨੂੰ ਜਨਵਰੀ 1908 ਵਿਚ ਵੈਨਕੂਵਰ (ਕੈਨੇਡਾ) ਵਿਖੇ ਇਮੀਗ੍ਰੇਸ਼ਨ ਵਿਭਾਗ ਵਿਚ ਨੌਕਰੀ ਮਿਲ ਗਈ। ਉੱਥੇ ਉਸ ਨੇ ਪਹਿਲੀ ਵਾਰ ਦੇਖਿਆ ਕਿ ਕਲਕੱਤਾ ਪੁਲਿਸ ਦਾ ਬਦਨਾਮ ਸੂਹੀਆ ਅਫਸਰ ਵਿਲੀਅਮ ਸੀ। ਹੋਪਕਿਨਸਨ ਇਮੀਗ੍ਰੇਸ਼ਨ ਵਿਭਾਗ ਵਿਚ ਇੰਨਸਪੈਕਟਰ ਦੇ ਤੌਰ 'ਤੇ ਨਿਯੁਕਤ ਕਰ ਦਿੱਤਾ ਗਿਆ ਸੀ ਜਿਹੜਾ ਹਿੰਦੀਆਂ ਦੀ ਸੂਹ ਰੱਖ ਰਿਹਾ ਸੀ। ਵਿਦੇਸ਼ਾਂ ਵਿਚ ਭਾਰਤੀਆਂ ਦੀ ਸੂਹ ਰੱਖਣ ਵਾਲੇ ਹੋਪਕਿਨਸਨ ਦੇ ਖਤਰਨਾਕ ਇਰਾਦਿਆਂ ਦੀ ਸੂਹ ਸਭ ਤੋਂ ਪਹਿਲਾਂ ਤਾਰਕ ਨਾਥ ਨੂੰ ਹੀ ਲੱਗੀ ਸੀ। ਬਰਤਾਨਵੀ ਸਰਕਾਰ ਦੀਆਂ ਭਾਰਤ ਵਿਰੋਧੀ ਨੀਤੀਆਂ ਦੀ ਆਲੋਚਨਾ ਕਰਨ ਕਰਕੇ ਤਾਰਕ ਨਾਥ ਦਾਸ ਨੂੰ ਕੈਨੇਡਾ ਦੀ ਸਰਕਾਰ ਨੇ ਅਪ੍ਰੈਲ 1908 ਵਿਚ ਨੌਕਰੀ ਤੋਂ ਕੱਢ ਦਿੱਤਾ।

ਤਾਰਕ ਨਾਥ ਦਾਸ ਅਤੇ ਪੀ. ਖਾਨਖੋਜੇ ਨੇ ਭਾਰਤ ਨੂੰ ਆਜ਼ਾਦ ਕਰਵਾਉਣ ਲਈ ਯੋਜਨਾਬੱਧ ਲਹਿਰ ਖੜੀ ਕਰਨ ਦਾ ਨਿਰਨਾ ਲਿਆ। ਇਸੇ ਸਮੇਂ ਕਲਕੱਤਾ ਤੋਂ ਬੰਗਾਲੀ ਦੇਸ਼ ਭਗਤ ਅਧਰ ਲਸ਼ਕਰ ਕੈਨੇਡਾ ਪਹੁੰਚਿਆ। ਉਸ ਨੇ ਤਾਰਕ ਨਾਥ ਦਾਸ ਨੂੰ ਜਤਿਨ ਮੁਕਰਜੀ ਦੁਆਰਾ ਭੇਜੇ ਪੈਸੇ ਦਿੰਦਿਆਂ ਕਿਹਾ ਕਿ ਉਹ ਚਾਹੁੰਦੇ ਹਨ ਕਿ ਅਮਰੀਕਾ ਵਿੱਚੋਂ "ਫਰੀ ਹਿੰਤੋਸਤਾਨ" ਨਾਮ ਦਾ ਪਰਚਾ ਪ੍ਰਕਾਸ਼ਿਤ ਕੀਤਾ ਜਾਵੇ ਜਿਹੜਾ ਦੇਸ਼ ਭਗਤੀ ਦੇ ਵਿਚਾਰਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਨ ਲਈ ਸੰਸਾਰ ਦੇ ਕੋਣੇ-ਕੋਣੇ 'ਤੇ ਭੇਜਿਆ ਜਾਵੇ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਹ ਪਰਚਾ ਗੁਰਮੁਖੀ ਵਿਚ ਵੀ ਪ੍ਰਕਾਸ਼ਿਤ ਕੀਤਾ ਜਾਵੇ। ਤਾਹਕ ਨਾਥ ਦਾਸ ਦੁਆਰਾ ਕੱਢਿਆ "ਫਰੀ ਹਿੰਦੋਸਤਾਨ" ਕੈਨੇਡਾ ਅਤੇ ਉੱਤਰੀ ਅਮਰੀਕਾ ਵਿਚ ਪ੍ਰਕਾਸ਼ਿਤ ਹੋਣ ਵਾਲਾ ਪਹਿਲਾ ਪਰਚਾ ਸੀ ਜਿਸ ਨੇ ਲੋਕਾਂ ਨੂੰ ਬਰਤਾਨਵੀ ਸਾਮਰਾਜ ਦੇ ਖਿਲਾਫ਼ ਲਾਮਬੰਦ ਕੀਤਾ ਸੀ। ਇਸ ਪਰਚੇ ਦੇ ਪਹਿਲੇ ਸਫ਼ੇ ਉੱਪਰ ਹਰਬਰਟ ਸਪੈਂਸਰ ਦਾ ਮਸ਼ਹੂਰ ਵਾਕ ਛਾਪਿਆ ਜਾਂਦਾ "ਜ਼ੁਲਮ ਦਾ ਮੁਕਾਬਲਾ ਕਰਨਾ ਪਰਮਾਤਮਾ ਦੇ ਹੁਕਮ ਦੀ ਪਾਲਣਾ ਕਰਨਾ ਹੈ" ਇਸ ਵਾਕ ਤੋਂ ਇਸ ਪਰਚੇ ਦੀ ਵਿਚਾਰਧਾਰਕ ਸਮਝ ਦੀ ਟੋਹ ਬੜੀ ਅਸਾਨੀ ਨਾਲ ਲਾਈ ਜਾ ਸਕਦੀ ਹੈ, ਜਿਸ ਨੇ ਆਪਣੀ ਮਿਹਨਤ ਨਾਲ ਪਾਠਕਾਂ ਵਿਚ ਆਪਣਾ ਵਿਸ਼ੇਸ਼ ਸਥਾਨ ਬਣਾ ਲਿਆ ਸੀ। ਤਾਰਕ ਨਾਥ ਦਾਸ ਨੇ ਭਾਰਤੀਆਂ ਦੀ ਆਵਾਜ਼ ਬਣਨ ਵਾਲਾ ਕੇਵਲ ਇਹ ਪਰਚਾ ਹੀ ਪ੍ਰਕਾਸ਼ਿਤ ਨਹੀਂ ਕੀਤਾ ਸਗੋਂ 1907 ਵਿਚ ਹਿੰਦੋਸਤਾਨੀ ਐਸੋਸੀਏਸ਼ਨ ਵੈਨਕੂਵਰ ਵੀ ਸਥਾਪਿਤ ਕਰ ਦਿੱਤੀ ਸੀ। ਤਾਰਕ ਨਾਥ ਦਾਸ ਨੇ ਉੱਥੇ ਵਸਦੇ ਭਾਰਤੀਆਂ ਨੂੰ ਪੜ੍ਹਾਉਣ ਲਈ ਉਨ੍ਹਾਂ ਦੀਆਂ ਕਲਾਸਾਂ ਲਈਆਂ ਜਿਸ ਵਿਚ ਉਨ੍ਹਾਂ ਨੂੰ ਅੰਗਰੇਜੀ ਹਿੰਦੀ ਦੇ ਨਾਲ-ਨਾਲ ਹਿਸਾਬ ਵੀ ਪੜ੍ਹਾਇਆ ਜਾਂਦਾ ਸੀ, ਤਾਂ ਕਿ ਵਿਦੇਸ਼ਾਂ ਵਿਚ ਗਏ ਭਾਰਤੀਆਂ ਨੂੰ ਆਉਂਦੀਆਂ ਮੁਸ਼ਕਲਾਂ ਦੂਰ ਕੀਤੀਆਂ ਜਾ ਸਕਣ। ਇਨ੍ਹਾਂ ਕਲਾਸਾਂ ਵਿਚ ਭਾਰਤੀਆਂ ਨੂੰ ਇਹ ਵੀ ਪੜ੍ਹਾਇਆ ਜਾਂਦਾ ਸੀ ਕਿ ਉਨ੍ਹਾਂ ਦੇ ਕਰਤੱਵ ਕੀ ਹਨ ? ਕਰਤੱਵਾਂ ਦੇ ਨਾਲ ਨਾਲ ਉਨ੍ਹਾਂ ਦੇ ਅਧਿਕਾਰਾਂ ਬਾਰੇ ਵੀ ਜਾਣਕਾਰੀ ਦਿੱਤੀ ਜਾਂਦੀ ਸੀ। ਇੱਥੇ ਹੀ ਭਾਰਤੀਆਂ

ਨੂੰ ਇਹ ਦੱਸਿਆ ਗਿਆ ਕਿ ਆਪਣੇ ਦੇਸ਼ ਬਾਰੇ ਉਨ੍ਹਾਂ ਦਾ ਕੀ ਫ਼ਰਜ਼ ਬਣਦਾ ਹੈ। ਕੈਨੇਡਾ, ਅਮਰੀਕਾ ਵਿਚ ਵਸਦੇ ਭਾਰਤੀਆਂ ਦੀਆਂ ਮੁਸ਼ਕਲਾਂ ਹੱਲ ਕਰਨ ਕਰਕੇ ਤਾਰਕ ਨਾਥ ਦਾਸ ਛੇਤੀ ਹੀ ਇਨ੍ਹਾਂ ਦਾ ਕੇਂਦਰੀ ਧੁਰਾ ਬਣ ਗਿਆ ਸੀ। ਉਹ ਭਾਰਤੀਆਂ ਦੇ ਚਿੱਠੀ ਪੱਤਰ ਉਨ੍ਹਾਂ ਦੇ ਪਰਿਵਾਰਾਂ ਨੂੰ ਲਿਖਦਾ ਇਸ ਕਰਕੇ ਉਹ ਭਾਰਤੀਆਂ ਦੇ ਖਾਸ ਸਤਿਕਾਰ ਦਾ ਕੇਂਦਰ ਬਣ ਗਿਆ। ਕੈਨੇਡਾ ਵਿਚ ਵਸਦੇ ਭਾਰਤੀ ਉਸ ਨੂੰ ਆਪਣੇ ਪਰਿਵਾਰਕ ਭੇਤਾਂ ਦਾ ਜਾਣੂ ਹੋਣ ਕਰਕੇ ਹੋਰ ਵੀ ਸਤਿਕਾਰ ਦਿੰਦੇ ਸਨ। ਉਸ ਸਮੇਂ ਦੇ ਹਜ਼ਾਰ ਤੋਂ ਵੱਧ ਸਿੱਖ ਭਾਰਤੀ ਕੈਨੇਡਾ ਤੇ ਅਮਰੀਕਾ ਦੇ ਉਸ ਭੂਗੋਲਿਕ ਖਿੱਤੇ ਵਿਚ ਰਹਿ ਰਹੇ ਸਨ ਜਿਨ੍ਹਾਂ ਦਾ ਸੰਪਰਕ ਤਾਰਕ ਨਾਥ ਦਾਸ ਨਾਲ ਬਣਿਆ ਹੋਇਆ ਸੀ। ਤਾਰਕ ਨਾਥ ਦੀ ਮਦਦ ਨਾਲ ਇਹ ਅਨਪੜ੍ਹ ਸਿੱਖ ਆਪਣੀਆਂ ਰੋਜ਼ ਦੀਆਂ ਮੁਸ਼ਕਲਾਂ ਦਾ ਹੱਲ ਕਰ ਸਕੇ ਸਨ। ਉਹ ਵਿਦੇਸ਼ਾਂ ਵਿਚ ਵਸੇ ਭਾਰਤੀਆਂ ਨੂੰ ਬੌਧਿਕ ਅਗਵਾਈ ਦੇ ਰਿਹਾ ਸੀ। ਪੰਜਾਬ ਤੋਂ ਗਏ ਸਿੱਖਾਂ ਦੀ ਵਿਸ਼ੇਸ਼ ਤੌਰ 'ਤੇ ਰੁਚੀ ਤਾਰਕ ਨਾਥ ਵਿਚ ਬਣ ਗਈ ਸੀ। ਇਸੇ ਦਾ ਪ੍ਰਮਾਣ ਸੀ 'ਸਵਦੇਸ਼ ਸੇਵਕ' ਜਿਸ ਨੂੰ ਗੁਰੂ ਦਤ ਕੁਮਾਰ ਨੇ ਤਾਰਕ ਨਾਥ ਦੀ ਸਲਾਹ ਨਾਲ 31 ਅਕਤੂਬਰ 1907 ਵਿਚ ਪ੍ਰਕਾਸ਼ਿਤ ਕਰਨਾ ਸ਼ੁਰੂ ਕੀਤਾ।

ਉਨ੍ਹਾਂ ਦਿਨਾਂ ਵਿਚ ਕੈਨੇਡਾ ਦੀ ਹਾਲਤ ਬਹੁਤੀ ਚੰਗੀ ਨਹੀਂ ਸੀ। ਇੱਥੇ ਭਾਰਤ ਤੋਂ ਆਏ ਕਿਰਤੀ ਕਾਮਿਆਂ ਨੂੰ ਦੋ ਨੰਬਰ ਦੇ ਸ਼ਹਿਰੀ ਵੀ ਨਹੀਂ ਸੀ ਸਮਝਿਆ ਜਾਂਦਾ। ਇਸ ਜ਼ੁਲਮ ਦਾ ਇਕੋ ਇਕ ਕਾਰਣ ਸੀ ਕਿ ਉਸ ਸਮੇਂ ਕੈਨੇਡਾ ਵੀ ਅੰਗਰੇਜ਼ਾਂ ਦੀ ਹੀ ਇਕ ਬਸਤੀ ਸੀ। ਰੋਜ਼ੀ ਰੋਟੀ ਦੀ ਭਾਲ ਵਿਚ ਗਏ ਇਨ੍ਹਾ ਭਾਰਤੀਆਂ ਨੂੰ ਇਸ ਨਰਕ ਵਿੱਚੋਂ ਦੀ ਲੰਘਣਾ ਪਵੇਗਾ ਇਸ ਦਾ ਕਦੇ ਉਨ੍ਹਾਂ ਨੇ ਸੁਪਨਾ ਵੀ ਨਹੀਂ ਸੀ ਲਿਆ। ਜਦੋਂ ਕੈਨੇਡਾ ਦੀ ਸਰਕਾਰ ਭਾਰਤੀਆਂ ਨੂੰ ਹਿੰਡੂਰਸ ਦੇ ਨਰਕ ਵਿਚ ਧੱਕਣ ਲਈ ਯਤਨਸ਼ੀਲ ਸੀ ਉਸ ਵਕਤ ਤਾਰਕ ਨਾਥ ਦਾਸ ਨੇ ਭਾਰਤੀ ਪ੍ਰਵਾਸੀਆਂ ਦੀ ਆਵਾਜ਼ ਨੂੰ ਆਪਣੇ ਪਰਚੇ ਵਿਚ ਬੁਲੰਦ ਕੀਤਾ ਸੀ। ਜਿਸ ਦੇ ਸਿੱਟੇ ਵਜੋਂ ਭਾਰਤੀ ਉਸ ਨਰਕ ਵਿਚ ਜਾਣ ਤੋਂ ਬਚ ਗਏ ਸਨ। ਜਿੱਥੇ 1857 ਦੇ ਗ਼ਦਰ ਤੋਂ ਬਾਅਦ ਯੂ. ਪੀ. ਤੇ ਬਿਹਾਰ ਦੇ ਭਾਰਤੀਆਂ ਨੂੰ ਲਿਆ ਕਿ ਸੁੱਟਿਆ ਗਿਆ ਸੀ। ਕੈਨੇਡਾ ਵਿਚ ਭਾਰਤੀਆਂ ਦੀ ਹੁੰਦੀ ਦੁਰਦਸ਼ਾ 'ਤੇ ਤਾਰਕ ਨਾਥ ਦਾਸ ਨੇ ਕੇਵਲ ਅੱਥਰੂ ਹੀ ਨਹੀਂ ਸਨ ਕੇਰੇ ਸਗੋਂ ਉਨ੍ਹਾਂ ਨੂੰ ਯੁੱਧ ਲਈ ਲਾਮਬੰਦ ਵੀ ਕੀਤਾ ਸੀ। ਜਦੋਂ ਕੈਨੇਡਾ ਦੀ ਸਰਕਾਰ ਭਾਰਤੀਆਂ ਨੂੰ ਹਰ ਹੀਲੇ ਕੈਨੇਡਾ ਵਿੱਚੋਂ ਬਾਹਰ ਕੱਢਣ ਲਈ ਬਜ਼ਿੱਦ ਸੀ ਉਸ ਵਕਤ 'ਫਰੀ ਹਿੰਦੋਸਤਾਨ' ਨੇ ਲਿਖਿਆ "ਕਿ ਸਾਡਾ ਕੌਮੀ ਜੀਵਨ ਖ਼ਤਰੇ ਵਿਚ ਹੈ ਜੇ ਬਰਤਾਨਵੀ ਸਰਕਾਰ ਭਾਰਤੀਆਂ ਨੂੰ ਬਰਤਾਨਵੀ ਬਸਤੀਆਂ ਵਿਚ ਦਾਖਲ ਹੋਣ ਦੀ ਆਗਿਆ ਨਹੀਂ ਦਿੰਦੀ ਤਾਂ ਜਲਦੀ ਹੀ ਬਰਤਾਨਵੀ ਅੰਗਰੇਜ਼ਾਂ ਨੂੰ ਹਿੰਦੋਸਤਾਨ ਵਿੱਚੋਂ ਬਾਹਰ ਕੱਢਣ ਲਈ ਅੰਦੋਲਨ ਕਰਨਾ ਪਵੇਗਾ।" ਇਸ ਮਕਸਦ ਲਈ ਉਨ੍ਹਾਂ ਨੇ ਪਰਚੇ ਦੇ ਇਕ ਅੰਕ ਵਿਚ ਇਹ ਵੀ ਲਿਖਿਆ ਸੀ ਕਿ ਬਰਤਾਨੀਆ ਤੋਂ ਮੁਕਤੀ ਪਾਉਣ ਲਈ ਸਿੱਖ ਸਿਪਾਹੀਆਂ ਵਿਚ ਰਾਜਸੀ ਕੰਮ ਕੀਤਾ ਜਾਵੇ ਕਿਉਂਕਿ



ਉਸ ਵਕਤ ਵੱਡੀ ਗਿਣਤੀ ਵਿਚ ਸਿੱਖ ਬਰਤਾਨਵੀ ਸਾਮਰਾਜ ਲਈ ਵੱਖ-ਵੱਖ ਦੇਸ਼ਾਂ ਵਿਚ ਲੜ ਮਰ ਰਹੇ ਸਨ। ਪੰਜਾਬੀ ਪਾਠਕਾਂ ਤੇ ਵਿਸ਼ੇਸ਼ ਤੌਰ 'ਤੇ ਭਾੜੇ ਦੇ ਸਿੱਖ ਸਿਪਾਹੀਆਂ ਦੀ ਰਾਜਸੀ ਚੇਤਨਾ ਲਈ ਉਹ ਕਦੇ ਕਦਾਈਂ ਹਿੰਦੀ, ਪੰਜਾਬੀ, ਉਰਦੂ ਅਤੇ ਮਰਾਠੀ ਵਿਚ ਇਨਕਲਾਬੀ ਸਰਕੂਲਰ ਵੀ ਕੱਢਿਆ ਕਰਦੇ ਸਨ। ਇਹ ਸਰਕੂਲਰ ਅਮਰੀਕਾ, ਕੈਨੇਡਾ ਦੇ ਹਿੰਦੋਸਤਾਨੀਆਂ ਵਿੱਚ ਵੰਡੇ ਜਾਂਦੇ ਸਨ। ਇਹ ਸਰਕੂਲਰ ਭਾਰਤ ਨੂੰ ਵੀ ਭੇਜੇ ਜਾਂਦੇ ਸਨ। ਇਸ ਕਰਕੇ ਅਮਰੀਕਾ ਤੇ ਕੈਨੇਡਾ ਦੀ ਧਰਤੀ 'ਤੇ ਵਸਦੇ ਹਿੰਦੋਸਤਾਨੀਆਂ ਦਾ ਇਕ ਵਰਗ ਉਨ੍ਹਾਂ ਦੇ ਵਿਚਾਰਾਂ ਦਾ ਹਮਦਰਦ ਸੀ ਜਿਹੜੇ ਵਿਚਾਰ ਤਾਰਕ ਨਾਥ ਦਾਸ ਪ੍ਰਚਾਰਨੇ ਚਾਹੁੰਦਾ ਸੀ। ਤਾਰਕ ਨਾਥ ਦਾਸ ਨੇ ਆਪਣੀ ਰਿਹਾਇਸ਼ ਦਾ ਨਾਂ 'ਯੁਗਾਂਤਰ ਆਸ਼ਰਮ' ਰੱਖਿਆ। ਉਹ ਬੰਗਾਲ ਵਿਚ ਸਰਗਰਮ ਯੁਗਾਂਤਰ ਪਾਰਟੀ ਤੋਂ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਸੀ। ਯੁਗਾਂਤਰ ਬੰਗਾਲੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਯੁੱਗ ਦਾ ਅੰਤ। ਉਹ ਬਰਤਾਨਵੀ ਸਾਮਰਾਜ ਦੇ ਬਸਤੀਵਾਦੀ ਯੁੱਗ ਦਾ ਅੰਤ ਕਰਨਾ ਚਾਹੁੰਦਾ ਸੀ। ਤਾਰਕ ਨਾਥ ਦਾਸ ਬੰਗਾਲ ਦੀਆਂ ਕ੍ਰਾਂਤੀਕਾਰੀ ਲਹਿਰਾਂ ਤੋਂ ਜਿੱਥੇ ਆਪ ਪ੍ਰਭਾਵਿਤ ਸੀ ਉੱਥੇ ਉਹ ਵਿਦੇਸ਼ਾਂ ਵਿਚ ਵਸਦੇ ਭਾਰਤੀਆਂ ਨੂੰ ਵੀ ਇਨ੍ਹਾਂ ਲਹਿਰਾਂ ਬਾਰੇ ਗਿਆਨ ਦਿੰਦਾ ਰਹਿੰਦਾ ਸੀ। ਉਹ ਸਮਾਜਕ ਮਸਲਿਆਂ ਨੂੰ ਤਰਕ ਨਾਲ ਸਮਝਣ ਤੇ ਸਮਝਾਉਣ ਦੇ ਸਮਰੱਥ ਸੀ। ਆਰਕਾਈਵਜ਼ ਦੇ ਰਿਕਾਰਡ ਦੇ ਮੁਤਾਬਕ ਸਿਆਟਲ ਵਿਖੇ 1906 ਵਿਚ ਹੀ ਹਿੰਦੋਸਤਾਨ ਐਸੋਸੀਏਸ਼ਨ ਬਣ ਗਈ ਸੀ। ਜਿਸ ਐਸੋਸੀਏਸ਼ਨ ਦੇ ਮੈਂਬਰ ਅਮਰੀਕਾ ਤੇ ਕੈਨੇਡਾ ਦੋਹਾਂ ਦੇਸ਼ਾਂ ਵਿਚ ਹੀ ਸਨ। ਤਾਰਕ ਨਾਥ ਦਾਸ ਨੇ ਇਸ ਐਸੋਸੀਏਸ਼ਨ ਨੂੰ ਕੇਵਲ ਸਰਗਰਮ ਹੀ ਨਹੀਂ ਸੀ ਕੀਤਾ ਸਗੋਂ ਵਿਗਿਆਨਕ ਲੀਹਾਂ ਵੀ ਪ੍ਰਦਾਨ ਕੀਤੀਆਂ ਸਨ।

1857 ਦੇ ਅਸਫ਼ਲ ਗ਼ਦਰ ਦੀ ਕਸਕ ਤਾਰਕ ਨਾਥ ਦਾਸ ਨੂੰ ਹਮੇਸ਼ਾ ਹੀ ਬੇਚੈਨ ਕਰਦੀ ਸੀ। ਉਹ ਆਪਣੀਆਂ ਲਿਖਤਾਂ ਰਾਹੀਂ ਸਦਾ ਹੀ ਇਸ ਕੋਸ਼ਿਸ਼ ਵਿਚ ਲੱਗਾ ਰਹਿੰਦਾ ਕਿ ਗ਼ਦਰ ਅੱਜ ਵੀ ਜਾਰੀ ਹੈ। ਉਹ ਅਧੂਰੇ ਗ਼ਦਰ ਦਾ ਜੁਝਾਰੂ ਜੋਧਾ ਸੀ। 'ਫਰੀ ਹਿੰਦੋਸਤਾਨ' ਵਿੱਚ ਛਪੀ ਹਿੰਦੋਸਤਾਨੀ ਫੌਜੀਆਂ ਦੇ ਨਾਮ ਅਪੀਲ ਗੁਜਰਾਂਵਾਲਾ ਤੋਂ ਛਪਦੇ ਅਖ਼ਬਾਰ 'ਇੰਡੀਆ' ਨੇ ਪੁਨਰ ਪ੍ਰਕਾਸ਼ਤ ਕਰ ਦਿੱਤੀ ਸੀ। ਸਰਕਾਰ ਨੇ 30 ਜੁਲਾਈ 1907 ਨੂੰ ਇਸ ਅਖ਼ਬਾਰ ਦੇ ਪ੍ਰਬੰਧਕਾਂ ਦੇ ਖਿਲਾਫ਼ ਮੁਕੱਦਮਾ ਦਰਜ ਕਰਕੇ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤੀਆਂ ਸਨ। "ਪਿੰਡੀ ਦਾਸ ਅਤੇ ਦੀਨਾ ਨਾਥ ਨੂੰ ਪੰਜ ਪੰਜ ਸਾਲ ਦੀ ਸਖ਼ਤ ਸਜ਼ਾ ਅਤੇ ਸੂਫ਼ੀ ਅੰਬਾ ਪ੍ਰਸ਼ਾਦ ਨੂੰ ਮਫ਼ਰੂਰ ਕਰਾਰ ਦੇ ਦਿੱਤਾ ਗਿਆ। "ਭਾਰਤ ਦੀ ਬਰਤਾਨਵੀ ਸਰਕਾਰ 'ਫਰੀ ਹਿੰਦੋਸਤਾਨ' ਦੀਆਂ ਲਿਖਤਾਂ ਤੋਂ ਬਹੁਤ ਹੀ ਪ੍ਰੇਸ਼ਾਨ ਸੀ। ਸਰਕਾਰ 'ਫ਼ਰੀ ਹਿੰਦੋਸਤਾਨ' ਨੂੰ ਬੰਦ ਕਰਵਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਹੀ ਸੀ। ਬਰਤਾਨਵੀ ਅੰਗਰੇਜ਼ਾਂ ਨੇ ਅਮਰੀਕਾ ਦੀ ਸਰਕਾਰ 'ਤੇ ਬਹੁਤ ਦਬਾਅ ਪਾਇਆ ਪਰ ਅਮਰੀਕਾ ਦੀ ਸਰਕਾਰ ਨੇ ਕਾਨੂੰਨੀ ਸਲਾਹਕਾਰਾਂ ਨੇ ਇਸ ਸੰਬੰਧੀ ਕੋਈ ਐਕਸ਼ਨ ਨਾ ਕਰਨ ਦੀ ਹੀ ਸਲਾਹ ਦਿੱਤੀ। ਇਕ ਪਾਸੇ ਸਰਕਾਰ ਇਸ ਨੂੰ ਬੰਦ ਕਰਵਾਉਣਾ ਚਾਹੁੰਦੀ ਸੀ ਪਰ ਦੂਸਰੇ ਪਾਸੇ ਤਾਰਕ ਨਾਥ

ਦਾਸ ਦੀ ਕੋਸ਼ਿਸ਼ ਸੀ ਕਿ ਉਹ ਇਸ ਦਾ ਘੇਰਾ ਹੋਰ ਵਿਸ਼ਾਲ ਕਰੇ। ਤਾਰਕ ਨਾਥ ਦਾਸ ਨੇ ਸਖ਼ਤ ਮਿਹਨਤ ਨਾਲ ਇਸ ਅਖ਼ਬਾਰ ਨੂੰ ਬਰਤਾਨਵੀ ਹਾਕਮਾਂ ਦੇ ਘਰ ਇੰਗਲੈਂਡ ਤੱਕ ਪਹੁੰਚਦਾ ਕਰ ਦਿੱਤਾ। ਜਦੋਂ 'ਫ਼ਰੀ ਹਿੰਦੋਸਤਾਨ' ਇੰਗਲੈਂਡ ਜਾਣ ਲੱਗਾ ਤਾਂ ਉਥੇ ਪੜ੍ਹਦੇ ਹਿੰਦੋਸਤਾਨੀ ਵਿਦਿਆਰਥੀਆਂ 'ਤੇ ਇਸ ਦਾ ਗਹਿਰਾ ਅਸਰ ਪਿਆ। ਉਹ ਸਾਰੇ ਇਸ ਪਰਚੇ ਵੱਲ ਖਿੱਚੇ ਗਏ। ਇਸੇ ਅਖ਼ਬਾਰ ਦਾ ਪ੍ਰਭਾਵ ਹੀ ਸੀ ਕਿ ਸਾਵਰਕਰ, ਹਰਨਾਮ ਸਿੰਘ ਤੇ ਹਮੀਦ ਖਾਨ ਆਦਿ ਨੇ ਲਿਨਕੋਲਿਨ ਬਾਰ ਵਿਚ ਹਿੰਦੋਸਤਾਨ ਐਸੋਸੀਏਸ਼ਨ ਨਾਂ ਦੀ ਜਥੇਬੰਦੀ ਕਾਇਮ ਕਰ ਲਈ। ਸਿਆਟਲ ਦੇ ਇਨਕਲਾਬੀ ਕੇਂਦਰ ਦੀ ਸਾਂਝ ਲੰਡਨ ਤੇ ਪੈਰਿਸ ਦੇ ਇਨਕਲਾਬੀ ਕੇਂਦਰਾਂ ਨਾਲ ਪਾਉਣ ਵਾਲੀ ਅਖ਼ਬਾਰ 'ਫਰੀ ਹਿੰਦੋਸਤਾਨ' ਹੀ ਸੀ। ਸ਼ਿਆਮ ਜੀ ਕ੍ਰਿਸ਼ਨ ਵਰਮਾ ਅਤੇ ਮੈਡਮ ਕਾਮਾ ਛੇਤੀ ਹੀ ਸਿਆਟਲ ਦੇ ਇਨਕਲਾਬੀ ਕੇਂਦਰ ਨਾਲ ਜੁੜ ਗਏ ਸਨ। ਵੱਖ-ਵੱਖ ਦੇਸ਼ਾਂ ਵਿਚ ਕੰਮ ਕਰ ਰਹੇ ਭਾਰਤੀ ਇਨਕਲਾਬੀਆਂ ਨੂੰ ਸ਼ੁਰੂ ਸ਼ੁਰੂ ਵਿਚ ਇਕ ਕੇਂਦਰ ਨਾਲ ਜੋੜਨ ਦਾ ਕੰਮ ਤਾਰਕ ਨਾਥ ਦੀ ਅਖ਼ਬਾਰ ਨੇ ਹੀ ਕੀਤਾ ਸੀ।

ਛੇਤੀ ਹੀ ਸਿਆਟਲ ਤੇ ਇਗਲੈਂਡ ਵਿਚ ਕੰਮ ਕਰਦੇ ਦੇਸ਼ ਭਗਤ ਕ੍ਰਾਂਤੀਕਾਰੀਆਂ ਦੀ ਆਪਸ ਵਿਚ ਸਾਂਝ ਪੈ ਗਈ। ਭਾਰਤ ਦੀ ਬਰਤਾਨਵੀ ਸਰਕਾਰ 1907 ਈ.ਵਿਚ ਸਰਦਾਰ ਅਜੀਤ ਸਿੰਘ ਦੁਆਰਾ ਭਾਰਤ ਵਿਚ ਸ਼ੁਰੂ ਕੀਤੀ 'ਪਗੜੀ ਸੰਭਾਲ ਜੱਟਾ' ਲਹਿਰ ਨੂੰ ਸਿਆਟਲ ਦੇ ਇਨਕਲਾਬੀ ਕੇਂਦਰ ਨਾਲ ਜੋੜਦੀ ਸੀ। "ਮਾਸਟਰ ਚਤਰ ਸਿੰਘ ਸਾਂਗਲਾ ਹਿਲ ਵੱਲੋਂ ਅਦਾਲਤ ਵਿਚ ਦਿੱਤੇ ਬਿਆਨ ਤੋਂ ਪਤਾ ਲਗਦਾ ਹੈ ਕਿ 'ਫਰੀ ਹਿੰਦੋਸਤਾਨ' ਹਰਚੰਦ ਸਿੰਘ ਲਾਇਲਪੁਰੀ ਕੋਲ ਪਹੁੰਚਦਾ ਸੀ।" ਗ਼ਦਰ ਲਹਿਰ ਤੋਂ ਪਹਿਲਾਂ ਜਿਹੜਾ ਬੌਧਿਕ ਮਹੌਲ ਦੇਸ਼ ਭਗਤੀ ਦਾ ਪੈਦਾ ਹੋਇਆ ਉਸ ਵਿਚ ਇਸ ਅਖ਼ਬਾਰ ਦਾ ਆਗੂ ਰੋਲ ਸੀ ਜਿਸ ਕਰਕੇ ਬਰਤਾਨਵੀ ਹਾਕਮ ਭਾਰਤ ਵਿਚ ਇਸ ਦੇ ਦਾਖਲੇ ਤੋਂ ਚਿੜ੍ਹਦੇ ਸਨ ਤੇ ਹਰ ਸੰਭਵ ਕੋਸ਼ਿਸ਼ ਕਰ ਰਹੇ ਸਨ ਕਿ ਇਹ ਅਖ਼ਬਾਰ ਭਾਰਤ ਵਿਚ ਨਾ ਆਵੇ।

"3 ਅਕਤੂਬਰ 1908 ਨੂੰ ਭਾਰਤ ਦੀ ਬਰਤਾਨਵੀ ਸਰਕਾਰ ਨੇ 'ਫਰੀ ਹਿੰਦੋਸਤਾਨ' ਦੀ ਭਾਰਤ ਵਿਚ ਦਾਖ਼ਲੇ 'ਤੇ ਪਾਬੰਦੀ ਲਾ ਦਿੱਤੀ।" ਫਾਇਲ ਨੰਬਰ 1908 ਪੋਲੀਟੀਕਲ-A-No-17-18 CINA) No. 9665) ਪਰ ਇਸ ਨੂੰ ਪੜ੍ਹਨ ਲਈ ਭਾਈ ਸੰਤੋਖ ਸਿੰਘ ਵਰਗੀਆਂ ਸ਼ਖਸੀਅਤਾਂ ਭਾਰਤ ਤੋਂ ਅਮਰੀਕਾ ਨੂੰ ਚੱਲ ਪਈਆਂ ਸਨ।

ਕੈਨੇਡਾ ਦੇ ਸ਼ਹਿਰ ਵੈਨਕੂਵਰ ਵਿਚ ਲੱਕੜ ਦੀ ਮਿਲ ਤੇ ਕੰਮ ਕਰਦਿਆਂ ਜਿੱਥੇ ਪੰਜਾਬੀਆਂ ਨੂੰ ਆਉਂਦੀਆਂ ਮੁਸ਼ਕਲਾਂ ਦਾ ਗਿਆਨ ਹੋਇਆ ਉਥੇ ਆਜ਼ਾਦੀ ਲਈ ਸੰਘਰਸ਼ ਕਰਦੇ ਲੋਕਾਂ ਨਾਲ ਵਾਹ ਵੀ ਪੈਣ ਲੱਗਾ। ਉਹ ਸਮੇਂ ਕੈਨੇਡਾ ਦੇ ਲੋਕ ਭਾਰਤੀਆਂ ਨੂੰ ਨਫ਼ਰਤ ਦੀ ਨਜ਼ਰ ਨਾਲ ਦੇਖਦੇ ਸਨ। ਇਸ ਅਪਮਾਨ ਦਾ ਅਸਲ ਕਾਰਨ ਭਾਰਤ ਦਾ ਗ਼ੁਲਾਮ ਹੋਣਾ ਸੀ। ਇਨ੍ਹਾਂ ਮੁਸ਼ਕਲਾਂ ਤੋਂ ਨਜਾਤ ਪਾਉਣ ਲਈ 'ਫਰੀ ਹਿੰਦੋਸੰਤਾਨ' ਜਥੇਬੰਦਕ ਲਾਮਬੰਦੀ ਦਾ ਹੋਕਾ ਦੇ ਰਿਹਾ ਸੀ।



ਗ਼ਦਰ ਪਾਰਟੀ ਦੀ ਬੁਨਿਆਦ ਵਿਚ ਤਾਰਕ ਨਾਥ ਦਾਸ ਦਾ ਬਾਨੀਆਂ ਵਾਲਾ ਸਥਾਨ ਹੈ। ਉਸ ਨੇ ਅਕਤੂਬਰ 1909 ਦੇ ਪਰਚੇ "ਫਰੀ ਹਿੰਦੋਸਤਾਨ" ਵਿਚ ਸਿੱਖਾਂ ਨੂੰ ਸਿੱਧੀ ਅਪੀਲ ਪ੍ਰਕਾਸ਼ਿਤ ਕੀਤੀ, ਜਿਸ ਅਪੀਲ ਨੂੰ ਬਾਅਦ ਵਿਚ 'ਸਵਦੇਸ਼ ਸੇਵਕ' ਨੇ ਗੁਰਮੁਖੀ ਲਿਪੀ ਵਿਚ ਪ੍ਰਕਾਸ਼ਿਤ ਕੀਤਾ। ਇਸ ਅਪੀਲ ਦਾ ਕੈਨੇਡਾ ਅਮਰੀਕਾ ਵਿਚ ਵਸਦੇ ਭਾਰਤੀਆਂ 'ਤੇ ਗਹਿਰਾ ਅਸਰ ਪਿਆ। ਇਸੇ ਲੇਖ ਨਾਲ ਸਿੱਖਾਂ ਦੀ ਕੈਨੇਡਾ ਵਿੱਚ ਲਾਮਬੰਦੀ ਦਾ ਸ਼੍ਰੀ ਗਣੇਸ਼ ਹੁੰਦਾ ਹੈ।

ਸਿਆਟਲ ਪਹੁੰਚਣ ਤੇ ਤਾਰਕ ਨਾਥ ਦਾਸ ਨੇ 1910 ਵਿਚ 'ਯੂਨਾਈਟਿਡ ਇੰਡੀਆ ਹਾਊਸ' ਕਾਇਮ ਕੀਤਾ ਜਿਸ ਦਾ ਸਕੱਤਰ ਉਹ ਆਪ ਬਣਿਆ। ਇਸ ਵਿਚ ਵੱਡੀ ਗਿਣਤੀ 'ਚ ਪ੍ਰਵਾਸੀ ਭਾਰਤੀ ਆਉਂਦੇ। ਤਾਰਕ ਨਾਥ ਦਾਸ ਤੇ ਹੋਰ ਬੁੱਧੀਜੀਵੀ ਉਨ੍ਹਾਂ ਨੂੰ ਰਾਜਸੀ ਗਿਆਨ ਦੇਣ ਲਈ ਲੈਕਚਰ ਦਿੰਦੇ।

ਮਾਰਚ 1912 ਵਿਚ ਤਾਰਕ ਨਾਥ ਦਾਸ ਨੇ ਇਕ ਪੱਤਰ ਪੰਜਾਬੀ ਵਿਚ ਪ੍ਰਕਾਸ਼ਿਤ ਕੀਤਾ ਜਿਸ ਵਿਚ ਸਿੱਖਾਂ ਨੂੰ ਦੇਸ਼ ਲਈ ਜਥੇਬੰਦ ਹੋਣ ਦੀ ਅਪੀਲ ਕੀਤੀ ਗਈ ਸੀ। ਇਹ ਪੱਤਰ ਹੀ ਪੰਜਾਬੀਆਂ ਨੂੰ ਅਮਰੀਕਾ ਕੈਨੇਡਾ ਵਿਚ ਲਾਮਬੰਦ ਕਰਨ ਵਿਚ ਕਾਮਯਾਬ ਹੋਇਆ। ਜਿਸ ਮੀਟਿੰਗ ਨਾਲ ਗ਼ਦਰ ਪਾਰਟੀ ਦੀ ਬੁਨਿਆਦ ਰੱਖੀ ਗਈ ਸੀ ਉਹ ਮੀਟਿੰਗ ਇਸੇ ਪੱਤਰ ਦੇ ਸਿੱਟੇ ਵਜੋਂ ਹੀ ਹੋਂਦ ਵਿਚ ਆਈ ਸੀ। ਜਦੋਂ ਬਾਬਾ ਜਵਾਲਾ ਸਿੰਘ ਨੇ ਅਮਰੀਕਾ ਵਿਖੇ ਪੜ੍ਹਨ ਗਏ ਵਿਦਿਆਰਥੀਆਂ ਲਈ ਵਜ਼ੀਫੇ ਦੇਣੇ ਸ਼ੁਰੂ ਕੀਤੇ ਉਸ ਵਕਤ ਤਾਰਕ ਨਾਥ ਦਾਸ ਵੀ ਉਸ ਕਮੇਟੀ ਦਾ ਮੈਂਬਰ ਸੀ ਜਿਹੜੀ ਵਿਦਿਆਰਥੀਆਂ ਦੀ ਚੋਣ ਕਰਦੀ ਸੀ। ਇਸ ਕਮੇਟੀ ਨੇ ਸੰਤੋਖ ਸਿੰਘ ਤੇ ਕਰਤਾਰ ਸਰਾਭੇ ਵਰਗਿਆਂ ਨੂੰ ਆਪ ਪੜ੍ਹਾਇਆ ਸੀ।

1914 ਵਿਚ ਤਾਰਕ ਨਾਥ ਦਾਸ ਵੱਲੋਂ ਐਮ. ਏ. ਕਰਨ ਤੋਂ ਬਾਅਦ ਪੀ.ਐਚ.ਡੀ. ਦਾ ਖੋਜ ਕਾਰਜ ਆਰੰਭ ਕਰ ਦਿੱਤਾ। ਉਸ ਦੀ ਖੋਜ ਦਾ ਵਿਸ਼ਾ ਸੀ 'ਅੰਤਰਾਸ਼ਟਰੀ ਸੰਬੰਧ ਅਤੇ ਅੰਤਰਰਾਸ਼ਟਰੀ ਨਿਯਮ'। ਇਸ ਸਮੇਂ ਉਸ ਨੂੰ ਬਰਕਲੇ ਯੂਨੀਵਰਸਿਟੀ ਵਿਚ ਪ੍ਰੋਫੈਸਰ ਦੀ ਨੌਕਰੀ ਮਿਲ ਗਈ। ਇਸੇ ਸਾਲ ਉਹ ਅਮਰੀਕਨ ਨਾਗਰਿਕਤਾ ਲੈਣ ਵਿਚ ਵੀ ਕਾਮਯਾਬ ਹੋ ਗਿਆ। ਹੁਣ ਉਸ ਲਈ ਭਾਰਤ ਦੀ ਆਜ਼ਾਦੀ ਲਈ ਖੁੱਲ ਕੇ ਕੰਮ ਕਰਨ ਦਾ ਵਕਤ ਸੀ। ਜਿਸ ਸਮੇਂ ਪਹਿਲੀ ਸੰਸਾਰ ਜੰਗ ਦੇ ਬੱਦਲ ਵਿਸ਼ਵ ਉੱਪਰ ਮੰਡਰਾ ਰਹੇ ਸਨ ਉਹ ਆਪਣੀ ਤੀਖਣ ਬੁੱਧੀ ਦੇ ਨਾਲ ਇਸ ਸਾਮਰਾਜੀ ਜੰਗ ਦੇ ਦਵੰਦ ਵਿੱਚੋਂ ਭਾਰਤ ਦੀ ਆਜ਼ਾਦੀ ਲਈ ਸੋਚਣ ਲੱਗ ਪਿਆ ਸੀ।

ਵਿਦੇਸ਼ਾਂ ਵਿੱਚ ਵਸਦੇ ਜਿਹੜੇ ਭਾਰਤੀ 'ਫਰੀ ਹਿੰਦੋਸਤਾਨ' ਪੜ੍ਹਦੇ ਸਨ ਉਹ ਭਾਰਤ ਨੂੰ ਆਜ਼ਾਦ ਕਰਵਾਉਣ ਦੇ ਸੁਪਨੇ ਵੀ ਲੈਣ ਲੱਗ ਪਏ ਸਨ। ਜਿਹੜਾ ਗ਼ਦਰ 1914-15 ਵਿਚ ਹੋਇਆ ਉਸ ਦਾ ਸਿੱਧਾ ਸੰਬੰਧ ਤਾਰਕ ਨਾਥ ਦਾਸ ਨਾਲ ਵੀ ਸੀ। ਤਾਰਕ ਨਾਥ ਦਾਸ ਨੇ ਗ਼ਦਰ ਲਹਿਰ ਲਈ ਵੀ ਕੰਮ ਕੀਤਾ। ਉਸ ਨੇ ਭਾਈ ਸੰਤੋਖ ਸਿੰਘ ਹੁਰਾਂ ਨਾਲ 22 ਮਹੀਨੇ ਸਨਫਰਾਂਸਿਸਕੋ ਸਾਜਿਸ਼ ਕੇਸ ਵਿੱਚ ਕੈਦ ਕੱਟੀ। ਕਮਿੰਟਰਨ ਦੀ ਮੀਟਿੰਗ ਵਿਚ ਜਾਣ ਤੋਂ ਪਹਿਲਾਂ ਭਾਈ ਸੰਤੋਖ ਸਿੰਘ ਅਗਸਤ 1922

ਨੂੰ ਤਾਰਕ ਨਾਥ ਦਾਸ ਨੂੰ ਮਿਲਣ ਨਿਊਯਾਰਕ ਗਏ। ਦੋ ਮਹਾਨ ਇਨਕਲਾਬੀਆਂ ਦੀ ਇਹ ਆਖ਼ਰੀ ਮੁਲਾਕਾਤ ਸੀ।

ਜਦੋਂ ਸੰਸਾਰ ਪੱਧਰ 'ਤੇ ਭਾਰਤ ਦੀ ਆਜ਼ਾਦੀ ਲਈ ਕੰਮ ਕਰਦੀਆਂ ਧਿਰਾਂ ਨੂੰ ਲਾਮਬੰਦ ਕਰਨ ਦਾ ਵਕਤ ਆਇਆ ਤਾਂ ਉਸ ਵਕਤ ਤਾਰਕ ਨਾਥ ਦਾਸ 18 ਮਹੀਨਿਆਂ ਦੇ ਯੂਰਪ ਦੇ ਟੂਰ 'ਤੇ ਗਏ ਤਾਂ ਕਿ ਪਹਿਲੀ ਸੰਸਾਰ ਜੰਗ ਦੇ ਮੌਕੇ ਨੂੰ ਕਿਸੇ ਵੀ ਕੀਮਤ ਭਾਰਤ ਦੀ ਆਜ਼ਾਦੀ ਲਈ ਵਰਤਿਆ ਜਾ ਸਕੇ। ਇਸ ਸਮੇਂ ਦੌਰਾਨ ਉਨ੍ਹਾਂ ਨੇ ਜਰਮਨੀ, ਹਾਲੈਂਡ, ਸਵਿਟਜਰਲੈਂਡ, ਸਵੀਡਨ, ਰੁਮਾਨੀਆ, ਤੁਰਕੀ ਆਦਿ ਦੇਸ਼ਾਂ ਦਾ ਦੌਰਾ ਕੀਤਾ। ਇਨ੍ਹਾਂ ਤੋਂ ਬਿਨਾਂ ਉਹ ਏਸ਼ੀਆ ਦੇ ਦੇਸ਼ਾਂ ਦਾ ਦੌਰਾ ਕਰਨ ਵੀ ਗਏ। ਤਾਰਕ ਨਾਥ ਦਾ ਕਾਬੁਲ ਦੌਰਾ ਸਭ ਤੋਂ ਵੱਧ ਮਹੱਤਤਾ ਦਾ ਲਖਾਇਕ ਹੈ। ਤਾਰਕ ਨਾਥ ਦਾਸ ਨੇ ਕੇਵਲ ਜਥੇਬੰਦਕ ਕੰਮਾਂ ਤੱਕ ਆਪਣੇ ਆਪ ਨੂੰ ਸੀਮਤ ਨਹੀਂ ਰੱਖਿਆ ਸਗੋਂ ਉਨ੍ਹਾਂ ਨੇ ਇਕ ਖ਼ੁਫ਼ੀਆ ਦਸਤਾ ਵੀ ਕਾਇਮ ਕੀਤਾ ਜਿਹੜਾ ਬੰਬ ਬਣਾਉਣ ਤੇ ਬੰਬ ਚਲਾਉਣ ਦਾ ਮਾਹਰ ਸੀ। ਬੰਬ ਬਣਾਉਣ ਤੇ ਚਲਾਉਣ ਦਾ ਜਿਹੜਾ ਫਾਰਮੂਲਾ ਰੂਸ ਦੇ ਇਨਕਲਾਬੀਆਂ ਨੇ ਵਰਤਿਆ ਸੀ। ਉਹ ਫਾਰਮੂਲਾ ਬੜੀ ਮਿਹਨਤ ਦੇ ਨਾਲ ਤਾਰਕ ਨਾਥ ਦਾਸ ਨੇ ਪ੍ਰਾਪਤ ਕੀਤਾ।

1924 ਵਿਚ ਤਾਰਕ ਨਾਥ ਦਾਸ ਨੇ ਮੇਰੀ ਕੀਟਿੰਗ ਨਾਲ ਵਿਆਹ ਕਰਵਾ ਲਿਆ ਤੇ ਯੂਰਪ ਦੇ ਟੂਰ ਤੇ ਚਲਾ ਗਿਆ। ਉੱਥੇ ਉਸ ਨੇ ਇਹ ਨਿਰਣਾ ਕੀਤਾ ਕਿ ਭਾਰਤੀ ਵਿਦਿਆਰਥੀਆਂ ਨੂੰ ਰਾਜਸੀ ਗਿਆਨ ਦੇਣ ਲਈ ਵਿਦੇਸ਼ਾਂ ਵਿਚ ਵਜੀਫ਼ੇ ਦੇਣੇ ਜ਼ਰੂਰੀ ਹਨ। ਵਾਪਸ ਆਕੇ ਉਹ ਕੋਲੰਬੀਆ ਦੀ ਯੂਨੀਵਰਸਿਟੀ ਵਿਚ ਰਾਜਨੀਤੀ ਸ਼ਾਸਤਰ ਦਾ ਪ੍ਰੋਫੈਸਰ ਲੱਗ ਗਿਆ। ਉਸ ਨੇ ਆਪਣੀ ਪਤਨੀ ਮੇਰੀ ਨਾਲ ਰਲਕੇ ਤਾਰਕ ਨਾਥ ਦਾਸ ਫਾਉਂਡੇਸ਼ਨ ਦਾ ਨਿਰਮਾਣ ਕੀਤਾ ਤਾਂਕਿ ਭਾਰਤ ਤੋਂ ਅਮਰੀਕਾ ਨੂੰ ਪੜ੍ਹਨ ਆਏ ਵਿਦਿਆਰਥੀਆਂ ਦੀ ਮਦਦ ਕੀਤੀ ਜਾਵੇ। ਵੱਖ-ਵੱਖ ਦੇਸ਼ਾਂ ਵਿਚ ਪੜ੍ਹਦੇ ਵਿਦਿਆਰਥੀਆਂ ਨੂੰ ਅੱਜ ਵੀ ਇਹ ਸੰਸਥਾ ਮਦਦ ਦਿੰਦੀ ਹੈ।

ਤਾਰਕ ਨਾਥ ਦਾਸ ਨੂੰ 1947 ਦੀ ਦੁਖਦਾਈ ਵੰਡ ਨੇ ਝੰਜੋੜ ਕੇ ਰੱਖ ਦਿੱਤਾ। 1952 ਵਿਚ 46 ਸਾਲਾਂ ਦੇ ਲੰਮੇ ਵਕਫੇ ਤੋਂ ਬਾਅਦ ਤਾਰਕ ਨਾਥ ਦਾਸ ਵਿਜੀਟਿੰਗ ਪ੍ਰੋਫੈਸਰ ਦੀ ਹੈਸੀਅਤ ਵਿਚ ਆਪਣੀ ਦੋ ਟੁਕੜਿਆਂ ਵਿਚ ਵੰਡੀ ਧਰਤੀ ਮਾਂ ਨੂੰ ਦੇਖਣ ਵਾਪਸ ਆਇਆ ਸੀ। ਜਿਸ ਨੂੰ ਆਜ਼ਾਦ ਕਰਵਾਉਣ ਲਈ ਉਸ ਨੇ ਲੰਮਾ ਸਮਾਂ ਸੰਘਰਸ਼ ਹੀ ਨਹੀਂ ਸੀ ਕੀਤਾ ਸਗੋਂ ਆਪਣੀ ਪੂਰੀ ਜ਼ਿੰਦਗੀ ਹੀ ਉਸ ਮਹਾਨ ਆਦਰਸ਼ ਦੀ ਪ੍ਰਾਪਤੀ ਦੇ ਲੇਖੇ ਲਾ ਦਿੱਤੀ ਸੀ। ਬੰਗਾਲ ਭੰਗ ਦੇ ਦੌਰਾਨ ਆਜ਼ਾਦੀ ਦੀ ਲਹਿਰ ਵਿਚ ਕੁੱਦਿਆ ਤਾਰਕ ਅੱਜ ਦੇਸ਼ ਨੂੰ ਦੋ ਟੁਕੜਿਆਂ ਵਿਚ ਵੰਡਿਆ ਦੇਖ ਕੇ ਧਾਹੀਂ ਰੋ ਉੱਠਿਆ ਸੀ। ਉਸ ਦੇ ਸੁਪਨਿਆਂ ਦੀ ਧਰਤੀ ਲੀਰੋ ਲੀਰ ਹੋ ਚੁੱਕੀ ਸੀ। ਉਸ ਨੇ ਉਸ ਵਕਤ ਉਨ੍ਹਾਂ ਲੀਡਰਾਂ ਦੀ ਛੋਟੀ ਸੋਚ 'ਤੇ ਖ਼ੂਨ ਦੇ ਅੱਥਰੂ ਕੇਰਦਿਆਂ ਕਿਹਾ ਸੀ ਸੱਤਾ ਦੀ ਤਬਦੀਲੀ ਸ਼ਾਇਦ ਲੋਕਾਂ ਦਾ ਕੁਝ ਸਵਾਰ ਨਾ ਸਕੇ। ਉਸ ਦੇ ਫ਼ਿਕਰ ਅੱਜ ਅੱਖਰ ਅੱਖਰ ਠੀਕ ਸਿੱਧ ਹੋ ਰਹੇ ਹਨ। ਇਸ ਤੋਂ ਅਸੀਂ ਇਹ ਤਾਂ ਅਨੁਮਾਨ ਲਾ



ਹੀ ਸਕਦੇ ਹਾਂ ਕਿ ਉਹ ਕਿੰਨੇ ਦੂਰ ਦ੍ਰਿਸ਼ਟੀ ਵਾਲਾ ਸੀ। ਇਸੇ ਫੇਰੀ ਦੌਰਾਨ ਉਸ ਨੇ 'ਵਿਵੇਕਾ ਨੰਦ ਸੋਸਾਇਟੀ' ਦੀ ਸਥਾਪਨਾ ਕੀਤੀ। 9 ਸਤੰਬਰ 1952 ਨੂੰ ਆਪਣੇ ਆਗੂ ਭਾਗ ਜਤਿਨ ਦੀ 37 ਵੀਂ ਬਰਸੀ ਲੋਕਾਂ ਦੇ ਵੱਡੇ ਇਕੱਠ ਵਿਚ ਮਨਾਈ ਜਿਸ ਨੇ ਉਸ ਨੂੰ ਫਰੀ ਹਿੰਦੋਸਤਾਨ ਵਰਗਾ ਪਰਚਾ ਕੱਢਣ ਦੀ ਸਲਾਹ ਦਿੱਤੀ ਸੀ ਇਸੇ ਸਮੇਂ ਉਸ ਨੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਮਹਾਨ ਦੇਸ਼ ਭਗਤਾਂ ਦੇ ਜੀਵਨ ਆਦਰਸ਼ਾਂ ਉੱਪਰ ਪਹਿਰਾ ਦੇਣ। ਉਹ ਭਾਰਤੀ ਨੌਜਵਾਨਾਂ ਪਾਸੋਂ ਵੱਡੀਆਂ ਆਸਾਂ ਲੈਕੇ ਵਾਪਸ ਅਮਰੀਕਾ ਚਲਾ ਗਿਆ ਜਿੱਥੇ 22 ਦਸੰਬਰ 1958 ਵਿਚ ਉਸ ਦੀ ਮੌਤ ਹੋ ਗਈ। ਅੱਜ ਨੌਜਵਾਨ ਨੇ ਸੋਚਣਾ ਹੈ ਕਿ ਆਪਣੇ ਉਸ ਮਹਾਨ ਨਾਇਕ ਦੇ ਫ਼ਿਕਰਾਂ ਦੀ ਪੈੜ 'ਤੇ ਚਲਦਿਆਂ ਕੁਝ ਕਰਨਾ ਹੈ ਜਾਂ ਨਵ ਬਸਤੀਵਾਦੀ ਦੌਰ ਦੀਆਂ ਲੋਕ ਮਾਰੂ ਨੀਤੀਆਂ ਨੂੰ ਭਾਰਤੀ ਹਾਕਮਾਂ ਵਾਂਗ ਚੁੱਪ ਕਰਕੇ ਦੇਖਦੇ ਰਹਿਣ ਹੈ।

k k k k k

# ਗ਼ਦਰੀ ਬੀਬੀ ਗੁਲਾਬ ਕੌਰ

**ਤਾਰਾ ਸ਼ਰਮਾ**

ਬੀਬੀ ਗੁਲਾਬ ਕੌਰ ਦਾ ਜਨਮ ਇੱਕ ਕਿਸਾਨ ਪਰਿਵਾਰ ਵਿੱਚ ਲੱਗਭਗ 1890 ਵਿੱਚ ਰਿਆਸਤ ਪਟਿਆਲਾ ਦੇ ਪਿੰਡ ਬਖ਼ਸ਼ੀਵਾਲਾ, ਹੁਣ ਦੇ ਜਿਲ੍ਹਾ ਸੰਗਰੂਰ ਵਿਖੇ ਹੋਇਆ। ਇਹ ਇਲਾਕਾ ਰਿਆਸਤੀ ਹੋਣ ਕਾਰਨ ਇੱਥੇ ਜਜੀਰੂ-ਲੁੱਟ ਬਹੁਤ ਹੁੰਦੀ ਸੀ। ਗੁਲਾਬ ਕੌਰ ਆਪਣੇ ਪਰਿਵਾਰ ਵਿੱਚ ਇਕੱਲੀ ਹੀ ਲੜਕੀ ਸੀ। ਅੰਗਰੇਜ਼ ਸਰਕਾਰ ਦੀਆਂ ਪੂੰਜੀਵਾਦੀ ਨੀਤੀਆਂ ਦੇ ਚੱਲਦੇ ਬਾਕੀ ਕਿਸਾਨ ਪਰਿਵਾਰਾਂ ਦੀ ਤਰ੍ਹਾਂ ਇਹ ਪਰਿਵਾਰ ਵੀ ਬੜੀਆਂ ਹੀ ਆਰਥਿਕ ਥੁੜ੍ਹਾਂ ਵਾਲਾ ਪਰਿਵਾਰ ਸੀ। ਕਿਸਾਨ ਦਿਨੋਂ ਦਿਨ ਵੱਧ ਰਹੀ ਮੰਦਹਾਲੀ ਵਿੱਚ ਫਸਦਾ ਹੀ ਜਾ ਰਿਹਾ ਸੀ। ਉਨ੍ਹਾਂ ਵੇਲਿਆਂ ਵਿੱਚ ਘਰ ਦੇ ਜੀਆਂ ਨੂੰ ਖਾਣ ਲਈ ਰੋਟੀ ਦੀ ਚਿੰਤਾ ਘੁਣ ਦੀ ਤਰ੍ਹਾਂ ਖਾਈ ਜਾ ਰਹੀ ਸੀ। ਗ਼ਰੀਬੀ, ਅਨਪੜ੍ਹਤਾ ਅਤੇ ਅਗਿਆਨਤਾ ਕਾਰਨ ਬੱਚਿਆਂ ਨੂੰ ਬਚਪਨ ਵਿੱਚ ਹੀ ਘਰ ਦੇ ਕੰਮਾਂ-ਲੜਕਿਆਂ ਨੂੰ ਬਾਪ ਦੇ ਨਾਲ ਕੰਮ ਵਿੱਚ ਅਤੇ ਲੜਕੀਆਂ ਨੂੰ ਮਾਂ ਦੇ ਨਾਲ ਘਰ ਦੇ ਕੰਮਾਂ ਵਿੱਚ ਹੀ ਲਗਾ ਲਿਆ ਜਾਂਦਾ ਸੀ। ਘਰ ਹੀ ਉਨ੍ਹਾਂ ਦੀ ਸਿੱਖਿਆ ਦਾ ਕੇਂਦਰ ਹੁੰਦੇ ਸਨ ਅਤੇ ਇਸੇ ਤਰ੍ਹਾਂ ਲੜਕੇ ਖੇਤੀ ਦਾ ਜੱਦੀ ਧੰਦਾ ਅਪਣਾਉਂਦੇ ਜਾਂਦੇ ਤੇ ਲੜਕੀਆਂ ਘਰ ਦੇ ਕੰਮਾਂ ਵਿੱਚ ਹੱਥ ਵਟਾਉਂਦੀਆਂ ਹੀ ਜਵਾਨ ਹੋ ਜਾਂਦੀਆਂ ਤੇ ਫਿਰ ਉਹ ਪੂਰਾ ਘਰ ਸੰਭਾਲਣ ਲਗਦੀਆਂ।

ਹੋਰ ਲੋਕਾਂ ਦੀ ਤਰ੍ਹਾਂ ਗੁਲਾਬ ਕੌਰ ਦੇ ਸਹੁਰੇ ਪਰਿਵਾਰ ਦੀ ਆਰਥਿਕ ਹਾਲਤ ਵੀ ਮੰਦੀ ਹੀ ਚੱਲ ਰਹੀ ਸੀ। ਖੇਤੀ ਵਿੱਚ ਵਾਰ-ਵਾਰ ਹੋਣ ਵਾਲੇ ਘਾਟਿਆਂ ਨੇ ਪਰਿਵਾਰ ਦਾ ਲੱਕ ਹੀ ਤੋੜ ਕੇ ਰੱਖ ਦਿੱਤਾ ਸੀ। ਘਰ ਦੀ ਅਜਿਹੀ ਮਾੜੀ ਹਾਲਤ ਤੋਂ ਤੰਗ ਆਕੇ ਕਈ ਵਾਰ ਉਸ ਨੇ ਆਪਣੇ ਪਤੀ ਸਰਦਾਰ ਮਾਨ ਸਿੰਘ ਨੂੰ ਕਿਹਾ ਕਿ ਉਹ ਵੀ ਘਰ ਦਾ ਗੁਜ਼ਾਰਾ ਚਲਾਉਣ ਲਈ ਕੋਈ ਹੋਰ ਧੰਦਾ ਸ਼ੁਰੂ ਕਰ ਲਵੇ ਤਾਂ ਕਿ ਉਨ੍ਹਾਂ ਦੇ ਘਰ ਦੀ ਮੰਦੀ ਹਾਲਤ ਵੀ ਸੁਧਰ ਜਾਏ। ਓਧਰ ਦੇਸ਼ ਵਿੱਚੋਂ ਬਹੁਤ ਸਾਰੇ ਨੌਜਵਾਨ ਸਿੰਘਾਪੁਰ, ਮਨੀਲਾ, ਇੰਗਲੈਂਡ ਅਤੇ ਅਮਰੀਕਾ ਵਿੱਚ ਪੈਸਾ ਕਮਾਉਣ ਵਾਸਤੇ ਜਾ ਰਹੇ ਸਨ। ਉਹ ਲੋਕ ਅਮਰੀਕਾ, ਕਨੇਡਾ ਅਤੇ ਇੰਗਲੈਂਡ ਵਿੱਚ ਜੰਗਲਾਂ ਵਿੱਚ ਲੱਕੜੀ ਕੱਟਣ, ਖੇਤੀ ਦਾ ਕੰਮ ਕਰਨ ਜਾਂ ਫਿਰ ਕਾਰਖਾਨਿਆਂ ਵਿੱਚ ਮਜ਼ਦੂਰੀ ਕਰਕੇ ਪੈਸੇ ਕਮਾਉਣ ਲਈ ਜਾਂਦੇ ਸਨ। ਸਰਦਾਰ ਮਾਨ ਸਿੰਘ ਅਤੇ ਬੀਬੀ ਗੁਲਾਬ ਕੌਰ ਨੇ ਵੀ ਆਪਣੇ ਘਰ ਦੀ ਮੰਦੀ ਆਰਥਿਕ ਹਾਲਤ ਨੂੰ ਸੁਧਾਰਨ ਲਈ ਹੋਰ ਲੋਕਾਂ ਦੀ ਤਰ੍ਹਾਂ ਪੈਸੇ ਕਮਾਉਣ ਵਾਸਤੇ ਵਿਦੇਸ਼ ਜਾਣ ਦੀ ਸਲਾਹ ਕੀਤੀ। ਉਸ ਸਮੇਂ ਵਿਦੇਸ਼ ਜਾਣ ਖ਼ਾਤਰ ਕਿਸੇ ਪਾਸ-ਪੋਰਟ ਜਾਂ ਵੀਜ਼ੇ ਦੀ ਲੋੜ ਨਹੀਂ ਹੁੰਦੀ ਸੀ। ਸਭ ਲੋਕ ਕਲਕੱਤੇ ਦੀ ਬੰਦਰਗਾਹ ਤੋਂ ਸਮੁੰਦਰੀ ਜਹਾਜ਼ ਰਾਹੀਂ ਅਮਰੀਕਾ, ਕਨੇਡਾ ਅਤੇ ਇਗਲੈਂਡ ਚਲੇ ਜਾਂਦੇ ਸਨ।

ਸਰਦਾਰ ਮਾਨ ਸਿੰਘ ਤੇ ਬੀਬੀ ਗੁਲਾਬ ਕੌਰ ਵੀ ਆਪਣੀ ਅਗਲੀ ਰਾਹਦਾਰੀ ਲਈ ਫਿਲਪਾਇਨ ਦੀ ਰਾਜਧਾਨੀ ਮਨੀਲਾ ਵਿੱਚ ਰਹਿਣ ਲਈ ਚਲੇ ਗਏ। ਉਥੇ ਹੀ ਰਹਿ ਕੇ ਉਹ ਆਪਣਾ ਗੁਜ਼ਾਰਾ ਕਰਨ ਲਈ ਛੋਟਾ-ਮੋਟਾ ਕੰਮ ਲੱਭ ਕੇ ਕਰਨ ਲੱਗੇ।



ਜਿਹੜੀ ਵੀ ਕਮਾਈ ਕਰਦੇ ਦੋਵੇਂ ਜੀਅ ਉਸ ਵਿੱਚ ਬੜੀ ਮੁਸ਼ਕਲ ਨਾਲ ਗੁਜ਼ਾਰਾ ਕਰਨ ਲੱਗੇ। ਉਥੇ ਰਹਿੰਦੇ ਗੁਲਾਬ ਕੌਰ ਹਰ ਰੋਜ਼ ਗੁਰਦੁਆਰੇ ਪਾਠ ਸੁਣਨ ਜ਼ਰੂਰ ਜਾਂਦੀ ਸੀ। ਗੁਰਦੁਆਰੇ ਜਾਣ ਨਾਲ ਉਸਦਾ ਮੇਲ ਉਥੇ ਰਹਿੰਦੇ ਭਾਰਤੀ ਲੋਕਾਂ ਨਾਲ ਹੋ ਗਿਆ ਸੀ। ਉਨ੍ਹਾਂ ਵਿੱਚ ਕੁੱਝ ਅਜਿਹੇ ਸਾਥੀ-ਜੀਵਨ ਸਿੰਘ ਦੌਲਾ ਸਿੰਘ ਵਾਲਾ, ਹਾਫਜ਼ ਅਬਦੁੱਲਾ ਮਨੀਲਾ ਦੀ ਗ਼ਦਰੀ ਕਮੇਟੀ ਦਾ ਪ੍ਰਧਾਨ ਆਦਿ ਵੀ ਸਨ ਜਿਹੜੇ ਪਹਿਲਾਂ ਹੀ ਉਥੇ ਰਹਿੰਦੇ ਸਨ। ਉਹ ਪ੍ਰਵਾਸੀ ਭਾਰਤੀਆਂ ਨੂੰ ਆਪਣੇ ਦੇਸ਼ ਨੂੰ ਅੰਗਰੇਜ਼ੀ ਰਾਜ ਦੀ ਗ਼ੁਲਾਮੀ ਤੋਂ ਸਦਾ ਸਦਾ ਲਈ ਮੁਕਤ ਕਰਵਾਉਣ ਲਈ ਪਰੇਰਦੇ ਤੇ ਤਿਆਰ ਕਰਦੇ ਸਨ।

ਵਕਤ ਬਹੁਤ ਥੋੜ੍ਹਾ ਸੀ, ਵਾਪਸ ਆਉਣ ਦੀ ਤਿਆਰੀ ਵੀ ਕਰਨੀ ਸੀ। ਜਲਸਾ ਖ਼ਤਮ ਹੋਣ ਤੇ ਸਭ ਆਪਣੇ ਠਿਕਾਣਿਆਂ ਤੇ ਅੱਪੜ ਗਏ ਤਾਂ ਕਿ ਆਪਣਾ ਸਮਾਨ ਇਕੱਠਾ ਕਰ ਸਕਣ। ਆਪਣੇ ਵਤਨ ਵਾਪਸ ਆਉਣ ਲਈ ਗੁਲਾਬ ਕੌਰ ਨੇ ਵੀ ਸਾਰਾ ਸਮਾਨ ਇਕੱਠਾ ਕੀਤਾ ਅਤੇ ਪੂਰੇ ਹੌਂਸਲੇ ਨਾਲ ਤਿਆਰ ਬਰ ਤਿਆਰ ਹੋ ਗਈ, ਬਸ ਕਸਰ ਟਰੰਕ ਦੀ ਸੀ, ਜਿਸਦੀ ਟੁੱਟਣ ਕਰਕੇ ਮੁਰੰਮਤ ਕਰਵਾਉਣ ਵਾਲੀ ਸੀ। ਸਵੇਰੇ ਉਠ ਕੇ ਸਭ ਤੋਂ ਪਹਿਲਾਂ ਮਾਨ ਸਿੰਘ ਆਪਣਾ ਟਰੰਕ ਠੀਕ ਕਰਵਾਉਣ ਲਈ, ਗੁਲਾਬ ਕੌਰ ਨਾਲ ਛੇਤੀ ਮੁੜ ਆਉਣ ਦਾ ਵਾਅਦਾ ਕਰਕੇ, ਬਜ਼ਾਰ ਚਲਾ ਗਿਆ। ਬਾਕੀ ਲੋਕਾਂ ਦੀ ਦੇਖਾ-ਦੇਖੀ ਆਪਣਾ ਹੱਥ ਖੜਾ ਕਰਕੇ ਲਿਸਟ ਵਿੱਚ ਆਪਣਾ ਨਾਂ ਵੀ ਲਿਖਵਾ ਦਿੱਤਾ ਸੀ ਪ੍ਰੰਤੂ ਘਰ ਪਹੁੰਚਦੇ ਹੀ ਉਸਦੇ ਮਨ ਵਿੱਚ ਖੋਟ ਆ ਗਈ ਜਿਸ ਨੂੰ ਉਸਨੇ ਗੁਲਾਬ ਕੌਰ ਤੋਂ ਵੀ ਛੁਪਾ ਕੇ ਰੱਖਿਆ ਸੀ। ਉਸਨੇ ਬਜ਼ਾਰੋਂ ਘਰ ਮੁੜਨ ਵਿੱਚ ਦੇਰ ਕਰ ਦਿੱਤੀ ਜਿਸ ਦੀ ਚਿੰਤਾ ਗੁਲਾਬ ਕੌਰ ਨੂੰ ਬਹੁਤ ਹੋਣ ਲੱਗੀ ਸੀ। ਜਹਾਜ਼ ਚੱਲਣ ਤੋਂ ਥੋੜ੍ਹਾ ਸਮਾਂ ਪਹਿਲਾਂ ਉਹ ਘਰ ਮੁੜਿਆ ਸੀ। ਉਹ ਜਾਣਦਾ ਸੀ ਕਿ ਦੇਸ਼ ਸੇਵਾ ਦਾ ਰਸਤਾ ਕੰਡਿਆਂ ਭਰਿਆ ਹੈ ਤੇ ਇਸ ਰਸਤੇ ਤੇ ਚੱਲ ਕੇ ਮੁਸੀਬਤਾਂ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਮਿਲਣ ਵਾਲਾ। ਕਿਉਂਕਿ ਉਹ ਤਾਂ ਧੰਨ ਕਮਾਉਣ ਦੀ ਮਨਸ਼ਾ ਨਾਲ ਗਿਆ ਸੀ, ਆਪਣੇ ਬਚਨਾਂ ਤੋਂ ਫਿਰਨ ਲਈ ਅਤੇ ਆਪਣੀ ਇੱਛਾ ਦੀ ਪੂਰਤੀ ਲਈ ਉਸਨੇ ਬਹੁਤ ਸ਼ਰਾਬ ਵੀ ਪੀ ਲਈ ਸੀ ਤਾਂ ਕਿ ਉਹ ਆਪਣੀ ਪਤਨੀ ਗੁਲਾਬ ਕੌਰ ਦਾ ਸਾਹਮਣਾ ਕਰ ਸਕੇ ਅਤੇ ਉਸ ਨੂੰ ਵੀ ਇਸ ਦੇਸ਼-ਪ੍ਰੇਮ ਦੇ ਰਸਤੇ ਤੇ ਚੱਲਣ ਤੋਂ ਰੋਕ ਸਕੇ।

ਉਹ ਘਰ ਵਾਪਸ ਪਹੁੰਚਣ ਵਿੱਚ ਭਾਵੇਂ ਲੇਟ ਤਾਂ ਹੋਇਆ ਹੀ ਸੀ ਪਰ ਉਸ ਨੇ ਆਉਂਦੇ ਹੀ ਆਪਣੀ ਪਤਨੀ ਗੁਲਾਬ ਕੌਰ ਨੂੰ ਦੇਸ਼ ਵਾਪਸ ਆਉਣ ਲਈ ਇਨਕਾਰ ਕਰ ਦਿੱਤਾ ਅਤੇ ਨਾਲ ਹੀ ਉਸ ਨੂੰ ਵੀ ਕਹਿ ਦਿੱਤਾ ਕਿ ਤੂੰ ਵੀ ਨਹੀਂ ਜਾਣਾ। ਪਤੀ ਮਾਨ ਸਿੰਘ ਦੇ ਮੂੰਹੋਂ ਕੀਤੇ ਵਾਅਦੇ ਤੋਂ ਮੁਕਰਨ ਦੀ ਗੱਲ ਸੁਣਕੇ ਗੁਲਾਬ ਕੌਰ ਨੇ ਭਰੇ ਮਨ ਨਾਲ ਆਪਣੇ ਕਹੇ ਸ਼ਬਦਾਂ 'ਤੇ ਦ੍ਰਿੜਤਾ ਪ੍ਰਗਟਾਉਂਦੇ ਹੋਏ ਕਿਹਾ ਕਿ ਉਹ ਤਾਂ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਜ਼ਰੂਰ ਜਾਵੇਗੀ ਭਾਵੇਂ ਇਸ ਕੰਮ ਵਿੱਚ ਉਸਦੀ ਜਾਨ ਹੀ ਕਿਉਂ ਨਾ ਚਲੀ ਜਾਵੇ। ਗੁਲਾਬ ਕੌਰ ਦੇ ਜਵਾਬ ਨਾਲ ਮਾਨ ਸਿੰਘ ਦਾ ਸਾਰਾ ਨਸ਼ਾ ਉਤਰ ਗਿਆ। ਉਸ ਨੂੰ ਆਪਣੀ ਫੋਕੀ

ਮਰਦਾਨਗੀ ਦਾ ਅਹਿਸਾਸ ਵੀ ਹੋਇਆ। ਆਪਣੀ ਪਤਨੀ ਤੋਂ ਆਪਣੇ ਅੱਗੇ ਨਾਂਹ ਸ਼ਬਦ ਸੁਣਕੇ ਅੱਗ-ਬਬੂਲਾ ਹੋਇਆ ਕਹਿਣ ਲੱਗਾ "ਮੇਰੇ ਤੋਂ ਬਿਨਾਂ ਤੂੰ ਵੀ ਨਹੀਂ ਜਾ ਸਕਦੀ ਕਿਉਂਕਿ ਤੂੰ ਮੇਰੀ ਪਤਨੀ ਹੈਂ।" ਮਾਨ ਸਿੰਘ ਤਾਂ ਆਪਣੇ ਪਤੀ ਹੋਣ ਦੇ ਰੋਹਬ ਵਿਚ ਕਹਿ ਰਿਹਾ ਸੀ ਕਿ ਉਸਨੂੰ ਤਾਂ ਆਪਣੇ ਪਤੀ ਦਾ ਹੁਕਮ ਮੰਨਣਾ ਹੀ ਪੈਣਾ ਹੈ ਪਰ ਉਹ ਕੀ ਜਾਣੇ ਕਿ ਗੁਲਾਬ ਕੌਰ ਜਿਹੜੀ ਉਸਦੀ ਪਤਨੀ ਸੀ ਉਹ ਹੁਣ ਤਾਂ ਕਿਸੇ ਹੋਰ ਹੀ ਖਾਸ ਰੰਗ ਵਿੱਚ ਰੰਗੀ ਜਾਂ ਚੁੱਕੀ ਸੀ। ਇਹ ਰੰਗ ਸਭ ਰੰਗਾਂ ਤੇ ਰਿਸ਼ਤਿਆਂ ਤੋਂ ਉੱਪਰ ਸੀ-ਦੇਸ਼ ਭਗਤੀ ਦਾ ਰੰਗ। ਆਪਣਾ-ਪਰਾਇਆ ਸਭ ਖ਼ਤਮ ਹੋ ਚੁੱਕਿਆ ਸੀ, ਬਸ ਉਹ ਤਾਂ ਇੱਕੋ ਰੰਗ ਵਿੱਚ ਗਲਤਾਨ ਸੀ, ਉਹ ਸੀ ਆਪਣੇ ਭਾਰਤ ਨੂੰ ਅੰਗਰੇਜ਼ਾਂ ਤੋਂ ਆਜ਼ਾਦ ਕਰਵਾਉਣ ਦਾ।

ਗੁਲਾਬ ਕੌਰ ਜ਼ੁਬਾਨ ਦੀ ਪੱਕੀ ਸੀ, ਉਸ ਨੇ ਆਪਣੇ ਪਤੀ ਮਾਨ ਸਿੰਘ ਦਾ ਸਾਥ ਛੱਡ ਕੇ ਗ਼ਦਰੀਆਂ ਨਾਲ ਦੇਸ਼ ਪਰਤਣਾ ਚੰਗਾ ਸਮਝਿਆ। ਉਹ ਗ਼ਦਰ ਪਾਰਟੀ ਅਤੇ ਉਸ ਦੇ ਦੇਸ਼ ਨੂੰ ਅਜ਼ਾਦ ਕਰਵਾਉਣ ਦੇ ਵਿਚਾਰਾਂ ਤੋਂ ਬਹੁਤ ਪ੍ਰਭਾਵਤ ਹੋਈ ਸੀ। ਜਾਂਦੇ-ਜਾਂਦੇ ਉਸਨੇ ਆਪਣੇ ਪਤੀ ਵੱਲ ਇਹ ਕਹਿੰਦੇ ਹੋਏ ਆਪਣੀਆਂ ਪਹਿਨੀਆਂ ਚੂੜੀਆਂ ਉਤਾਰ ਕੇ ਸੁੱਟ ਦਿੱਤੀਆਂ "ਲੈ ਤੂੰ ਹੁਣ ਇਨ੍ਹਾਂ ਨੂੰ ਪਹਿਨ ਕੇ ਅੰਦਰ ਬੈਠ ਜਾਈਂ, ਪਰ ਮੈਂ ਨਹੀਂ ਰੁਕਣ ਵਾਲੀ।" ਆਪਣੇ ਵਤਨ ਦੀ ਮਿੱਟੀ ਦੇ ਮੋਹ ਵਿੱਚ ਗੜੁੱਚ ਹੋਈ ਤੁਰ ਪਈ, ਉਸ ਨੇ ਪਿੱਛੇ ਮੁੜਕੇ ਨਹੀਂ ਦੇਖਿਆ। ਗੁਰਦੁਆਰੇ ਪਹੁੰਚ ਹੀ ਸਭ ਨੇ ਜਹਾਜ਼ ਵੱਲ ਤੁਰਨਾ ਸੀ। "ਕੋਰੀਆ ਮਾਰੂ ਜਹਾਜ" ਸਮੁੰਦਰ ਕੰਢੇ ਲੱਗਿਆ ਹੋਇਆ ਸੀ। ਜਹਾਜ਼ ਵੱਲ ਤੁਰਦੇ ਵਕਤ ਬੀਬੀ ਸਭ ਤੋਂ ਅੱਗੇ ਹੋਕੇ ਚੱਲਣ ਲੱਗੀ ਤੇ ਪਿੱਛੇ ਬਾਕੀ ਸਭ ਲੋਕ ਤੁਰ ਪਏ। ਚਾਰੇ ਪਾਸੇ ਘੁੱਪ ਹਨੇਰਾ ਫੈਲਿਆ ਹੋਇਆ ਸੀ, ਇਕ ਖਾਸ ਕਿਸਮ ਦੀ ਖਾਮੋਸ਼ੀ ਛਾਈ ਹੋਈ ਸੀ।

ਬੜੀ ਮੁਸ਼ਕਲ ਨਾਲ ਗੁਲਾਬ ਕੌਰ ਨੇ ਆਪਣਾ ਮਨ ਪੱਕਾ ਕੀਤਾ ਤੇ ਜਹਾਜ਼ ਦੀ ਡੈਕ ਤੇ ਖੜੇ ਹਾਫ਼ਜ਼ ਅਬਦੁੱਲਾ ਕੋਲ ਚਲੀ ਗਈ। ਜਾਕੇ ਉਸ ਨੂੰ ਕਹਿਣ ਲੱਗੀ, "ਵੀਰਾ, ਮਾਨ ਸਿੰਘ ਤਾਂ ਬੇਈਮਾਨ ਹੋ ਗਿਆ। ਘਟੀਆ ਲੋਕਾਂ ਦੇ ਧੜੇ ਚੜ੍ਹ ਗਿਆ ਉਹ ਸ਼ਰਾਬ ਪੀਕੇ ਬੇਹੋਸ਼ ਪਿਆ। ਓਹਦੀ ਥਾਂ ਮੈਂ ਪੂਰੀ ਕਰੂੰਗੀ। ਮੈਂ ਲੜੂੰਗੀ ਅੰਗਰੇਜ਼ਾਂ ਨਾਲ ਥੋਨੂੰ ਕਦੇ ਕੋਈ ਆਂਚ ਨਹੀਂ ਲੱਗਣ ਦਊਂਗੀ।" ਉਹ ਚੁੱਪ-ਚਾਪ ਹੈਰਾਨ-ਪ੍ਰੇਸ਼ਾਨ ਹੋਇਆ ਖੜਾ ਬੀਬੀ ਨੂੰ ਦੇਖਦਾ ਰਿਹਾ। ਪਹਿਲਾਂ ਤਾਂ ਉਸ ਨੂੰ ਕੁੱਝ ਨਾ ਸੁਝਿਆ ਫਿਰ ਅਚਾਨਕ ਹੀ ਕਹਿਣ ਲੱਗਿਆ, "ਵਾਹ! ਮੇਰੀ ਭੈਣ!!! ਵਾਹ!! ਤੂੰ ਬਹੁਤ ਦਲੇਰ ਹੈਂ। ਸਾਰੇ ਜਹਾਜ਼ ਵਿੱਚ ਨਜ਼ਰ ਮਾਰ, ਕੋਈ ਹੋਰ ਔਰਤ ਨਹੀਂ, ਬੱਸ ਤੂੰ ਹੀ ਹੈਂ। ਅੱਜ ਤੋਂ ਤੂੰ ਤਾਂ ਸਾਡੀ ਸਭ ਦੀ ਭੈਣ ਹੈਂ। ਸਾਰੇ ਗ਼ਦਰੀਆਂ ਦੀ ਭੈਣ ਹੈਂ। ਜਿਸ ਦੀ ਤੇਰੇ ਵਰਗੀ ਭੈਣ ਹੈ ਭਲਾ, ਉਸਨੂੰ ਕੀ ਡਰ ਤੇ ਕੀ ਭੈਅ ? ਤੂੰ ਤਾਂ ਭਾਰਤ ਮਾਂ ਦੀ ਸੱਚੀ ਤੇ ਬਹਾਦਰ ਧੀ ਹੈਂ।"

ਹਾਫ਼ਜ਼ ਅਬਦੁੱਲਾ ਗੁਲਾਬ ਕੌਰ ਦੀਆਂ ਗੱਲਾਂ ਸੁਣਦਾ ਬਹੁਤ ਹੀ ਭਾਵੁਕ ਹੋ ਗਿਆ, ਉਸਨੇ ਆਪਣੇ ਦੋਵੇਂ ਹੱਥ ਉਸ ਦੇ ਮੋਢਿਆ ਤੇ ਰੱਖ ਕੇ ਕਿਹਾ, "ਭੈਣ ਗੁਲਾਬੋ, ਮੈਂ ਦੇਸ਼ ਪਹੁੰਚ ਤੇਰੇ ਕੋਲੋਂ ਰੱਖੜੀ ਬਨ੍ਹਾਊਂਗਾ, ਬੰਨ੍ਹੇਗੀ ਨਾ ?" "ਜ਼ਰੂਰ ਬੰਨੂੰ!



ਆਪਣੇ ਵੀਰ ਅਬਦੁੱਲੇ ਦੇ ਜ਼ਰੂਰ ਬੰਨੂੰ!!" ਅੱਗੋਂ ਗੁਲਾਬ ਕੌਰ ਵੀ ਉਸੇ ਤਰ੍ਹਾਂ ਭਾਵੁਕਤਾ ਭਰਪੂਰ ਹੋਈ ਆਪਣੀਆਂ ਛਲਕਦੀਆਂ ਅੱਖਾਂ ਨਾਲ ਕਹਿ ਰਹੀ ਸੀ। ਦੂਰ ਖੜਾ ਜਗਤ ਰਾਮ ਵੀ ਇਹ ਸਭ ਕੁੱਝ ਦੇਖ-ਸੁਣ ਰਿਹਾ ਸੀ। ਉਸ ਦੀਆਂ ਅੱਖਾਂ ਵਿੱਚ ਵੀ ਭਾਵੁਕਤਾ ਵਸ ਹੰਝੂ ਆ ਗਏ ਸਨ। ਤਿੰਨੇ ਜਣੇ ਆਪਣੇ ਆਪਣੇ ਹੰਝੂਆਂ ਨੂੰ ਇੱਕ ਦੂਜੇ ਤੋਂ ਛੁਪਾਉਂਦੇ ਹੋਏ ਅਲੱਗ ਅਲੱਗ ਪਾਸੇ ਚਲੇ ਗਏ। ਜਹਾਜ਼ ਵਿੱਚ ਭਾਵੇਂ ਗੁਲਾਬ ਕੌਰ ਨੂੰ ਦੇਸ਼ ਪਿਆਰ ਵਿੱਚ ਰੰਗੇ ਹਰ ਤਰ੍ਹਾਂ ਦੀ ਕੁਰਬਾਨੀਆਂ ਦੇਣ ਵਾਲੇ ਲੋਕਾਂ ਦਾ ਸਾਥ ਮਿਲ ਗਿਆ ਸੀ। ਪ੍ਰੰਤੂ ਉਸ ਨੂੰ ਆਪਣੇ ਪਤੀ ਸਰਦਾਰ ਮਾਨ ਸਿੰਘ ਦੇ ਨਾਲ ਨਾ ਆਉਣ ਦੀ ਘਾਟ ਰਹਿ ਰਹਿ ਕੇ ਖਲ ਰਹੀ ਸੀ।

ਉਸ ਰਾਤ ਉਸ ਨੇ ਖਾਣਾ ਵੀ ਨਾ ਖਾਧਾ। ਮੀਟਿੰਗ ਦਾ ਸਮਾਂ ਹੋਣ ਲੱਗਿਆ, ਇੱਕ ਗ਼ਦਰੀ ਪਹਿਲਾਂ ਹੀ ਝੰਡਾ ਲੈਕੇ ਮੀਟਿੰਗ ਵਾਲੀ ਜਗ੍ਹਾ ਤੇ ਜਾ ਬੈਠਿਆ। ਲਾਲ ਸਿੰਘ ਨੇ ਉੱਚੀ ਅਵਾਜ਼ ਵਿੱਚ ਗ਼ਦਰੀਆਂ ਨੂੰ ਮੀਟਿੰਗ ਵਿੱਚ ਪਹੁੰਚਣ ਲਈ ਸੱਦਾ ਦਿੱਤਾ, ਦੇਖਦੇ ਹੀ ਦੇਖਦੇ ਸਭ ਗ਼ਦਰੀ ਇਕੱਠੇ ਹੋਣ ਲੱਗੇ। ਉਹ ਝੰਡੇ ਦੁਆਲੇ ਘੇਰੇ ਵਿੱਚ ਇਕੱਠੇ ਹੋਕੇ ਬੈਠ ਗਏ ਪ੍ਰੰਤੂ ਬੀਬੀ ਉਥੇ ਕਿਸੇ ਨੂੰ ਨਾ ਦਿਖੀ। ਜਦੋਂ ਬੀਬੀ ਗੁਲਾਬ ਕੌਰ ਕਿਧਰੇ ਨਜ਼ਰ ਨਹੀਂ ਆਈ ਤਾਂ ਪੰਡਤ ਜਗਤ ਰਾਮ ਨੇ ਸਭ ਪਾਸੇ ਦੇਖਕੇ ਕਿਹਾ, "ਬੀਬੀ ਨਹੀਂ ਆਈ, ਕੀ ਗੱਲ ਐ ?" ਜੀਵਨ ਸਿੰਘ ਦੌਲਾ ਸਿੰਘ ਵਾਲਾ ਜਿਹੜਾ ਪਾਸ ਹੀ ਬੈਠਿਆ ਸੀ, ਕਹਿਣ ਲੱਗਿਆ, "ਪੰਡਤ ਜੀ ਅੱਜ ਬੀਬੀ ਨੇ ਰੋਟੀ ਵੀ ਨਹੀਂ ਖਾਧੀ। ਲਗਦੈ, ਉਹ ਅੱਜ ਮਾਨ੍ਹੇ ਦੇ ਨਾ ਆਉਣ ਕਾਰਣ ਬਹੁਤ ਦੁਖੀ ਹੈ।" ਵਿੱਚੋਂ ਹੀ ਇਕ ਹੋਰ ਸਾਥੀ ਬੋਲ ਪਿਆ ਕਿ ਚੰਗਾ ਹੋਇਆ ਮਾਨ ਸਿੰਘ ਨਹੀਂ ਆਇਆ। ਇਹੋ ਜਿਹੇ ਦਾ ਕੀ ਆ, ਫੇਰ ਧੋਖਾ ਦੇ ਦਿੰਦਾ। ਜਿਹੜਾ ਹੁਣੇ ਹੀ ਡਰ ਗਿਆ ਫੇਰ ਤਾਂ ਉਸ ਨੇ ਬਣਿਆ ਕੰਮ ਹੀ ਬਿਗਾੜ ਦੇਣਾ ਸੀ। ਬੀਬੀ ਗੁਲਾਬ ਕੌਰ ਬੁਲਾਉਣ ਤੇ ਆਈ ਤਾਂ ਸੀ ਪ੍ਰੰਤੂ ਉਹ ਇਕੱਲੀ ਹੀ ਇੱਕ ਪਾਸੇ ਥੋੜ੍ਹੇ ਫ਼ਰਕ ਨਾਲ਼ ਬੈਠ ਗਈ ਸੀ। ਹਾਫ਼ਜ਼ ਅਬਦੁੱਲਾ ਨੇ ਉਸਨੂੰ ਬੈਠਿਆਂ ਦੇਖ ਲਿਆ ਸੀ, ਉਸ ਨੇ ਆਪਣੀ ਉੱਚੀ ਅਵਾਜ ਵਿੱਚ ਕਿਹਾ "ਸਾਡੀ ਇਕੋ-ਇਕ ਭੈਣ, ਬਹੁਤ ਬਹਾਦਰ ਹੈ, ਕਮਜ਼ੋਰ ਨਹੀਂ, ਭਲਾ ਕਿਉਂ ਨਹੀਂ ਆਊਗੀ ? "ਹੱਥ ਦਾ ਇਸ਼ਾਰਾ ਕਰਕੇ, ਸਾਡੇ ਸਾਹਮਣੇ ਤਾਂ ਬੈਠੀ ਹੈ।"

ਇੱਕ ਦਿਨ ਗ੍ਰੰਥੀ ਬਾਬੇ ਨੇ ਗੁਲਾਬ ਕੌਰ ਨੂੰ ਦੱਸਿਆ ਕਿ "ਭਾਈ ਭਗਵਾਨ ਸਿੰਘ ਬੜਾ ਵੱਡਾ ਕਵੀਸ਼ਰ ਸੀ। ਉਸਨੇ ਬਹੁਤੀਆਂ ਗ਼ਦਰ ਗੂੰਜਾਂ ਲਿਖੀਆਂ ਨੇ। ਉਹ ਸ਼ੁਰੂ ਤੋਂ ਹੀ ਬਾਗ਼ੀ ਸੀ। ਅੰਗਰੇਜਾਂ ਦੇ ਉਲਟ ਕਵੀਸ਼ਰੀ ਪੜ੍ਹਦਾ ਹੋਇਆ ਮੇਰੇ ਦਿਲ ਨੂੰ ਕੀਲ ਲੈਂਦਾ ਸੀ।" ਇਹ ਕਹਿ ਕੇ ਗ੍ਰੰਥੀ ਬਾਬੇ ਨੇ ਗੁਲਾਬ ਕੌਰ ਨੂੰ ਆਪਣੇ ਕੋਲੋਂ ਕੁੱਝ ਕਾਗਜ਼ ਪੜ੍ਹਨ ਲਈ ਦਿੱਤੇ। ਗੁਲਾਬ ਕੌਰ ਨੇ ਗ੍ਰੰਥੀ ਬਾਬੇ ਤੋਂ ਗ਼ਦਰ ਅਖ਼ਬਾਰ ਦੇ ਵਰਕੇ ਲਏ ਤੇ ਪੜ੍ਹਨ ਲੱਗ ਪਈ। ਉਹ ਜਦੋਂ ਵੀ ਗ੍ਰੰਥੀ ਬਾਬੇ ਕੋਲ ਬੈਠਦੀ ਬੱਸ ਗ਼ਦਰੀਆਂ ਬਾਰੇ ਗੱਲਾਂ ਕਰਦੀ ਰਹਿੰਦੀ। ਉਸਨੇ ਬੀਬੀ ਨੂੰ ਕਨੇਡਾ, ਅਮਰੀਕਾ ਵਿੱਚ ਵਸਦੇ ਭਾਰਤੀਆਂ 'ਤੇ ਹੋਣ ਵਾਲੇ ਅਤਿਆਚਾਰਾਂ ਬਾਰੇ ਦੱਸਿਆ। ਕਿਵੇਂ ਭਾਰਤੀ

ਮਜ਼ਦੂਰਾਂ ਨੂੰ ਮਜ਼ਦੂਰੀ ਦੇਣ ਸਮੇਂ ਗੋਰੇ ਜਲੀਲ ਕਰਦੇ ਨੇ। ਪੈਰਾਂ ਨਾਲ ਠੁੱਡੇ ਮਾਰਦੇ ਨੇ। ਭਾਰਤੀਆਂ ਨੂੰ ਨਫ਼ਰਤ ਨਾਲ 'ਡੌਗ' ਬੋਲਦੇ ਨੇ। ਉਨ੍ਹਾਂ ਥਾਵਾਂ ਤੇ ਵੀ ਗੋਰਿਆਂ ਦਾ ਹੀ ਰਾਜ ਹੈ। ਉਹ ਭਾਰਤੀਆਂ ਨਾਲ ਗ਼ੁਲਾਮਾਂ ਨਾਲ ਗ਼ੁਲਾਮਾਂ ਵਰਗਾ ਬੁਰਾ ਸਲੂਕ ਕਰਦੇ ਨੇ। ਇਸ ਤਰ੍ਹਾਂ ਬੀਬੀ ਨੇ ਹੌਲੀ ਹੌਲੀ ਗ੍ਰੰਥੀ ਬਾਬੇ ਤੋਂ ਦੇਸ਼ ਦੀ ਗ਼ੁਲਾਮੀ ਅਤੇ ਇਸ ਨੂੰ ਅਜ਼ਾਦ ਕਰਵਾਉਣ ਦੀ ਲੋੜ ਬਾਰੇ ਬਹੁਤ ਸਾਰੀ ਜਾਣਕਾਰੀ ਲੈ ਲਈ।

ਹਾਂਗਕਾਂਗ ਪਹੁੰਚਣ ਤੋਂ ਪਹਿਲਾਂ ਹੀ ਬਾਬਾ ਨਿਧਾਨ ਸਿੰਘ ਚੁੱਘਾ ਜਿਹੜਾ ਕਿ ਆਪਣੇ ਦੋ ਹੋਰ ਗ਼ਦਰੀ ਸਾਥੀਆਂ-ਇੰਦਰ ਸਿੰਘ ਸੁਰ ਸਿੰਘ ਅਤੇ ਪਿਆਰਾ ਸਿੰਘ ਲੰਗੇਰੀ ਨਾਲ ਸੰਘਣੀ ਤੋਂ ਹੋਰ ਬੰਦੇ ਲਿਆਉਣ ਲਈ ਚਲੇ ਗਏ ਸਨ ਉਸ ਨੇ ਗ਼ਦਰੀ ਵੀਰਾਂ ਨੂੰ ਸ਼ਿਘਾਈ ਤੋਂ ਟੈਲੀਗਰਾਮ ਭੇਜਕੇ ਸਾਵਧਾਨ ਕਰ ਦਿੱਤਾ ਸੀ। ਉਸ ਨੇ ਦੱਸਿਆ ਸੀ ਕਿ ਹਾਂਗਕਾਂਗ ਵਿਖੇ ਜਹਾਜ਼ ਦੀ ਤਲਾਸ਼ੀ ਕੀਤੀ ਜਾਵੇਗੀ ਕਿਉਂਕਿ 'ਕਾਮਾਗਾਟਾ ਮਾਰੂ' ਜਹਾਜ਼ ਦੇ ਮੁਸਾਫ਼ਰਾਂ ਨਾਲ ਜੋ ਅੰਗਰੇਜ਼ ਸਰਕਾਰ ਨੇ ਵਿਵਹਾਰ ਕੀਤਾ ਉਸ ਨਾਲ ਚਾਰੇ ਪਾਸੇ ਦਹਿਸ਼ਤ ਫੈਲ ਰਹੀ ਸੀ। ਇਸ ਕਰਕੇ ਪਾਰਟੀ ਦਾ ਕਾਗਜ਼ ਪੱਤਰ ਤੇ ਅਸਲਾ ਅਰਥਾਤ ਜੋ ਵੀ ਇਤਰਾਜ ਯੋਗ ਸਮਾਨ ਸੀ ਸਭ ਕੁੱਝ ਸਮੁੰਦਰ ਵਿੱਚ ਸੁੱਟ ਦੇਣ। ਗ਼ਦਰ ਗੂੰਜਾਂ ਤੇ ਗਦਰ ਦੇ ਪਰਚੇ ਵੀ ਸਭ ਇਕੱਠੇ ਕਰਕੇ ਸਮੁੰਦਰ ਵਿੱਚ ਸੁੱਟ ਦਿੱਤੇ ਜਾਣ। ਗੱਲ ਬਿਲਕੁਲ ਠੀਕ ਨਿਕਲੀ, ਕਿਉਂਕਿ ਜਦ ਹਾਂਗਕਾਂਗ ਦੀ ਬੰਦਰਗਾਹ ਤੇ ਪੁਲਿਸ ਵਲੋਂ ਤਲਾਸ਼ੀ ਕੀਤੀ ਗਈ ਤਾਂ ਉਨ੍ਹਾਂ ਨੂੰ ਕੁੱਝ ਵੀ ਨਹੀਂ ਮਿਲਿਆ। ਉਹ ਤਾਂ ਪਹਿਲਾਂ ਹੀ ਸਮੁੰਦਰ ਦੀ ਭੇਂਟ ਕਰ ਦਿੱਤਾ ਗਿਆ ਸੀ।

ਹਾਂਗਕਾਂਗ ਦੇ ਗੁਰਦੁਆਰਾ ਸਾਹਿਬ ਵਿੱਚ ਇੱਕ ਭਰਵੀਂ ਮੀਟਿੰਗ ਤੇ ਜਲਸਾ ਕੀਤਾ ਗਿਆ। ਉਥੇ ਬੀਬੀ ਗੁਲਾਬ ਕੌਰ ਨੇ ਆਪਣੇ ਰੋਹ ਭਰੇ ਭਾਸ਼ਨ ਵਿੱਚ ਕਿਹਾ ਕਿ ਜਿਹੜੇ ਮਰਦਾਂ ਨੇ ਭਾਰਤ ਦੀ ਜੰਗੇ ਅਜ਼ਾਦੀ ਵਿੱਚ ਹਿੱਸਾ ਨਹੀਂ ਲੈਣਾ ਉਹ ਆਪਣੇ ਹੱਥ ਵਿੱਚ ਚੂੜੀਆਂ ਪਹਿਨ ਕੇ ਘਰੀਂ ਬੈਠ ਜਾਣ। ਉਨ੍ਹਾਂ ਦੀ ਥਾਂ ਅਜ਼ਾਦੀ ਸੰਗਰਾਮ ਵਿੱਚ ਔਰਤਾਂ ਲੜ ਲੈਣਗੀਆਂ ਅਰਥਾਤ ਜਿਹੜੇ ਮਰਦ ਡਰਪੋਕ ਹਨ ਉਹ ਚੂੜੀਆਂ ਪਾਕੇ ਆਪੋ ਆਪਣੇ ਘਰੀਂ ਅਰਾਮ ਕਰਨ। ਹਾਂਗਕਾਂਗ ਦੇ ਗੁਰਦੁਆਰਾ ਸਾਹਿਬ ਦੇ ਭਾਈ ਤਾਰੂ ਸਿੰਘ ਭਾਸ਼ਣ ਸੁਣਕੇ ਕਹਿਣ ਲੱਗਾ ਕਿ "ਬੀਬੀ ਗੁਲਾਬ ਕੌਰ ਪੰਥ ਦੀ ਇਕੋ ਇੱਕ ਬੱਚੀ ਇਸ ਮੈਦਾਨ ਵਿੱਚ ਨਿੱਤਰੀ ਹੈ। ਇਸ ਦੀ ਆਤਮਾ ਵਿੱਚ ਮਾਈ ਭਾਗੋ ਵਾਲਾ ਜੋਸ਼ ਤੇ ਜਜ਼ਬਾ ਭਰਿਆ ਹੈ। ਇਸ ਕਰਕੇ ਬੀਬੀ ਗੁਲਾਬ ਕੌਰ ਪੰਜ ਦਰਿਆਵਾਂ ਦੀ ਇਕੋ ਇੱਕ ਸ਼ੀਹਣੀ ਬਣ ਚੱਲੀ ਆ।"

ਹਾਂਗਕਾਂਗ ਤੋਂ ਜਹਾਜ਼ ਬਦਲ 'ਤੋਸ਼ਾ ਮਾਰੂ ਜਹਾਜ਼' ਵਿੱਚ ਬੈਠਣਾ ਸੀ। ਸਾਰੇ ਸਫ਼ਰ ਵਿੱਚ ਭਾਸ਼ਨ ਹੁੰਦੇ ਰਹੇ। ਜਿਹੜੇ ਕਮਜ਼ੋਰ ਮਨਾਂ ਵਿੱਚ ਉਤਸ਼ਾਹ ਭਰਦੇ ਰਹੇ। ਜਹਾਜ਼ ਆਪਣੀ ਚਾਲੇ ਤੁਰ ਰਿਹਾ ਸੀ। ਜਗਤ ਰਾਮ ਨੇ ਬਾਕੀ ਬਚਦੀਆਂ ਗ਼ਦਰ-ਗੂੰਜਾਂ ਵੀ ਰਾਤ ਦੇ ਸੰਨਾਟੇ ਵਿੱਚ ਸਮੁੰਦਰ ਦੀ ਭੇਟ ਚੜ੍ਹਾ ਦਿੱਤੀਆਂ ਸਨ ਤਾਂ ਕਿ ਕਲਕੱਤੇ ਪਹੁੰਚ ਕਿਸੇ ਕਿਸਮ ਦੀ ਕਠਿਨਾਈ ਪੇਸ਼ ਨਾ ਆਵੇ। ਉਸ ਰਾਤ ਕਿਸੇ ਦਾ ਵੀ ਸੌਣ ਲਈ ਮਨ ਨਹੀਂ ਸੀ ਕੀਤਾ ਅਤੇ ਨਾ ਹੀ ਕਿਸੇ ਨੂੰ ਨੀਂਦ ਆ ਰਹੀ ਸੀ। ਸਭਨਾਂ ਨੇ ਆਪਣੇ ਬਿਸਤਰੇ ਲਪੇਟੇ ਹੀ ਰੱਖੇ, ਕਿਸੇ ਨੇ ਵੀ ਨਹੀਂ ਖੋਲ੍ਹਿਆ। ਸਭ



ਗ਼ਦਰੀਆਂ ਨੇ ਆਪੋ-ਆਪਣੀਆਂ ਟੋਲੀਆਂ ਬਣਾ ਲਈਆਂ ਅਤੇ ਉਹ ਆਪਣੀਆਂ ਆਪਣੀਆਂ ਟੋਲੀਆਂ ਵਿੱਚ ਬੈਠੇ ਗੱਲਾਂ ਕਰਦੇ ਰਹੇ।

ਆਖ਼ਰਕਾਰ ਤੋਸ਼ਾ ਮਾਰੂ ਜਹਾਜ਼ ਦੇ ਮੁਸਾਫ਼ਰ 28 ਅਕਤੂਬਰ 1914 ਨੂੰ ਕਲਕੱਤੇ ਦੀ ਬੰਦਰਗਾਹ ਦੇ ਨੇੜੇ ਆ ਪਹੁੰਚੇ। ਜਿੱਥੇ ਅੰਗਰੇਜ਼ਾਂ ਦੀ ਸੂਹੀਆ ਪੁਲਿਸ ਪਹਿਲਾਂ ਹੀ ਹਰਲ ਹਰਲ ਕਰਦੀ ਫਿਰ ਰਹੀ ਸੀ। ਕਲਕੱਤੇ ਦੀ ਬੰਦਰਗਾਹ ਤੇ ਜਹਾਜ਼ ਬਹੁਤ ਦੇਰ ਰੁਕਿਆ। ਪੁਲਿਸ ਵੀ ਤਲਾਸ਼ੀ ਲੈਣ ਆ ਗਈ, ਜਦੋਂ ਜੀਵਨ ਸਿੰਘ ਦੀ ਤਲਾਸ਼ੀ ਲਈ ਤੇ ਪੁਲਿਸ ਨੇ ਉਸਨੂੰ ਵਾਪਸ ਆਉਣ ਦਾ ਕਾਰਨ ਪੁੱਛਿਆ ਤਾਂ ਉਸਨੇ ਗੁਲਾਬ ਕੌਰ ਵੱਲ ਇਸ਼ਾਰਾ ਕਰਕੇ ਕਿਹਾ "ਅਸੀਂ ਦੋਵੇਂ ਪਤੀ-ਪਤਨੀ ਹਾਂ। ਪੈਸੇ ਕਮਾਉਣ ਅਮਰੀਕਾ ਗਏ ਸੀ। ਮਨੀਲਾ ਤੋਂ ਅੱਗੇ ਦੀ ਰਾਹਦਾਰੀ ਨਹੀਂ ਮਿਲੀ ਇਸ ਲਈ ਵਾਪਸ ਆ ਗਏ ਹਾਂ।" ਅੱਗੋਂ ਪੁਲਿਸ ਵਾਲਿਆਂ ਨੂੰ ਵੀ ਇਹ ਗੱਲ ਮਨ ਲੱਗ ਗਈ ਅਤੇ ਇਸ ਤਰ੍ਹਾਂ ਬੀਬੀ ਗੁਲਾਬ ਕੌਰ, ਜੀਵਨ ਸਿੰਘ ਦੌਲਾ ਸਿੰਘ ਵਾਲਾ ਦੀ ਫਰਜ਼ੀ ਪਤਨੀ ਬਣ ਕੇ ਅੰਗਰੇਜ਼ ਪੁਲਿਸ ਨੂੰ ਧੋਖਾ ਦੇ ਕੇ ਪੰਜਾਬ ਪਹੁੰਚਣ ਵਿੱਚ ਕਾਮਯਾਬ ਹੋ ਗਈ। ਇਥੋਂ ਉਹ ਆਪਣੇ ਨਾ ਪੇਕੇ ਪਿੰਡ ਬਖਸ਼ੀਵਾਲਾ ਤੇ ਨਾ ਹੀ ਸਹੁਰਾ ਪਿੰਡ ਜਚੇਪਲ ਪਹੁੰਚੀ। ਪੁਲਿਸ ਤੋਂ ਬਚ-ਬਚਾ ਕਰਦੇ ਸਭ ਤੋਂ ਪਹਿਲਾਂ ਇੱਥੋਂ ਬੀਬੀ ਗੁਲਾਬ ਕੌਰ ਤੇ ਜੀਵਨ ਸਿੰਘ ਜਿਲ੍ਹਾ ਜਲੰਧਰ ਦੇ ਪਿੰਡ ਸੰਘਵਾਲ, ਬੰਤਾ ਸਿੰਘ ਦੇ ਘਰ ਪਹੁੰਚੇ। ਇੱਥੇ ਰਹਿ ਉਹ ਛੇਤੀ ਹੀ ਪਾਰਟੀ ਕੰਮਾਂ ਵਿੱਚ ਲੱਗ ਪਏ।

ਕੁੱਝ ਸਮਾਂ ਸੰਘਵਾਲ ਠਹਿਰ ਕੇ ਬੀਬੀ ਗੁਲਾਬ ਕੌਰ ਤੇ ਜੀਵਨ ਸਿੰਘ ਹੁਸ਼ਿਆਰਪੁਰ ਦੇ ਪਿੰਡ ਕੋਟਲਾ ਨੌਧ ਸਿੰਘ ਵਾਲਾ, ਜਿੱਥੋਂ ਦਾ ਗ਼ਦਰੀ ਅਮਰ ਸਿੰਘ ਸੀ ਉਸਦੇ ਘਰ ਪਹੁੰਚ ਗਏ। ਅਮਰ ਸਿੰਘ ਆਪਣੇ ਮਿਲਣ ਆਏ ਦੋਸਤ-ਮਿੱਤਰਾਂ ਨੂੰ ਗੁਲਾਬ ਕੌਰ ਨੂੰ ਆਪਣੀ ਭੈਣ ਤੇ ਜੀਵਨ ਸਿੰਘ ਨੂੰ ਉਸਦੇ ਪਤੀ ਦੇ ਤੌਰ ਤੇ ਮਿਲਾਉਣ ਲੱਗਿਆ। ਅਮਰ ਸਿੰਘ ਦੀ ਚਾਚੀ ਗੁਲਾਬ ਕੌਰ ਨੂੰ ਆਪਣੇ ਨਾਲ ਗੱਲੀਂ ਲਾਈ ਰੱਖਦੀ, ਪਰ ਜ਼ਿਆਦਾ ਤਰ ਉਹ ਤੇ ਜੀਵਨ ਸਿੰਘ ਚੁੱਪ ਹੀ ਰਹਿੰਦੇ। ਇੱਕ ਦਿਨ ਤੜਕੇ ਹੀ ਕਿਸੇ ਨੇ ਦਰਵਾਜ਼ਾ ਖੜਕਾਇਆ, ਬੀਬੀ ਨੇ ਜਦੋਂ ਖੋਲ੍ਹਿਆ ਤਾਂ ਉਹ ਸਾਹਮਣੇ ਜਗਤ ਰਾਮ ਨੂੰ ਦੇਖਕੇ ਬਹੁਤ ਖੁਸ਼ ਹੋਈ। ਉਹ ਜਗਤ ਰਾਮ ਨੂੰ ਜੱਫੀ ਪਾਉਣ ਲਈ ਵਧੀ ਹੀ ਸੀ ਕਿ ਇੱਕ ਓਪਰਾ ਬੰਦਾ ਵੀ ਨਾਲ ਖੜਾ ਦੇਖਕੇ ਪਿੱਛੇ ਹਟ ਗਈ। ਅਮਰ ਸਿੰਘ ਉਸ ਨੂੰ ਦੇਖਕੇ ਬਹੁਤ ਖੁਸ਼ ਹੋਇਆ ਤੇ ਘੁੱਟ ਕੇ ਜੱਫੀ ਪਾ ਲਈ। ਮਿਲ ਕੇ ਬਹੁਤ ਖੁਸ਼ ਹੋਏ, ਇਨੇ ਨੂੰ ਪੰਡਤ ਕਾਸ਼ੀ ਰਾਮ ਨੇ ਆਪਣਾ ਉਥੇ ਆਉਣ ਦਾ ਉਦੇਸ਼ ਦੱਸਿਆ ਕਿ ਉਹ ਜੀਵਨ ਸਿੰਘ ਨੂੰ ਆਪਣੇ ਨਾਲ ਲਿਜਾਣ ਲਈ ਆਇਆ ਹੈ ਕਿਉਂਕਿ ਪਾਰਟੀ ਵਲੋਂ ਮਨੀਲੇ ਤੋਂ ਆਏ ਗ਼ਦਰੀਆਂ ਦੀ ਮੇਰੇ ਨਾਲ ਡਿਊਟੀ ਲੱਗੀ ਹੈ। ਅਮਰ ਸਿੰਘ ਨੂੰ ਹਾਲੇ ਪਿੰਡ ਰਹਿਣ ਦੀ ਤਾਕੀਦ ਕਰਕੇ ਜਾਣ ਹੀ ਲੱਗਾ ਸੀ ਕਿ ਝੱਟ ਗੁਲਾਬ ਕੌਰ ਨੇ ਪੁੱਛਿਆ ਕਿ "ਪੰਡਤ ਜੀ ਮੇਰੀ ਡਿਊਟੀ ਕਿੱਥੇ ਆ ?"

"ਭੈਣ ਤੇਰੀ ਡਿਊਟੀ ਤਾਂ ਪਹਿਲਾਂ ਵਾਲੀ ਹੀ ਆ। ਤੇਰੀਆਂ ਗੱਲਾਂ ਤਾਂ ਸਾਰੇ ਪਹੁੰਚ ਗਈਆਂ ਨੇ। ਤੂੰ ਤਾਂ ਪਿੰਡਾਂ ਵਿੱਚ ਫਿਰ ਗ਼ਦਰ ਗੂੰਜਾਂ ਸੁਣਾਇਆ ਕਰ ਤੇ

ਨਾਲੇ ਕਰਤਾਰ ਤੈਨੂੰ ਮਿਲਣ ਲਈ ਕਾਹਲਾ ਪੈ ਰਿਹਾ। ਉਹ ਕਹਿੰਦਾ ਮੈਂ ਆਪਣੀ ਬਹਾਦਰ ਭੈਣ ਨੂੰ ਛੇਤੀ ਮਿਲਣਾ, ਉਹ ਛੇਤੀ ਹੀ ਆਊਗਾ।" ਪੰਡਤ ਕਾਸ਼ੀ ਰਾਮ ਨੇ ਕਿਹਾ ਅਤੇ ਚਲੇ ਗਏ। ਜਾਂਦੇ ਜਾਂਦੇ ਉਨ੍ਹਾਂ ਨੇ ਆਪਣੇ ਥੈਲੇ ਵਿੱਚੋਂ ਕਿੰਨੀਆਂ ਹੀ ਗ਼ਦਰ ਗੂੰਜਾਂ ਕੱਢੀਆਂ ਤੇ ਬੀਬੀ ਨੂੰ ਫੜਾਉਂਦੇ ਕਿਹਾ ਕਿ ਲੈ ਭੈਣ ਇਹ ਤੇਰੇ ਕੰਮ ਆਉਣਗੀਆਂ, ਹੁਣ ਮੈਂ ਇਹ ਕੀ ਕਰਨੀਆਂ ਨੇ।' ਜੀਵਨ ਸਿੰਘ ਦੌਲਾ ਸਿੰਘ ਵਾਲਾ ਤਾਂ ਬੀਬੀ ਗੁਲਾਬ ਕੌਰ ਨੂੰ ਅਮਰ ਸਿੰਘ ਦੇ ਘਰ ਛੱਡਕੇ ਆਪ ਉਨ੍ਹਾਂ ਨਾਲ ਚਲਾ ਗਿਆ। ਇੱਥੇ ਗੁਲਾਬ ਕੌਰ ਨੇ ਅਮਰ ਸਿੰਘ ਨਾਲ ਮਿਲ ਕੇ ਗ਼ਦਰੀਆਂ ਲਈ ਗੁਪਤ ਰਹਿ ਕੇ ਆਪਣੀਆਂ ਸਰਗਰਮੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਹੁਣ ਉਹ ਪਿੰਡਾਂ ਵਿੱਚ ਅਮਰ ਸਿੰਘ ਦੀ ਚਾਚੀ ਇੰਦਰ ਕੌਰ, ਭਰਜਾਈ ਦਿਆਲੀ ਅਤੇ ਨਿਹਾਲੀ ਨਾਲ ਜਾਂਦੀ ਅਤੇ ਗ਼ਦਰ ਦਾ ਪ੍ਰਚਾਰ ਕਰਦੀ।

ਜਦੋਂ ਦਾ ਪੰਡਤ ਕਾਸ਼ੀ ਰਾਮ ਨੇ ਬੀਬੀ ਨੂੰ ਕਰਤਾਰ ਸਿੰਘ ਸਰਾਭੇ ਦੇ ਆਉਣ ਬਾਰੇ ਦੱਸਿਆ ਉਦੋਂ ਤੋਂ ਤਾਂ ਉਹ ਹਰ ਪਲ 'ਕਰਤਾਰ' ਨੂੰ ਉਡੀਕਣ ਲੱਗ ਪਈ ਸੀ। ਉਸਦਾ ਦਿਲ ਆਪਣੇ ਛੋਟੇ ਵੀਰ ਨੂੰ ਮਿਲਣ ਲਈ ਕਈ ਤਰ੍ਹਾਂ ਦੀਆਂ ਉਡਾਰੀਆਂ ਮਾਰਦਾ ਹੋਇਆ ਰੰਗ-ਬਰੰਗੇ ਸੁਪਨੇ ਬੁਣਦਾ ਰਹਿੰਦਾ। ਬੀਬੀ ਆਪਣੇ ਅੰਦਰ ਉਠ ਰਹੇ ਵਿਚਾਰਾਂ ਦੇ ਤੂਫਾਨ ਵਿੱਚ ਡੁੱਬੀ ਰਹਿੰਦੀ ਕਿਉਂਕਿ ਉਸਨੇ ਕਰਤਾਰ ਬਾਰੇ ਬਹੁਤ ਸਾਰੀਆਂ ਗੱਲਾਂ ਸੁਣ ਰੱਖੀਆਂ ਸਨ। ਗ਼ਦਰੀ ਉਸਦੇ ਇੰਨੀ ਛੋਟੀ ਉਮਰ ਵਿੱਚ ਹੀ ਆਪਣੇ ਦੇਸ਼ ਨੂੰ ਆਜ਼ਾਦ ਕਰਵਾਉਣ ਦੇ ਲਈ ਕੀਤੇ ਗਏ ਅਨਮੋਲ ਯਤਨਾਂ, ਦ੍ਰਿੜ ਇਰਾਦਿਆਂ ਅਤੇ ਸਪੱਸ਼ਟ ਵਿਚਾਰਾਂ ਤੋਂ ਬਹੁਤ ਪ੍ਰਭਾਵਿਤ ਸਨ।

ਗ਼ਦਰੀ ਹਰਨਾਮ ਸਿੰਘ ਜਿਸਨੂੰ ਹਰਨਾਮ ਸਿੰਘ ਟੁੰਡੀਲਾਟ ਵੀ ਕਹਿੰਦੇ ਸਨ ਨੂੰ ਗੁਲਾਬ ਕੌਰ ਜਾਣਦੀ ਨਹੀਂ ਸੀ ਪ੍ਰੰਤੂ ਕਰਤਾਰ ਸਿੰਘ ਬਾਰੇ ਬਹੁਤ ਗੱਲਾਂ ਸੁਣ ਰੱਖੀਆਂ ਸਨ। ਇੱਕ ਦਿਨ ਹਰਨਾਮ ਸਿੰਘ ਟੁੱਡੀਲਾਟ ਅਮਰ ਸਿੰਘ ਦੇ ਘਰ ਬੀਬੀ ਨੂੰ ਮਿਲਣ ਆਇਆ। ਹਾਲੇ ਗੱਲਾਂ ਕਰਨ ਹੀ ਲੱਗਿਆ ਸੀ ਕਿ ਅਚਾਨਕ ਗ਼ਦਰੀ ਮੁਨਸ਼ਾ ਸਿੰਘ ਤੇ ਕਰਤਾਰ ਸਿੰਘ ਵੀ ਆ ਗਏ। 'ਕਰਤਾਰ' ਨੇ ਤੁਰੰਤ ਆਪਣੀ ਪਹਿਚਾਣ ਕਰਾਉਂਦੇ ਦੱਸਿਆ ਕਿ ਮੇਰਾ ਪਿੰਡ ਸਰਾਭਾ ਤੇ ਇਹ ਸਾਡੀ ਭੈਣ ਗੁਲਾਬ ਕੌਰ ਹੈ। ਸਾਡੇ ਸਭ ਗ਼ਦਰੀਆਂ ਦੀ ਭੈਣ ਹੈ ਇਹ ਤਾਂ! ਕਰਤਾਰ ਤੇ ਬੀਬੀ ਮਿਲ ਕੇ ਬਹੁਤ ਖੁਸ਼ ਹੋਏ। ਬੀਬੀ ਨੇ ਕਰਤਾਰ ਦੇ ਮੱਥੇ ਤੇ ਹੱਥ ਰੱਖਿਆ ਤੇ ਪਿਆਰ ਕੀਤਾ। ਭਾਵੁਕ ਹੋਕੇ ਗੁਲਾਬ ਕੌਰ ਕਹਿਣ ਲੱਗੀ "ਮੇਰੇ ਛੋਟੇ ਵੀਰ, ਤੂੰ ਜੁੱਗ, ਜੁੱਗ ਜੀਵੇਂ।" ਕਰਤਾਰ ਸਿੰਘ ਨੇ ਅਮਰ ਸਿੰਘ ਨੂੰ ਕਿਹਾ ਕਿ "ਜਿੰਨੀ ਛੇਤੀ ਹੋ ਸਕੇ ਬੀਬੀ ਨੂੰ ਲੈਕੇ ਅੰਮ੍ਰਿਤਸਰ ਪਹੁੰਚਣਾ ਹੈ। ਉਥੇ ਦਰਬਾਰ ਸਾਹਿਬ ਦੀ ਪਰਕਰਮਾ ਵਿੱਚ ਹੀ ਗੁਲਾਬ ਸਿੰਘ ਦਾ ਬੁੰਗਾ ਹੈ ਉਥੇ ਬੀਬੀ ਨੂੰ ਛੱਡਕੇ ਆਉਣਾ। ਤੇਰੀ ਡਿਊਟੀ ਪਿੰਡ ਦੀ ਹੀ ਹੈ।" ਗੁਲਾਬ ਕੌਰ ਹਾਲੇ ਆਪਣੇ ਵੀਰ ਕਰਤਾਰ ਨਾਲ ਗੱਲਾਂ ਕਰਨ ਲਈ ਸੋਚ ਹੀ ਰਹੀ ਸੀ ਕਿ ਕਰਤਾਰ ਕਹਿਣ ਲੱਗਿਆ "ਬੀਬੀ, ਤੂੰ ਅੰਮ੍ਰਿਤਸਰ ਜ਼ਰੂਰ ਆਉਣਾ ਉਥੇ ਗੱਲਾਂ ਕਰਾਂਗੇ" ਤੇ ਕਾਹਲੀ ਨਾਲ ਚਲਿਆ ਗਿਆ।

ਗੁਲਾਬ ਸਿੰਘ ਨਾਂ ਕਟਿਆ ਫੌਜੀ ਸੀ। ਉਹ ਅੰਗਰੇਜ਼ਾਂ ਦੇ ਕੀਤੇ ਜਾਂਦੇ ਵਰਤਾਓ ਕਾਰਨ ਹੀ ਫੌਜ ਵਿੱਚੋਂ ਆਪਣਾ ਨਾਂ ਕਟਵਾ ਆਇਆ ਸੀ ਤੇ ਗ਼ਦਰੀਆਂ ਵਿੱਚ ਰਲ



ਗਿਆ ਸੀ। ਉਸਨੇ ਅੰਮ੍ਰਿਤਸਰ ਵਿਖੇ ਆਪਣੀ ਇੱਕ ਧਰਮਸ਼ਾਲਾ ਬਣਾ ਰੱਖੀ ਸੀ ਜਿਸ ਵਿੱਚ ਆਉਂਦੇ ਜਾਂਦੇ ਗ਼ਦਰੀ ਠਹਿਰਦੇ ਹੁੰਦੇ ਸਨ। ਤਿਓਹਾਰਾਂ ਵੇਲੇ ਪਿੰਡ ਤੋਂ ਲੋਕ ਉਥੇ ਆਕੇ ਠਹਿਰਦੇ ਸਨ। ਇਸ ਕਾਰਣ ਉਸ ਦਾ ਨਾਂ ਸੰਤ ਗੁਲਾਬ ਸਿੰਘ ਬਣ ਗਿਆ ਤੇ ਧਰਮਸ਼ਾਲਾ ਨੂੰ 'ਡੇਰਾ ਗ਼ਦਰੀਆਂ ਦਾ ਕਹਿਣ ਲੱਗੇ। ਗੁਲਾਬ ਸਿੰਘ ਸਮਝਦਾ ਸੀ ਕਿ ਅੰਗਰੇਜ਼ਾਂ ਤੋਂ ਆਜ਼ਾਦੀ ਹਥਿਆਰਾਂ ਬਿਨਾਂ ਨਹੀਂ ਲਈ ਜਾ ਸਕਦੀ। ਗੁਲਾਬ ਸਿੰਘ ਨੇ ਹੀ ਬੀਬੀ ਨੂੰ ਚੁੱਘੇ ਨਾਲ ਮਿਲਾਇਆ ਸੀ। ਪਹਿਲੇ ਦਿਨ ਚੁੱਘਾ ਤੇ ਕਰਤਾਰ ਸਿੰਘ ਕਿਧਰੇ ਗਏ ਹੋਣ ਕਾਰਣ ਮਿਲ ਨਹੀਂ ਸਕੇ, ਦੂਸਰੇ ਦਿਨ ਉਹ ਚੁੱਘੇ ਨੂੰ 'ਡੇਰੇ' ਵਿੱਚ ਲੈਕੇ ਆਇਆ। ਗੁਲਾਬ ਕੌਰ ਉਸਨੂੰ ਦੇਖ ਕੇ ਝੱਟ ਪਹਿਚਾਣ ਗਈ ਕਿਉ ਕਿ ਸ਼ੰਘਾਈ ਤੱਕ ਉਹ ਇਕੱਠੇ ਹੀ ਜਹਾਜ਼ ਵਿੱਚ ਆਏ ਸਨ। ਨਿਧਾਨ ਸਿੰਘ ਚੁੱਘੇ ਨੂੰ ਗੁਲਾਬ ਕੌਰ ਦੀ ਜਾਣ-ਪਹਿਚਾਣ ਕਰਵਾਉਂਦੇ ਜਦੋਂ ਗੁਲਾਬ ਸਿੰਘ ਨੇ ਕਹਿੰਦੇ "ਇਹ ਭਾਈ ਮੇਰੀ ਭੈਣ ਗੁਲਾਬ ਕੌਰ ਹੈ" ਦੱਸਿਆ ਤਾਂ ਉਹ ਝੱਟ ਬੋਲ ਪਿਆ "ਇਹ ਤਾਂ ਸਾਡੀ ਸਭ ਦੀ ਭੈਣ ਹੈ" ਤਿੰਨੇ ਮਿਲਕੇ ਬਹੁਤ ਖੁਸ਼ ਹੋਏ।

ਇੱਕ ਦਿਨ ਸਵੇਰੇ ਸਵੱਖਤੇ ਹੀ ਕਿਸੇ ਨੇ ਕੁੰਡਾ ਖੜਕਾ ਦਿੱਤਾ। ਗੁਲਾਬ ਕੌਰ ਦੇ ਦਰਵਾਜ਼ਾ ਖੋਲ੍ਹਣ ਤੋਂ ਪਹਿਲਾਂ ਪੁੱਛਣ ਤੇ 'ਕਿਹੜੈ ?' ਤਾਂ ਅੱਗੋ ਬੋਲਿਆ "ਫਰਿਸਕੋ।" ਉਹ ਉਸਦੇ ਕੋਡ ਸ਼ਬਦ ਤੋਂ ਸਮਝ ਗਈ ਕਿ ਇਹ ਤਾਂ ਮੇਰਾ ਵੀਰ ਕਰਤਾਰ ਈ ਆ ਤੇ ਝੱਟ ਕੁੰਡਾ ਖੋਲ੍ਹ ਦਿੱਤਾ। ਬਾਹਰ ਕਰਤਾਰ ਸਿੰਘ ਹੀ ਖੜਾ ਸੀ, ਠੰਡ ਬਹੁਤ ਪੈ ਰਹੀ ਸੀ ਤੇ ਆਇਆ ਵੀ ਸਾਇਕਲ 'ਤੇ ਹੀ ਸੀ। ਉਸਨੇ ਸੋਚਿਆ ਕਿ ਮੇਰਾ ਵੀਰ ਇੰਨੀ ਦੂਰੋਂ ਆਇਐ। ਭੁੱਖ ਲੱਗੀ ਹੋਊਗੀ। ਰੋਟੀ ਬਨਾਉਣ ਨੂੰ ਦੇਰ ਲੱਗੂਗੀ। ਉਹ ਮੂਲ ਚੰਦ ਦੀ ਸਰਾਂ ਤੋਂ ਭੱਜ ਬਜ਼ਾਰ ਗਈ ਤੇ ਹਲਵਾਈ ਤੋਂ ਦੁੱਧ ਤੇ ਰਸਾਂ ਦਾ ਪੈਕਟ ਲੈ ਆਈ। ਅੰਦਰ ਵੜਦਿਆਂ ਹੀ ਸਭ ਤੋਂ ਪਹਿਲਾਂ ਗੁਲਾਬੋ ਨੇ ਦੁੱਧ ਗਰਮ ਕਰਕੇ ਨਾਲ ਰਸਾਂ ਦਾ ਪੈਕਟ ਖੋਲ ਦਿੱਤਾ ਜਿਸ ਨੂੰ ਖਾਕੇ ਕਰਤਾਰ ਕੁੱਝ ਦੇਰ ਲਈ ਪੈ ਗਿਆ। ਗ਼ਦਰੀਆਂ ਦੀ ਇੱਕੋ ਇਕ ਭੈਣ ਸੀ ਉਹ। ਗ਼ਦਰੀ ਭਾਵੇਂ ਕਿਤੇ ਵੀ ਰਹਿੰਦਾ ਹੋਵੇ, ਸਭ ਯਾਦ ਕਰਦੇ ਤੇ ਉਹ ਵੀ ਸਭ ਨੂੰ ਯਾਦ ਕਰਦੀ। ਅੱਧੇ ਕੁ ਘੰਟੇ ਪਿੱਛੋਂ ਕਰਤਾਰ ਉਠ ਗਿਆ ਤੇ ਤੁਰੰਤ ਜਾਣ ਲਈ ਬੀਬੀ ਨੂੰ ਕਿਹਾ।

ਉਸਦੇ ਕਹਿਣ ਦੀ ਹੀ ਦੇਰ ਸੀ ਕਿ ਝੱਟ ਗੁਲਾਬ ਕੌਰ ਵੀ ਨਾਲ ਹੀ ਤੁਰ ਪਈ। ਪਹਿਲਾਂ ਤਾਂ ਉਹ ਕਰਤਾਰ ਸਿੰਘ ਦੇ ਸਾਇਕਲ ਤੇ ਬੈਠਣ ਤੋਂ ਗੁਰੇਜ਼ ਕਰਦੀ ਹੋਈ ਕਹਿਣ ਲੱਗੀ "ਕਰਤਾਰ, ਮੈਂ ਤੇਰੇ ਪਿੱਛੇ ਸਾਇਕਲ ਤੇ ਨਹੀਂ ਬੈਠਣਾ, ਤੂੰ ਬੱਚਾ ਤਾਂ ਹੈਂ। ਮੈਨੂੰ ਖਿੱਚਣਾ ਤੇਰੇ ਲਈ ਔਖਾ ਹੋ ਜਾਊਗਾ।" ਪ੍ਰੰਤੂ ਜਦੋਂ ਕਰਤਾਰ ਸਿੰਘ ਨੇ ਕਿਹਾ "ਭੈਣ ਤੂੰ ਬੈਠ ਤਾਂ ਸਹੀ ਫਿਰ ਦੇਖ ਮੈਂ ਸਾਇਕਲ ਨੂੰ ਹੀ ਕਿਵੇਂ ਜਹਾਜ਼ ਬਣਾਉਂਦਾ!!" ਉਹ ਝੱਟ ਬੈਠ ਗਈ ਅਤੇ ਕਰਤਾਰ ਸਿੰਘ ਨਾਲ ਟਿਕਾਣੇ ਤੇ ਚਲੀ ਗਈ।

ਕਰਤਾਰ ਸਿੰਘ ਸਰਾਭਾ ਦੇ ਕਹਿਣ ਤੇ ਹੀ ਬੀਬੀ ਗੁਲਾਬ ਕੌਰ ਨੇ ਲਾਹੌਰ ਵਿੱਚ ਇੱਕ ਗ਼ਦਰੀ ਨੂੰ ਆਪਣਾ ਪਤੀ ਦੱਸਿਆ ਤੇ ਦੋ ਨੂੰ ਆਪਣੇ ਭਾਈ ਦੱਸਿਆ ਅਤੇ ਛੋਟਾ-ਮੋਟਾ ਕਾਰੋਬਾਰ ਦੱਸਕੇ ਮੂਲਚੰਦ ਦੀ ਸਰਾਏ ਵਿੱਚ ਇੱਕ ਹੋਰ ਮਕਾਨ ਕਿਰਾਏ ਤੇ ਲੈ ਕੇ ਦਿੱਤਾ। ਇਹ ਸਰਾਏ ਸਟੇਸ਼ਨ ਦੇ ਨੇੜੇ ਹੀ ਸੀ ਅਤੇ ਇੱਥੇ ਹੀ ਗ਼ਦਰ ਅਖ਼ਬਾਰ ਲਈ ਛਾਪੇਖਾਨੇ ਦਾ ਕੰਮ ਸ਼ੁਰੂ ਕੀਤਾ ਗਿਆ ਸੀ। ਇਹ ਉਹ ਜਗ੍ਹਾ ਸੀ ਜਿੱਥੇ ਬੀਬੀ

ਚਰਖਾ ਕੱਤਦੀ ਰਹਿੰਦੀ ਤੇ ਅੰਦਰ ਗ਼ਦਰ ਦੇ ਪ੍ਰਚਾਰ ਲਈ ਪਰਚੇ ਛੱਪਦੇ ਰਹਿੰਦੇ ਸਨ। ਗ਼ਦਰੀ ਸਾਥੀ ਦੂਰੋਂ ਦੂਰੋਂ ਗੱਡੀ ਉੱਤਰ ਚਰਖਾ ਕੱਤਦੀ ਬੀਬੀ ਨੂੰ ਆਪਣਾ ਕੋਡ ਵਰਡ 'ਲੋਹਟ ਬੱਧੀ', 'ਸਰਬਲੋਹ' ਜਾਂ ਫਿਰ 'ਫਰਿਸਕੋ' ਆਦਿ ਆਪਣੀ ਪਹਿਚਾਣ ਵਜੋਂ ਕਹਿੰਦੇ ਅਤੇ ਬੀਬੀ ਕੋਲੋਂ ਆਪਣੀ ਲੋੜੀਦੀ ਜਾਣਕਾਰੀ ਤੇ ਸਮਾਨ ਲੈਕੇ ਜਾਂਦੇ। ਕਈ ਵਾਰ ਉਹ ਬੀਬੀ ਨੂੰ ਸਾਥੀਆਂ ਲਈ ਸੁਨੇਹੇ ਵੀ ਛੱਡਕੇ ਜਾਂਦੇ ਸਨ। ਦਿਨ ਢਲੇ ਉਹ ਚਰਖਾ ਖੜਾ ਕਰਦੀ ਤੇ ਮਿਲੇ ਸੁਨੇਹੇ ਗ਼ਦਰੀਆਂ ਤੱਕ ਥਾਂ ਥਾਂ ਜਾ ਕੇ ਪਹੁੰਚਾਉਂਦੀ ਤੇ ਫਿਰ ਵਾਪਸ ਆਪਣੇ ਅੱਡੇ ਤੇ ਹੀ ਆ ਜਾਂਦੀ ਸੀ। ਮੀਲਾਂ ਬੱਧੀ ਸਫ਼ਰ ਉਹ ਪੈਦਲ ਹੀ ਕਰਦੀ ਰਹਿੰਦੀ ਸੀ ਪ੍ਰੰਤੂ ਥਕਾਵਟ ਅਤੇ ਅਕੇਵਾਂ ਉਸਦੇ ਕਦੇ ਨੇੜੇ ਨਹੀਂ ਸੀ ਆਉਂਦਾ।

ਗ਼ਦਰੀ ਗੁਲਾਬ ਕੌਰ ਆਪਣੇ ਮਿਸ਼ਨ ਲਈ ਤਰ੍ਹਾਂ ਤਰ੍ਹਾਂ ਦੇ ਕੰਮ ਤੇ ਉਨ੍ਹਾਂ ਅਨੁਸਾਰ ਰੂਪ ਬਦਲਦੀ ਰਹਿੰਦੀ, ਕਦੇ ਉਹ ਚਰਖਾ ਕੱਤਦੀ ਅਤੇ ਕਦੇ ਦਾਣੇ ਭੁੰਨਣ ਵਾਲੀ ਭਠਿਆਰਨ ਬਣਕੇ ਭੱਠੀ ਤੇ ਦਾਣੇ ਭੁੰਨਣ ਲੱਗ ਜਾਂਦੀ ਸੀ। ਉਹ ਆਪਣੇ ਵੀਰਾਂ ਨੂੰ ਯਾਦ ਕਰਦੀ ਹੋਈ, ਤੁਰੰਤ ਭੁੱਖ ਨੂੰ ਮਿਟਾਉਣ ਲਈ ਦਾਣੇ ਭੁੰਨਣ ਲਗਦੀ ਸੀ। ਕਦੇ ਕਦੇ ਉਸ ਨੂੰ ਦਾਣੇ ਭੁੰਨਦੀ ਦੇਖਕੇ ਹੋਰ ਲੋਕ ਵੀ ਦਾਣੇ ਲੈ ਜਾਂਦੇ ਅਤੇ ਉਹ ਵੀ ਬਿਨਾਂ ਕਿਸੇ ਝਿੱਝਕ ਦੇ ਆਪਣੇ ਭੁੰਨੇ ਦਾਣੇ ਉਨ੍ਹਾਂ ਨੂੰ ਦੇ ਦਿੰਦੀ ਸੀ। ਬੀਬੀ ਦੇ ਇਸ ਵਰਤਾਓ ਤੋਂ ਡਿਊਟੀ ਤੇ ਤਾਇਨਾਤ ਪੁਲਸੀਆ ਵੀ ਨਹੀਂ ਸਮਝ ਸਕਿਆ ਕਿ ਇਹ ਬੀਬੀ ਦਾਣਿਆਂ ਦੀ ਓਟ ਵਿੱਚ ਕਿਸ ਦਾ ਇੰਤਜਾਰ ਕਰਦੀ ਆ ? ਜਾਂ ਇਹ ਭੁੰਨੇ ਦਾਣੇ ਕਿਨ੍ਹਾਂ ਲਈ ਨੇ ?

ਗੁਲਾਬ ਕੌਰ ਆਪਣੇ ਘਰ ਦੀ ਕੁੰਡੀ ਬੰਦ ਕਰਕੇ ਸਾਰਾ ਦਿਨ ਕਪੜੇ ਸਿਊਣ ਵਾਲੀ ਮਸ਼ੀਨ ਚਲਾਉਂਦੀ ਰਹੀ। ਕਰਤਾਰ ਸਿੰਘ ਸੌ ਝੰਡੇ ਸਿਊਣ ਲਈ ਕਹਿ ਗਿਆ ਸੀ, ਉਹ ਉਹੀ ਤਿਆਰ ਕਰ ਰਹੀ ਸੀ। ਪਹਿਲਾਂ ਸੱਜਣ ਸਿੰਘ ਤਾਂ ਦੋ ਰੰਗਾਂ ਦੇ ਕਪੜੇ ਜੋੜਕੇ ਝੰਡੇ ਬਨਾਉਣ ਲਈ ਕਹਿ ਗਿਆ ਸੀ। ਫੇਰ ਕਰਤਾਰ ਇੱਕ ਰੰਗ ਦਾ ਕਪੜਾ ਹੋਰ ਲੈ ਆਇਆ ਤੇ ਉਸ ਕੱਪੜੇ ਨੂੰ ਵੀ ਝੰਡੇ ਵਿੱਚ ਜੋੜਨਾ ਸੀ। ਇਸ ਤਰ੍ਹਾਂ ਝੰਡਾ ਹੁਣ ਦੋ ਰੰਗ ਦੀ ਥਾਂ ਤਿੰਨ ਰੰਗ ਦਾ ਤਿਆਰ ਹੋਣਾ ਸੀ। ਇਹ ਕੰਮ ਪਹਿਲਾਂ ਨਾਲੋਂ ਵਧ ਗਿਆ ਸੀ। ਬੀਬੀ ਸਾਰਾ ਦਿਨ ਮਸ਼ੀਨ ਚਲਾਉਂਦੀ ਥੱਕ ਟੁੱਟ ਗਈ ਸੀ। ਉਹ ਉਠਕੇ ਬਾਹਰ ਦੇਖਣ ਲੱਗੀ, ਬਾਹਰ ਕਣੀਆਂ ਪੈ ਰਹੀਆਂ ਸਨ। ਮੁੜ ਮੰਜੇ ਤੇ ਬੈਠ ਅਰਾਮ ਕਰਨ ਲੱਗ ਪਈ।

ਝੰਡੇ ਬਣਾਉਂਦੀ ਨੂੰ ਅੱਧੀ ਰਾਤ ਦਾ ਵਕਤ ਹੋ ਗਿਆ। ਉਸ ਨੇ ਝੰਡੇ ਗਿਣੇ ਜੋ ਪੂਰੇ ਹੋ ਗਏ ਸਨ। ਉਸਨੇ ਸਾਰੇ ਝੰਡੇ ਇਕੱਠੇ ਕਰਕੇ ਬੰਨਕੇ ਇੱਕ ਪਾਸੇ ਰੱਖ ਦਿੱਤੇ ਅਤੇ ਆਪ ਉਹ ਥੱਕ-ਟੁੱਟ ਕਿ ਸੌਂ ਗਈ। ਉਸਦੀ ਅੱਖ ਹਾਲੇ ਲੱਗੀ ਹੀ ਸੀ ਕਿ ਅਚਾਨਕ ਕਿਸੇ ਕੁੰਡੀ ਖੜਕਾ ਦਿੱਤੀ। ਉਹ ਉਭੜਬਾਹੇ ਉਠੀ ਤੇ ਝੀਥਾਂ ਵਿੱਚੀ ਬਾਹਰ ਦੇਖਣ ਲੱਗੀ। ਕੋਈ ਨਜ਼ਰ ਨਹੀਂ ਆਇਆ। ਫਿਰ ਬੈਠਕੇ ਸੋਚਣ ਲੱਗੀ 'ਸ਼ਾਇਦ ਮੈਨੂੰ ਭੁਲੇਖਾ ਲੱਗਿਆ ਹੋਣੈ।" ਕੁੱਝ ਦੇਰ ਬਾਅਦ ਫੇਰ ਦਰਵਾਜ਼ਾ ਖੜਕਿਆ, ਉਹ ਸਾਵਧਾਨ ਹੋ ਗਈ, ਪੁੱਛਿਆ "ਵੇ, ਤੂੰ ਬਾਹਰ ਕੌਣ ਐਂ?"



ਤੁਰੰਤ ਜਾਣੀ ਪਛਾਣੀ ਅਵਾਜ਼ ਆਈ ਬੀਬੀ, ਸਰਬ ਲੋਹ।' ਭੱਜਕੇ ਕੁੰਡਾ ਖੋਲ੍ਹਿਆ, ਬਾਹਰ ਗ਼ਦਰੀ ਸੱਜਣ ਸਿੰਘ ਇੱਕ ਪਾਸੇ ਹਨ੍ਹੇਰੇ ਵਿੱਚ ਖੜਾ ਦਿਖਾਈ ਦਿੱਤਾ। ਉਸ ਨੇ ਸੱਜਣ ਨੂੰ ਘੁੱਟ ਕੇ ਜੱਫੀ ਵਿੱਚ ਲੈ ਕੇ ਪਿਆਰ ਕੀਤਾ। ਉਸ ਸਮੇਂ ਸੱਜਣ ਦੀ ਉਮਰ ਸੋਲਾਂ ਸਾਲ ਦੀ ਸੀ। ਬੀਬੀ ਦੇ ਮੂੰਹੋਂ ਅਚਨਚੇਤ ਨਿਕਲਿਆ "ਵਾਰੇ ਵਾਰੇ ਜਾਈਏ ਉਨ੍ਹਾਂ ਦੇਸ਼ ਭਗਤਾਂ ਦੇ ਤੇ ਉਨ੍ਹਾਂ ਨੂੰ ਜਨਮ ਦੇਣ ਵਾਲਿਆਂ ਦੇ ਜਿਨ੍ਹਾਂ ਆਪਣੇ ਆਪ ਨੂੰ ਛੋਟੀ ਜਿਹੀ ਉਮਰੇ ਦੇਸ਼ ਪਿਆਰ ਵਿੱਚ ਰੰਗ ਲਿਆ। ਆਪਣੀ ਭਾਰਤ ਮਾਂ ਨੂੰ ਸਾਮਰਾਜਵਾਦੀ ਗੋਰੀ ਸਰਕਾਰ ਦੀਆਂ ਬੇੜੀਆਂ ਤੋਂ ਮੁਕਤ ਕਰਵਾਉਣ ਲਈ ਸਿਰ ਤੇ ਕਫਨ ਬੰਨਕੇ ਚੱਲ ਪਏ।"

ਗ਼ਦਰੀ ਵਿਦੇਸ਼ੋਂ ਤੁਰਨ ਲੱਗੇ "ਕਰੋ ਜਾਂ ਮਰੋ" ਦੀਆਂ ਕਸਮਾਂ ਖਾ ਕੇ ਤੁਰੇ ਸਨ। ਜਿੰਨੀ ਦੇਰ ਦੇਸ਼ ਨੂੰ ਅਜ਼ਾਦ ਨਹੀਂ ਕਰਵਾ ਲੈਂਦੇ ਕਿਸੇ ਨੇ ਵੀ ਆਪੋ ਆਪਣੇ ਘਰੀਂ ਟਿਕ ਕਿ ਨਹੀਂ ਬੈਠਣਾ ਅਤੇ ਨਾ ਹੀ ਕਿਸੇ ਨੇ ਵਿਆਹ ਕਰਵਾਉਣਾ। ਉਹ ਥਾਂ-ਥਾਂ 'ਤੇ ਗੁਪਤ ਮੀਟਿੰਗਾਂ ਕਰਦੇ ਹੁੰਦੇ ਸਨ ਅਤੇ ਗ਼ਦਰ ਅਖ਼ਬਾਰ ਰਾਹੀਂ ਲੋਕਾਂ ਨੂੰ ਜਾਗ੍ਰਿਤ ਕਰਕੇ ਲਾਮਬੰਦ ਵੀ ਕਰਦੇ। ਬੀਬੀ ਗੁਲਾਬ ਕੌਰ ਨੂੰ ਜਿਸ ਕੰਮ ਦੀ ਜ਼ਿੰਮੇਵਾਰੀ ਲਗਾਈ ਜਾਂਦੀ ਸੀ ਉਹ ਉਸ ਕੰਮ ਨੂੰ ਨਿਪਟਾ ਕਿ ਹੀ ਸਾਹ ਲੈਂਦੀ ਸੀ। ਕਸਮਾਂ ਖਾਣ ਵੇਲੇ ਕਿਸੇ ਨੂੰ ਵੀ ਨਹੀਂ ਪਤਾ ਲੱਗਾ ਕਿ "ਆਸਤੀਨ ਵਿੱਚ ਸੱਪ' ਵੀ ਪਲ ਰਹੇ ਹਨ ਜਿਹੜੇ ਉਨ੍ਹਾਂ ਨਾਲ ਗੁਪਤ ਮੀਟਿੰਗਾਂ ਵਿੱਚ ਵੀ ਜਾਂਦੇ ਤੇ ਅੱਗੇ ਹੋਕੇ ਕੰਮ ਕਰਦੇ ਦਿਖਾਈ ਦਿੰਦੇ ਸਨ।

ਗੁਲਾਬ ਕੌਰ ਨੂੰ ਸੱਜਣ ਸਿੰਘ ਨਾਰੰਗਵਾਲ ਨੇ ਦੱਸਿਆ ਕਿ ਅੰਗਰਜ਼ਾਂ ਦੇ ਝੋਲੀ ਚੁੱਕ ਗੱਦਾਰ ਕ੍ਰਿਪਾਲ ਸਿੰਘ, ਜਿਹੜਾ ਹਰ ਵਕਤ ਗ਼ਦਰੀਆਂ ਵਿੱਚ ਬੈਠਿਆ ਰਹਿੰਦਾ ਤੇ ਸਾਰੀਆਂ ਮੀਟਿੰਗਾਂ ਵਿੱਚ ਵੀ ਮੂਹਰੇ ਹੁੰਦਾ ਸੀ, ਨੇ 21 ਫਰਵਰੀ ਵਾਲੀ ਸੂਹ ਅੰਗਰੇਜ਼ਾਂ ਨੂੰ ਦੇ ਦਿੱਤੀ ਸੀ। ਫੇਰ ਉਹ ਤਾਰੀਖ਼ ਬਦਲ ਕੇ ਹੋਰ ਰੱਖੀ ਗਈ ਸੀ ਪਰ ਉਸ ਦਾ ਭੇਦ ਵੀ ਕਿਸੇ ਨੇ ਦੇ ਦਿੱਤਾ ਸੀ। ਫੇਰੂ ਸ਼ਹਿਰ ਦੇ ਨੇੜੇ ਮਿਸ਼ਰੀ ਵਾਲੇ ਪੁਲ 'ਤੇ ਜਦੋਂ ਪੁਲਿਸ ਦੁਆਰਾ ਲਗਾਏ ਗਏ ਨਾਕੇ 'ਤੇ ਗ਼ਦਰੀਆਂ ਨਾਲ ਥੋੜ੍ਹੇ ਤਕਰਾਰ ਪਿੱਛੋਂ ਦੋਵੇਂ ਪਾਸਿਆਂ ਵਲੋਂ ਗੋਲੀਬਾਰੀ ਵਿੱਚ ਥਾਣੇਦਾਰ ਅਤੇ ਜ਼ੈਲਦਾਰ ਜੁਆਲਾ ਸਿੰਘ ਦੀ ਮੌਤ ਹੋ ਗਈ ਤਾਂ ਪੁਲਿਸ ਘਬਰਾ ਗਈ ਉਹ 22 ਗ਼ਦਰੀ ਸਾਥੀ ਸਨ ਜਿਨਾਂ ਵਿੱਚੋਂ ਕੁੱਝ ਤਾਂ ਲੋਕਾਂ ਦੀ ਭੀੜ ਵਿੱਚੋਂ ਭੱਜਣ ਵਿੱਚ ਕਾਮਯਾਬ ਹੋ ਗਏ ਅਤੇ ਬਾਕੀ ਸਾਥੀ ਨਾਲ ਲਗਦੀਆਂ ਝਾੜੀਆਂ ਵਿੱਚ ਛੁੱਪ ਕੇ ਪੁਲਿਸ ਦਾ ਮੁਕਾਬਲਾ ਕਰਨ ਲੱਗ ਪਏ।

ਆਖ਼ਰਕਾਰ ਪੁਲਿਸ ਨੇ ਝਾੜੀਆਂ ਨੂੰ ਅੱਗ ਲਗਾ ਦਿੱਤੀ ਅਤੇ ਚਾਰੇ ਪਾਸੇ ਘੇਰਾ ਪਾ ਕੇ ਗ਼ਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਕਿਉਂਕਿ ਗ਼ਦਰੀਆਂ ਕੋਲ ਗੋਲੀ ਸਿੱਕਾ ਖਤਮ ਹੋ ਚੁੱਕਾ ਸੀ। ਜਿਹੜੇ ਸਾਥੀ ਗ੍ਰਿਫ਼ਤਾਰ ਕੀਤੇ ਗਏ ਉਨ੍ਹਾਂ ਵਿੱਚ ਪੰਡਤ ਕਾਸ਼ੀ ਰਾਮ ਮੜੌਲੀ, ਰਹਿਮਤ ਅਲੀ, ਜੀਵਨ ਸਿੰਘ ਦੌਲਾ ਸਿੰਘ ਵਾਲਾ, ਲਾਲ ਸਿੰਘ ਸਾਹਿਬੇਆਣਾ, ਜਗਤ ਸਿੰਘ ਬਿੰਝਲ, ਬਖਸ਼ੀਸ਼ ਸਿੰਘ ਅਤੇ ਧਿਆਨ ਸਿੰਘ ਉਮਰਪੁਰਾ ਆਦਿ ਸ਼ਾਮਲ ਸਨ ਅਤੇ ਦੋ ਸਾਥੀ ਚੰਦਾ ਸਿੰਘ ਵੜੈਚ ਅਤੇ ਧਿਆਨ ਸਿੰਘ ਬੰਗਸੀਪੁਰਾ ਮੁਕਾਬਲੇ ਦੌਰਾਨ ਸ਼ਹੀਦ ਹੋ ਗਏ ਸਨ। ਫੜੇ ਗਏ ਸਾਥੀਆਂ ਵਿੱਚੋਂ ਸੱਤ

ਸਾਥੀਆਂ ਨੂੰ ਮੁਕੱਦਮਾ ਚਲਾਕੇ ਜੇਲ੍ਹ ਅੰਦਰ ਹੀ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਬੀਬੀ ਗੁਲਾਬ ਕੌਰ ਨੂੰ ਸਾਥੀਆਂ ਦਾ ਪਤਾ ਲੱਗਿਆ ਤਾਂ ਬਹੁਤ ਉਦਾਸ ਹੋ ਗਈ। ਗ਼ਮ ਅਤੇ ਸੋਚਾਂ ਵਿੱਚ ਡੁੱਬੀ ਮਨੋ-ਮਨ ਸੋਚਦੀ ਕਹਿੰਦੀ "ਵੀਰ ਜੀਵਨ ਸਿਆਂ ਤੁਰੇ ਤਾਂ ਆਪਾਂ ਇਕੱਠੇ ਹੀ ਸੀ ਪਰ ਤੂੰ ਤਾਂ ਮੇਰੇ ਨਾਲੋਂ ਬਹੁਤ ਅੱਗੇ ਲੰਘ ਗਿਐਂ।" ਬੀਬੀ ਗੁਲਾਬ ਕੌਰ ਜਦ ਵੀ ਕਿਸੇ ਸ਼ਹੀਦ ਹੋਏ ਗ਼ਦਰੀ ਬਾਰੇ ਸੁਣਦੀ ਤਾਂ ਬਹੁਤ ਉਦਾਸ ਹੁੰਦੀ ਅਤੇ ਲੰਬੇ ਲੰਬੇ ਹਾਓਕੇ ਲੈਂਦੀ ਉਨ੍ਹਾਂ ਨੂੰ ਯਾਦ ਕਰਦੀ ਰਹਿੰਦੀ ਸੀ।

ਸੱਜਣ ਸਿੰਘ ਕਾਹਲੀ ਨਾਲ ਗੁਲਾਬ ਕੌਰ ਕੋਲ ਆਇਆ। ਉਸ ਦਾ ਭੱਜਦੇ ਦਾ ਸਾਹ ਚੜ੍ਹਿਆ ਹੋਇਆ ਸੀ ਤੇ ਆਪ ਪਸੀਨੋ-ਪਸੀਨਾ ਹੋਇਆ ਸੀ। ਉਹ ਚੁੱਪ-ਚਾਪ ਆ ਕੇ ਮੰਜੇ ਤੇ ਬੈਠ ਗਿਆ। ਬੀਬੀ ਉਸਨੂੰ ਇਸ ਹਾਲਤ ਵਿੱਚ ਦੇਖਕੇ ਬਹੁਤ ਘਬਰਾਈ ਤੇ ਸੱਜਣ ਨੂੰ ਕਹਿਣ ਲੱਗੀ "ਵੇ ਸੱਜਣ, ਤੂੰ ਇੰਨਾ ਸਾਹ ਕਿਉਂ ਚੜ੍ਹਾਇਆ? ਦੇਖ, ਤੈਨੂੰ ਤਾਂ ਮੁੜ੍ਹਕਾ ਵੀ ਆ ਰਿਹਾ, ਕੀ ਗੱਲ ਵਾਪਰ ਗਈ ਆ? ਕੁੱਝ ਖਾ-ਪੀ ਕੇ ਵੀ ਆਇਐਂ ਕਿ ਨਹੀਂ ? ਮੈਂ ਹੁਣੇ ਤੇਰੇ ਲਈ ਪਰਾਂਉਂਠੇ ਦਿੰਦੀ ਆਂ, ਫੇਰ ਗੱਲ ਕਰਾਂਗੇ।" ਸੱਜਣ ਸਿੰਘ ਨੇ ਗੁਲਾਬ ਕੌਰ ਨੂੰ ਦੱਸਿਆ ਕਿ "ਬੀਬੀ, ਅੱਜ ਤੜਕੇ ਹੀ ਪੁਲਿਸ ਨੇ ਮੋਚੀ ਗੇਟ ਵਾਲੇ ਘਰ ਵਿੱਚ ਛਾਪਾ ਮਾਰਿਆ। ਉਥੇ ਮੀਟਿੰਗ ਚੱਲ ਰਹੀ ਸੀ ਅਤੇ ਸਾਰੇ ਇਕੱਠੇ ਹੋਏ ਗ਼ਦਰੀਆਂ ਨੂੰ ਉਨ੍ਹਾਂ ਨੇ ਫੜ ਲਿਆ। ਉਨ੍ਹਾਂ ਨੂੰ ਤਾਂ ਘਰ ਵਿੱਚ ਗ਼ਦਰ ਸੰਬੰਧੀ ਖਿਲਰੇ ਸਮਾਨ ਨੂੰ ਵੀ ਕਿਧਰੇ ਛੁਪਾਉਣ ਦਾ ਮੌਕਾ ਨਾ ਮਿਲਿਆ। ਪੁਲਿਸ ਨੇ ਉਹ ਵੀ ਜ਼ਬਤ ਕਰ ਲਿਆ। ਬੀਬੀ ਇਸ ਤਰ੍ਹਾਂ ਤਾਂ ਫੜੇ ਜਾਣ ਨਾਲ ਸੂਰਵੀਰਾਂ ਦੀਆਂ ਆਸਾਂ 'ਤੇ ਪਾਣੀ ਫਿਰ ਗਿਆ।"

ਸੱਜਣ ਸਿੰਘ ਤੋਂ ਗ਼ਦਰੀ ਸਾਥੀਆਂ ਦੇ ਫੜੇ ਜਾਣ ਦੀ ਖ਼ਬਰ ਸੁਣਨ ਕਾਰਣ ਬੀਬੀ ਨੂੰ ਬਹੁਤ ਸੱਟ ਵੱਜੀ। ਉਸਦੀਆਂ ਅੱਖਾਂ ਅੱਗੇ ਹਨ੍ਹੇਰਾ ਆਉਣ ਲੱਗਾ ਪ੍ਰੰਤੂ ਉਸ ਨੇ ਹੌਸਲਾ ਨਹੀਂ ਡੇਗਿਆ। ਉਹ ਪੁਲਿਸ ਤੋਂ ਸੱਜਣ ਸਿੰਘ ਨੂੰ ਬਚਾਉਣਾ ਚਾਹੁੰਦੀ ਸੀ ਇਸ ਲਈ ਉਸ ਨੇ ਸੱਜਣ ਸਿੰਘ ਨੂੰ ਆਪਣਾ ਸੂਟ ਪਵਾਇਆ ਅਤੇ ਉਸਦੇ ਵਾਲ ਪਿੱਛੇ ਨੂੰ ਕੰਘੀ ਕਰਕੇ ਗੁੱਤ ਕਰ ਦਿੱਤੀ ਸੀ। ਹਰ ਚੀਜ਼ ਜਿੱਥੇ ਪਈ ਸੀ ਉਥੇ ਹੀ ਛੱਡ ਕੇ ਉਸਨੂੰ ਆਪਣੇ ਨਾਲ ਲੈਕੇ ਕਾਹਲੀ ਨਾਲ ਸਟੇਸ਼ਨ ਵੱਲ ਤੁਰ ਪਈ। ਸਟੇਸ਼ਨ ਤੇ ਪਹੁੰਚ ਕਿ ਦੋ ਟਿਕਟਾਂ ਖਰੀਦੀਆਂ, ਆਪਣੀ ਤੇ ਸੱਜਣ ਸਿੰਘ ਲਈ ਜਿਸ ਨੇ ਜਨਾਨਾ ਸੂਟ ਪਹਿਨਿਆ ਹੋਇਆ ਸੀ-ਛੋਟੀ ਭੈਣ ਦੱਸਕੇ ਪੁਲਿਸ ਤੋਂ ਬਚਦੀ ਹੋਈ ਜਲੰਧਰ ਵੱਲ ਦੀ ਗੱਡੀ ਚੜ੍ਹ ਗਈ। ਲਹੌਰ ਤੇ ਅੰਮ੍ਰਿਤਸਰ ਹੁੰਦੀ ਹੋਈ ਗੱਡੀ ਜਲੰਧਰ ਸਟੇਸ਼ਨ 'ਤੇ ਪਹੁੰਚ ਕੇ ਰੁਕ ਗਈ। ਸਟੇਸ਼ਨ ਤੇ ਉੱਤਰ ਕੇ ਪਹਿਲਾਂ ਤਾਂ ਉਨ੍ਹਾਂ ਨੇ ਆਲੇ-ਦੁਆਲੇ ਦੇਖਿਆ ਫੇਰ ਗੁਲਾਬ ਕੌਰ ਤੇ ਸੱਜਣ ਸਿੰਘ ਇੱਕ ਦੂਜੇ ਨੂੰ ਇਸ ਤਰ੍ਹਾਂ ਦੇਖਣ ਲੱਗੇ ਜਿਵੇਂ ਸ਼ਾਇਦ ਫੇਰ ਮੇਲ ਹੋਣਾ ਸੰਭਵ ਨਾ ਹੋਵੇ ਅਤੇ ਦੇਖਦੇ ਦੇਖਦੇ ਦੋਹਾਂ ਦੀਆਂ ਅੱਖਾਂ ਭਰ ਆਈਆਂ ਸਨ। ਗੁਲਾਬ ਕੌਰ ਨੇ ਸੱਜਣ ਨੂੰ ਮੱਥਾ ਚੁੰਮ ਕਿ ਪਿਆਰ ਦਿੱਤਾ ਅਤੇ ਮੁੜ ਉਸੇ ਭੇਸ ਵਿੱਚ ਗੱਡੀ ਵਿੱਚ ਬਿਠਾ ਦਿੱਤਾ। ਉਨ੍ਹਾਂ ਦੋਹਾਂ ਦਾ ਸਾਥ ਜਲੰਧਰ ਤੱਕ ਦਾ ਹੀ ਸੀ।



"ਗੂੰਜ ਗ਼ਦਰੀ ਬਣਕੇ ਕੂੰਜ ਉਡ ਜਾ, ਹੋਕਾ ਗ਼ਦਰ ਦਾ ਫੇਰ ਜਹਾਨ ਅੰਦਰ" ਦੇ ਅਨੁਸਾਰ ਬੀਬੀ ਗੁਲਾਬ ਕੌਰ ਫੇਰ ਇੱਕ ਵਣਜਾਰਨ ਦਾ ਭੇਸ ਬਣਾਕੇ ਦੂਰ-ਦੁਰਾਡੇ ਦੇ ਪਿੰਡਾਂ ਵਿੱਚ ਆਪਣੇ ਅਗਲੇ ਮਿਸ਼ਨ ਲਈ ਵੰਗਾਂ ਵੇਚਣ ਤੁਰ ਪਈ।

ਆਪਣੇ ਇਸ ਦੂਰ ਦੁਰੇਡੇ ਦੇ ਸਫ਼ਰ ਕਰਦੀ ਪਿੰਡਾਂ ਵਿੱਚ ਚੂੜੀਆਂ ਵੇਚਦੀ ਬੀਬੀ ਗੁਲਾਬ ਕੌਰ ਇੱਕ ਦਿਨ ਜ਼ਿਲ੍ਹਾ ਜੇਹਲਮ, ਤਹਿਸੀਲ ਦਾਦਨ ਖਾਂ ਦੇ ਉਘੇ ਕਸਬੇ ਹਰਨਪੁਰ ਸੋਢੀਆਂ ਵਿੱਚ ਚਿੱਠੀ ਤੇ ਅਸਲਾ ਲੈ ਕੇ ਸੁਖਦੇਵ ਸਿੰਘ ਸੋਢੀ ਜਿਹੜਾ ਅੰਗਰੇਜ਼ਾਂ ਦਾ ਝੋਲੀ-ਚੁੱਕ ਸੀ, ਉਸਦੀ ਲੜਕੀ ਰਘਵੀਰ ਕੌਰ 'ਬੀਰੀ' ਕੋਲ ਪਹੁੰਚ ਗਈ। ਬੀਰੀ ਨੇ ਕਰਤਾਰ ਸਿੰਘ ਸਰਾਭਾ ਅਤੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਵਾਉਣ ਵਾਲੇ ਦੇਸ਼ ਦੇ ਗੱਦਾਰ ਰਸਾਲਦਾਰ ਗੰਡਾ ਸਿੰਘ ਨੂੰ ਪਿਆਰ ਕਰਦੀ ਸੀ ਚਿੱਠੀ ਫੜਾਉਂਦੇ ਬੀਬੀ ਨੇ ਕਰਤਾਰ ਸਿੰਘ ਸਰਾਭਾ ਦੀ ਗ੍ਰਿਫ਼ਤਾਰੀ ਬਾਰੇ ਵਿਸਥਾਰ ਨਾਲ ਦੱਸਿਆ।

ਬੀਬੀ ਤਾਂ ਆ ਗਈ ਪਰ 'ਬੀਰੀ' ਅੰਦਰ ਮਿਲਿਆ ਚਿੱਠੀ ਦੁਆਰਾ ਸੁਨੇਹਾ ਬਾਰ ਬਾਰ ਗੂੰਜਣ ਲੱਗਾ। ਬੀਰੀ ਨੇ ਭੱਲੋਵਾਲ ਦੇ ਚੱਕ ਨੰਬਰ ਪੰਜ ਵਿਖੇ ਜਾਲਮ ਰਸਾਲਦਾਰ ਗੰਡਾ ਸਿੰਘ ਨੂੰ ਗੋਲੀਆਂ ਨਾਲ ਭੁੰਨ ਸੁੱਟਿਆ ਅਤੇ ਬਾਅਦ ਵਿੱਚ ਆਪਣੇ ਗੋਲੀ ਮਾਰ ਲਈ ਅਤੇ ਉਥੇ ਹੀ ਸ਼ਹੀਦ ਹੋ ਗਈ। ਓਧਰ ਅੰਗਰੇਜ਼ ਸਰਕਾਰ ਵਲੋਂ ਬੀਬੀ ਦੀ ਗ੍ਰਿਫ਼ਤਾਰੀ ਦਾ ਇਨਾਮ ਰੱਖਿਆ ਹੋਇਆ ਸੀ। ਅੰਗਰੇਜ਼ ਪੁਲਿਸ ਨੇ ਦੇਸ਼ ਦੇ ਗੱਦਾਰ ਬੇਲਾ ਸਿੰਘ ਜਿਆਣ ਦੀ ਮੁਖਬਰੀ 'ਤੇ ਬੀਬੀ ਗੁਲਾਬ ਕੌਰ ਨੂੰ ਕੋਟਲਾ ਨੌਧ ਸਿੰਘ ਵਾਲਾ ਤੋਂ ਗ੍ਰਿਫ਼ਤਾਰ ਕਰ ਲਿਆ। ਡਿਫੈਂਸ ਆਫ ਇੰਡੀਆ ਦੇ ਨਜ਼ਰਬੰਦੀ ਕਾਨੂੰਨ ਤਹਿਤ ਬਿਨਾਂ ਮੁਕਦਮਾ ਚਲਾਏ ਲਾਹੌਰ ਦੇ ਸ਼ਾਹੀ ਕਿਲੇ ਵਿੱਚ ਬੰਦ ਕਰਕੇ ਸਖ਼ਤ ਤੋਂ ਸਖ਼ਤ ਤਸੀਹੇ ਦਿੱਤੇ ਗਏ। ਇਹ ਲਾਹੌਰ ਦਾ ਉਹ ਹੀ ਸ਼ਾਹੀ ਕਿਲਾ ਸੀ ਜਿੱਥੇ ਗ਼ਦਰੀਆਂ 'ਤੇ ਅਣਮਨੁੱਖੀ ਕਹਿਰ ਢਾਹਿਆ ਜਾਂਦਾ ਸੀ।

ਬੀਬੀ ਗੁਲਾਬ ਕੌਰ ਤੋਂ ਪਾਰਟੀ ਦੇ ਭੇਦ, ਟਿਕਾਣੇ, ਗ਼ਦਰੀਆਂ ਦੇ ਨਾਮ ਪਤੇ ਪੁੱਛਣ 'ਤੇ ਅੱਗੋਂ ਬੀਬੀ ਕੁੱਝ ਵੀ ਨਾ ਮੂੰਹੋਂ ਬੋਲਦੀ ਬੱਸ ਇੱਕ ਹੀ ਚੁੱਪ ਵੱਟ ਲਈ। ਉਹ ਆਪਣੇ ਤਨ ਉੱਪਰ ਹੁੰਦੇ ਤਸੀਹੇ ਤੇ ਤਸੀਹੇ ਸਹਿੰਦੀ ਗਈ ਪਰ ਉਸ ਨੇ ਆਪਣਾ ਮੂੰਹ ਬੰਦ ਰੱਖਿਆ ਤੇ ਜ਼ਾਲਮਾਂ ਦੇ ਪੱਲੇ ਕੁੱਝ ਵੀ ਨਹੀਂ ਪੈਣ ਦਿੱਤਾ। ਉਸ ਦੇ ਅਜਿਹੇ ਵਰਤਾਓ ਤੇ ਜ਼ਾਲਮ ਅੰਗਰੇਜ਼ ਬੌਖਲਾ ਗਿਆ। ਬੀਬੀ ਕੋਲੋਂ ਭੇਦ ਕੱਢਣ ਲਈ ਜੇਲ੍ਹ ਦੇ ਨੰਬਰਦਾਰ ਵਲੀ ਖਾਨ ਦੀ ਡਿਊਟੀ ਲੱਗ ਗਈ। ਉਸਨੇ ਅੱਗੋਂ ਆਪਣੇ ਵਰਗੀ ਹੀ ਇੱਕ ਜ਼ਾਲਮ ਨੰਬਦਾਰਨੀ ਨੂਰਾਂ ਨੂੰ ਚਾਰ ਹੋਰ ਕੈਦੀ ਔਰਤਾਂ ਦੀ ਮਦਦ ਨਾਲ ਗੁਲਾਬ ਕੌਰ ਉਤੇ ਸਖ਼ਤੀ ਕਰਕੇ ਸਾਰੇ ਭੇਦ ਲੈਣ ਲਈ ਭੇਜ ਦਿੱਤਾ ਸੀ। ਸਭ ਤੋਂ ਪਹਿਲਾਂ ਬੀਬੀ ਦੇ ਹੱਥ ਦੇ ਕੜੇ ਤਾਂ ਵਲੀ ਖਾਨ ਨੇ ਪਹਿਲੀ ਹੀ ਰਾਤ ਜਬਰਦਸਤੀ ਲਾਹ ਕੇ ਸੁੱਟ ਦਿੱਤੇ ਸਨ। ਫੇਰ ਉਸ ਨੰਬਰਦਾਰਨੀ ਨੇ ਉਨ੍ਹਾਂ ਚਾਰ ਕੈਦੀ ਔਰਤਾਂ ਦੀ ਮਦਦ ਨਾਲ ਬੀਬੀ ਨੂੰ ਕੋਠੜੀ ਵਿੱਚ ਵਾੜ ਕਿ ਉਸਦੇ ਕੱਪੜੇ ਉਤਾਰੇ ਅਤੇ ਉਸਨੂੰ ਫਰਸ਼ 'ਤੇ ਸੁੱਟ ਲਿਆ। ਗੁਲਾਬ ਕੌਰ ਨੇ ਉਫ਼ ਨਾ ਕੀਤੀ ਸਗੋਂ ਆਪਣੀਆਂ ਅੱਖਾਂ ਬੰਦ ਕਰਕੇ ਆਪਣੇ ਗ਼ਦਰੀ ਇਕਰਾਰ ਦੇਸ਼ ਲਈ ਮਰ-ਮਿਟਣ ਦੇ ਵਿਸ਼ਵਾਸ਼ ਨੂੰ ਹੋਰ ਵੀ ਪੱਕਾ ਕਰਨ ਲੱਗ ਪਈ ਸੀ। ਦੋ ਔਰਤਾਂ ਬੀਬੀ ਦੀਆਂ ਲੱਤਾਂ ਬਾਹਾਂ 'ਤੇ ਚੜ੍ਹ

ਗਈਆਂ ਅਤੇ ਦੋ ਨੇ ਉਸਨੂੰ ਫੜਕੇ ਰੱਖਿਆ। ਬੇਰਹਿਮ, ਜ਼ਾਲਮ, ਬੁੱਚੜ ਨੰਬਰਦਾਰਨੀ ਬੀਬੀ ਦੀ ਛਾਤੀ ਤੇ ਪੇਟ ਉੱਪਰ ਚੜ੍ਹ ਗਈ। ਉਸ ਨੇ ਬੀਬੀ ਦੇ ਪੇਟ, ਛਾਤੀ ਅਤੇ ਵੱਖੀਆਂ ਵਿੱਚ ਲੱਤਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਠੁੱਡੇ ਮਾਰ ਮਾਰ ਕੇ ਉਸਨੇ ਇੰਨੀਆਂ ਸੱਟਾਂ ਮਾਰੀਆਂ ਕਿ ਆਖ਼ਰਕਾਰ ਬੀਬੀ ਦੇ ਅੰਦਰੋਂ ਖ਼ੂਨ ਵਹਿਣ ਲੱਗ ਗਿਆ। ਬੀਬੀ ਜ਼ੁਲਮ ਸਹਾਰਦੀ ਗਈ ਪਰ ਪੰਜਾਬ ਦੀ ਉਸ ਸ਼ੇਰਨੀ ਨੇ ਸੀ ਤੱਕ ਨਹੀਂ ਵੱਟੀ ਅਤੇ ਨਾ ਹੀ ਕੁੱਝ ਮੂੰਹੋਂ ਬੋਲੀ। ਅੰਤ ਨੂੰ ਉਹ ਬੇਹੋਸ਼ ਹੋ ਗਈ ਅਤੇ ਹਾਲਤ ਐਨੀ ਬਿਗੜ ਗਈ ਕਿ ਬੀਬੀ ਨੂੰ ਖ਼ੂਨ ਦੀਆਂ ਉਲਟੀਆਂ ਆਉਣੀਆਂ ਵੀ ਸ਼ੁਰੂ ਹੋ ਗਈਆਂ ਸਨ। ਬੀਬੀ ਦੀ ਬਿਗੜਦੀ ਜਾ ਰਹੀ ਹਾਲਤ ਤੋਂ ਘਬਰਾ ਕੇ ਨੰਬਰਦਾਰਨੀ ਨੇ ਬੀਬੀ ਦੇ ਕਪੜੇ ਪੁਆਕੇ, ਉਸਨੂੰ ਉਵੇਂ ਹੀ ਬੇਹੋਸ਼ ਪਈ ਛੱਡਕੇ ਆਪ ਉਥੋਂ ਚਲੀ ਗਈ।

ਇਸ ਬਾਰੇ ਜਦੋਂ ਜੇਲ੍ਹਰ ਨੂੰ ਪਤਾ ਲੱਗਿਆ ਤਾਂ ਉਸ ਨੂੰ ਹੱਥ-ਪੈਰਾਂ ਦੀ ਪੈ ਗਈ ਸੀ। ਹਾਲੇ ਤੱਕ ਬੀਬੀ ਕੋਲੋਂ ਕੋਈ ਭੇਦ ਵੀ ਤਾਂ ਨਹੀਂ ਸੀ ਮਿਲਿਆ ਅਤੇ ਨਾ ਹੀ ਕਿਸੇ ਅਜਿਹੇ ਗੁਨਾਹ ਦੀ ਕੋਈ ਸ਼ਿਕਾਇਤ ਹੀ ਆਈ ਸੀ ਜਿਸ ਲਈ ਉਸਨੂੰ ਤਸੀਹੇ ਦਿੱਤੇ ਜਾਂਦੇ। ਉਸਨੇ ਹਾਲਾਤ 'ਤੇ ਕਾਬੂ ਪਾਉਣ ਲਈ ਤੁਰੰਤ ਡਾਕਟਰ ਬੁਲਾ ਕੇ ਬੀਬੀ ਨੂੰ ਉਸ ਦੇ ਹਵਾਲੇ ਕੀਤਾ ਅਤੇ ਉਸਦਾ ਚੈਕਅੱਪ ਕਰਵਾਇਆ। ਬੀਬੀ ਦੀ ਹਾਲਤ ਮਾਰ-ਮਾਰ ਕੇ ਬਹੁਤ ਮਾੜੀ ਕਰ ਦਿੱਤੀ ਗਈ ਸੀ, ਉਸਨੂੰ ਤੁਰੰਤ ਹਸਪਤਾਲ ਦਾਖਲ ਕਰਵਾਇਆ ਗਿਆ। ਹਸਪਤਾਲ ਵਿੱਚ ਗੁਲਾਬ ਕੌਰ ਦਾ ਖ਼ੂਨ ਵਹਿਣਾ ਬੰਦ ਨਹੀਂ ਸੀ ਹੋ ਰਿਹਾ ਅਤੇ ਹਾਲਤ ਬਿਗੜਦੀ ਹੀ ਜਾ ਰਹੀ ਸੀ ਜਿਸ ਨੂੰ ਦੇਖਕੇ ਅੰਗਰੇਜ਼ ਜੇਲ੍ਹਰ ਹੋਰ ਵੀ ਘਬਰਾ ਗਿਆ। ਉਸਨੇ ਗੁੱਸੇ ਨਾਲ ਲੋਹਾ ਲਾਖਾ ਹੋਏ ਨੇ ਨੰਬਰਦਾਰਨੀ ਨੂਰਾਂ ਨੂੰ ਬੁਲਾਇਆ ਤੇ ਬਿਨਾਂ ਕਿਸੇ ਦੇ ਹੁਕਮ ਤੋਂ ਗੁਲਾਬ ਕੌਰ ਤੇ ਏਨਾ ਤਸ਼ੱਦਦ ਕਰਨ ਬਾਰੇ ਪੁੱਛਿਆ। ਨੂਰਾਂ ਨੇ ਜਦੋਂ ਉਸਨੂੰ ਦੱਸਿਆ ਕਿ ਸਾਰੀ ਮਾਰ ਕੁਟਾਈ ਨੰਬਰਦਾਰ ਵਲੀ ਖਾਨ ਦੇ ਕਹਿਣ ਤੇ ਕੀਤੀ ਗਈ ਆ ਤਾਂ ਹੋਰ ਵੀ ਮੁਸ਼ਕਲ ਆ ਗਈ ਕਿਉਂਕਿ ਗ਼ਦਰੀ ਗੁਲਾਬ ਕੌਰ ਤੇ ਅਜਿਹੇ ਤਸ਼ੱਦਦ ਕਰਨ ਦਾ ਕੋਈ ਹੁਕਮ ਨਹੀਂ ਦਿੱਤਾ ਗਿਆ ਸੀ।

ਵਲੀ ਖਾਨ ਮੁੱਕਰ ਗਿਆ ਤੇ ਸਾਰੀ ਗੱਲ ਉਲਟਾ ਨੂਰਾਂ ਤੇ ਹੀ ਪਾ ਦਿੱਤੀ। ਨੂਰਾਂ ਨੂੰ ਬੀਬੀ ਉੱਪਰ ਕੀਤੇ ਜ਼ੁਲਮ ਬਾਰੇ ਸੋਚ ਸੋਚ ਕੇ ਆਪਣੀ ਕਰਨੀ 'ਤੇ ਪਛਤਾਵਾ ਹੋਣ ਲੱਗਿਆ। ਕੁੱਝ ਦਿਨ ਹਸਪਤਾਲ ਇਲਾਜ ਕਰਵਾਉਣ ਪਿੱਛੋਂ ਜਦੋਂ ਬੀਬੀ ਦੀ ਹਾਲਤ ਕੁੱਝ ਠੀਕ ਹੋ ਗਈ ਤਾਂ ਉਹ ਮੁੜ ਜੇਲ੍ਹ ਵਿੱਚ ਲਿਆਂਦੀ ਗਈ। ਪਹਿਲਾਂ ਤਾਂ ਨੂਰਾਂ ਗੁਲਾਬੋ ਨੂੰ ਦੂਰੋਂ ਹੀ ਖੜੀ ਦੇਖਦੀ ਰਹੀ ਫੇਰ ਸ਼ਰਮਿੰਦਗੀ ਮਹਿਸੂਸ ਕਰਦੇ ਉਸਨੇ ਬੀਬੀ ਕੋਲ ਜਾ ਕੇ ਆਪਣੀ ਕਰਨੀ ਦੀ ਉਸ ਤੋਂ ਮੁਆਫ਼ੀ ਮੰਗੀ। ਗ਼ਦਰੀ ਭੈਣ ਤਾਂ ਬਹੁਤ ਮਹਾਨ ਸੀ, ਉਹ ਇਸ ਸਮੇਂ ਦੌਰਾਨ ਜਾਣ ਗਈ ਸੀ ਕਿ ਨੂਰਾਂ ਨੂੰ ਵੀ ਆਪਣੇ ਭਰਾ ਨੂੰ ਫੌਜ ਵਿੱਚ ਭਰਤੀ ਕਰਨ ਦੇ ਵਿਰੋਧ ਵਿੱਚ ਫੜਿਆ ਗਿਆ ਸੀ ਤੇ ਸਖ਼ਤ ਸਜਾ ਮਿਲੀ ਸੀ। ਗੁਲਾਬ ਕੌਰ ਨੇ ਨੂਰਾਂ ਨੂੰ ਗਲੇ ਲਗਾ ਕੇ ਕਿਹਾ ਕਿ "ਨੂਰਾਂ ਤੇਰੀ ਮੇਰੀ ਲੜਾਈ ਤਾਂ ਇੱਕੋ ਹੀ ਆ" ਇਸ ਤੇ ਉਹ ਫੁੱਟ ਫੁੱਟ ਕੇ ਰੋਣ ਲੱਗੀ। ਉਸ ਪਿੱਛੋਂ ਦੋਵਾਂ ਵਿੱਚ ਕੋਈ ਮਨ-ਮੁਟਾਵ ਨਾ ਰਿਹਾ ਅਤੇ ਨੂਰਾਂ ਚੋਰੀ ਛਿੱਪੇ ਬੀਬੀ ਨੂੰ ਨਹਾਉਣ ਲਈ ਗਰਮ ਪਾਣੀ ਤੇ ਤੇਲ ਦੇਣ ਲੱਗੀ ਜਿਹੜਾ ਕਿ ਪਹਿਲਾਂ



ਵਲੀ ਖਾਨ ਵਲੋਂ ਵਰਜਿਤ ਸੀ। ਗੁਲਾਬ ਕੌਰ ਦਾ ਆਪਣੇ ਦੇਸ਼ ਲਈ ਇਹ ਅਥਾਹ ਪਿਆਰ, ਆਜ਼ਾਦੀ ਲਈ ਦ੍ਰਿੜ ਨਿਸ਼ਚਾ ਤੇ ਸਮਰਪਣ ਹੀ ਸੀ ਕਿ ਉਹ ਇੰਨੇ ਦੁੱਖ ਦਰਦ ਸਹਿੰਦੀ ਚਲੀ ਆਈ ਸੀ।

ਇਹ ਉਦੋਂ ਦੀ ਗੱਲ ਹੈ ਜਦੋਂ ਜੱਲ੍ਹਿਆਂ ਵਾਲੇ ਬਾਗ਼ ਅੰਦਰ ਨਿਹੱਥੇ ਲੋਕਾਂ ਉੱਪਰ ਜ਼ਾਲਮ ਓਡਵਾਇਰ ਵਲੋਂ ਗੋਲੀਆਂ ਚਲਾ ਕੇ ਅਣਗਿਣਤ ਲੋਕਾਂ ਨੂੰ ਸ਼ਹੀਦ ਕੀਤਾ ਜਾ ਰਿਹਾ ਸੀ। ਬੀਬੀ ਤੋਂ ਕਿਸੇ ਵੀ ਕਿਸਮ ਦਾ ਕੋਈ ਸੁਰਾਗ ਨਾ ਮਿਲਿਆ। ਅਤੇ ਨਾ ਹੀ ਬੀਬੀ ਖਿਲਾਫ਼ ਕੋਈ ਦੋਸ਼ ਸਾਬਤ ਹੋਇਆ, ਨਾ ਹੀ ਕੋਈ ਬੀਬੀ ਖਿਲਾਫ਼ ਕੋਈ ਸਬੂਤ ਹੀ ਮਿਲਿਆ। ਬੰਗਾਲ ਰੈਗੂਲੇਸ਼ਨ ਐਕਟ ਦੇ ਤਹਿਤ ਢਾਈ ਤਿੰਨ ਸਾਲਾਂ ਬਾਅਦ ਬੀਬੀ ਨੂੰ ਰਿਹਾਅ ਕੀਤਾ ਗਿਆ ਸੀ। ਇਥੋਂ ਰਿਹਾਅ ਹੋਣ ਪਿੱਛੋਂ ਬੀਬੀ ਸਿੱਧੀ ਕੋਟਲਾ ਨੌਧ ਸਿੰਘ ਵਾਲਾ ਵਿਖੇ ਅਮਰ ਸਿੰਘ ਦੇ ਘਰ ਪਹੁੰਚ ਗਈ ਸੀ। ਜੇਲ੍ਹ ਵਿੱਚ ਦਿੱਤੇ ਗਏ ਅਣਮਨੁੱਖੀ ਤਸੀਹਿਆਂ ਕਾਰਨ ਬੀਬੀ ਬਹੁਤ ਕਮਜ਼ੋਰ ਹੋ ਚੁੱਕੀ ਸੀ। ਉਸ ਨੂੰ ਸਭ ਤੋਂ ਵੱਧ ਗ਼ਮ ਤੇ ਝੋਰਾ ਗ਼ਦਰੀ ਸਾਥੀਆਂ ਦੇ ਵਿਛੋੜੇ ਦਾ ਸੀ। ਬੀਬੀ ਹੁਣ ਜ਼ਿਆਦਾ ਸੋਚਦੀ ਤੇ ਪਿਛਲੇ ਖਿਆਲਾਂ ਵਿੱਚ ਡੁੱਬੀ ਰਹਿੰਦੀ ਸੀ। ਉਸ ਦਾ ਖਾਣਾ-ਪੀਣਾ ਵੀ ਬਹੁਤ ਘੱਟ ਹੋ ਗਿਆ ਸੀ। ਦਿਨੋ-ਦਿਨ ਉਸ ਦਾ ਰੰਗ ਵੀ ਪੀਲਾ ਪੈਂਦਾ ਜਾ ਰਿਹਾ ਸੀ।

ਜਦੋਂ ਦੀ ਬੀਬੀ ਜੇਲ੍ਹ ਤੋਂ ਰਿਹਾ ਹੋਕੇ ਆਈ ਸੀ, ਦਿਨ-ਬਦਿਨ ਉਸਦੀ ਸਰੀਰਕ ਹਾਲਤ ਨਿੱਘਰਦੀ ਹੀ ਜਾ ਰਹੀ ਸੀ। ਉਸਨੂੰ ਨਾ ਭੁੱਖ ਲਗਦੀ ਤੇ ਨਾ ਹੀ ਕੁੱਝ ਖਾਂਦੀ ਸੀ। ਇਕ ਦਿਨ ਬੱਬਰ ਅਕਾਲੀ ਕਰਮ ਸਿੰਘ ਦੌਲਤ ਪੁਰੀਆ, ਅਮਰ ਸਿੰਘ ਨਾਲ ਬੀਬੀ ਗੁਲਾਬ ਕੌਰ ਨੂੰ ਮਿਲਣ ਲਈ ਆਇਆ। ਉਹ ਬੀਬੀ ਨੂੰ ਮਿਲਕੇ ਬਹੁਤ ਖੁਸ਼ ਹੋਇਆ ਤੇ ਕਹਿਣ ਲੱਗਾ ਕਿ "ਬੀਬੀ ਭੈਣ ਤੂੰ ਗਦਰੀਆਂ ਦੀ ਭੈਣ ਐਂ। ਮੈਂ ਤੇਰਾ ਦੇਸ਼ ਪ੍ਰਤੀ ਸਿਦਕ, ਪਿਆਰ ਅਚੇ ਅਣਥੱਕ ਮਿਹਨਤ ਤੋਂ ਬਹੁਤ ਪ੍ਰਭਾਵਿਤ ਹਾਂ। ਬੀਬੀ ਤੇਰੇ ਅੱਗੇ ਮੇਰੇ ਬਾਰ ਬਾਰ ਸਿਰ ਨਿਵਾਣ ਨੂੰ ਦਿਲ ਕਰਦਾ ਹੈ। ਮੈਨੂੰ ਤੂੰ ਅਸ਼ੀਰਬਾਦ ਦੇ ਤਾਂ ਕਿ ਮੈਂ ਵੀ ਹੱਸ ਕੇ ਦੇਸ਼ ਕੌਮ ਲਈ ਸ਼ਹੀਦੀ ਪਾ ਜਾਵਾਂ।" ਅੱਗੋਂ ਬੀਬੀ ਨੇ ਕਿਹਾ ਕਿ "ਵੀਰਾ ਕਰਮ ਸਿਆਂ, ਮੈਂ ਗ਼ਦਰੀ ਵੀਰਾਂ ਦੀ ਭੈਣ ਹਾਂ ਤੇ ਬਬਰਾਂ ਦੀ ਵੀ ਭੈਣ ਹਾਂ। ਮੇਰੇ ਗ਼ਦਰੀ ਤੇ ਬੱਬਰ ਅਕਾਲੀ ਵਾਂਗ ਤੂੰ ਆਪਣੇ ਮਿਸ਼ਨ ਵਿੱਚ ਸਫ਼ਲ ਹੋ ਤੇ ਜੁੱਗ ਜੁੱਗ ਜਿਉਂਦਾ ਰਹੇਂ। ਦੇਸ਼ ਅਜ਼ਾਦ ਹੋਵੇ ਤੇ ਦੁਸ਼ਮਨਾਂ ਦਾ ਨਾਸ਼ ਹੋਵੇ।" ਇਹ ਭਾਵਨਾ, ਇਹ ਸਿਦਕ ਪੰਜਾਬ ਦੀ ਸ਼ੇਰਨੀ ਗ਼ਦਰੀ ਗੁਲਾਬ ਕੌਰ ਦੇ ਅੰਦਰ ਕੁੱਟ ਕੁੱਟਕੇ ਭਰਿਆ ਹੋਇਆ ਸੀ। ਉਸਦਾ ਹਰ ਸਾਹ, ਹਰ ਕਰਮ ਆਪਣੇ ਦੇਸ਼ ਲਈ ਸੀ, ਜਿਉਣਾ ਦੇਸ਼ ਲਈ ਤੇ ਮਰਨਾ ਦੇਸ਼ ਲਈ ਸੀ। ਪੁਲਿਸ ਤਸ਼ੱਦਦ ਕਾਰਨ ਲੱਗੀਆਂ ਅੰਦਰੂਨੀ ਸੱਟਾਂ ਤੰਗ ਕਰ ਰਹੀਆਂ ਸਨ। ਛਾਤੀ ਉਤੇ ਮਾਰੇ ਅਨੇਕਾਂ ਲੱਤਾਂ-ਪੈਰਾਂ ਦੇ ਠੁੱਡਿਆਂ ਕਾਰਨ ਅੰਦਰ ਹੀ ਅੰਦਰ ਜੜ੍ਹਾਂ ਵਾਲਾ ਫੋੜਾ (ਮੁਗਲਈ ਫੋੜਾ) ਬਣ ਗਿਆ ਸੀ। ਆਪਣੇ ਸਭ ਤੋਂ ਵੱਡੇ ਮਿਸ਼ਨ-ਦੇਸ਼ ਨੂੰ ਆਜ਼ਾਦ ਕਰਵਾਉਣ ਦੇ ਸਾਹਮਣੇ ਬੀਬੀ ਨੇ ਕਦੇ ਵੀ ਆਪਣੀ ਸਿਹਤ ਦੀ ਪਰਵਾਹ ਨਾ ਕਰਕੇ ਚੁੱਪ-ਚਾਪ ਆਪਣੇ ਦਰਦ ਨੂੰ ਸਹਾਰਦੀ ਰਹੀ। ਧੰਨ ਸੀ ਪਿੰਡ ਬਖਸ਼ੀਵਾਲ ਦੀ ਧਰਤੀ ਤੇ ਧੰਨ ਸੀ ਉਸਦੇ ਮਾਪੇ ਜਿਨ੍ਹਾਂ ਦੀ ਕੁੱਖੋਂ ਬੀਬੀ ਗੁਲਾਬ ਕੌਰ ਵਰਗੀ ਧੀ ਪੈਦਾ ਹੋਈ ਸੀ। ਜਿਸ ਨੇ ਆਪਣੇ

ਦੇਸ਼ ਨੂੰ ਆਪਣੀ ਮਿੱਟੀ ਨੂੰ ਅਤੇ ਆਪਣੇ ਦੇਸ਼ ਦੇ ਲੋਕਾਂ ਨੂੰ ਲਾਮਿਸਾਲ ਪਿਆਰ ਕੀਤਾ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਬਣ ਗਈ।

ਬੀਬੀ ਦੀ ਖਰਾਬ ਹੁੰਦੀ ਸਿਹਤ ਨੂੰ ਦੇਖਕੇ ਅਮਰ ਸਿੰਘ ਨੂੰ ਚਿੰਤਾ ਹੋਣ ਲੱਗੀ ਸੀ। ਉਸਨੂੰ ਕਿਸੇ ਨੇ ਦੱਸ ਪਾਈ ਸੀ ਕਿ ਹੁਸ਼ਿਆਰਪੁਰ ਇੱਕ ਹਕੀਮ ਦੂਨੀ ਚੰਦ ਆ। ਉਹ ਦੇਸੀ ਇਲਾਜ ਕਰਦੈ, ਇਸਨੂੰ ਉਥੇ ਲੈਕੇ ਜਾਵੋ। ਅਮਰ ਸਿੰਘ ਆਪਣੀ ਭੈਣ ਗੁਲਾਬ ਕੌਰ ਨੂੰ ਤੁਰੰਤ ਹੀ ਘੋੜੀ 'ਤੇ ਬੈਠਾਕੇ ਹੁਸ਼ਿਆਰਪੁਰ ਨੂੰ ਚਲ ਪਿਆ। ਰਸਤੇ ਵਿੱਚ ਕਦੇ ਬੀਬੀ ਘੋੜੀ ਤੋਂ ਉਤਰ ਕਿ ਪੈਦਲ ਚੱਲਦੀ ਕਦੇ ਮੁੜ ਘੋੜੀ ਤੇ ਬੈਠ ਜਾਂਦੀ ਅਤੇ ਅਮਰ ਸਿੰਘ ਤਾਂ ਸਾਰੇ ਰਸਤੇ ਘੋੜੀ ਦੀ ਲਗਾਮ ਫੜ ਕੇ ਪੈਦਲ ਹੀ ਗਿਆ ਸੀ। ਦੂਨੀ ਚੰਦ ਨੂੰ ਦੇਖ ਕੇ, ਉਸਦੀ ਆਵਾਜ਼ ਸੁਣ ਕੇ, ਕੁੱਝ ਜਾਣੀ-ਪਛਾਣੀ ਲੱਗਣ ਤੇ ਭੈਣ-ਭਾਈ ਦੋਵੇਂ ਹੀ ਪਛਾਨਣ ਦੀ ਕੋਸ਼ਿਸ਼ ਕਰ ਰਹੇ ਸਨ ਪਰ ਯਾਦ ਕੁੱਝ ਨਹੀਂ ਸੀ ਆ ਰਿਹਾ। ਬਿਮਾਰੀ ਲਾ-ਇਲਾਜ ਸੀ ਇਹ ਦੂਨੀ ਚੰਦ ਵੀ ਸਮਝ ਗਿਆ ਸੀ। ਉਸਦੀ ਹਾਲਤ ਨੂੰ ਸਮਝਦੇ ਹੋਏ ਦਵਾਈ ਦੇਣ ਲੱਗਿਆਂ ਦੂਨੀ ਚੰਦ ਨੇ ਕਿਹਾ "ਲੈ ਬੀਬੀ ਭੈਣ ਦਵਾਈ ਦੋ ਵਕਤ ਸਵੇਰੇ-ਸ਼ਾਮ ਨੂੰ ਦੁੱਧ ਨਾਲ ਲੈਣੀ ਆ। ਕਿਸੇ ਵੀ ਕਿਸਮ ਦੀ ਕੋਈ ਚਿੰਤਾ ਨਹੀਂ ਕਰਨੀ। ਆਪਣੀ ਖ਼ੁਰਾਕ ਦਾ ਵੀ ਧਿਆਨ ਕਰਨੈ ਅਤੇ ਪੂਰਾ ਅਰਾਮ ਵੀ ਕਰਨੈ। ਬੀਬੀ, ਤੂੰ ਬਹੁਤ ਛੇਤੀ ਠੀਕ ਹੋ ਜਾਵੇਂਗੀ।"

ਦਵਾਈ ਲੈਣ ਪਿੱਛੋਂ ਅਮਰ ਸਿੰਘ ਤੇ ਗੁਲਾਬ ਕੌਰ ਉਠਕੇ ਤੁਰਨ ਹੀ ਲੱਗੇ ਸਨ ਕਿ ਪਿੱਛੋਂ ਹਕੀਮ ਦੇ ਚੇਲੇ ਨੇ ਅੰਦਰੋਂ ਹੀ ਆਵਾਜ਼ ਮਾਰਕੇ ਉਨ੍ਹਾਂ ਨੂੰ ਜਾਣ ਤੋਂ ਰੋਕ ਲਿਆ। ਇਹ ਵੈਦ ਦੂਨੀ ਚੰਦ ਅਸਲ ਵਿੱਚ ਗ਼ਦਰੀ ਧਰਮ ਸਿੰਘ ਸੀ ਅਤੇ ਚੇਲਾ ਗ਼ਦਰੀ ਕਰਨ ਸਿੰਘ ਸੀ। ਦੂਨੀ ਚੰਦ ਤੇ ਚੇਲਾ ਦੋਵੇਂ ਹੀ ਅਮਰ ਸਿੰਘ ਤੇ ਗੁਲਾਬ ਕੌਰ ਨੂੰ ਦੇਖ ਦੇਖ ਖੁਸ਼ ਹੋ ਰਹੇ ਸਨ ਪਰ ਦੱਸ ਕੁੱਝ ਵੀ ਨਹੀਂ ਰਹੇ ਸੀ। ਅਮਰ ਸਿੰਘ ਦੇ ਕਹਿਣ ਤੇ "ਹਕੀਮ ਜੀ ਤੁਸੀਂ ਹੱਸਦੇ ਕਿਉਂ ਹੋ ? ਕੀ ਤੁਸੀਂ ਬੀਬੀ ਨੂੰ ਜਾਣਦੇ ਹੋ?" ਦੂਨੀ ਚੰਦ ਨੇ ਆਲਾ-ਦੁਆਲਾ ਦੇਖਿਆ ਤੇ ਕਹਿਣ ਲੱਗਾ ਭਲਾ ਜਾਣਦੇ ਕਿਉਂ ਨਹੀਂ ਇਹ ਤਾਂ ਸਾਡੀ ਭੈਣ ਆਂ। ਸਾਡੀ ਹੀ ਨਹੀਂ ਬਲਕਿ ਸਭ ਗ਼ਦਰੀਆਂ ਦੀ ਭੈਣ ਆ। ਕਿਉਂ ਭੈਣ ਗੁਲਾਬੋ, ਹੈਂ ਨਾ?" ਹੁਣ ਅਮਰ ਸਿੰਘ ਤੇ ਗੁਲਾਬ ਕੌਰ ਉਨ੍ਹਾਂ ਦੋਵਾਂ ਨੂੰ ਪਹਿਚਾਣ ਗਏ ਸਨ। ਧਰਮ ਸਿੰਘ, ਕਰਮ ਸਿੰਘ, ਅਮਰ ਸਿੰਘ ਤੇ ਗੁਲਾਬ ਕੌਰ ਮਿਲਕੇ ਬਹੁਤ ਖੁਸ਼ ਹੋਏ। ਜੇਲ੍ਹ ਤੋਂ ਵਾਪਸ ਆਉਣ ਤੇ ਕਈ ਮਹੀਨੇ ਗੁਜ਼ਰਨ ਪਿੱਛੋਂ ਉਸ ਦਿਨ ਬੀਬੀ ਨੂੰ ਹੱਸਦੀ ਦੇਖ ਕੇ ਅਮਰ ਸਿੰਘ ਬਹੁਤ ਖੁਸ਼ ਹੋਇਆ। ਬੀਬੀ ਪਹਿਲਾਂ ਨਾਲੋਂ ਕਾਫ਼ੀ ਠੀਕ ਹੋ ਗਈ ਸੀ। ਧਰਮ ਸਿੰਘ ਤੇ ਕਰਮ ਸਿੰਘ ਆਪਣਾ ਭੇਸ ਬਦਲ ਕੇ ਦਵਾਈ-ਬੂਟੀ ਦਾ ਕੰਮ ਵੀ ਕਰਦੇ ਸਨ ਪ੍ਰੰਤੂ ਅਸਲ ਵਿੱਚ ਇਸ ਭੇਸ ਵਿੱਚ ਉਹ ਦੋਵੇਂ ਬੱਬਰਾਂ ਖਾਤਰ ਬੰਬ ਪਟਾਕੇ ਤਿਆਰ ਕਰਦੇ ਸਨ। ਧਾਮੀਆਂ ਵਾਲਾ ਦਲੀਪਾ ਜਿਸ ਨੂੰ ਬੀਬੀ ਨੇ ਆਪਣਾ ਧਰਮ ਦਾ ਪੁੱਤ ਬਣਾ ਰੱਖਿਆ ਸੀ ਉਸ ਨੂੰ ਵੀ ਗ਼ਦਰੀ ਅਮਰ ਸਿੰਘ ਨੇ ਇਨ੍ਹਾਂ ਕੋਲ ਬੰਬ ਬਣਾਉਣ ਦੀ ਵਿਧੀ ਸਿੱਖਣ ਲਈ ਛੱਡਿਆ ਸੀ।

ਗੁਲਾਬ ਕੌਰ ਦਲੀਪੇ ਨੂੰ ਬਹੁਤ ਪਿਆਰ ਕਰਦੀ ਸੀ। ਦਲੀਪ ਨੂੰ ਵੀ ਛੋਟੀ ਉਮਰ ਵਿੱਚ ਹੀ ਬੱਬਰੀਆਂ ਦੇ ਨਾਲ ਹੀ ਫੜ ਲਿਆ ਗਿਆ ਤੇ ਫਾਂਸੀ ਦੀ ਸਜਾ ਹੋ ਗਈ। ਸਰਕਾਰ ਸ਼ਹੀਦਾਂ ਦੇ ਮ੍ਰਿਤ ਸਰੀਰਾਂ ਨੂੰ ਉਨ੍ਹਾਂ ਦੇ ਵਾਰਸਾਂ ਨੂੰ ਦੇਣਾ ਨਹੀਂ ਸੀ ਚਾਹੁੰਦੀ



ਪ੍ਰੰਤੂ ਲੋਕਾਂ ਦੇ ਰੋਹ ਭਰੇ ਠਾਠਾਂ ਮਾਰਦੇ ਇਕੱਠ ਤੋਂ ਘਬਰਾ ਕੇ ਉਹ ਮ੍ਰਿਤ ਸਰੀਰ ਉਨ੍ਹਾਂ ਦੇ ਵਾਰਸਾਂ ਦੇ ਸਪੁਰਦ ਕਰਨ ਨੂੰ ਮੰਨ ਗਈ। ਸ਼ਹੀਦਾਂ ਦੇ ਮ੍ਰਿਤ ਸਰੀਰ ਲੈਣ ਲਈ ਲੋਕ ਆਪ ਮੁਹਾਰੇ ਅੱਗੇ ਵਧਦੇ ਜਾ ਰਹੇ ਸਨ। ਦਲੀਪ ਦੀ ਲਾਸ਼ ਨੂੰ ਲੈਣ ਲਈ ਵੀ ਗੁਲਾਬ ਕੌਰ ਇੰਦਰ ਕੌਰ ਤੇ ਮਿਹਰ ਸਿੰਘ ਪਹਿਲਾਂ ਹੀ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਗਏ ਸਨ। ਅਰਦਾਸ ਤੋਂ ਪਿੱਛੋਂ ਜੇਲ੍ਹ ਵੱਲ ਨੂੰ ਜਾਂਦੇ ਸਮੇਂ ਗੁਲਾਬ ਕੌਰ ਭੀੜ ਨੂੰ ਚੀਰ ਕੇ ਅੱਗੇ ਪਹੁੰਚੀ ਤੇ ਸ਼ਹੀਦ ਹੋ ਚੁੱਕੇ ਦਲੀਪੇ ਦੀ ਲਾਸ਼ ਨੂੰ ਅੱਗੇ ਮੋਢਾ ਦਿੱਤਾ। ਉਹ ਟੁੱਟ ਚੁੱਕੀ ਸੀ, ਉਸਨੂੰ ਘੁਣ ਦੀ ਤਰ੍ਹਾਂ ਆਪਣੇ ਗ਼ਦਰੀ ਵੀਰਾਂ ਦੇ ਚਲੇ ਜਾਣ ਦੇ ਸਦਮੇ ਖਾ ਰਹੇ ਸਨ। ਭੁੱਖ ਪਿਆਸ ਸਭ ਮਿਟ ਚੁੱਕੀ ਸੀ, ਕਈ ਕਈ ਦਿਨ ਖਾਂਦੀ ਵੀ ਕੁੱਝ ਨਹੀਂ ਸੀ। ਉਹ ਹਰ ਵਕਤ ਸ਼ਹੀਦਾਂ ਦੀਆਂ ਗੱਲਾਂ ਆਪ ਮੁਹਾਰਾ ਕਰਦੀ ਰਹਿੰਦੀ ਸੀ। ਬੀਬੀ ਬਹੁਤ ਕਮਜ਼ੋਰ ਹੁੰਦੀ ਗਈ, ਹੁਣ ਉਸਦਾ ਕਿਧਰੇ ਵੀ ਮਨ ਨਹੀਂ ਲੱਗਦਾ ਸੀ।

ਗ਼ਦਰੀ ਹਰਨਾਮ ਸਿੰਘ ਟੁੰਡੀਲਾਟ ਦੀ ਸਜ਼ਾ ਖ਼ਤਮ ਹੋ ਗਈ ਤੇ ਉਹ ਅੰਬਾਲਾ ਜੇਲ੍ਹ ਵਿੱਚੋਂ ਰਿਹਾ ਹੋਕੇ ਬਾਹਰ ਆ ਗਿਆ। ਉਸ ਦਾ ਸਰੀਰ ਸੁੱਕ ਕੇ ਪਿੰਜਰ ਹੋਇਆ ਪਿਆ ਸੀ। ਛੇ ਮਹੀਨੇ ਤੱਕ ਉਹ ਬੀਬੀ ਨੂੰ ਮਿਲਣ ਨਾ ਆ ਸਕਿਆ। ਉਹ ਠੀਕ ਹੋਕੇ ਇੱਕ ਦਿਨ ਉਸ ਦੀ ਖਬਰ ਲੈਣ ਲਈ ਆਇਆ ਸੀ। ਗੱਲਾਂ ਬਾਤਾਂ ਕੀਤੀਆਂ, ਦੋਵੇਂ ਬਹੁਤ ਖੁਸ਼ ਹੋਏ। ਕਈ ਦਿਨ ਇਸੇ ਤਰ੍ਹਾਂ ਲੰਘ ਗਏ ਤੇ ਫਿਰ ਇੱਕ ਦਿਨ ਉਸ ਨੇ ਅਖ਼ਬਾਰ ਵਿੱਚ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਦੀ ਸ਼ਹੀਦੀ ਬਾਰੇ ਪੜ੍ਹਿਆ। ਉਸਨੂੰ ਗਹਿਰਾ ਸਦਮਾ ਲੱਗਿਆ। ਉਹ ਇੱਕ ਟਕ ਅਖਬਾਰ ਵੱਲ ਦੇਖੀ ਗਿਆ ਸੀ। ਗੁਲਾਬ ਕੌਰ ਨੇ ਸੁੰਨ ਹੋਏ ਹਰਨਾਮ ਸਿੰਘ ਨੂੰ ਝੰਜੋੜਿਆ ਤਾਂ ਉਸ ਨੇ ਅਖਬਾਰ ਦਾ ਉਹੀ ਪੰਨਾ ਬੀਬੀ ਦੇ ਮੂਹਰੇ ਕਰ ਦਿੱਤਾ ਸੀ। ਬੀਬੀ ਅਖਬਾਰ ਦੀ ਮੋਟੇ ਅੱਖਰਾਂ ਵਿੱਚ ਛਪੀ ਖਬਰ "ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਆਦਿ ਸਾਥੀਆਂ ਨੂੰ ਫਾਂਸੀ ਲਗਾ ਦਿੱਤੀ ਹੈ" ਬਾਰੇ ਪੜ੍ਹਿਆ ਤਾਂ ਸੁੰਨ ਹੋ ਗਈ। ਉਸ ਦੀਆਂ ਅੱਖਾਂ ਪਥਰਾ ਗਈਆਂ। ਕੁੱਝ ਸੁੱਝ ਨਹੀਂ ਸੀ ਰਿਹਾ। ਬੀਤੀ ਤਾਂ ਉਹ ਪਹਿਲਾਂ ਹੀ ਪਈ ਸੀ। ਜੇਲ੍ਹ ਵਿੱਚ ਕੀਤੇ ਗਏ ਅਣਮਨੁੱਖੀ ਕੁਟਾਪੇ ਦੀਆਂ ਸੱਟਾਂ ਨਸੂਰ ਬਣ ਚੁੱਕੀਆਂ ਸਨ।

ਗਦਰੀ ਬੀਬੀ ਗੁਲਾਬ ਕੌਰ ਦੀ ਮੌਤ ਬਾਰੇ ਅਲੱਗ ਅਲੱਗ ਵਿਚਾਰ ਸਾਹਮਣੇ ਆਏ ਹਨ। ਕੇਸਰ ਸਿੰਘ ਆਪਣੀ ਲਿਖਤ "ਗ਼ਦਰੀ-ਗੁਲਾਬ" ਇਤਿਹਾਸਕ ਨਾਵਲ ਵਿੱਚ ਉਸਦੀ ਮੌਤ ਦਾ ਸਾਲ 1931 ਸਰਦਾਰ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ ਫਾਂਸੀ" ਲੱਗਣ ਤੋਂ ਕੁੱਝ ਦਿਨ ਪਿੱਛੋਂ ਦਾ ਦਿੰਦੇ ਹਨ। ਇਸ ਤਰ੍ਹਾਂ ਬਲਬੀਰ ਲੌਂਗੋਵਾਲ ਆਪਣੀ ਲਿਖਤ "ਸੰਗਰੂਰ ਜਿਲ੍ਹੇ ਦੇ ਸ਼ਹੀਦ ਅਤੇ ਦੇਸ਼ ਭਗਤ" ਨਾਮਕ ਕਿਤਾਬ ਵਿੱਚ ਬੀਬੀ ਗੁਲਾਬ ਕੌਰ ਬਾਰੇ ਲਿਖਦੇ ਅੰਤ ਵਿੱਚ ਉਨ੍ਹਾਂ ਦੀ ਮੌਤ 1931 ਵਿੱਚ ਪਿੰਡ ਕੋਟਲਾ ਨੌਧ ਸਿੰਘ ਵਾਲਾ ਦੱਸਦੇ ਹਨ। ਮਿਲਖਾ ਸਿੰਘ ਸਨੇਹੀ ਦੀ ਲਿਖੀ "ਗਦਰੀ ਬੀਬੀ ਗੁਲਾਬ ਕੌਰ ਬਖਸ਼ੀਵਾਲਾ" ਵਿੱਚ ਬੀਬੀ ਦਾ ਅੰਤਮ ਵਿਛੋੜਾ ਸਨ 1941 ਲਿਖਿਆ ਗਿਆ ਹੈ। ਇਸੇ ਕਿਤਾਬ ਦੇ ਵਿੱਚ ਲਿਖੇ ਆਰਟੀਕਲ "ਬੀਬੀ ਗੁਲਾਬ ਕੌਰ" ਦੇ ਲੇਖਕ ਕਾਮਰੇਡ ਚਰੰਜੀ ਲਾਲ ਕੰਗਣਵਾਲ ਵੀ ਲਿਖਦੇ ਹਨ ਕਿ ਪੰਜਾਬ ਦੀ ਸ਼ੇਰਨੀ 1941 ਨੂੰ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਈ। ਗ਼ਦਰੀ ਬਾਬਿਆਂ

ਦੇ ਮਾਨਤਾ ਪ੍ਰਾਪਤ ਇਤਿਹਾਸਕਾਰ ਪ੍ਰੋਫੈਸਰ ਮਾਲਵਿੰਦਰਜੀਤ ਸਿੰਘ ਵੜੈਚ ਆਪਣੇ ਆਰਟੀਕਲ "ਗਦਰੀ ਗੁਲਾਬ ਕੌਰ" ਵਿੱਚ ਬੀਬੀ ਦੀ ਮੌਤ ਦਾ ਸਾਲ 1941 ਹੀ ਦੱਸਦੇ ਹਨ।

ਉਪਰੋਕਤ ਸ਼ਸ਼ੋਪੰਜ ਵਿੱਚ ਘਿਰ ਕੇ ਸਹੀ ਜਾਣਕਾਰੀ ਲੈਣ ਦੀ ਕੋਸ਼ਿਸ਼ ਵਿੱਚ ਪਿੰਡ ਕੋਟਲਾ ਨੌਧ ਸਿੰਘ ਵਾਲਾ ਪਹੁੰਚ ਕੀਤੀ। ਉਥੇ ਗਦਰੀ ਸ਼ਿਵ ਸਿੰਘ ਦੇ ਘਰ ਉਨ੍ਹਾਂ ਦੇ ਪੋਤਿਆਂ ਜਰਨੈਲ ਸਿੰਘ ਅਤੇ ਤੇਜਾ ਸਿੰਘ ਨੂੰ ਮਿਲਿਆ ਗਿਆ ਕਿਉਂਕਿ ਉਨ੍ਹਾਂ ਦੇ ਨਾਲ ਲੱਗਦਾ ਘਰ ਗਦਰੀ ਅਮਰ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਦਾ ਸੀ। ਬੀਬੀ ਗੁਲਾਬ ਕੌਰ ਮਨੀਲਾ ਤੋਂ ਆਕੇ ਅਮਰ ਸਿੰਘ ਦੇ ਘਰ ਹੀ ਰਹੀ ਅਤੇ ਉਥੋਂ ਹੀ ਪਾਰਟੀ ਵਲੋਂ ਲੱਗੀਆਂ ਜ਼ਿੰਮੇਵਾਰੀਆਂ ਨੂੰ ਨੇੜਲੇ ਪਿੰਡਾਂ, ਅੰਮ੍ਰਿਤਸਰ, ਲਾਹੌਰ ਅਤੇ ਜੇਹਲਮ ਤੱਕ ਬਾਖ਼ੂਬੀ ਪੂਰਿਆਂ ਕਰਦੀ ਰਹੀ ਸੀ। ਉਨ੍ਹਾਂ ਦੀਆਂ ਇਨ੍ਹਾਂ ਗਤੀਵਿਧੀਆਂ ਕਾਰਨ ਹੀ ਉਥੇ ਹੀ ਰਹਿੰਦੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਆਪਣੇ ਆਖਰੀ ਸਾਹਾਂ ਤੱਕ ਉਹ ਉਨ੍ਹਾਂ ਪਰਿਵਾਰਾਂ ਵਿੱਚ ਹੀ ਰਹੀ। ਜਰਨੈਲ ਸਿੰਘ ਅਤੇ ਗ਼ਦਰੀ ਅਮਰ ਸਿੰਘ ਦੇ ਭਤੀਜੇ ਦੇ ਲੜਕੇ ਅਨੁਸਾਰ ਗਦਰੀ ਬੀਬੀ ਗੁਲਾਬ ਕੌਰ ਦੀ ਮੌਤ ਸਨ 28 ਜੁਲਾਈ 1925 ਵਿੱਚ ਛਾਤੀ ਵਿੱਚ ਫੈਲੇ ਭਿਆਨਕ ਕੈਂਸਰ ਕਾਰਨ ਸੂਰਜ ਦੇ ਛਪਾਅ ਸਮੇਂ ਹੋਈ। ਆਜ਼ਾਦੀ ਦੇ ਚਾਹਵਾਨ ਪਿੰਡ ਵਾਸੀ ਭਾਈ ਅਮਰ ਸਿੰਘ ਦੇ ਘਰ ਪੁੱਜਣੇ ਸ਼ੁਰੂ ਹੋ ਗਏ। ਸਾਰੀ ਰਾਤ ਗਦਰੀ ਬਾਬਾ ਸ਼ਿਵ ਸਿੰਘ ਅਤੇ ਅਮਰ ਸਿੰਘ ਬੀਬੀ ਦੀ ਮ੍ਰਿਤਕ ਦੇਹ ਦੇ ਕੋਲ ਬੈਠੇ ਰਹੇ ਅਤੇ ਪਿੰਡ ਵਾਸੀਆਂ ਨੂੰ ਬੀਬੀ ਦੇ ਜੀਵਨ ਦੀ ਦੁਖਦ, ਜੋਸ਼ ਭਰਿਆਂ ਅਤੇ ਪ੍ਰੇਰਣਾਦਾਇਕ ਬਿਰਤਾਂਤ ਬਾਬਤ ਜਾਣਕਾਰੀ ਦਿੰਦੇ ਰਹੇ। ਦੂਸਰੇ ਦਿਨ ਅੰਗਰੇਜ਼ ਸਰਕਾਰ ਦੇ ਪਿੱਠੂਆਂ ਨੇ ਪਿੰਡ ਵਿੱਚ ਅਫ਼ਵਾਹ ਫੈਲਾ ਦਿੱਤੀ ਕਿ ਜੋ ਵੀ ਬੰਦਾ ਗ਼ਦਰੀ ਗੁਲਾਬ ਕੌਰ ਦੇ ਸੰਸਕਾਰ ਦੀ ਰਸਮ ਵਿੱਚ ਸ਼ਾਮਲ ਹੋਵੇਗਾ ਉਸ ਵਿਰੁੱਧ ਜ਼ਰੂਰੀ ਕਾਰਵਾਈ ਕੀਤੀ ਜਾਵੇਗੀ। 29 ਜੁਲਾਈ 1925 ਨੂੰ ਬੀਬੀ ਦੀ ਮ੍ਰਿਤਕ ਦੇਹ ਨੂੰ ਨਾਅਰਿਆਂ ਦੀ ਗੂੰਜ ਵਿੱਚ ਬਾਬਾ ਸ਼ਿਵ ਸਿੰਘ, ਭਾਈ ਅਮਰ ਸਿੰਘ, ਸ. ਦਲੀਪ ਸਿੰਘ ਅਤੇ ਸ. ਜਵਾਲਾ ਸਿੰਘ ਦੇ ਮੋਢਿਆਂ ਉਤੇ ਪਿੰਡ ਦੇ ਸ਼ਮਸ਼ਾਨ ਘਾਟ ਵਿੱਚ ਪੁਲਿਸ ਸੂਹੀਆਂ ਦੇ ਸਾਹਮਣੇ ਦੇਹ ਦਾ ਅੰਤਮ ਸੰਸਕਾਰ ਬੜੀ ਸ਼ਾਨ ਨਾਲ ਪਿੰਡ ਵਾਸੀ ਨਰੈਣ ਸਿੰਘ ਪੁੱਤਰ ਪ੍ਰੇਮ ਸਿੰਘ, ਸੁੰਦਰ ਸਿੰਘ, ਬਲਵੰਤ ਸਿੰਘ ਸ਼ਾਹ, ਚਰਨ ਸਿੰਘ, ਕਿਸ਼ਨ ਸਿੰਘ ਘੁਮਿਆਰ ਅਤੇ ਕਿਸ਼ਨ ਸਿੰਘ ਜੱਟ ਦੀ ਹਾਜਰੀ ਵਿੱਚ ਕਰ ਦਿੱਤਾ ਗਿਆ। ਭਾਈ ਅਮਰ ਸਿੰਘ ਨੇ ਹੀ ਫੁੱਲਾਂ ਦੀ ਰਸਮ ਵੀ ਪੂਰੀ ਕੀਤੀ।

k k k k k



## ਬਾਬੂ ਹਰਨਾਮ ਸਿੰਘ ਸ਼ਹੀਦ ਦੇ ਚਰਨਾਂ ਵਿਚ ਸ਼੍ਰਧਾ ਦੇ ਫੁਲ!

ਸੁਣੀ ਜਦ ਗੱਲ ਗਈ ਗਲ ਗਲ ਜ਼ਿੰਦਗੀ ਦੀ,
ਰੁਕ ਗਿਆ ਗਲ ਗੱਲ ਕਰਾਂ ਗੱਲ ਆਵੇ ਨਾ!
ਪਵੇ ਸੀਨੇ ਸੱਲ ਜ਼ਿੰਦ ਬਲ ਬਲ ਉਠਦੀ ਏ,
ਹਲਦੀ ਨਾ ਜੀਭ ਮੂੰਹੋਂ ਬੋਲਿਆ ਸੁਹਾਵੇ ਨਾ!
ਵੀਰ ਦਾ ਵਛੋੜਾ ਲੋੜ੍ਹਾ ਰੋੜੇ ਵਾਂਗ ਅਟਕਦਾ ਏ,
ਤੜਫਦਾ ਸਰੀਰ ਰਤੀ ਚੈਨ ਮਨ ਆਵੇ ਨਾ!
'ਦੂਖੀ ਦਾ ਪਿਆਰਾ' ਮਾਤਾ ਹਿੰਦਆ ਅੱਖੀਆਂਦਾ,
ਅਜ ਹਰਨਾਮ ਸਿੰਘ ਮੁਖੜਾ ਵਿਖਾਵੇ ਨਾ!
ਛਿਪ ਗਿਆ ਚੌਧਵੀਂ ਦਾ ਰੋਹਣੀ ਸੁਹਾਗ ਹਾਇ,
ਹੋਗਿਆ ਅੰਧੇਰਾ ਹਾ! ਚਕੋਰ ਮਨ ਭਾਵੇ ਨਾ!
ਸੂਰਮੇਂ ਦੀ ਬੱਜ, ਸ਼ੇਰ ਵਾਲੀ ਗੱਜ, ਬਦਲਾਂ ਦੀ
ਗੜਗੱਜ ਬਿਨਾਂ ਮੋਰ ਹੀਆ ਹੁਲਸਾਵੇ ਨਾ!
ਹੰਸ ਬਿਨਾਂ ਤਾਲ ਘੋੜਾ ਸੋਂਹਵਦਾ ਨਾ ਚਾਲ ਬਾਝੋਂ,
'ਕਸਬ' ਕਮਾਲ ਬਿਨਾਂ ਮੂਲ ਸੋਭਾ ਪਾਵੇ ਨਾ!
ਤਿਵੇਂ ਦੂਖੀ ਦਾ ਪਿਆਰਾ ਤਾਰਾ ਭਾਰਤ ਦੀਆਂ ਅਖੀਆਂਦਾ,
ਕੌਮ ਦਾ ਸਤਾਰਾ ਅਜ ਮੁਖੜਾ ਵਿਖਾਵੇ ਨਾ!
ਲਾਭ ਸਿੰਘ ਜਾਯਾਤੇਂ ਉਠਾਇਆ ਲਾਭ ਜ਼ਿੰਦਗੀ ਦਾ,
ਧਨ ਜਗ ਆਇਆ ਤੂੰ ਬਹੁੜ ਦੂਖ ਪਾਵੇ ਨਾ!
'ਸਾਹਰੀ' ਰਹੂ ਯਾਦਜਿਉਂ ਅਟਾਰੀ ਸ਼ਾਮ ਸਿੰਘਵਾਲੀ,
ਵਾਰੀ ਲਖ ਵਾਰੀ ਏਹ ਪਿਆਰੀ ਭੁਲ ਜਾਵੇ ਨਾ!
ਤੇਰੇ ਨਾਮ ਉਤੋਂ ਕੁਰਬਾਨ ਹੋਣ ਯਾਰ ਤੇਰੇ
ਕੇੜ੍ਹਾ? ਜੇਹੜਾ ਭਲਾ ਕਾਰਨਾਮਿਆਂ ਨੂੰ ਗਾਵੇ ਨਾ!
ਦੂਖੀ ਦਾ ਪਿਆਰਾ ਮਾਤ ਹਿੰਦ ਦਾ ਦੁਲਾਰਾ ਬੀਰ,
ਅੱਜ ਹਰਨਾਮ ਸਿੰਘ ਮੁਖੜਾ ਵਿਖਾਵੇ ਨਾ!
ਬਾਬੂ ਹਰਨਾਮ ਸਿੰਘ ਜੀ ਸਾਹਿਰੀ ਸ਼ਹੀਦ!
ਲੱਖਾਂ ਬਰਸਨ ਮੀਂਹ ਨਾ ਸਾਗਰ ਡੋਲਦੇ,
ਲੱਖਾਂ ਵਗਨ ਤੂਫਾਨ ਨਾ ਪਰਬਤ ਡੋਲਦੇ!
ਲੱਖਾਂ ਲੱਗਣ ਫੱਟ ਨਾ ਸੂਰੇ ਹੱਟ ਦੇ,

ਧਰਨ ਅਗਾਂਹਾਂ ਕਦਮ ਨ ਉਂਗਲ ਘੱਟਦੇ!

ਤਿਉਂ ਕੌਮੀਸੇਵਕ ਨ-ਡਰਨ, ਲੱਖਾਂ ਕਜੀਏ ਸਹਿਣ ਸਿਰ,

ਤਨ ਮਨ ਧਨ ਵਾਰਨ ਕੌਮਪਰ, ਭਾਣੇ ਅੰਦਰ ਰਹਿਣ ਥਿਰ!

ਬਾਬੂ ਹਰਨਾਮ ਸਿੰਘ ਜੀ ਦਾ ਜਨਮ ਪਿੰਡ ਸਾਹਰੀ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਹੋਇਆ ਸੀ। ਆਪ ਦੇ ਪਿਤਾ ਦਾ ਨਾਮ ਸ. ਲਾਭ ਸਿੰਘ ਜੀ, ਅਤੇ ਮਾਈ ਦਾ ਨਾਮ ਚੰਦ ਕੌਰ ਸੀ। ਆਪਦਾ ਘਰਾਣਾ ਬੜੇ ਉਚੇ ਤੇ ਪਤਵੰਤੇ ਘਰਾਣਿਆਂ ਵਿਚੋਂ ਹੈ, ਆਪ ਅਜੇ ਸੱਤ ਸਾਲ ਦੇ ਹੀ ਸਨ ਕਿ ਆਪ ਨੂੰ ਸਕੂਲ ਵਿਚ ਪੜ੍ਹਨ ਲਈ ਘੱਲਿਆ ਗਿਆ! ਪੜ੍ਹਾਈ ਵਿਚ ਚੰਗੇ ਸਿਆਣੇ ਸਨ ਤੇ ਆਪਣੀ ਜਮਾਤ ਵਿਚ ਸਦਾ ਹੀ ਬੜੇ ਚੰਗੇ ਨੰਬਰ ਹਾਸਲ ਕਰਿਆ ਕਰਦੇ ਸਨ। ਮੁੱਢ ਤੋਂ ਹੀ ਆਪ ਉਦਾਰ ਤੇ ਅਜ਼ਾਦ ਖਿਆਲ ਸਨ। ਕੋਈ ਸੋਲਾਂ ਕੁ ਸਾਲ ਦੀ ਅਵਸਥਾ ਵਿਚ ਆਪਨੇ ਅੱਠਵੀਂ ਜਮਾਤ ਪਾਸ ਕਰ ਲਈ ਤੇ ਉਸਦੇ ਥੋੜ੍ਹੇ ਚਿਰ ਮਗਰੋਂ ਆਪ ੩੦ ਨੰਬਰ ਰਸਾਲੇ ਵਿਚ ਜਾ ਕੇ ਭਰਤੀ ਹੋ ਗਏ। ਰਸਾਲੇ ਵਿਚ ਆਪਨੇ ਆਜ਼ਾਦ ਖਿਆਲਾਂ ਦਾ ਚੰਗਾ ਪਰਚਾਰ ਕੀਤਾ। ਆਪ ਨੇ ਉਥੇ ਇਕ ਸ਼ਬਦੀ ਜਥਾ ਬਣਾਇਆ ਹੋਇਆ ਸੀ ਜੇੜ੍ਹਾ ਕਿ ਰਾਤ ਨੂੰ ਰੋਜ਼ ਇਕੱਤ੍ਰ ਹੋਇਆ ਕਰਦਾ ਸੀ ਤੇ ਪੰਥ ਦੀ ਉਨਤੀ ਲਈ ਸੋਚਾਂ ਸੋਚਦਾ ਹੁੰਦਾ ਸੀ।

ਆਜ਼ਾਦੀ ਦੀ ਆਪ ਦੇ ਦਿਲ ਵਿਚ ਬੜੀ ਲਗਨ ਸੀ। ਆਪ ਭਾਵੇਂ ਨੌਕਰ ਸਨ, ਪਰ ਨੌਕਰੀ ਕਰਨੀ ਬਹੁਤ ਹੀ ਬੁਰਾ ਸਮਝਦੇ ਸਨ। ਆਪ ਉਥੇ ਹੀ ਸਦਾ ਏਹੋ ਪਰਚਾਰ ਕਰਦੇ ਰਹਿੰਦੇ ਸਨ ਕਿ 'ਸਾਡੀ ਜ਼ਿੰਦਗੀ ਕੀ ਹੈ ? ਅਸੀਂ ਯਾਰਾ 2 ਰੁਪਿਆਂ ਬਦਲੇ ਸਰਕਾਰ ਅੱਗੇ ਸਿਰ ਵੇਚ ਦੇਂਦੇ ਹਾਂ। ਤੇ ਅਜ਼ਾਦ ਮੁਲਕਾਂ ਨੂੰ ਜਾ ਕੇ ਗੁਲਾਮ ਬਣਾਦੇ ਹਾਂ!! ਗੁਲਾਮਾਂ ਨੂੰ ਹੋਰ ਕਰੜੀ ਗੁਲਾਮੀ ਦੀਆਂ ਜੰਜੀਰਾਂ ਵਿਚ ਜਕੜਦੇ ਹਾਂ, ਅਸੀਂ ਬੜੇ ਪਾਗਲ ਹਾਂ ਜੇਹੜੇ ਆਪਣੇ ਮੁਲਕ ਤੇ ਕੌਮ ਵਾਸਤੇ ਕੁਝ ਨਹੀਂ ਕਰਦੇ।" ਆਪ ਦੇ ਯਾਰ ਦੋਸਤ ਆਪ ਦੀਆਂ ਏਹੋ ਜਹੀਆਂ ਗੱਲਾਂ ਸੁਣਕੇ ਬੜੇ ਹਸਿਆ ਕਰਦੇ ਸਨ ਤੇ ਆਖਿਆ ਕਰਦੇ ਸਨ, "ਹਰਨਾਮ ਸਿੰਘ, ਤੂੰ ਅਜੀਬ ਆਦਮੀ ਹੈਂ। ਸਾਨੂੰ ਤਾਂ ਆਖਦਾ ਏਂ, ਨੌਕਰੀ ਨਾ ਕਰੋ। ਅਜ਼ਾਦੀ ਲਈ ਕੁਰਬਾਨੀ ਕਰੋ! ਆਪਣੇ ਦੇਸ਼ ਦੀ ਉੱਨਤੀ ਲਈ ਕੋਈ ਉਪਰਾਲੇ ਕਰੋ!! ਪਰ ਆਪ ਤੂੰ ਨੌਕਰ ਹੈਂ, ਤੇ ਗੁਲਾਮੀ ਕਰ ਰਿਹਾ ਏਂ"!! ਬਾਬੂ ਹਰਨਾਮ ਸਿੰਘ ਜੀ ਏਹ ਗੱਲਾਂ ਸੁਣਕੇ ਹੱਸ ਛਡਦੇ ਤੇ ਆਖਦੇ ਕਿ ਤੁਸੀਂ ਮੇਰੇ ਦਿਲ ਦੀਆਂ ਨਹੀਂ ਜਾਣਦੇ। ਤੁਸੀਂ ਨਹੀਂ ਜਾਣਦੇ ਕਿ ਮੇਰੇ ਦਿਲ ਵਿਚ ਕੇਹੜੇ ਖਿਆਲ ਜੋਸ਼ ਮਾਰ ਰਹੇ ਹਨ। ਮੇਰਾ ਇਥੇ ਨੌਕਰ ਰਹਿਣਾ ਵੀ ਕੋਈ ਖ਼ਾਸ ਮਤਲਬ ਰੱਖਦਾ ਹੈ, ਨਹੀਂ ਤਾਂ ਮੇਰਾ ਇਥੇ ਯਾਰਾ ਰੁਪਿਆ ਤੇ ਠੇਡੇ ਖਾਂਦੇ ਫਿਰਨਾ ਫਜ਼ੂਲ ਹੈ ਕਿਉਂਕਿ ਅਸੀਂ ਕੋਈ ਘਰੋਂ ਐਡੇ ਹੀ ਗਏ ਗੁਜ਼ਰੇ ਨਹੀਂ ਹਾਂ ਕਿ ਸਾਨੂੰ ਰੋਟੀ ਵੀ ਨਾ ਲੱਭ ਸਕੇ।"

ਐਹੋ ਜਹੇ ਖਿਆਲਾਂ ਵਾਲਾ ਨੌਜਵਾਨ ਕਿਨਾਂ ਕੁ ਚਿਰ ਨੌਕਰੀ ਕਰ ਸਕਦਾ ਸੀ। ਆਪਨੇ ਕੇਵਲ ਡੇਢ ਕੁ ਸਾਲ ਰਸਾਲੇ ਵਿਚ ਨੌਕਰੀ ਕੀਤੀ ਹੋਵੇਗੀ। ਗੁਲਾਮੀ ਦੇ



ਆਪ ਜਮਾਂਦਰੂ ਹੀ ਵਿਰੋਧੀ ਸਨ, ਆਪਣੀ ਕੌਮ ਦੀ ਦੁਰਦਸ਼ਾ ਵੱਲ ਵੇਖ ਕੇ ਆਪ ਸਦਾ ਕ੍ਰਿੜਦੇ ਰਹਿੰਦੇ ਸਨ, ਦੁਖੀਆਂ ਤੇ ਗਰੀਬਾ ਲਈ ਆਪ ਦੇ ਦਿਲ ਵਿਚ ਬਹੁਤ ਦਰਦ ਸੀ ਅਤੇ ਯਥਾਸ਼ਕਤ ਉਹਨਾਂ ਦੀ ਪੈਸਿਆਂ ਰੁਪਿਆਂ ਨਾਲ ਮਦਦ ਕਰਦੇ ਸਨ।

ਪਾਠਕ ਹੈਰਾਨ ਹੋਣਗੇ ਕਿ ਇਕ ਨੌਜਵਾਨ ਦੇ ਇਤਨੀ ਛੋਟੀ ਉਮਰ ਵਿਚ ਹੀ ਕਿਸ ਤਰਾਂ ਐਹੋ ਜਹੇ ਖਿਆਲ ਹੋ ਸਕਦੇ ਹਨ। ਇਸਦਾ ਜਵਾਬ ਏਹ ਹੈ ਕਿ ਆਪ ਭਾਈ ਬਲਵੰਤ ਸਿੰਘ ਜੀ ਸ਼ਹੀਦ ਦੀ ਸੰਗਤ ਕਰਿਆ ਕਰਦੇ ਸਨ। ਜਿਸ ਥਾਂ ਇਹ ਰਸਾਲੇ ਵਿਚ ਭਰਤੀ ਸਨ, ਉਸੇ ਥਾਂ ਪਲਟਣ ਵਿਚ ਹੀ ਬਲਵੰਤ ਸਿੰਘ ਜੀ ਸ਼ਹੀਦ ਵੀ ਨੌਕਰ ਸਨ। ਭਾਈ ਬਲਵੰਤ ਸਿੰਘ ਜੀ ਸ਼ਹੀਦ ਨਾਲ ਆਪ ਦਾ ਬੜਾ ਗੂੜ੍ਹਾ ਮਿਤਰਾਨਾ ਹੋ ਗਿਆ। ਆਪ ਐਡੇ ਪੱਕੇ ਯਾਰ ਸਨ ਕਿ ਆਪ ਦੀ ਬੁਰਕੀ ਵੀ ਇਕੱਠੀ ਸੀ। ਸੋ ਏਹ ਅਜ਼ਾਦੀ, ਸੇਵਾ ਤੇ ਕੁਰਬਾਨੀ ਦੀ ਪਾਣ ਆਪ ਨੂੰ ਭਾਈ ਬਲਵੰਤ ਸਿੰਘ ਜੀ ਸ਼ਹੀਦ ਨੇ ਹੀ ਚੜ੍ਹਾਈ ਸੀ। ਭਾਈ ਬਲਵੰਤ ਸਿੰਘ ਜੀ ਖੁਦ ਵੀ ਨੌਕਰੀ ਦੇ ਸਖਤ ਵਿਰੋਧੀ ਸਨ, ਇਸ ਲਈ ਇਨ੍ਹਾਂ ਦੋਹਾਂ ਮਿਤਰਾਂ ਨੇ ਹੀ ਨੌਕਰੀ ਛਡ ਦਿਤੀ। ਤੇ ਘਰ ਆ ਗਏ।

ਆਪ ਮਸਾਂ ਕੋਈ ਡੇਢ ਕੁ ਸਾਲ ਘਰ ਰਹੇ ਹੋਣਗੇ! ਪਰ ਆਪਦੀ ਤਬੀਅਤ ਨਿੱਚਲੀ ਬੈਠਣ ਵਾਲੀ ਨਹੀਂ ਸੀ। ਆਪ ਘਰ ਦੀ ਚਾਰ ਦੀਵਾਰੀ ਵਿਚ ਹੀ ਬੰਦ ਰਹਿਣਾ ਨਹੀਂ ਸਨ ਚਾਹੁੰਦੇ। ਉਹ ਚਾਹੁੰਦੇ ਸਨ ਕਿ ਘਰੋਂ ਬਾਹਰ ਨਿਕਲਕੇ ਦੁਨੀਆਂ ਨੂੰ ਵੀ ਵੇਖੀਏ ਕਿ ਦੁਨੀਆਂ ਦਾ ਕੀ ਵਰਤਾਰਾ ਹੈ। ਦੁੱਖਾਂ ਵਿਚ ਪੈ ਕੇ ਆਪ ਨੂੰ ਬੜਾ ਚਾਅ ਆਉਂਦਾ ਸੀ। ਕਿਸੇ ਕੰਮ ਨੂੰ ਕਰਨ ਲਗਿਆਂ। ਆਪ ਅੱਜ ਕੱਲ ਦੇ ਨੌਜਵਾਨਾਂ ਵਾਂਗ ਹਿਸਾਬ ਨਹੀਂ ਸਨ ਲਾਉਂਦੇ, ਪਰੰਤੂ ਰੱਬ ਤਵੱਕਲ ਬੇੜੀ ਠੇਹਲ ਦਿੱਤਾ ਕਰਦੇ ਸਨ। ਤੇ ਇਹ ਨਹੀਂ ਖ਼ਿਆਲ ਕਰਦੇ ਸਨ ਕਿ ਕੀ ਹੋਵੇਗਾ। ਆਪ ਨੂੰ ਸਲਾਹ ਦਿਤੀ ਗਈ ਕਿ ਗਵਾਲੀਅਰ ਰਿਆਸਤ ਵਿਚ ਕੁਝ ਜ਼ਮੀਨ ਖਰੀਦਣੀ ਚਾਹੀਦੀ ਹੈ, ਇਸ ਲਈ ਆਪ ਰੁਪੈਆ ਲੈ ਕੇ ਗਵਾਲੀਅਰ ਜਾਣ ਦੀਆਂ ਤਿਆਰੀਆਂ ਹੀ ਕਰਦੇ ਸਨ, ਕਿ ਆਪਨੂੰ ਆਪ ਦੇ ਦੋਸਤਾਂ ਨੇ ਰਿਆਸਤੀ ਜ਼ਿੰਦਗੀ ਦੇ ਦੁਖੜੇ ਦੱਸੇ। ਆਪ ਨੂੰ ਦੱਸਿਆ ਗਿਆ ਕਿ ਰਿਆਸਤਾਂ ਨਰਕ ਹਨ, ਤੇ ਉਥੇ ਕਿਸੇ ਦੀ ਜਾਨ ਮਾਲ ਦੀ ਹਿਫ਼ਾਜ਼ਤ ਨਹੀਂ ਹੈ। ਉਥੋਂ ਦੇ ਬਾਦਸ਼ਾਹ ਬੇਮੁਹਾਰੇ ਹਨ, ਤੇ ਜੋ ਜੀ ਆਵੇ ਕਾਲਾ ਚਿੱਟਾ ਕਰ ਦਿੰਦੇ ਹਨ। ਉਥੇ ਕਿਸੇ ਦੀ ਇਜ਼ਤ ਦਾ ਬਚਾ ਨਹੀਂ ਹੈ। ਆਪ ਦੇ ਦੋਸਤਾਂ ਨੇ ਆਪ ਨੂੰ ਆਖਿਆ ਕਿ "ਗੜੇ ਗਵਾਲੀਅਰ ਨੂੰ ਜਾਣਦਾ ਖੈਹਿੜਾ ਛੱਡੋ। ਚਲੋ! ਬਰਮਾਂ ਚਲੀਏ!" ਆਪ ਦਾ ਅੱਗੇ ਹੀ ਬਾਹਰ ਜਾਣ ਨੂੰ ਦਿਲ ਲੋਚਦਾ ਸੀ! ਇਸ ਲਈ ਆਪ ਨੇ ਕੁਝ ਹੋਰ ਸਾਥੀਆਂ ਦੇ ਨਾਲ ਬਰਮਾਂ ਨੂੰ ਤਿਆਰੀ ਕਰ ਲਈ।

ਬਰਮਾ ਕੁੱਝ ਥੋੜ੍ਹਾ ਚਿਰ ਹੀ ਰਹੇ ਹੋਣਗੇ ਕਿ ਉਥੋਂ ਆਪਦੇ ਦਿਲ ਵਿਚ ਉਮੰਗ ਉਠੀ ਕਿ ਹੁਣ ਅਗ੍ਹਾਂ ਜਾਣਾ ਚਾਹੀਦਾ ਹੈ। ਇਸ ਲਈ, ਬਰਮਾ ਛੱਡ ਕੇ ਆਪ ਹਾਂਗ ਕਾਂਗ ਚਲੇ ਗਏ ਉਥੇ ਜਾ ਕੇ ਇਕ ਟਰੈਮ ਕੰਪਨੀ ਵਿਚ ਨੌਕਰ ਹੋ ਗਏ! ਇਹ ਉਥੇ

ਚੋਖੇ ਪੈਸੇ ਕਮਾਉਂਦੇ ਰਹੇ ਔਰ ਉਹ ਪੈਸਾ ਜਿਹਾ ਕਿ ਉਹਨਾਂ ਦਾ ਕੁਦਰਤੀ ਸੁਭਾ ਸੀ ? ਆਪਣੇ ਵਤਨੀ ਵੀਰਾਂ ਤੇ ਹੀ ਖਰਚ ਕਰ ਛਡਦੇ ਰਹੇ ਕਈ ਵਾਰ ਇਮੀਗ੍ਰੇਸ਼ਨ ਮਹਿਕਮੇ ਵਾਲੇ ਹਿੰਦੁਸਤਾਨੀਆਂ ਨੂੰ ਕਈ ਤਰਾਂ ਦੇ ਬਹਾਨੇ ਬਣਾਕੇ ਵਾਪਸ ਮੁਲਕ ਨੂੰ ਮੋੜ ਦਿੰਦੇ ਸਨ, ਉਹ ਵਿਚਾਰੇ ਅਜੇਹੀ ਤੰਗਦਸਤੀ ਦੀ ਹਾਲਤ ਵਿਚ ਹੁੰਦੇ ਸਨ, ਕਿ ਬਾਬੂ ਹੋਰੀਂ ਆਪਣੀ ਤਨਖਾਹ ਤੋਂ ਇਲਾਵਾ ਹੋਰ ਕਈ ਵੀਰਾਂ ਪਾਸੋਂ ਸਹਾਇਤਾ ਇਕੱਠੀ ਕਰਕੇ ਵੀ ਅਜੇਹੇ ਸਭ ਕੰਮਾਂ ਵਿਚ ਖਰਚ ਕਰਦੇ ਸਨ।

ਹਾਂਗ ਕਾਂਗ ਵਿਚ ਜਾਣ ਕਰਕੇ ਆਪ ਦੀ ਵਾਕਫ਼ੀਅਤ ਬਹੁਤ ਵਧ ਗਈ। ਅਮਰੀਕਾ ਜਾਣ ਵਾਲੇ ਹਿੰਦੁਸਤਾਨੀ ਹਾਂਗਕਾਂਗ ਦੇ ਰਸਤੇ ਥਾਣੀ ਹੀ ਜਾਂਦੇ ਸਨ, ਇਸ ਲਈ ਆਪ ਉਹਨਾਂ ਤੋਂ ਅਮਰੀਕਾ ਦੀ ਜ਼ਿੰਦਗੀ ਦੀ ਬਾਬਤ ਪੁੱਛਦੇ ਰਹਿੰਦੇ ਸਨ। ਆਪ ਨੂੰ ਜਦ ਪਤਾ ਲੱਗਾ ਕਿ ਅਮਰੀਕਾ ਵਿਚ ਜ਼ਿੰਦਗੀ ਦੂਜੇ ਮੁਲਕਾਂ ਨਾਲੋਂ ਜ਼ਿਆਦਾ ਸੁਤੰਤਰ ਗੁਜ਼ਰਦੀ ਹੈ, ਤਾਂ ਆਪਦੇ ਦਿਲ ਵਿਚ ਵੀ ਖਿਆਲ ਆਇਆ ਕਿ ਅਮਰੀਕਾ ਜ਼ਰੂਰ ਵੇਖਣਾ ਚਾਹੀਦਾ ਹੈ। ਇਕ ਹੋਰ ਗੱਲ ਨੇ ਵੀ ਆਪ ਦੇ ਦਿਲ ਤੇ ਅਸਰ ਕੀਤਾ। ਉਹ ਏਹ ਸੀ, ਕਿ ਜੇਹੜੇ ਆਦਮੀ ਅਮਰੀਕਾ ਵਿਚ ਰਹਿੰਦੇ ਸਨ ਉਹਨਾਂ ਦੇ ਦਿਲ ਵਿਚ ਆਜ਼ਾਦੀ ਲਈ ਕੁਰਬਾਨੀਆਂ ਕਰਨ ਦਾ ਬੜਾ ਉਤਸ਼ਾਹ ਸੀ, ਤੇ ਉਹ ਸਦਾ ਹਿੰਦ ਦੀ ਆਜ਼ਾਦੀ ਦੇ ਹੀ ਯਤਨ ਕਰਦੇ ਰਹਿੰਦੇ ਸਨ। ਆਪਦੇ ਦਿਲ ਵਿਚ ਖਿਆਲ ਆਇਆ ਕਿ ਗੁਲਾਮ ਹਿੰਦੀਆਂ ਵਿਚ ਆਜ਼ਾਦੀ ਦੀ ਸਪਿਰਟ ਭਰਨ ਲਈ ਅਮਰੀਕਾ ਇਕ ਚੰਗੀ ਥਾਂ ਹੈ, ਇਸ ਲਈ ਉਹ ਹਾਂਗ ਕਾਂਗ ਦੇ ਹਿੰਦੁਸਤਾਨੀ ਭਾਈਆਂ ਵਿਚ ਵੀ ਪ੍ਰਚਾਰ ਕਰਦੇ ਸਨ, ਕਿ ਅਮਰੀਕਾ ਜ਼ਰੂਰ ਜਾਣਾ ਚਾਹੀਦਾ ਹੈ, ਕਿਉਂਕਿ ਉਹ ਇਕ ਵਧੀਕ ਆਜ਼ਾਦ ਮੁਲਕ ਹੈ, ਤੇ ਉਥੇ ਰੋਜ਼ੀਨਾ ਵੀ ਚੰਗਾ ਮਿਲਦਾ ਹੈ। ਇਸ ਪ੍ਰੇਰਨਾ ਨਾਲ ਆਪ ਨੇ ਕਈ ਆਦਮੀ ਅਮਰੀਕਾ ਨੂੰ ਤੋਰ ਦਿਤੇ, ਜਿੱਦਾਂ ਪਹਿਲਾਂ ਦੱਸਿਆ ਗਿਆ ਹੈ, ਆਪ ਪ੍ਰਉਪਕਾਰੀ ਤੇ ਉਦਾਰ ਚਿਤ ਬੜੇ ਸਨ ਇਸ ਲਈ ਕਈ ਲੋੜਵੰਦਾਂ ਨੂੰ ਆਪਣੇ ਪਾਸੋਂ ਹੀ ਕਰਾਇਆ ਵਗੈਰਾ ਦੇ ਦਿੰਦੇ ਸਨ, ਤੇ ਅਮਰੀਕਾ ਵਲ ਟੋਰ ਦਿੰਦੇ ਸਨ, ਇਸ ਖਾਸ ਕੰਮ ਲਈ ਵੀ ਆਪ ਹਾਂਗ ਕਾਂਗ ਵਿਚ ਕੁਝ ਵਧੀਕ ਚਿਰ ਲਈ ਠਹਿਰੇ ਰਹੇ! ਕੌਮੀਂ ਸੇਵਾ ਵੱਲ ਆਪ ਦਾ ਮੁਢੋਂ ਹੀ ਬੜਾ ਝੁਕਾਅ ਸੀ, ਇਸ ਲਈ ਉਹ ਹਰ ਇਕ ਹਿੰਦੀ ਦੇ ਸਰਦੀ ਬਣਦੀ ਸੇਵਾ ਕਰਦੇ ਰਹਿੰਦੇ ਸਨ।

ਕਈ ਆਦਮੀ ਐਸੇ ਹੁੰਦੇ ਸਨ, ਜਿਨ੍ਹਾਂ ਨੂੰ ਕਿ ਉਸ ਮੁਲਕ ਦੀ ਬੋਲੀ ਦੀ ਸਮਝ ਨਹੀਂ ਆਉਂਦੀ ਸੀ, ਆਪ ਉਨ੍ਹਾਂ ਦੇ ਨਾਲ ਜਾ ਜਾ ਕੇ ਉਨ੍ਹਾਂ ਦਾ ਕੰਮ ਸੰਵਾਰਦੇ ਸਨ, ਪਾਸ ਬਣਾ ਕੇ ਜਹਾਜ਼ੇ ਚਾੜ੍ਹਦੇ ਸਨ ਤੇ ਆਪਣਾ ਸੌ ਕੰਮ ਵਿਗਾੜ ਕੇ ਵੀ ਆਪਣੇ ਦੇਸ਼ਵਾਸੀਆਂ ਦੀ ਸੇਵਾ ਕਰਦੇ ਸਨ, ਇਸ ਤਰ੍ਹਾਂ ਆਪ ਨੇ ਬਹੁਤ ਸਾਰੇ ਹਿੰਦੁਸਤਾਨੀ ਵੀਰਾਂ ਨੂੰ ਕੈਨੇਡਾ, ਅਮਰੀਕਾ, ਦਖਣੀ ਅਮਰੀਕਾ ਪੀਰੂ, ਪਨਾਮਾ ਆਦਿ ਮੁਲਕਾਂ ਨੂੰ ਭੇਜ ਦਿਤਾ।

ਕੁਝ ਚਿਰ ਮਗਰੋਂ ਆਪ ਨੇ ਵੀ ਅਮਰੀਕਾ, ਕੈਨੇਡਾ ਜਾਣ ਦੀ ਚਿਤ ਵਿਚ ਠਾਣ ਲਈ ਤੇ 1 ਦਸੰਬਰ 1907 ਨੂੰ ਹਾਂਗ ਕਾਂਗ ਤੋਂ ਇਕ ਜਾਪਾਨੀ ਜਹਾਜ਼ ਵਿਚ ਸਵਾਰ



ਹੋ ਗਏ। 31 ਦਸੰਬਰ ਨੂੰ ਆਪ ਜਾਪਾਨ ਥਾਣੀਂ ਹੁੰਦੇ ਹੋਏ ਕੈਨੇਡਾ ਵਿਚ ਪੁਜੇ! ਲਗਭਗ ਇਕ ਸਾਲ ਵਿਕਟੋਰੀਆ ਵਿਚ ਰਹੇ! ਉਸ ਵੇਲੇ ਆਪ ਦੇ ਗੂੜ੍ਹੇ ਤੇ ਪੁਰਾਣੇ ਮਿਤਰ ਭਾਈ ਬਲਵੰਤ ਸਿੰਘ ਜੀ ਵੀ ਕੈਨੇਡਾ ਵਿਚ ਚਲੇ ਗਏ ਹੋਏ ਸਨ, ਇਸ ਲਈ ਆਪ ਉਹਨਾਂ ਦੇ ਨਾਲ ਬਹਿਣ ਖਲੋਣ ਰਖਦੇ ਸਨ, ਤੇ ਵੈਨਕੋਵਰ ਆਇਆ ਜਾਇਆ ਕਰਦੇ ਸਨ। ਅਜ਼ਾਦ ਅਮਰੀਕਾ ਨੂੰ ਵੇਖ ਕੇ ਏਹਨਾਂ ਦੇ ਦਿਲ ਵਿਚ ਆਜ਼ਾਦੀ ਦੀ ਹੋਰ ਵੀ ਰੰਗਣ ਚੜ੍ਹ ਗਈ। ਇਸ ਲਈ ਇਹਨਾਂ ਨੇ ਹਿੰਦੁਸਤਾਨ ਨੂੰ ਰੁਪੈਆ ਪੈਸਾ ਫੇਰ ਭੇਜਣਾ ਸ਼ੁਰੂ ਕਰ ਦਿਤਾ, ਤਾਂ ਜੇ ਏਥੇ ਸਕੂਲ ਖੁਲ੍ਹਣ, ਆਜ਼ਾਦੀ ਦਾ ਪ੍ਰਚਾਰ ਹੋਵੇ, ਤੇ ਹਿੰਦੁਸਤਾਨ ਨੂੰ ਵਿਦਿਆ ਔਣ ਕਰਕੇ ਗੁਲਾਮੀ ਦੀ ਲਾਹਣਤ ਦਾ ਪਤਾ ਲਗ ਸਕੇ।

ਪਹਿਲੀ ਜਨਵਰੀ 1908 ਨੂੰ ਆਪ ਕੈਨੇਡਾ ਛੱਡ ਕੇ ਸੀਐਟਲ ਚਲੇ ਗਏ। ਉਥੇ ਇਕ ਸਕੂਲ ਵਿਚ ਵਿਦਿਆ ਪ੍ਰਾਪਤ ਕਰਨ ਲਈ ਦਾਖਲ ਹੋ ਗਏ। ਲਗਭਗ ਤਿੰਨ ਸਾਲ ਤਕ ਉਥੇ ਵਿਦਿਆ ਪ੍ਰਾਪਤ ਕਰਦੇ ਰਹੇ, ਇਨ੍ਹਾਂ ਤਿੰਨਾਂ ਸਾਲਾਂ ਵਿਚ ਆਪ ਨੇ ਦੇਸ਼-ਸੇਵਾ ਤੋਂ ਕਦੇ ਇਕ ਮਿੰਟ ਲਈ ਵੀ ਮੁਖ ਨਹੀਂ ਸੀ ਮੋੜਿਆ, ਅਤੇ ਕਈ ਵਾਰ ਪੜ੍ਹਾਈ ਵਿਚੇ ਛਡ ਕੇ, ਸਕੂਲੋਂ ਗੈਰ ਹਾਜ਼ਰ ਹੋ ਹੋ ਕੇ ਵੀ ਕੌਮੀ ਕੰਮਾਂ ਵਿਚ ਅਪੜਦੇ ਤੇ ਹਿੱਸਾ ਲੈਂਦੇ ਰਹੇ।

ਇਨ੍ਹਾਂ ਦਿਨਾਂ ਵਿਚ ਹੀ ਇਕ ਕੰਪਨੀ ਬਣਾਈ ਗਈ। ਹਿੰਦੁਸਤਾਨੀਆਂ ਦੀ ਉਸ ਵੇਲੇ ਅਮਰੀਕਾ ਕੈਨੇਡਾ ਵਿਚ ਚੰਗੀ ਬਣੀ ਹੋਈ ਸੀ। ਇਸ ਲਈ ਕੁਝ ਹਿੰਦੁਸਤਾਨੀ ਭਾਈਆਂ ਨੇ ਸਲਾਹ ਕੀਤੀ ਕਿ ਇਕ ਚੰਗੇ ਪੈਮਾਨੇ ਤੇ ਇਕ ਹਿੰਦੁਸਤਾਨੀ ਕੰਪਨੀ ਖੋਹਲੀ ਜਾਵੇ, ਅਤੇ ਉਸ ਕੰਪਨੀ ਦੇ ਨਫੇ ਨਾਲ ਜਿਥੋਂ ਤਕ ਹੋ ਸਕੇ ਆਪਣੇ ਦੇਸ਼ ਤੇ ਮੁਲਕ ਦੀ ਸੇਵਾ ਕੀਤੀ ਜਾਵੇ। ਉਸ ਕੰਪਨੀ ਦਾ ਨਾਮ 'ਇੰਡੀਆ ਟਰੇਡਿੰਗ ਕੰਪਨੀ, ਰੱਖਿਆ ਗਿਆ। ਕੰਮ ਕਿਉਂਕਿ ਬੜੇ ਪੈਮਾਨੇ ਤੇ ਹੋਣਾ ਸੀ, ਅਤੇ ਏਹਨਾਂ ਨੂੰ ਚੰਗਾ ਤਜ਼ਰਬਾ ਨਹੀਂ ਸੀ, ਇਸ ਲਈ ਇਹਨਾਂ ਨੇ ਆਪਣੀ ਕੰਪਨੀ ਦਾ ਪਹਿਲਾ ਮੈਨੇਜਰ ਇਕ ਅੰਗ੍ਰੇਜ਼ ਹੀ ਰਖਿਆ। ਇਹ ਕੰਪਨੀ ਕੁਝ ਚਿਰ ਪਹਿਲਾਂ 2 ਚੰਗਾ ਕੰਮ ਕਰਦੀ ਰਹੀ। ਪਹਿਲੇ ਪਹਿਲ ਇਸ ਦਾ ਸਰਮਾਇਆ ਪੰਜਾਹ ਹਜ਼ਾਰ ਗੋਲਡ ਡਾਲਰ ਅਰਥਾਤ ਡੇਢ ਲੱਖ ਰੁਪਇਆ ਰਖਿਆ ਗਿਆ। ਨਫਾ ਚੰਗਾ ਹੋਣ ਲੱਗ ਪਿਆ, ਪਰ ਅੰਗ੍ਰੇਜ਼ ਮੈਨੇਜਰ ਦਾ ਦਿਲ ਬੇਈਮਾਨ ਹੋ ਗਿਆ, ਉਹ ਇਸ ਕੰਪਨੀ ਦੇ ਸ੍ਰਮਾਏ ਨੂੰ ਹੜੱਪ ਕਰ ਜਾਣਾ ਚਾਹੁੰਦਾ ਸੀ। ਪਰ ਬਾਬੂ ਹਰਨਾਮ ਸਿੰਘ ਨੂੰ ਉਸਦੀ ਬੇਈਮਾਨੀ ਦਾ ਪਤਾ ਲੱਗ ਗਿਆ, ਤੇ ਉਸਨੇ ਉਸ ਮੈਨੇਜਰ ਤੇ ਦੇਖ ਭਾਲ ਕਰਨੀ ਆਰੰਭ ਦਿਤੀ। ਅੰਗ੍ਰੇਜ਼ੀ ਗਵਰਨਮੈਂਟ ਵੀ ਇਹ ਨਹੀਂ ਸੀ ਚਾਹੁੰਦੀ ਕਿ ਹਿੰਦੀਆਂ ਦੀਆਂ ਕੰਪਨੀਆਂ ਵਧਣਾ ਫੁਲਨਾ! ਕਿਉਂਕਿ ਉਹਨਾਂ ਨੂੰ ਡਰ ਸੀ ਕਿ ਹੌਲੀ ਹੌਲੀ ਵਧ ਫੁਲ ਕੇ, ਕਿਤੇ ਹਿੰਦੁਸਤਾਨੀ ਕੈਨੇਡਾ ਵਿਚ ਜ਼ੋਰ ਨਾ ਫੜ ਜਾਣ ਅਤੇ ਮੁਲਕ ਲਈ ਆਜ਼ਾਦੀ ਦਾ ਓਥੇ ਕੇਂਦਰ ਨਾ ਬਣਾ ਲੈਣ! ਇਸ ਲਈ ਕੈਨੇਡਾ ਗਵਰਨਮੈਂਟ ਦੀ ਵੀ ਪਾਲਸੀ ਇਹ ਸੀ ਕਿ ਇਸ ਵਧ ਰਹੀ ਕੰਪਨੀ ਦਾ ਗਲਾ ਘੁਟਿਆ ਜਾਵੇ। ਦੂਜੀਆਂ ਕੰਪਨੀਆਂ ਵਾਲੇ ਸ੍ਰਮਾਏਦਾਰ ਤਾਂ ਏਹ ਚਾਹੁੰਦੇ ਹੀ ਸਨ ਕਿ ਜਿਡੀ ਛੇਤੀ ਹੋ ਸਕੇ, ਇਸ ਕੰਪਨੀ

ਦਾ ਮਲੀਆ ਮੇਟ ਕੀਤਾ ਜਾਏ।

ਬਾਬੂ ਹਰਨਾਮ ਸਿੰਘ ਜੀ ਨੇ ਬੜੇ ਜਤਨਾਂ ਨਾਲ ਕੰਪਨੀ ਦੇ ਸਮਾਏ ਨੂੰ ਬਚਾ ਲਿਆ। ਪਰ ਕੈਨੇਡਾ ਦੀ ਗਵਰਨਮੈਂਟ ਦੀ ਨਜ਼ਰ ਬਾਬੂ ਹਰਨਾਮ ਸਿੰਘ ਜੀ ਤੇ ਹੋ ਗਈ ਹੋਈ ਸੀ, ਗਵਰਨਮੈਂਟ ਇਹਨਾਂ ਨੂੰ ਕਾਬੂ ਕਰਨਾ ਚਾਹੁੰਦੀ ਸੀ। ਆਪਦੇ ਇਕ ਦੋਸਤ ਰੈਮਿਸ ਬਰਗ ਨੂੰ ਜੇਹੜਾ ਕਿ ਇਕ ਮੈਜਿਸਟਰੇਟ ਸੀ, ਇਸ ਕਰਵਾਈ ਦਾ ਪਤਾ ਲਗ ਗਿਆ। ਉਹ ਬਾਬੂ ਜੀ ਨੂੰ ਆਪਣੇ ਪਾਸ ਲੈ ਗਿਆ।

ਇਹ ਗੱਲ ਏਦਾਂ ਹੈ ਕਿ ਇਨਾਂ ਨੇ ਆਪਣੇ ਮੇਲ ਮਿਲਾਪ, ਸੀਲ ਸੁਭਾਅ ਦੇ ਨਾਲ ਇਕ ਚੰਗੇ ਉਘੇ ਜੱਜ ਸਾਹਿਬ ਦੇ ਨਾਲ ਵਾਕਫ਼ੀਅਤ ਕਢਕੇ ਉਸ ਨਾਲ ਗੂੜ੍ਹੀ ਮਿਤ੍ਰਤਾਈ ਗੰਢ ਲਈ ਸੀ ਅਤੇ ਉਸ ਜੱਜ ਦਾ ਕੰਮ ਕਾਰ ਕਰਕੇ ਆਪਣਾ ਪੜ੍ਹਾਈ ਦਾ ਖਰਚ ਪੂਰਾ ਕਰਦੇ ਰਹੇ ਅਤੇ ਸਾਥ ਹੀ ਆਪਣੇ ਹੋਰ ਭਾਈ ਵੀ ਉਨ੍ਹਾਂ ਦੀ ਚੰਗੀ ਸਹਾਇਤਾ ਕਰਦੇ ਸਨ।

ਕਰੀਬਨ ਤਿੰਨ ਸਾਲ ਮਗਰੋਂ ਆਪ ਕੈਨੇਡਾ ਵਿਚ ਚਲੇ ਗਏ ਅਤੇ ਉਥੇ ਜਾ ਕੇ ਆਪਣੇ ਹਿੰਦੀ ਭਰਾਵਾਂ ਵਿਚ ਜਾਗ੍ਰਿਤੀ ਪੈਦਾ ਕਰਨ ਖ਼ਾਤਰ ਆਪਣੇ ਇਕ ਅਖ਼ਬਾਰ 'ਹਿੰਦੁਸਤਾਨ' ਅੰਗਰੇਜ਼ੀ ਵਿਚ ਕਢਿਆ, ਤੇ ਇਸ ਪ੍ਰਕਾਰ ਆਪ ਨੇ ਬੜਾ ਹੀ ਕੰਮ ਕੀਤਾ ਪਰ ਕੈਨੇਡੀਅਨ ਗੌਰਮਿੰਟ ਨੂੰ ਇਹ ਕਦੋਂ ਭਾਉਂਦਾ ਸੀ। ਉਹ ਭਾਈ ਸਾਹਿਬ ਦਾ ਆਜ਼ਾਦ ਖਿਆਲ ਦੇਖ ਕੇ ਉਨ੍ਹਾਂ ਨੂੰ ਕਾਬੂ ਕਰਨ ਦਾ ਉਪਾਇਆ ਸੋਚਣ ਲੱਗ ਪਈ। ਆਖ਼ਰ ਭਾਈ ਸਾਹਿਬ ਤੇ ਬੰਬ ਸਿਖਲਾਈ ਤੇ ਗੌਰਮਿੰਟ ਦੇ ਬਰਖ਼ਿਲਾਫ਼ ਪ੍ਰਚਾਰ ਕਰਨ ਦਾ ਦੂਸ਼ਨ ਲਾ ਕੇ ਓਨ੍ਹਾਂ ਨੂੰ ਕੈਨੇਡਾ ਤੋਂ ਚਲੇ ਜਾਣ ਦੇ 48 ਘੰਟੇ ਦਾ ਨੋਟਸ ਦਿਤਾ ਗਿਆ, ਅਰ ਨਾਲ ਹੀ ਇਹ ਕਿਹਾ ਗਿਆ ਕਿ ਜੇਕਰ ਆਪ ਇਸ ਸਮੇਂ ਵਿਚ ਕੈਨੇਡਾ ਦੀ ਹੱਦੋਂ ਬਾਹਰ ਨਾ ਹੋਵੋਂਗੇ ਤਾਂ ਫੜ ਕੇ ਹਿੰਦੁਸਤਾਨ ਨੂੰ ਡੀਪੋਰਟ ਕੀਤੇ ਜਾਵੋਗੇ। ਉਸ ਵੇਲੇ ਭਾਈ ਸਾਹਿਬ ਨੇ ਝਟ ਪਟ ਹੀ ਆਪਣੇ ਮਿਤ੍ਰ ਜੱਜ ਸਾਹਿਬ ਨੂੰ ਤਾਰ ਦੇ ਰਾਹੀਂ ਇਸ ਸਾਰੇ ਸਮਾਚਾਰ ਦੀ ਖਬਰ ਸਿਆਟਲ ਭੇਜੀ ਜਿਸ ਦੇ ਉੱਤਰ ਵਿਚ ਉਸ ਜੱਜ ਸਾਹਿਬ ਨੇ ਉਸੀ ਵੇਲੇ ਡੀਪੋਰਟੇਸ਼ਨ ਔਫੀਸਰ ਨੂੰ ਤਾਰ ਦੇ ਰਾਹੀਂ ਖ਼ਬਰ ਭੇਜੀ ਕਿ ਬਾਬੂ ਹਰਨਾਮ ਸਿੰਘ ਨੂੰ ਲੈਣ ਵਾਸਤੇ ਮੈਂ ਆਪ ਆ ਗਿਆ ਹਾਂ। ਆਪਣੇ ਇਨ੍ਹਾਂ ਨੂੰ ਡੀਪੋਰਟ ਨਾ ਕਰਨਾ ਤੇ ਇਸ ਤਾਰ ਦੀ ਨਕਲ ਤੇ ਸਾਰੇ ਸਮਾਚਾਰ ਦੀ ਖ਼ਬਰ ਬਾਬੂ ਹਰਨਾਮ ਸਿੰਘ ਜੀ ਨੂੰ ਤਾਰ ਦੇ ਰਾਹੀਂ ਭੇਜ ਦਿਤੀ ਅਰ ਉਸੀ ਵਕਤ ਜੱਜ ਸਾਹਿਬ ਆਪਣਾ ਪ੍ਰਾਈਵੇਟ ਬੋਟ ਲੈ ਕੇ ਬਾਬੂ ਹੋਰਾਂ ਨੂੰ ਝੱਟ ਆਪਣੇ ਪਾਸ ਲੈ ਆਏ ਅਰ ਏਥੇ ਆ ਕੇ ਆਪ ਕੌਮੀ ਕੰਮ ਵਿਚ ਹੀ ਜੁਟੇ ਰਹੇ, ਕੁਝ ਸਮੇਂ ਮਗਰੋਂ ਵੈਨਕੋਵਰ ਦੇ ਭਾਈਆਂ ਦੀ ਕੋਸ਼ਸ਼ ਨਾਲ ਭਾਈ ਸਾਹਿਬ ਨੂੰ ਫੇਰ ਕੈਨੇਡਾ ਵਿਚ ਜਾਣ ਦੀ ਖੁੱਲ੍ਹ ਹੋ ਗਈ।

20 ਮਾਰਚ 1911 ਨੂੰ ਆਪ ਕੈਲੇਫੋਰਨੀਆਂ ਪੁੱਜ ਗਏ, ਉਥੇ ਆਪ ਬਰਕਲੇ ਯੂਨੀਵਰਸਟੀ ਵਿਚ ਦਾਖ਼ਲ ਹੋ ਗਏ! ਉਥੇ ਵੀ ਉਹ ਪਹਿਲੇ ਵਾਂਗ ਹੀ ਦੇਸ਼ ਸੇਵਾ ਵਿਚ ਜੁਟੇ ਰਹੇ, ਜੇ ਕਿਤੇ ਦੀਵਾਨ ਹੁੰਦਾ ਜਾਂ ਕਿਤੇ ਕੋਈ ਦੇਸ਼-ਉੱਨਤੀ ਦੇ ਵਿਚਾਰ



ਲਈ ਕਮੇਟੀ ਹੁੰਦੀ ਤਾਂ ਆਪ ਸੌ ਕੰਮ ਛਡ ਕੇ ਵੀ ਉਥੇ ਜ਼ਰੂਰ ਪੁੱਜ ਜਾਂਦੇ। ਆਪਣੇ ਅਨਪੜ੍ਹ ਭਰਾਵਾਂ ਦਾ ਕੰਮ ਸਦਾ ਹੀ ਕੋਈ ਨਾ ਕੋਈ ਸਾਰਦੇ ਰਹਿੰਦੇ ਸਨ ਤੇ ਉਨ੍ਹਾਂ ਪਾਸੋਂ ਕੋਈ ਫੀਸ ਆਦਿ ਨਹੀਂ ਸਨ ਲੈਂਦੇ।

1913 ਦੇ ਨਵੰਬਰ ਮਹੀਨੇ ਦੀ ਪਹਿਲੀ ਤਾਰੀਖ਼ ਤੋਂ ਜਦ ਗ਼ਦਰ ਅਖ਼ਬਾਰ ਪਹਿਲੇ ਪਹਿਲ ਕੱਢਿਆ ਗਿਆ ਤਾਂ ਬਾਬੂ ਜੀ ਨੇ ਉਸ ਅਖ਼ਬਾਰ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ, ਆਪ ਲਿਖਾਰੀ ਵੀ ਤਕੜੇ ਸਨ, ਇਸ ਲਈ ਉਹਨਾਂ ਦੇ ਲੇਖ 'ਗ਼ਦਰ' ਵਿਚ ਕਦੇ ਕਦੇ ਛਪਦੇ ਰਹਿੰਦੇ ਸਨ। ਆਪ ਆਜ਼ਾਦੀ ਦੇ ਬੜੇ ਤਕੜੇ ਪ੍ਰਚਾਰਕ ਸਨ, ਤੇ ਤਸਵੀਰਾਂ ਬਣਾ ਬਣਾ ਕੇ ਲੋਕਾਂ ਨੂੰ ਸਰਮਾਏਦਾਰਾਂ ਦੇ ਜ਼ੁਲਮ ਦੱਸਿਆ ਕਰਦੇ ਸਨ, ਕਿ ਕਿਦਾਂ ਗਵਰਨਮੈਂਟ ਜੋਕਾਂ ਵਾਂਗੂੰ ਸਾਨੂੰ ਚੰਮੜੀ ਹੋਈ ਹੈ ਤੇ ਸਾਡੇ ਲਹੂ ਚੂੰਘ ਰਹੀ ਹੈ।

ਇਹਨਾਂ ਦਿਨਾਂ ਵਿਚ ਭਾ. ਗੁਰਦਿਤ ਸਿੰਘ ਤੇ ਭਾ. ਦਲੀਪ ਸਿੰਘ ਬੰਬ ਕੇਸ ਵਿਚ ਫੜੇ ਗਏ ਤੇ ਇਨ੍ਹਾਂ ਦਿਨਾਂ ਵਿਚ ਕਾਮਾਗਾਟਾਮਾਰੂ ਜਹਾਜ਼ ਵੀ ਬੰਦਰਗਾਹ ਤੇ ਪੁੱਜ ਗਿਆ ਸੀ। ਭਾਈ ਸਾਹਿਬ ਹਰਨਾਮ ਸਿੰਘ ਆਪਣੇ ਸਾਥੀਆਂ ਭਾ. ਭਾਗ ਸਿੰਘ ਭਾ. ਬਲਵੰਤ ਸਿੰਘ ਅਤੇ ਭਾ. ਮੋਤਾ ਸਿੰਘ ਨੂੰ ਨਾਲ ਲੈ ਕੇ ਕਾਮਾਗਾਟਾਮਾਰੂ ਦੇ ਮੁਸਾਫਰਾਂ ਨਾਲ ਸਲਾਹ ਕਰਨ ਗਏ ਹੋਏ ਉਥੇ ਹੀ ਫੜੇ ਗਏ। ਇਸ ਸਬੰਧੀ ਆਪਦੇ ਭਾਈਆਂ ਨੇ ਬੜੀ ਐਜੀਟੇਸ਼ਨ ਕੀਤੀ। ਬਾਬੂ ਹਰਨਾਮ ਸਿੰਘ ਤੋਂ ਬਗ਼ੈਰ ਬਾਕੀ ਦੇ ਛੱਡ ਦਿਤੇ ਗਏ ਤੇ ਇਨ੍ਹਾਂ ਨੂੰ ਸਿਆਟਲ ਇਮੀਗਰੇਸ਼ਨ ਮਹਿਕਮੇ ਵਿਚ ਲੈ ਗਏ।

ਹੁਣ ਮਿਸਟਰ ਹਾਪਕਿਨਸਨ ਵਲੋਂ ਭਾਈ ਗੁਰਦਿਤ ਸਿੰਘ ਤੇ ਭਾ. ਦਲੀਪ ਸਿੰਘ ਤੇ ਇਹ ਜ਼ੋਰ ਦਿਤਾ ਗਿਆ ਕਿ ਜੇ ਇਹ ਦੋਨੋਂ ਸੱਜਣ ਬਾਬੂ ਹਰਨਾਮ ਸਿੰਘ ਦਾ ਨਾਮ ਲੈ ਦੇਣ ਕਿ ਬਾਬੂ ਹੋਰੀਂ ਜ਼ਰੂਰ ਬੰਬਾਂ ਦੀ ਸਿਖਲਾਈ ਕਰਦੇ ਰਹੇ ਹਨ, ਅਰ ਹੋਰ ਸਰਕਾਰ ਦੇ ਬਰਖ਼ਲਾਫ ਕੰਮ ਕਰਦੇ ਰਹੇ ਹਨ, ਤਾਂ ਇਨ੍ਹਾਂ ਉਪਰੋਕਤ ਦੋਹਾਂ ਸੱਜਣਾਂ ਨੂੰ ਛੱਡ ਦਿਤਾ ਜਾਵੇਗਾ। ਪਰ ਉਹ ਸ਼ੇਰ-ਮਰਦ ਉਸੀ ਤਰਾਂ ਡੱਟੇ ਰਹੇ ਅਰ ਇਸ ਮੁਕਦਮੇ ਵਿਚ ਭਾਈ ਦਲੀਪ ਸਿੰਘ ਦੋ ਸਾਲ ਤੇ ਭਾਈ ਗੁਰਦਿਤ ਸਿੰਘ ਨੂੰ ਚਾਰ ਸਾਲ ਦੀ ਕੈਦ ਹੋਈ! ਉਪ੍ਰੰਤ ਐਮੀਗਰੇਸ਼ਨ ਮਹਿਕਮੇ ਨੇ ਭਾਈ ਸਾਹਿਬ ਦੇ ਦੇਸ਼ ਨਿਕਾਲੇ ਦਾ ਹੁਕਮ ਦੇ ਦਿਤਾ। ਪਰ ਕੈਲੇਫੋਰਨੀਆ ਦੇ ਭਾਈਆਂ ਨੇ 2500 ਡਾਲਰ ਦੀ ਨਕਦ ਜ਼ਮਾਨਤ ਦੇ ਕੇ ਉਹਨਾਂ ਨੂੰ ਛੁਡਾ ਲਿਆ! ਇਸ ਤੋਂ ਉਪਰੰਤ ਇਹ ਭਾਈ ਸਾਹਿਬ ਗ਼ਦਰ ਪਾਰਟੀ ਦਾ ਕੰਮ ਕਰਨ ਲਗ ਪਏ ਤੇ ਮੁਕੱਦਮੇ ਦੀ ਪੈਰਵੀ ਆਰੰਭ ਦਿਤੀ। ਜਦੋਂ ਇਹ ਮਲੂਮ ਹੋਣ ਲੱਗ ਪਿਆ ਕਿ ਇਸ ਮੁਕੱਦਮੇ ਵਿਚ ਸਾਡੀ ਸਫਲਤਾ ਨਹੀਂ ਹੋਣੀ ਤਾਂ ਸਭ ਭਾਈਆਂ ਦੇ ਮਿਲਵੇਂ ਫੈਸਲੇ ਅਨੁਸਾਰ ਭਾਈ ਸਾਹਿਬ ਨੂੰ ਦੇਸ਼ ਨੂੰ ਭੇਜ ਦਿਤਾ ਗਿਆ ਤੇ ਉਹ ਜ਼ਮਾਨਤ ਵਾਪਸ ਲੈ ਲਈ।

ਆਉਂਦੇ ਹੋਏ ਭਾਈ ਸਾਹਿਬ ਰਸਤੇ ਵਿਚ ਚੀਨ, ਜਾਪਾਨ, ਸਿਆਮ ਆਦਿਕ ਦੇਸ਼ਾਂ ਵਿਚ ਆਪਣੇ ਪ੍ਰੋਗਰਾਮ ਮੁਤਾਬਕ ਕੰਮ ਕਰਦੇ ਆਏ ਅਰ ਭਾਈ ਬਲਵੰਤ ਸਿੰਘ, ਪੰਡਤ ਸੋਹਨ ਲਾਲ, ਭਾ. ਰਾਮ ਸਿੰਘ ਤੇ ਭਾਈ ਸੰਤੋਖ ਸਿੰਘ ਆਦਿਕ ਸੱਜਣਾਂ ਨਾਲ

ਸਿਆਮ ਅਤੇ ਬਰਮਾ ਕੰਮ ਕਰਦੇ ਰਹੇ ਜਿਸ ਦੇ ਵਰਨਣ ਕਰਨ ਦਾ ਸਮਾਂ ਆਗਿਆ ਨਹੀਂ ਦਿੰਦਾ। ਇਹ ਸਾਰੇ ਹੀ ਹਾਲ ਜੇ ਕਦੇ ਮੌਕਾ ਮਿਲਿਆ ਤੇ ਸਮੇਂ ਨੇ ਆਗਿਆ ਦਿੱਤੀ ਤਾਂ ਵਿਸਥਾਰ ਸਹਿਤ ਪ੍ਰਗਟ ਕੀਤੇ ਜਾਣਗੇ।

ਸਿਆਮ ਤੋਂ ਹੁੰਦੇ ਹੋਏ ਬ੍ਰਮਾ ਵਿਚ ਜਾ ਕੇ ਆਪਨੇ ਪ੍ਰੋਗਰਾਮ ਅਨੁਸਾਰ ਬੜੀ ਕਾਮਯਾਬੀ ਨਾਲ ਆਪਣਾ ਕੰਮ ਕਰਦੇ ਰਹੇ ਅਰ ਉਹ ਉਹ ਘਾਲਾਂ ਘਾਲੀਆਂ ਕਿ ਜੇ ਕਦੇ ਇਹਨਾਂ ਪਰਜਾ ਭਗਤਾਂ ਦੀ ਸਕੀਮ ਸਿਰੇ ਚੜ੍ਹ ਜਾਂਦੀ ਤਾਂ ਅੱਜ ਦਾ ਦਿਨ ਕਿਸੇ ਹੋਰ ਹੀ ਰੰਗ ਢੰਗ ਵਿਚ ਬਦਲਿਆ ਹੋਇਆ ਹੁੰਦਾ। ਦੂਜੀ ਵੇਰ ਬਾਬੂ ਹਰਨਾਮ ਸਿੰਘ ਅਤੇ ਪੰਡਤ ਸੋਹਨ ਲਾਲ ਜਦੋਂ ਕਿ ਆਪਣਾ ਕੰਮ ਕਰਕੇ ਬਰਮਾ ਤੋਂ ਵਾਪਸ ਆ ਰਹੇ ਸਨ, ਤਾਂ ਬਰਮਾ ਦੀ ਹੱਦ ਤੇ ਫੜੇ ਗਏ ਅਰ ਫਾਂਸੀ ਦੇ ਤਖ਼ਤੇ ਤੇ ਲਟਕਾਏ ਗਏ।

ਬਰਮਾ ਸਰਕਾਰ ਉਸ ਵੇਲੇ ਸਿੱਖਾਂ ਦੀ ਖਾਸ ਵੇਖ ਭਾਲ ਕਰ ਰਹੀ ਸੀ ਤੇ ਸਿੱਖਾਂ ਤੇ ਮੁਕੱਦਮਾ ਚਲਾ ਚਲਾ ਕੇ ਉਨ੍ਹਾਂ ਨੂੰ ਉਮਰ ਕੈਦ ਤੇ ਫਾਂਸੀਆਂ ਦੀਆਂ ਸਜ਼ਾਵਾਂ ਦੇ ਰਹੀ ਸੀ। ਆਪ ਵੀ ਆਖ਼ਰ ਮਾਂਡਲੇ ਵਿਚ ਬਰਮਾ ਗਵਰਨਮੈਂਟ ਦੇ ਕਾਬੂ ਆ ਗਏ। ਅਤੇ ਆਪਤੇ ਬਗਾਵਤ ਫੈਲਾਣ ਦਾ ਮੁਕੱਦਮਾ ਚਲਾਇਆ ਗਿਆ ਤੇ ਆਪ ਨੂੰ ਫ਼ਾਂਸੀ ਦੀ ਸਜ਼ਾ ਦਿਤੀ ਗਈ।

ਆਪ ਅਜੇ ਜੇਲ੍ਹ ਵਿਚ ਹੀ ਸਨ ਤੇ ਆਪ ਨੂੰ ਅਜੇ ਫਾਂਸੀ ਨਹੀਂ ਸੀ ਦਿਤੀ ਗਈ ਕਿ ਆਪ ਜੇਲ੍ਹ ਵਿਚੋਂ ਨੱਸ ਗਏ। ਪਰੰਤੂ ਆਪ ਨੂੰ ਫੇਰ ਫੜ ਲਿਆ ਗਿਆ ਤੇ ਆਪ ਲਗਪਗ 14 ਅਗਸਤ 1914 ਨੂੰ ਫਾਂਸੀ ਤੇ ਚਾੜ੍ਹ ਦਿਤਾ ਗਿਆ।

ਆਪ ਦੀ ਮਾਈ 72 ਸਾਲ ਦੀ ਉਮਰ ਵਿਚ ਅਜੇ ਤੱਕ ਜ਼ਿੰਦਾ ਹੈ ਤੇ ਆਪਣੇ ਬੱਚੇ ਦੇ ਹੀ ਸਦਾ ਗੀਤ ਗਾਉਂਦੀ ਰਹਿੰਦੀ ਹੈ। ਆਪ ਦੇ ਪਿਤਾ ਆਪ ਦੇ ਫਾਂਸੀ ਲੱਗਣ ਤੋਂ ਅੱਠ ਸਾਲ ਪਹਿਲਾਂ ਚੜ੍ਹਾਈ ਕਰ ਚੁਕੇ ਸਨ। ਜਦ ਆਪ ਹਾਂਗ ਕਾਂਗ ਵਿਚ ਸਨ ਤਾਂ ਉਥੇ ਲੋਕ ਆਪ ਨੂੰ "ਬਾਬੂ ਜੀ" ਕਰਕੇ ਸਦਿਆ ਕਰਦੇ ਸਨ। ਇਸ ਲਈ ਆਪ ਦਾ ਨਾਮ "ਬਾਬੂ" ਹੀ ਮਸ਼ਹੂਰ ਹੋ ਗਿਆ, ਆਪ ਦੀ ਸ਼ਾਦੀ ਪਿੰਡ ਕੋਟਲੀ ਜ਼ਿਲ੍ਹਾ ਜਲੰਧਰ ਵਿਚ 27 ਵਿਸਾਖ ਸੰਮਤ 1951 ਨੂੰ ਹੋਈ ਸੀ। ਆਪ ਦੀ ਸੁਪਤਨੀ ਬਾਬੂ ਜੀ ਦੇ ਜ਼ੋਰ ਦੇਣ ਤੇ ਉਨ੍ਹਾਂ ਦੇ ਆਪਣੇ ਭਾਈ ਦੇ ਹੀ ਘਰ ਬੈਠ ਗਈ ਹੋਈ ਹੈ ਤੇ ਉਹ ਅਜੇ ਤੱਕ ਜ਼ਿੰਦਾ ਹੈ। ਬਾਬੂ ਜੀ ਦੇ ਆਪਣੀ ਕੋਈ ਔਲਾਦ ਨਹੀਂ ਹੈ।

ਬਾਬੂ ਜੀ ਇਕ ਐਸਾ ਦਿਲ ਰੱਖਦੇ ਸਨ ਜੇਹੜਾ ਕਿ ਸਦਾ ਆਜ਼ਾਦੀ ਦੀਆਂ ਹੀ ਠਾਠਾਂ ਮਾਰਦਾ ਰਹਿੰਦਾ ਸੀ। ਆਪ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਜਿਥੇ ਵੀ ਰਹੇ, ਸਦਾ ਸਿਰੋਂ ਪਰੇ ਯਤਨ ਕਰਦੇ ਰਹੇ। ਆਪ ਸਦਾ ਆਜ਼ਾਦੀ ਮੰਡਲ ਵਿਚ ਹੀ ਫ਼ਿਰਦੇ ਰਹਿੰਦੇ ਸਨ। ਭਾਵੇਂ ਗੁਲਾਮਾਂ ਵਿਚ ਜੰਮੇ ਪਲੇ ਸਨ ਪਰ ਗੁਲਾਮੀ ਦਾ ਫਾਹ ਵਡਦੇ-ਵਡਦੇ ਹੀ ਆਪ ਫਾਂਸੀ ਚੜ੍ਹ ਗਏ।

ਆਪ ਵਿਚ ਤੰਗ ਦਿਲੀ ਉਕੀ ਹੀ ਨਹੀਂ ਸੀ, ਇਸ ਲਈ ਆਪ ਫਿਰਕੇਵਾਰ ਜਾਂ ਇਲਾਕੇ ਵਾਰ ਵੰਡਾਂ ਦੇ ਬੜੇ ਸਖਤ ਵਿਰੋਧੀ ਸਨ। ਆਪ ਸੋਲਾਂ ਆਨੇ



ਹਿੰਦੁਸਤਾਨੀ ਸਨ ਤੇ ਹਰ ਵੇਲੇ ਆਜ਼ਾਦੀ ਦੇ ਇਸ਼ਕ ਵਿਚ ਤੜਪਦੇ ਰਹਿੰਦੇ ਸਨ। ਆਪ ਵਰਗੇ ਨੌਜਵਾਨ ਲੱਭਿਆ ਬੜੇ ਮੁਸ਼ਕਲ ਮਿਲਦੇ ਹਨ। ਆਪ ਨੇ ਨਗਰ ਸਾਹਰੀ ਨੂੰ ਸਦਾ ਲਈ ਹੀ ਜ਼ਿੰਦਾ ਕਰ ਦਿੱਤਾ ਹੈ।

ਆਪ ਕੌਮੀ ਗੀਤ ਬੜੇ ਪ੍ਰੇਮ ਨਾਲ ਪੜ੍ਹਿਆ ਕਰਦੇ ਸਨ। ਇਨ੍ਹਾਂ ਵਿਚੋਂ "ਹਿੰਦੀ ਹੈਂ ਹਮ ਵਤਨ ਹੈ, ਹਿੰਦੁਸਤਾਨ ਹਮਾਰਾ' ਅਤੇ "ਮਰਨਾ ਭਲਾ ਹੈ ਉਸਦਾ ਜੋ ਅਪਨੇ ਲੀਏ ਜੀਏ, ਜੀਤਾ ਹੈ ਵੋਹ ਜੋ ਮਰ ਚੁਕਾ ਹੈ ਕੌਮ ਕੇ ਲੀਏ", ਇਹ ਦੋ ਗੀਤ ਤਾਂ ਸਦਾ ਹੀ ਆਪ ਦੀ ਜ਼ਬਾਨ ਤੇ ਰਹਿੰਦੇ ਸਨ। ਇਨ੍ਹਾਂ ਗੀਤਾਂ ਤੋਂ ਹੀ ਪਤਾ ਲਗ ਸਕਦਾ ਹੈ ਕਿ ਆਪ ਦੇ ਦਿਲ ਵਿਚ ਕੇਹੋ ਜੇਹੇ ਖ਼ਿਆਲ ਘਰ ਕਰੀ ਬੈਠੇ ਸਨ।

ਆਪ ਕੁਰਬਾਨੀ ਦੇ ਪੁੰਜ, ਅਜ਼ਾਦੀ ਦੀ ਤਸਵੀਰ ਤੇ ਸੇਵਾ ਦੀ ਮੂਰਤ ਸਨ। ਆਪ ਜੈਸੇ ਸ਼ਹੀਦਾਂ ਦੀ ਜਿਉਂਦੀ ਜਾਗਦੀ ਮਿਸਾਲ ਹੀ ਹੈ, ਜੇਹੜੀ ਕਿ ਕਾਇਰਾਂ ਵਿਚ ਦਲੇਰੀ ਤੇ ਬੁਜ਼ਦਿਲਾਂ ਵਿਚ ਸੂਰਬੀਰਤਾ ਭਰਦੀ ਹੈ। ਭਾਰਤਵਾਸੀ ਜਿੰਨਾ ਵੀ ਮਾਣ ਏਹੋ ਜੇਹੇ ਸ਼ਹੀਦਾਂ ਤੇ ਕਰਨ ਉਤਨਾ ਹੀ ਥੋੜ੍ਹਾ ਹੈ। ਸਾਡੀ ਤਾਂ ਏਹੋ ਪ੍ਰਾਰਥਨਾ ਹੈ ਕਿ ਹਿੰਦੁਸਤਾਨੀ ਸਦਾ ਹੀ ਬਾਬੂ ਜੀ ਦੇ ਕਦਮਾਂ ਤੇ ਚਲਦੇ ਰਹਿਣ ਤੇ ਆਜ਼ਾਦੀ ਲਈ ਕੁਰਬਾਨੀਆਂ ਕਰਦੇ ਰਹਿਣ।

ਬਾਬੂ ਹਰਨਾਮ ਸਿੰਘ ਜੀ, ਭਾਈ ਭਾਗ ਸਿੰਘ ਜੀ ਅਤੇ ਭਾਈ ਬਲਵੰਤ ਸਿੰਘ ਤਿੰਨ ਸੱਜਣ ਹੀ ਬੜੇ ਪੱਕੇ ਮਿੱਤਰ ਸਨ। ਇਹਨਾਂ ਦਾ ਮਰਣ ਜੀਊਣ, ਖਾਣ ਪੀਣ, ਬਹਿਣ ਖਲੋਣ ਸਭ ਇਕੱਠਾ ਸੀ। ਇਕੱਠੇ ਹੀ ਇਹ ਕੰਮ ਕਰਦੇ ਸਨ, ਇਕੱਠੇ ਹੀ ਇਹ ਜਿਥੇ ਜਾਣਾ ਹੁੰਦਾ ਸੀ, ਜਾਂਦੇ ਸੀ। ਉਸ ਵੇਲੇ ਦੀ ਅਮਰੀਕਾ ਕੈਨੇਡਾ ਦੀ ਕੌਮੀ ਲਹਿਰ ਦੀ ਇਹ ਤਿੰਨੇ ਹੀ ਜ਼ਿੰਦ ਜਾਨ ਸਨ, ਤੇ ਤਿੰਨੇ ਹੀ ਦੇਸ ਸੇਵਾ ਕਰਦੇ ਹੋਏ, ਹਿੰਦੁਸਤਾਨ ਦੇ ਜੰਜ਼ੀਰ ਕੱਟ-ਕੱਟ ਕੇ ਆਪਣੇ ਸਰੀਰ ਆਜ਼ਾਦੀ ਦੀ ਭੇਂਟ ਕਰ ਗਏ।

ਇਹ ਅੱਛੇ ਉਰਦੂ, ਫਾਰਸੀ, ਅੰਗ੍ਰੇਜ਼ੀ ਤੇ ਗੁਰਮੁਖੀ ਦੇ ਵਿਦਵਾਨ ਸਨ-ਬਸ ਇਸ ਕਰਕੇ ਵੀ ਆਮ ਲੋਕੀਂ ਆਪ ਜੀ ਨੂੰ ਬਾਬੂ ਜੀ ਦੇ ਨਾਮ ਨਾਲ ਯਾਦ ਕੀਤਾ ਕਰਦੇ ਸਨ। ਆਪਦੇ ਦਿਲ ਵਿਚ ਬਹੁਤ ਛੋਟੀ ਅਵਸਥਾ ਤੋਂ ਹੀ ਮੁਲਕੀ ਸੇਵਾ ਨੇ ਜੜ੍ਹ ਫੜ ਲਈ ਸੀ। ਉਂਞ ਤਾਂ ਆਪ ਦਸਦੇ ਹੁੰਦੇ ਸਨ, ਕਿ ਸਾਨੂੰ ਆਪ ਨੂੰ ਕੁਝ ਪਤਾ ਨਹੀਂ ਕਿ ਕਦ ਤੋਂ ਸਾਨੂੰ ਇਸ ਕੌਮੀ ਸੇਵਾ ਦੀ ਚੇਟਕ ਲੱਗੀ, ਪਰ ਹਾਂ ਏਹ ਲਗਨ 1906, 1907 ਵਿਚ ਪਰਗਟ ਰੂਪ ਵਿਚ ਪਰਕਾਸ਼ ਹੋਈ, ਜਦ ਕਿ ਪੰਜਾਬ ਵਿਚ ਸ. ਅਜੀਤ ਸਿੰਘ ਜੀ ਤੇ ਲਾਲਾ ਲਾਲ ਚੰਦ 'ਫਲਕ' (ਮਸ਼ਹੂਰ ਕੌਮੀ ਸ਼ਾਇਰ) ਜੀ ਨੇ ਦੇਸ਼ ਸੇਵਾ ਦਾ ਬੀੜਾ ਚੁਕਿਆ। 1907 ਈਸਵੀ ਤੋਂ ਆਪ ਤਨੋ, ਮਨੋ, ਹੋਕੇ ਕੌਮੀ ਸੇਵਾ ਵਿਚ ਜੁਟ ਗਏ। ਮਾਯੂਸ ਹੋਣਾ ਤਾਂ ਆਪ ਕਦੇ ਜਾਣਦੇ ਹੀ ਨਾ ਸੀ, ਕੌਮੀ ਪਿਆਰ ਬਦਲੇ ਕਸ਼ਟ ਝੱਲਣ ਤਾਂ ਆਪ ਆਪਣਾ ਸੁਭਾਗ ਸਮਝਦੇ ਸਨ, ਜਦ ਕਦੇ ਵੀ ਆਪ ਨਾਲ ਜ਼ਿੰਦਗੀ ਬਾਬਤ ਗੱਲ ਬਾਤ ਛਿੜਦੀ ਆਪ ਕਹਿੰਦੇ ਇਸ ਵਿਚ ਜ਼ਰਾ ਸ਼ੱਕ ਨਹੀਂ ਕਿ ਮੇਰੀ ਮੌਤ ਗੋਲੀ ਨਾਲ ਜਾਂ ਫਾਂਸੀ ਸੁਰ ਲਟਕ ਕੇ ਹੋਵੇਗੀ। ਇਸ ਭਵਿਖਤ (ਆਉਣ ਵਾਲੇ) ਸਮੇਂ ਨੂੰ ਯਾਦ ਕਰਕੇ ਆਪ ਬੜੇ ਖੁਸ਼ ਹੋਇਆ ਕਰਦੇ ਸਨ ਤੇ ਪਰਸੰਨ ਚਿਤ

ਨਾਲ ਕਿਹਾ ਕਰਦੇ ਸਨ ਕਿ ਓਹ ਵੀ ਕਿਹਾ ਸੁਭਾਗ ਦਿਹਾੜਾ ਹੋਵੇਗਾ, ਜਿੱਦਣ ਸੇਵਾ ਕਰਦਿਆਂ ਮੇਰਾ ਸਰੀਰ ਕੌਮੀ ਪਿਆਰ ਦੇ ਜ਼ੁਲਮ ਵਿਚ ਫਾਂਸੀ ਉਪਰ ਲਟਕਾਇਆ ਜਾਵੇਗਾ।"

ਆਪ ਦਾ ਸੁਭਾਵ ਹਸਮੁਖਾ ਮਿਠਾ ਤੇ ਅਤਿਅੰਤ ਪ੍ਰੇਮ ਭਰਿਆ ਸੀ, ਕੱਦ ਸੋਹਣਾ ਜਵਾਨ, ਰਹਿਣੀ ਬਹਿਣੀ ਸਾਦੀ ਤੇ ਅਕਾਂਤ ਪਸੰਦ, ਜੋ ਭੀ ਕਦੇ ਆਪ ਜੀ ਨੂੰ ਇਕ ਵਾਰ ਮਿਲਿਆ ਉਸਦੇ ਹਿਰਦੇ ਵਿਚ ਆਪ ਜੀ ਦੀ ਮੋਹਣੀ ਸੂਰਤ ਫੋਟੋ ਵਾਂਗ ਉੱਕਰੀ ਗਈ।

ਕਿਰਤੀ, ਅੰਮ੍ਰਿਤਸਰ, ਅਗਸਤ 1927)

k k k k k



# ਡਾਇਰੀ ਗ਼ਦਰੀ ਬਾਬਾ ਹਰਜਾਪ ਸਿੰਘ

ਡਾ. ਜਸਬੀਰ ਕੇਸਰ

ਗ਼ਦਰੀ ਬਾਬਾ ਹਰਜਾਪ ਸਿੰਘ ਦੀ ਉਪਰੋਕਤ ਪੁਸਤਕ ਵੀਹਵੀ ਸਦੀ ਦੇ ਪਹਿਲੇ ਅੱਧ ਦੇ ਭਾਰਤ ਤੇ ਕੁਝ ਹੋਰ ਦੇਸ਼ਾਂ ਜਿਵੇਂ ਰੂਸ, ਅਫਗਾਨਿਸਤਾਨ, ਫਰਾਂਸ ਆਦਿ ਦੇ ਰਾਜਨੀਤਕ-ਸਮਾਜਕ ਮਾਹੌਲ ਦੀ ਇਕ ਵਰਨਣਯੋਗ ਦਸਤਾਵੇਜੀ ਕਿਰਤ ਹੈ। ਇਸ ਦੇ ਨਾਲ ਹੀ ਇਕ ਦੇਸ਼ ਦੀ ਆਜ਼ਾਦੀ ਤੇ ਖੁਸ਼ਹਾਲੀ ਨਾਲ ਪ੍ਰਤੀਬੱਧ ਇਕ ਅਜਿਹੇ ਵਿਅਕਤੀ-ਵਿਸ਼ੇਸ਼ ਬਾਬਾ ਹਰਜਾਪ ਸਿੰਘ ਦੀ ਜੀਵਨ-ਗਾਥਾ ਵੀ ਹੈ ਜਿਹੜਾ 'ਜਿਤੁ ਦੁਆਰੇ ਉਬਰਹਿ ਤਿਤੈ ਲੇਹਿ ਉਬਾਰਿ' ਦੀ ਨੀਤੀ 'ਤੇ ਚਲਦਿਆਂ ਉਮਰ ਭਰ ਹਿੰਦ ਤੇ ਹਿੰਦ ਦੇ ਲੋਕਾਂ ਦੀ ਬਿਹਤਰੀ ਲਈ ਅਗ੍ਰਸਰ ਰਿਹਾ। ਹਰਜਾਪ ਸਿੰਘ ਦੀ ਆਪਣੀ ਜੀਵਨ-ਵਿਥਿਆ ਦੂਜੇ ਗ਼ਦਰੀ ਬਾਬਿਆਂ ਨਾਲੋਂ ਕੋਈ ਵਖਰੀ ਨਹੀਂ। 26 ਮਈ 1892 ਨੂੰ ਜਨਮਿਆ ਹਰਜਾਪ ਸਿੰਘ ਵੀ ਹੋਰ ਗ਼ਦਰੀਆਂ ਵਾਂਗ ਹੀ ਗੁਲਾਮ ਭਾਰਤ ਵਿਚੋਂ ਘਰ ਦੀ ਗ਼ਰੀਬੀ ਤੇ ਭੁੱਖ ਨੂੰ ਦੂਰ ਕਰਨ ਲਈ ਸਾਢੇ ਕੁ ਸਤਾਰਾਂ ਸਾਲ ਦੀ ਉਮਰ ਵਿਚ (5 ਦਸੰਬਰ 1909) ਸੱਜ ਵਿਆਹੀ ਅੱਲ੍ਹੜ ਪਤਨੀ ਨੂੰ ਛੱਡ ਅਮਰੀਕਾ ਨੂੰ ਤੁਰਿਆ। ਪਰ ਅਮਰੀਕਾ ਪਹੁੰਚ ਕੇ ਹਿੰਦੋਸਤਾਨੀ ਦੇਸ਼-ਭਗਤਾਂ ਦੇ ਸੰਪਰਕ ਵਿਚ ਆਉਣ ਤੋਂ ਬਾਅਦ ਪਿੱਛੇ ਦਾ ਫ਼ਿਕਰ ਲਾਹ, ਕਮਾਈ ਦਾ ਲਾਲਚ ਤਿਆਗ ਕੇ ਗ਼ਦਰੀ ਬਣ ਗਿਆ। ਗ਼ਦਰ ਪਾਰਟੀ ਦੇ ਸਾਧਾਰਨ ਮੈਂਬਰ ਤੋਂ ਪਹਿਲਾਂ ਪਾਰਟੀ ਦੇ ਐਗਜੈਕਟਿਵ ਬੋਰਡ ਦੇ ਮੈਂਬਰ ਤੇ ਫਿਰ ਪ੍ਰਧਾਨ ਦੀ ਹੈਸੀਅਤ ਵਿਚ ਪਾਰਟੀ ਦੀਆਂ ਨੀਤੀਆਂ ਨੂੰ ਅਮਲੀ ਰੂਪ ਵਿਚ ਸਾਕਾਰ ਕਰਨ ਦੀ ਕੋਸ਼ਿਸ਼ ਕਰਦਾ ਸੰਨ 1930 ਵਿਚ ਵਿਸਾਖੀ ਵਾਲੇ ਦਿਨ ਅੰਗਰੇਜ਼ੀ ਪੁਲਸ ਤੋਂ ਬਚਦਾ ਬਚਾਉਂਦਾ ਖਾਲੀ ਹੱਥੀਂ ਦੇਸ਼ (ਅੰਮ੍ਰਿਤਸਰ) ਪਰਤਿਆ ਕਿਉਂਕਿ ਸਰਕਾਰ ਬਰਤਾਨੀਆ ਵਲੋਂ ਉਸ ਦੀ ਗ੍ਰਿਫਤਾਰੀ ਦੇ ਵਾਰੰਟ ਜਾਰੀ ਹੋ ਚੁੱਕੇ ਸਨ। ਫਿਰ ਲੁਕਵੇਂ ਰੂਪ ਵਿਚ ਵੱਖ-ਵੱਖ ਪਾਰਟੀਆਂ ਜਿਵੇਂ ਕਿਰਤੀ-ਕਿਸਾਨ ਪਾਰਟੀ, ਕਮਿਊਨਿਸਟ ਪਾਰਟੀ, ਕਾਂਗਰਸ ਆਦਿ ਲਈ ਕੰਮ ਕਰਦੇ, ਬਰਤਾਨਵੀ ਸਰਕਾਰ ਦੀਆਂ ਜੇਲ੍ਹਾਂ ਕਟਦੇ ਨੇ ਆਜ਼ਾਦੀ ਦਾ ਮੂੰਹ ਦੇਖਣ ਦਾ ਸੁਭਾਗ ਤਾਂ ਪ੍ਰਾਪਤ ਕਰ ਲਿਆ ਪਰ ਆਜ਼ਾਦ ਭਾਰਤ ਵਿਚ ਉਮਰ ਦੇ ਆਖਰੀ ਵਰ੍ਹੇ ਗਰੀਬੀ ਦੀ ਹਾਲਤ ਵਿਚ ਗੁਜ਼ਾਰ ਕੇ ਬੁੱਢੇ ਵਾਰੇ ਅੰਤਲੇ ਸਾਹ ਉਸੇ ਬਰਤਾਨਵੀ ਸਾਮਰਾਜ ਦੀ ਰਾਜਧਾਨੀ ਲੰਡਨ ਵਿਚ ਲੈਣ ਲਈ ਮਜਬੂਰ ਹੋ ਗਿਆ, ਜਿਸ ਖਿਲਾਫ਼ ਉਸ ਨੇ ਸਾਰੀ ਉਮਰ ਜੰਗ ਵਿੱਢੀ ਰੱਖੀ ਸੀ। 1971 ਵਿਚ ਪਤਨੀ ਦੀ ਮਿਰਤੂ ਬਾਅਦ ਉਸ ਨੂੰ ਲੰਡਨ ਰਹਿੰਦੀ ਆਪਣੀ ਇਕਲੌਤੀ ਧੀ ਬੀਬੀ ਗੁਰਮੀਤ ਕੌਰ ਧਾਮੀ ਕੋਲ ਜ਼ਿੰਦਗੀ ਦੇ ਰਹਿੰਦੇ ਵਰ੍ਹੇ ਪੂਰੇ ਕਰਨ ਲਈ ਜਾਣਾ ਪਿਆ। ਕਿਉਂਕਿ ਆਜ਼ਾਦ ਭਾਰਤ ਵਿਚ ਵੀ ਉਸ ਵਰਗੇ ਦੇਸ਼ ਭਗਤਾਂ ਦੀ ਸਾਂਭ ਸੰਭਾਲ ਕਰਨ ਵਾਲੀ ਨਾ ਕੋਈ ਸਰਕਾਰ ਸੀ ਤੇ ਨਾ ਹੀ ਵਿਵਸਥਾ ਸੀ ਜਿਹਦਾ ਬਰਤਾਨਵੀ ਸਾਮਰਾਜੀ ਵਿਵਸਥਾ ਨਾਲੋਂ ਬਹੁਤਾ ਫ਼ਰਕ ਨਹੀਂ ਸੀ। ਇਸ ਗੱਲ ਦੀ ਬਾਬਾ ਹਰਜਾਪ ਸਿੰਘ ਨੂੰ ਵੀ ਚੰਗੀ ਸੋਝੀ ਸੀ। ਬਿਰਧ ਅਵਸਥਾ ਵਿਚ ਉਸ ਨੇ ਕਈ ਭ੍ਰਿਸ਼ਟ ਅਧਿਕਾਰੀਆਂ ਤੇ ਪੁਲਸ ਅਫ਼ਸਰਾਂ

ਨਾਲ ਟੱਕਰ ਵੀ ਲਈ। ਉਮਰ ਦੇ ਆਖਰੀ ਵਰ੍ਹਿਆਂ ਵਿਚ ਉਸ ਨੂੰ ਇਸ ਦਾ ਝੋਰਾ ਵੀ ਸੀ। 78 ਵਰ੍ਹੇ ਦੀ ਉਮਰ ਵਿਚ ਉਸ ਨੇ ਲਿਖਿਆ :

ਅੱਜ ਆਜ਼ਾਦੀ ਦੇ 23 ਸਾਲਾਂ ਬਾਅਦ ਵੀ 1947 ਤੋਂ ਪਹਿਲਾਂ ਵੇਖੇ ਗਏ ਖਾਬ ਧੁੰਦਲੇ ਨਜ਼ਰ ਆ ਰਹੇ ਹਨ। ਅਸੀਂ ਜੀਵਨ ਦੇ ਸਾਰਿਆਂ ਪੱਖਾਂ ਤੋਂ ਨਿਘਰ ਰਹੇ ਹਾਂ......ਕਿਉਂਕਿ ਜਿਨ੍ਹਾਂ ਸੁਪਨਿਆਂ ਨੂੰ ਸਾਹਮਣੇ ਰੱਖ ਕੇ ਮੈਂ ਤੇ ਮੇਰੇ ਵਰਗੇ ਹੋਰ ਅਨੇਕਾਂ ਦੇਸ਼ ਪਿਆਰੇ ਜੰਗਿ ਆਜ਼ਾਦੀ ਦੇ ਰਣ ਵਿਚ ਨਿਤਰੇ ਸਨ ਉਹ ਸਾਕਾਰ ਨਹੀਂ ਹੋਏ ਤੇ ਨਾ ਹੀ ਅਜੇ ਸੰਭਾਵਨਾ ਹੈ। ਮੈਂ ਤੇ ਮੇਰੇ ਵਰਗੇ ਹੋਰ ਕਈ ਜੰਗਿ ਆਜ਼ਾਦੀ ਦੇ ਘੁਲਾਟੀਏ ਬੁਢਾਪੇ ਦੀ ਡੰਗੋਰੀ ਦੇ ਸਹਾਰੇ ਜੀਉਂਦੇ ਜੀ ਦੇਸ਼ ਦੀ ਨਾਜ਼ਕ ਦਸ਼ਾ ਵੇਖ ਕੇ ਬੇਬਸੀ ਦੇ ਅਥਰੂ ਕੇਰ ਰਹੇ ਹਾਂ।

(ਗਿਆਨੀ ਹਰਕੇਵਲ ਸਿੰਘ ਬੈਂਸ-ਜੀਵਨ ਇੱਕ ਚਾਨਣ ਮੁਨਾਰਾ ਪੰ 117-18)

ਬਾਬਾ ਹਰਜਾਪ ਸਿੰਘ ਦੀ ਇਹ ਪੁਸਤਕ ਆਪਣੇ ਲਿਖੇ ਜਾਣ ਦੇ ਸਮੇਂ ਤੋਂ ਲਗ-ਪਗ 55 ਵਰ੍ਹੇ ਮਗਰੋਂ 1998 ਵਿਚ ਪਾਠਕਾਂ ਸਾਹਮਣੇ ਪ੍ਰਗਟ ਹੋਈ। ਇਹ ਪੁਸਤਕ ਬਾਬਾ ਜੀ ਨੇ ਗੁਜਰਾਤ ਜੇਲ੍ਹ ਵਿਚ ਲਿਖੀ ਜਿਥੇ ਉਹ ਦੂਜੀ ਵੱਡੀ ਜੰਗ ਸਮੇਂ ਕੈਦ ਰਹੇ। ਮੈਨੂੰ ਇਸ ਪੁਸਤਕ ਨੂੰ ਇਸ ਦੇ ਅਣਛਪੇ ਰੂਪ ਵਿਚ ਦੇਖਣ ਤੇ ਇਸ ਦੀ ਭੂਮਿਕਾ ਲਿਖਣ ਦਾ ਸੁਭਾਗ ਪ੍ਰਾਪਤ ਹੋਇਆ ਹੈ। 1130 (ਅਸਲ ਵਿਚ 575 ਕਿਉਂਕਿ ਪੰਨੇ ਦਾ ਇਕ ਪਾਸਾ ਹੀ ਲਿਖਆ ਹੋਇਆ ਹੈ ਜਦੋਂ ਕਿ ਨੰਬਰ ਦੋਵੇਂ ਪਾਸੇ ਲਗੇ ਹੋਏ ਹਨ) ਹੱਥ-ਲਿਖਤ ਪੰਨਿਆਂ ਦੀ ਇਸ ਪੁਸਤਕ ਦੇ ਅਖੀਰ 'ਤੇ ਬਾਬਾ ਜੀ ਨੇ ਆਪਣੇ ਹੱਥਾਂ ਨਾਲ ਤਰੀਕ ਪਾ ਕੇ ਦਸਤਖ਼ਤ ਕੀਤੇ ਹੋਏ ਹਨ।

ਖਤਮ

28 ਅਕਤੂਬਰ 1943

12 ਕਤਕ ਸਮਤ 2000

ਨਮੀ ਸਬ ਜੇਲ੍ਹ ਗੁਜਰਾਤ

ਹਰਜਾਪ ਸਿੰਘ

28.10.43

ਪੁਸਤਕ ਦੇ ਅੰਦਰ ਵੀ ਆਪ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ, "ਅਸਾਂ ਇਹ ਕਿਤਾਬ ਗੁਜਰਾਤ ਸਪੈਸ਼ਲ ਜੇਲ੍ਹ ਵਿਚ ਲਿਖੀ।" (ਹੱਥ ਲਿਖਤ ਖਰੜਾ, ਪੰ 598)

ਪਰ ਇਹ ਪੁਸਤਕ ਆਪਣੇ ਅਧੂਰੇ ਰੂਪ ਵਿਚ ਹੀ ਪ੍ਰਾਪਤ ਹੋਈ। ਖਰੜੇ ਤੋਂ ਸਪੱਸ਼ਟ ਹੁੰਦਾ ਇਹ ਪੁਸਤਕ ਕਈ ਛੋਟੀਆਂ ਕਾਪੀਆਂ ਉਤੇ ਲਿਖੀ ਗਈ ਜਿਸ ਦੇ ਪਹਿਲੇ 190 ਯਾਨਿ 95 ਸਫੇ ਗਾਇਬ ਹਨ। 192 ਪੰਨੇ ਤੋਂ ਇਹ ਪੁਸਤਕ ਸ਼ੁਰੂ ਹੁੰਦੀ ਹੈ ਅਤੇ ਇਸ ਅਧੂਰੀ ਪੁਸਤਕ ਦੇ ਆਰੰਭਕ ਭਾਗ ਵਿਚ ਗ਼ਦਰ ਪਾਰਟੀ ਦੀ ਅਮਰੀਕੀ ਹਿੰਦੀਆਂ ਵਿਚ ਚੜ੍ਹਤ, ਗ਼ਦਰ ਅਖ਼ਬਾਰ ਦੀ ਲੋਕ-ਪ੍ਰੀਅਤਾ, ਲਾਲਾ ਹਰਦਿਆਲ ਦੀ ਗ੍ਰਿਫ਼ਤਾਰੀ ਆਦਿ ਦੇ ਵੇਰਵੇ ਹਨ। ਅੱਗੇ 1034 ਤੋਂ 1110 ਤੱਕ ਦੇ 76 ਯਾਨਿ 38 ਲਿਖੇ ਹੋਏ ਪੰਨੇ ਫਿਰ ਗਾਇਬ ਹਨ।



ਇਸ ਹੱਥ-ਲਿਖਤ ਖਰੜੇ ਦੀ ਪ੍ਰਾਪਤੀ ਵੀ ਬੜੇ ਨਾਟਕੀ ਢੰਗ ਨਾਲ ਹੋਈ ਦੱਸੀ ਜਾਂਦੀ ਹੈ ਸਾਨੂੰ ਇਹ ਖਰੜਾ ਬੀਬੀ ਗੁਰਮੀਤ ਕੌਰ ਧਾਮੀ ਤੇ ਸ: ਇਕਬਾਲ ਸਿੰਘ ਧਾਮੀ (ਸਪੁਤਰੀ ਤੇ ਦਾਮਾਦ ਬਾਬਾ ਹਰਜਾਪ ਸਿੰਘ) ਰਾਹੀਂ ਪ੍ਰਾਪਤ ਹੋਇਆ ਸੀ। ਗ਼ਦਰ ਲਹਿਰ ਦੇ ਅੰਨਿਨ ਸ਼ਰਧਾਲੂ ਤੇ ਗ਼ਦਰੀ ਸੂਰਬੀਰਾਂ ਦੇ ਅਨੋਖੇ ਸ਼ੈਦਾਈ ਅਤੇ ਦੇਸ਼ ਦੇ ਸੁਤੰਤਰਤਾ ਸੰਗਰਾਮ ਨਾਲ ਸੰਬੰਧਤ ਲਹਿਰਾਂ ਤੇ ਜੋਧਿਆਂ ਬਾਰੇ ਲੜੀਵਾਰ ਨਾਵਲ ਲਿਖਣ ਵਾਲੇ ਇਕੋ ਇਕ ਇਤਿਹਾਸਕ ਨਾਵਲਕਾਰ ਤੇ ਸਤਿਕਾਰਤ ਬਜ਼ੁਰਗ ਗਿਆਨੀ ਕੇਸਰ ਸਿੰਘ ਕੈਨੇਡਾ ਦੀ ਚਿੱਠੀ ਲੈ ਕੇ ਦੋਵੇਂ ਪਤੀ-ਪਤਨੀ ਸਾਡੇ ਕੋਲ ਆਏ ਤੇ ਸਾਨੂੰ ਪੁਸਤਕ ਦੀ ਭੂਮਿਕਾ ਲਿਖਣ ਲਈ ਕਿਹਾ। ਉਨ੍ਹਾਂ ਦੱਸਿਆ ਕਿ ਬਾਬਾ ਜੀ ਦੇ ਭੋਗ ਸਮੇਂ (1982 ਵਿਚ) ਇੰਡੀਅਨ ਨੈਸ਼ਨਲ ਆਰਮੀ (I.N.A.) ਦੇ ਰਹਿ ਚੁੱਕੇ ਕਰਨਲ ਜੀਵਨ ਸਿੰਘ ਉਹਨਾਂ ਕੋਲ ਉਨ੍ਹਾਂ ਦੇ ਪਿੰਡ ਮਾਹਿਲਪੁਰ (ਹੁਸ਼ਿਆਰਪੁਰ) ਆਏ ਤੇ ਇਹ ਖਰੜਾ ਉਨ੍ਹਾਂ ਨੂੰ ਸੌਂਪਿਆ। ਕਰਨਲ ਜੀਵਨ ਸਿੰਘ ਕੋਲ ਇਹ ਖਰੜਾ ਕਿਵੇਂ ਪਹੁੰਚਿਆ ? ਕੁਝ ਪਤਾ ਨਹੀਂ ਪਰ ਇਹ ਖਰੜਾ ਉਦੋਂ ਵੀ ਅਧੂਰਾ ਹੀ ਸੀ। ਨਿਸ਼ਚੇ ਹੀ ਇਨ੍ਹਾਂ ਪਹਿਲੇ ਪੰਨਿਆਂ ਵਿਚ ਬਾਬਾ ਹਰਜਾਪ ਸਿੰਘ ਦੀ ਮੁਢਲੀ ਜ਼ਿੰਦਗੀ ਦੇ ਹਾਲਾਤ, ਬਾਹਰ ਜਾਣ ਦੇ ਕਾਰਨ ਤੇ ਸਮਾਂ, ਉਥੇ ਜਾ ਕੇ ਮਿਹਨਤ ਮਜ਼ਦੂਰੀ ਕਰਨ, ਗ਼ਦਰ ਪਾਰਟੀ ਵਿਚ ਸ਼ਾਮਲ ਹੋਣ ਤੇ ਪਾਰਟੀ ਲਈ ਕੰਮ ਕਰਨ ਦੇ ਵੇਰਵੇ ਕਲਮਬੰਦ ਹੋਣਗੇ।

1982 ਤੋਂ 1998 ਤੱਕ 15, 16 ਵਰ੍ਹੇ ਇਹ ਹੱਥ-ਲਿਖਤ ਗ਼ਦਰੀ ਜੋਧਿਆਂ ਵਾਂਗ ਗੁੰਮਨਾਮੀ ਦੀ ਜ਼ਿੰਦਗੀ ਹੰਢਾਉਂਦੀ ਰਹੀ। ਕਿਨ੍ਹਾਂ ਮਜਬੂਰੀਆਂ ਕਾਰਨ ਇਹ ਪ੍ਰੈਸ ਤੱਕ ਨਹੀਂ ਪਹੁੰਚ ਸਕੀ। ਇਸ ਦਾ ਪਤਾ ਨਹੀਂ ਪਰ ਆਜ਼ਾਦੀ ਦੀ ਇਕ ਸੋਨ-ਜਯੰਤੀ ਦੇ ਵਰ੍ਹੇ ਵਿਚ ਬੀਬੀ ਜੀ ਤੇ ਉਨ੍ਹਾਂ ਦੇ ਪਤੀ ਵਲੋਂ ਇਸ ਨੂੰ ਪ੍ਰਕਾਸ਼ਤ ਕਰਨਾ ਵੀ ਇਕ ਸੰਤੋਖਜਨਕ ਉਪਰਾਲਾ ਹੈ। ਨਹੀਂ ਤਾਂ ਇਕ ਮਹੱਤਵਪੂਰਨ ਇਤਿਹਾਸਕ ਦਸਤਾਵੇਜ਼ ਬਾਬਾ ਜੀ ਦੁਆਰਾ ਲਿਖਿਆ ਹੋਰ ਸ੍ਵੈਜੀਵਨੀਆਤਮਕ ਲਿਖਤਾਂ ਵਾਂਗ ਸਮੇਂ ਦੀ ਧੂੜ ਵਿਚ ਅੱਟਲ ਜਾਂਦੀ। ਜਾਪਦਾ ਹੈ ਕਿ ਇਸ ਨਾਲ ਮਿਲਦੀਆਂ ਜੁਲਦੀਆਂ ਹੋਰ ਪੁਸਤਕਾਂ ਉਨ੍ਹਾਂ ਨੇ ਲਿਖੀਆਂ ਪਰ ਛਪ ਇਕ ਵੀ ਨਹੀਂ ਸਕੀ।

ਜਦੋਂ ਕਦੀ ਮੈਂ ਆਪਣੇ ਸਾਥੀਆਂ ਨੂੰ ਅਮਰੀਕਾ ਤੇ ਭਾਰਤ ਦਾ ਸਫ਼ਰ ਸੁਣਾਇਆ ਤਾਂ ਉਨ੍ਹਾਂ ਨੇ ਜ਼ਰੂਰ ਮਜਬੂਰ ਕੀਤਾ ਕਿ ਮੈਂ ਉਸ ਨੂੰ ਕਲਮਬੰਦ ਕਰਾਂ। ਇਸ ਤਰ੍ਹਾਂ ਮੈਂ ਉਨ੍ਹਾਂ ਦੀ ਇਛਿਆ ਪੂਰਤੀ ਲਈ ਤਿੰਨ ਵਾਰ ਜਤਨ ਕੀਤਾ। ਸਭ ਤੋਂ ਪਹਿਲਾ ਖਰੜਾ ਸ. ਗੁਰਮੁਖ ਸਿੰਘ ਮੁਸਾਫਿਰ ਜੀ ਪਾਸ ਚਲਾ ਗਿਆ ਸੀ, ਦੂਜੀ ਵਾਰ ਮੌਲਾਣਾ ਅਬੁਲ ਕਲਾਮ ਆਜ਼ਾਦ ਜੀ ਪਾਸ ਚਲਾ ਗਿਆ ਤੇ ਤੀਜੀ ਵਾਰ ਇਕ ਹੋਰ ਸੱਜਣ ਲੈ ਗਏ ਪਰ ਉਨ੍ਹਾਂ ਵਿਚੋਂ ਕੋਈ ਵੀ ਉਸ ਨੂੰ ਪ੍ਰੈੱਸ ਵਿਚ ਨਹੀਂ ਲਿਆ ਸਕਿਆ।

ਗਿਆਨੀ ਹਰਕੇਵਲ ਸਿੰਘ ਬੈਂਸ-ਜੀਵਨ ਇਕ ਚਾਨਣ ਮੁਨਾਰਾ

1998 ਵਿਚ ਇਸ ਪੁਸਤਕ ਦੇ ਪ੍ਰਕਾਸ਼ਿਤ ਹੋਣ ਨਾਲ ਜਿਥੇ ਗ਼ਦਰ ਲਹਿਰ ਦੇ ਇਕ ਹੋਰ ਸੂਰਬੀਰ ਨਾਇਕ ਨਾਲ ਵਿਸਤਾਰਿਤ ਜਾਣ ਪਛਾਣ ਹੁੰਦੀ ਹੈ ਉਥੇ ਇਹ

ਵੀ ਪਤਾ ਲਗਦਾ ਹੈ ਕਿ ਇਹ ਜੋਧੇ ਆਪਣੇ ਸਮੇਂ ਦੇ ਅਜਿਹੇ ਚੇਤੰਨ ਰਾਜਸੀ ਆਗੂ ਸਨ ਜਿਨ੍ਹਾਂ ਦੀ ਸੋਚ ਦਾ ਦਾਇਰਾ ਦੇਸਾਂ ਕੌਮਾਂ ਹੱਦਾਂ ਤੋਂ ਪਾਰ ਕੌਮਾਂਤਰੀ ਸੀ ਤੇ ਜੋ ਮਨੁੱਖ ਮਾਤਰ ਲਈ ਹਰ ਜਗ੍ਹਾ ਸੁਖੀ ਸਮਾਜ ਦੀ ਸਥਾਪਨਾ ਦੇ ਕਾਜ ਨਾਲ ਪਰਣਾਏ ਹੋਏ ਸਨ ਅਜਿਹੇ ਦੇਵ-ਕੱਦ ਯੁਗਪੁਰਸ਼ਾਂ ਬਾਰੇ ਜਾਂ ਉਨ੍ਹਾਂ ਦੀ ਕਿਸੇ ਲਿਖਤ ਬਾਰੇ ਕੁਝ ਲਿਖਣਾ ਸਾਡੇ ਵਰਗੇ ਅਲਪ ਬੁੱਧ ਬੌਣਿਆਂ ਲਈ ਅਸੰਭਵ ਹੈ। ਅਸੀਂ ਤਾਂ ਪਿਓਆਂ ਦਾਦਿਆਂ ਦੇ ਇਸ ਖਜ਼ਾਨੇ ਨੂੰ ਸਿਰ ਹੀ ਨੀਵਾ ਸਕਦੇ ਹਾਂ ਤੇ ਜਾਂ ਫਿਰ ਨਿੱਕੇ-ਨਿੱਕੇ ਲੋਭਾਂ ਵਿਚ ਘਿਰੀ ਆਪਣੀ ਅਮਲੋਂ ਸਖਣੀ ਨਿਗੂਣੀ ਹਯਾਤੀ 'ਤੇ ਸ਼ਰਮਸਾਰ ਹੋ ਸਕਦੇ ਹਾਂ।

ਪੁਸਤਕ ਦੀ ਇਤਿਹਾਸਕ ਤੇ ਰਾਜਸੀ ਮਹਾਨਤਾ :

ਇਤਿਹਾਸਕ ਪੱਖੋਂ ਸੋਚਿਆਂ ਇਹ ਪੁਸਤਕ ਗ਼ਦਰ ਪਾਰਟੀ ਦਾ ਪਹਿਲਾ ਇਤਿਹਾਸ ਹੋ ਸਕਦੀ ਸੀ ਜੇ ਇਹ ਅਧੂਰੀ ਨਾ ਹੁੰਦੀ ਤੇ ਆਪਣੇ ਲਿਖੇ ਜਾਣ ਦੇ ਸਮੇਂ ਹੀ ਛਪ ਜਾਂਦੀ। ਹੁਣ ਤੱਕ ਗ਼ਦਰ ਪਾਰਟੀ ਦੇ ਗ਼ਦਰ ਲਹਿਰ ਨਾਲ ਸੰਬੰਧਤ ਚਾਰ ਵਰਣਨਯੋਗ ਇਤਿਹਾਸ ਛਪੇ ਹਨ-ਤਿੰਨ ਪੰਜਾਬੀ ਵਿਚ ਤੇ ਇਕ ਅੰਗਰੇਜੀ ਵਿਚ :

1. ਗ਼ਦਰ ਪਾਰਟੀ ਲਹਿਰ—(1954)—ਸਰਦਾਰ ਜਗਜੀਤ ਸਿੰਘ
2. ਗ਼ਦਰ ਪਾਰਟੀ ਦਾ ਇਤਿਹਾਸ—(1969)—ਗੁਰਚਰਨ ਸਿੰਘ ਸੈਂਸਰਾ
3. ਗ਼ਦਰ ਲਹਿਰ ਦੇ ਅਣਫੋਲੇ ਵਰਕੇ—(1989)—ਭਗਤ ਸਿੰਘ ਬਿਲਗਾ
4. ਹਿੰਦੋਸਤਾਨ ਗ਼ਦਰ ਪਾਰਟੀ-ਏ ਸ਼ਾਰਟ ਹਿਸਟਰੀ—(1977)—ਸੋਹਣ ਸਿੰਘ ਜੋਸ਼

ਸਪੱਸ਼ਟ ਹੈ ਕਿ ਗ਼ਦਰ ਪਾਰਟੀ ਦਾ ਪਹਿਲਾ ਇਤਿਹਾਸ ਇਸ ਪੁਸਤਕ ਦੇ ਰਚਨਾ ਕਾਲ ਤੋਂ 11 ਵਰ੍ਹੇ ਪਿਛੋਂ ਛਪਿਆ। ਉਪਰੋਕਤ ਲੇਖਕਾਂ ਵਿਚੋਂ ਕੇਵਲ ਭਗਤ ਸਿੰਘ ਬਿਲਗਾ ਹੀ ਗ਼ਦਰ ਪਾਰਟੀ ਦੇ ਸਰਗਰਮ ਮੈਂਬਰ ਸਨ ਪਰ ਉਹ ਵੀ ਬਾਬਾ ਹਰਜਾਪ ਸਿੰਘ ਤੋਂ ਬਹੁਤ ਬਾਅਦ ਵਿਚ ਪਾਰਟੀ ਨਾਲ ਸੰਬੰਧਤ ਹੋਏ। ਕੇਵਲ ਬਾਬਾ ਹਰਜਾਪ ਸਿੰਘ ਹੀ ਅਜਿਹਾ ਸ਼ਖ਼ਸ਼ ਸੀ ਜੋ ਪਾਰਟੀ ਦੇ ਜਨਮ ਵੇਲੇ ਤੋਂ ਹੀ ਇਸ ਨਾਲ ਸੰਬੰਧਤ ਸੀ। ਉਹ ਗ਼ਦਰ ਇਤਿਹਾਸ ਦਾ ਸਿਰਜਕ ਵੀ ਸੀ ਤੇ ਪੁਨਰ ਸਿਰਜਕ ਵੀ। ਇਹ ਪੁਸਤਕ ਉਸ ਦੇ ਪ੍ਰਤੱਖ ਗਿਆਨ ਤੇ ਅਨੁਭਵ ਉੱਤੇ ਆਧਾਰਿਤ ਹੈ। ਇਕ ਖੋਜ ਆਧਾਰਿਤ ਨਹੀਂ। ਅਮਲ-ਆਧਾਰਿਤ ਹੈ। ਇਸ ਲਈ ਇਸ ਵਿਚਲੇ ਤੱਥ, ਬਿਆਨ ਤੇ ਹੋਰ ਇਤਿਹਾਸਕ ਵੇਰਵੇ ਕਿਸੇ ਦੂਜੈਲ ਸੋਮੇ ਤੋਂ ਨਹੀਂ ਪ੍ਰਾਪਤ ਕੀਤੇ ਗਏ। ਸਗੋਂ ਸੋਹਣ ਸਿੰਘ ਜੋਸ਼ ਨੇ ਆਪਣੀ ਪੁਸਤਕ ਹਿੰਦੋਸਤਾਨ ਗ਼ਦਰ ਪਾਰਟੀ ਵਿਚ ਸਰਦਾਰ ਹਰਜਾਪ ਸਿੰਘ ਦੇ ਕਥਨਾਂ ਨੂੰ ਅਨੇਕਾਂ ਥਾਂਈ ਮੂਲ-ਸੋਮੇ ਦੇ ਤੌਰ ਤੇ ਵਰਤ ਕੇ ਆਪਣੀ ਖੋਜ ਦੀ ਪ੍ਰਮਾਣਿਕਤਾ ਸਿੱਧ ਕੀਤੀ ਹੈ। ਇਹ ਇਸ ਪੁਸਤਕ ਦੀ ਬਹੁਤ ਵੱਡੀ ਇਤਿਹਾਸਕ ਵਿਸ਼ੇਸ਼ਤਾ ਹੈ।

ਇਸ ਪੁਸਤਕ ਦੀ ਰਾਜਸੀ ਵਿਸ਼ੇਸ਼ਤਾ ਗ਼ਦਰ ਲਹਿਰ ਦੇ ਇਕ ਕੌਮਾਂਤਰੀ ਲਹਿਰ ਵਜੋਂ ਉਭਾਰ, ਗ਼ਦਰੀ ਬਾਬਿਆਂ ਦੀ ਵਿਸ਼ਾਲ ਦ੍ਰਿਸ਼ਟੀ ਤੇ ਹਿੰਦੋਸਤਾਨ ਦੀ ਆਜ਼ਾਦੀ ਦੇ ਸਵਾਲ ਨੂੰ ਕੌਮਾਂਤਰੀ ਪਰਿਪੇਖ ਵਿਚ ਸਮਝਣ ਦੀ ਚੇਤਨਾ ਦਰਸਾਉਣ ਪਿਛੇ ਲੁਕੀ



ਹੋਈ ਹੈ। ਹਰਜਾਪ ਸਿੰਘ ਨੇ ਇਸ ਪੁਸਤਕ ਵਿਚ ਇਹ ਦੱਸਣ ਦੀ ਕੋਸ਼ਿਸ਼ ਕੀਤੀ ਹੈ ਕਿ ਗ਼ਦਰ ਪਾਰਟੀ ਦੇ ਹੋਰ ਦੇਸ਼ਾਂ ਵਿਚ ਸਮਾਜਵਾਦੀ ਤੇ ਲੋਕਤੰਤਰ ਸਰਕਾਰਾਂ ਨਾਲ ਸੰਬੰਧ ਕੇਵਲ ਯੁੱਧ-ਨੀਤੀ ਦੇ ਦਾਅ-ਪੇਚ ਹੀ ਨਹੀਂ ਸਨ, ਸਗੋਂ ਉਸ ਦੀ ਸਿਧਾਂਤਕ ਸੇਧ ਤੋਂ ਵਿਚਾਰਧਾਰਕ ਸਪਸ਼ੱਟਤਾ ਦਾ ਸਿੱਟਾ ਸਨ ਤੇ ਕੇਵਲ ਰਾਜਨੀਤਕ ਆਜ਼ਾਦੀ ਹਾਸਲ ਕਰਨਾ ਹੀ ਉਨ੍ਹਾਂ ਦਾ ਇਕ ਮਾਤਰ ਉਦੇਸ਼ ਨਹੀਂ ਸੀ। ਈਸਟਰਨ ਯੂਨੀਵਰਸਿਟੀ ਮਾਸਕੋ ਵਿਚ ਗ਼ਦਰ ਪਾਰਟੀ ਵਲੋਂ ਮਾਰਕਸਵਾਦ ਦੀ ਸਿਖਿਆ ਹਾਸਲ ਕਰਨ ਲਈ ਵਿਦਿਆਰਥੀ ਭੇਜਣੇ ਇਸੇ ਵਿਚਾਰਧਾਰਕ ਸਪੱਸ਼ਟਤਾ ਦਾ ਸੰਕੇਤ ਸੀ। ਪਰ ਪਿੰਡ ਦੇ ਸਕੂਲ ਵਿਚੋਂ ਮਿਡਲ ਪਾਸ ਕਰ ਕੇ ਗਏ ਹਰਜਾਪ ਸਿੰਘ ਦੀ ਦ੍ਰਿਸ਼ਟੀ ਏਨੀ ਤੀਖਣ ਤੇ ਰਾਜਨੀਤਕ ਸੋਝੀ ਏਨੀ ਪ੍ਰਬਲ ਸੀ ਕਿ ਉਸ ਨੂੰ ਗ਼ਦਰ ਪਾਰਟੀ ਦੀਆਂ ਸੀਮਾਵਾਂ ਦਾ ਵੀ ਗਿਆਨ ਸੀ ਤੇ ਸੰਭਾਵਨਾਵਾਂ ਬਾਰੇ ਵੀ ਉਹ ਲਿਖਦਾ ਹੈ।

ਅਸੀਂ ਇਸ ਗੱਲ ਨੂੰ ਮੰਨਦੇ ਹਾਂ ਕਿ ਗ਼ਦਰ ਪਾਰਟੀ ਚੰਗੇ ਪੜ੍ਹੇ ਲਿਖੇ ਆਦਮੀ ਰੂਸ ਵਿਚ ਵਿਦਿਆ ਪ੍ਰਾਪਤੀ ਲਈ ਨਾ ਘੱਲ ਸਕੀ। ਗ਼ਦਰ ਪਾਰਟੀ ਸਿੱਧੇ ਸਾਦੇ ਕਿਸਾਨਾਂ ਤੇ ਮਜ਼ਦੂਰਾਂ ਦੀ ਸਭਾ ਸੀ। ਇਸ ਲਈ ਜੋ ਵਿਦਿਆਰਥੀ ਇਸ ਵਲੋਂ ਉਥੇ ਗਏ ਉਹ ਵੀ ਇਨ੍ਹਾਂ ਗੁਣਾਂ ਵਾਲੇ ਹੀ ਸਨ। ਪਰ ਇਸ ਦੇ ਬਾਵਜੂਦ ਗ਼ਦਰ ਪਾਰਟੀ ਹੀ ਹਿੰਦੋਸਤਾਨ ਦੀ ਪਹਿਲੀ ਪਾਰਟੀ ਹੈ ਜਿਸਦੇ ਸੰਬੰਧ ਕੋਮਨਟਰਨ ਨਾਲ ਪੈਦਾ ਹੋਏ। ਪੰਜਾਬ ਵਿਚ ਜੋ ਇੰਨਕਲਾਬੀ ਜਾਗ੍ਰਿਤੀ ਪ੍ਰਤੀਤ ਹੋ ਰਹੀ ਹੈ ਇਸ ਦਾ ਬਹੁਤਾ ਕਾਰਨ ਗ਼ਦਰ ਪਾਰਟੀ ਹੀ ਹੈ। ਪੰਜਾਬ ਕੋਮਿਨਿਸਟ ਪਾਰਟੀ ਤੇ ਕਿਰਤੀ ਪਾਰਟੀ ਦੇ ਮੌਜੂਦਾ ਆਗੂ ਈਸਟਰਨ ਯੂਨੀਵਰਸਿਟੀ ਮਾਸਕੋ ਦੀ ਹੀ ਪੈਦਾਵਾਰ ਹਨ। (ਪੰ : 84)

ਪਰ ਗ਼ਦਰ ਪਾਰਟੀ ਦੇ ਇਸ ਸਿੱਧੇ ਸਾਦੇ ਕਿਸਾਨ ਦੀ ਦ੍ਰਿਸ਼ਟੀ ਮਾਰਕਸਵਾਦ ਦੀ ਸਿਖਿਆ ਹਾਸਲ ਕਰਨ ਉਪਰੰਤ ਏਨੀ ਪੈਨੀ ਹੋ ਗਈ ਕਿ ਉਸ ਨੂੰ ਸ਼੍ਰੇਣੀ-ਵੰਡ ਤੇ ਸ਼੍ਰੇਣੀ-ਘੋਲ ਵਿਚ ਦਿਹਾੜੀਦਾਰ ਕਾਮੇ ਤੇ ਛੋਟੇ ਕਿਸਾਨ ਦੀ ਭੂਮਿਕਾ ਦਾ ਗਿਆਨ ਸਹਿਜੇ ਹੀ ਹੋ ਗਿਆ। ਇਕ ਥਾਂ ਮਜ਼ਦੂਰ ਤੇ ਕਿਸਾਨ ਦੀ ਮਾਨਸਿਕਤਾ ਤੇ ਸ਼੍ਰੇਣੀ ਘੋਲ ਵਿਚ ਉਨ੍ਹਾਂ ਦੇ ਰੋਲ ਬਾਰੇ ਬੜੇ ਸਪੱਸ਼ਟ ਵਿਚਾਰ ਪੇਸ਼ ਕੀਤੇ ਗਏ ਹਨ।

ਮਜ਼ਦੂਰ ਕਿਸਾਨ ਨਾਲੋਂ ਆਪਣੇ ਸ਼੍ਰੇਣੀ ਲਾਭ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝਦਾ ਹੈ। ਉਸ ਦਾ ਕਾਰਨ ਇਹ ਹੈ ਕਿ ਮਜ਼ਦੂਰ ਕੋਲ ਤਾਂ ਕੇਵਲ ਆਪਣੀ ਸਰੀਰਕ ਤਾਕਤ ਹੀ ਹੁੰਦੀ ਹੈ.......ਜਾਤੀ ਮਲਕੀਅਤ ਉਸ ਦੀ ਕੋਈ ਹੁੰਦੀ ਨਹੀਂ। ਨਾਲੇ ਕਾਰਖ਼ਾਨਿਆਂ ਵਿਚ ਹਜ਼ਾਰਾਂ ਦੀ ਗਿਣਤੀ ਅੰਦਰ ਇਕੱਠਿਆਂ ਕੰਮ ਕਰਨ ਕਰ ਕੇ ਮਾਲਕ ਦੇ ਜ਼ੁਲਮ ਇਨ੍ਹਾਂ ਨੂੰ ਇਕੱਠਿਆਂ ਹੋਣ ਤੇ ਜਥੇਬੰਦ ਕਰਨ ਦਾ ਸਬਕ ਦਿੰਦਾ ਹੈ। ਕਈ ਵੇਰਾਂ ਮਾਲਕਾਂ ਤੇ ਮਜ਼ਦੂਰਾਂ ਵਿਚ ਝਗੜੇ ਹੋ ਜਾਣ ਕਰਕੇ ਸ਼੍ਰੇਣੀ ਯੁਧ ਦਾ ਮੁੱਢ ਬੱਝ ਜਾਂਦਾ ਹੈ ਪਰ ਕਿਸਾਨਾਂ ਦੀ ਹਾਲਤ ਇਸ ਤੋਂ ਬਿਲਕੁਲ ਵਖਰੀ ਹੈ। ਉਹ ਥੋੜ੍ਹੀ ਜਿਹੀ ਜ਼ਮੀਨ ਦਾ ਮਾਲਕ ਹੁੰਦਾ ਹੈ ਹਰ ਇਕ ਕਿਸਾਨ ਇਕੱਲਾ ਇਕੱਲਾ ਆਪਣੀ ਮਰਜ਼ੀ ਮੁਤਾਬਕ ਕੰਮ ਕਰਦਾ ਹੈ। ਇਹੀ ਕਾਰਨ ਹੈ ਕਿ ਉਹ ਖੁਸ਼ੀ ਨਾਲ ਆਪਣੀ ਜਾਤੀ ਮਲਕੀਅਤ ਨੂੰ ਛੱਡ ਕੇ ਸਾਰੀ ਪੈਦਾਵਾਰ ਨੂੰ ਕੌਮੀ ਮਲਕੀਅਤ ਬਣਾਉਣ ਲਈ ਰਾਜ਼ੀ ਨਹੀਂ ਹੁੰਦਾ। (ਪੰਨੇ 119-20)

ਗ਼ਦਰ ਲਹਿਰ ਸੰਬੰਧੀ ਲਿਖੇ ਗਏ ਦੂਜੇ ਇਤਿਹਾਸਾਂ ਨਾਲੋਂ ਇਸ ਪੁਸਤਕ ਵਿਚ ਇਕ ਵਿਲੱਖਣਤਾ ਇਹ ਹੈ ਕਿ ਇਸ ਵਿਚ ਸੋਵੀਅਤ ਰੂਸ ਦੀ ਸਮਾਜਕ ਆਰਥਕ ਤੇ ਰਾਜਨੀਤਕ ਵਿਵਸਥਾ ਬਾਰੇ ਵਿਸਥਾਰ ਵਿਚ ਲਿਖਿਆ ਗਿਆ ਹੈ। ਪੁਸਤਕ ਦੇ ਇਕ ਭਾਗ ਵਿਚ ਲਗ-ਪਗ 90 ਹੱਥ ਲਿਖ ਪੰਨੇ ਸੋਵੀਅਤ ਰੂਸ ਦੀ ਉਸ ਸਮੇਂ ਦੀ ਸਮਾਜਕ ਵਿਵਸਥਾ ਦੇ ਵੱਖ-ਵੱਖ ਪੱਖਾਂ ਜਿਵੇਂ ਪੰਜ ਸਾਲਾ ਯੋਜਨਾਵਾਂ, ਸਰਕਾਰੀ ਖੇਤੀ, ਪੰਚਾਇਤੀ ਖੇਤੀ ਆਦਿ ਦੀ ਜਾਣਕਾਰੀ ਦਿਤੀ ਗਈ ਹੈ। ਬਾਬਾ ਹਰਜਾਪ ਸਿੰਘ ਨੂੰ ਪੰਜ ਮੈਂਬਰੀ ਜਥੇ ਦੀ ਅਗਵਾਈ ਸੰਭਾਲ ਤੇ 1925 ਵਿਚ ਗ਼ਦਰ ਪਾਰਟੀ ਵਲੋਂ ਮਾਸਕੋ ਭੇਜਿਆ ਗਿਆ ਸੀ। ਆਪਣੇ ਮਾਸਕੋ ਮੁਕਾਮ ਦੌਰਾਨ ਉਸ ਨੇ ਨਾ ਕੇਵਲ ਮਾਰਕਸਵਾਦ ਦਾ ਸਿਧਾਂਤਕ ਅਧਿਐਨ ਹੀ ਕੀਤਾ ਸਗੋਂ ਨਵ-ਨਿਰਮਿਤ ਰੂਸ ਦੇ ਸਮਾਜਿਕ ਢਾਂਚੇ ਦਾ ਅਸਲੀ ਅਧਿਐਨ ਵੀ ਕੀਤਾ ਤੇ ਰੂਸ ਦੇ ਨਵੇਂ ਪ੍ਰਬੰਧ ਵਿਚਲੇ ਅੰਤਰਵਿਰੋਧਾਂ ਨੂੰ ਵੀ ਪਕੜਿਆ। ਪੰਚਾਇਤੀ ਖੇਤੀ ਬਾਰੇ ਜਾਣਕਾਰੀ ਦਿੰਦਿਆ ਉਹ ਲਿਖਦਾ ਹੈ :

1928 ਵਿਚ ਇਸ ਪ੍ਰੋਗਰਾਮ ਉਤੇ ਅਮਲ ਸ਼ੁਰੂ ਕਰਨ ਨਾਲ ਅਰੰਭ ਵਿਚ ਕਾਫ਼ੀ ਕਾਮਯਾਬੀ ਹੋਈ। ਇਸ ਕਾਮਯਾਬੀ ਦੇ ਕਾਰਨ ਜ਼ਿੰਮੇਵਾਰ ਅਫ਼ਸਰਾਂ ਨੇ ਜੋਸ਼ ਵਿਚ ਆ ਕੇ ਕੰਮ ਦੀ ਰਫ਼ਤਾਰ ਨੂੰ ਪ੍ਰੋਗਰਾਮ ਨਾਲੋਂ ਜ਼ਿਆਦਾ ਤੇਜ਼ ਕਰ ਦਿੱਤਾ.....ਨਤੀਜਾ ਇਹ ਹੋਇਆ ਕਿ ਪੰਚਾਇਤੀ ਫਾਰਮਾਂ ਵਿਚ ਸ਼ਾਮਲ ਹੋਣ ਵਾਲੇ ਕਿਸਾਨਾਂ ਦੀ ਗਿਣਤੀ ਬਹੁਤ ਵਧ ਗਈ ਤੇ ਉਨ੍ਹਾਂ ਦੀ ਮਿਹਨਤ ਨੂੰ ਜਥੇਬੰਦ ਨਾ ਕੀਤਾ ਜਾ ਸਕਿਆ।....ਇਸ ਸਾਰੇ ਪ੍ਰੋਗਰਾਮ ਉਤੇ ਅਮਲ ਕਰਨ ਲਈ ਇਕ ਖਾਸ ਸਮਾਂ ਲੋੜੀਂਦਾ ਸੀ ਪਰ ਕਾਹਲੀ ਕਰਨ ਨਾਲ ਮੰਦੇ ਨਤੀਜੇ ਨਿਕਲਣੇ ਜ਼ਰੂਰੀ ਸਨ। ਕਾਹਲੀ ਕਰਨ ਨਾਲ ਕਿਸਾਨਾਂ ਨੂੰ ਜੋ ਤਕਲੀਫ਼ਾਂ ਹੋਈਆਂ ਉਸ ਨਾਲ ਉਹ ਘਬਰਾ ਗਏ ਤੇ ਹੌਲੀ ਹੌਲੀ ਬੇਚੈਨੀ ਵੱਧਣ ਲਗੀ। (ਪੰ. 122)

ਇਸੇ ਤਰ੍ਹਾਂ 1943 ਵਿਚ ਤੀਜੀ ਕੌਮੰਤਰਨ ਦੇ ਭੰਗ ਹੋਣ ਉਪਰੰਤ ਬਾਬਾ ਹਰਜਾਪ ਸਿੰਘ ਦੁਆਰਾ ਕੀਤਾ ਗਿਆ ਤਬਸਰਾ ਇਕ ਹੰਢੇ ਵਰਤੇ, ਦੂਰਦ੍ਰਿਸ਼ਟੀ ਰੱਖਣ ਵਾਲੇ ਚੇਤੰਨ ਰਾਜਨੀਤੀਵੇਤਾ ਦੀ ਸਿਆਸੀ ਭਵਿਖਬਾਣੀ ਜਾਪਦਾ ਹੈ। ਉਹ ਕੌਮੰਤਰਨ ਦੇ ਖਾਤਮੇ ਨੂੰ ਕੌਮਾਂਤਰੀ ਪ੍ਰੋਲਤਾਰੀ, ਇਨਕਲਾਬ ਦੇ ਆਦਰਸ਼ ਦਾ ਖਾਤਮਾ ਸਮਝਦਾ ਹੋਇਆ, ਕਾਮਰੇਡ ਸਟਾਲਨ ਨੂੰ ਇਸ ਦਾ ਜ਼ਿੰਮੇਵਾਰ ਠਹਿਰਾਉਂਦਾ ਹੈ :

ਕੀ ਕੌਮਨਿਸਟ ਰੂਸ ਪ੍ਰੋਲਤਾਰੀ ਇਨਕਲਾਬ ਦੇ ਵੱਡੇ ਆਦਰਸ਼ ਤੋਂ ਪੱਤਤ ਨਹੀ ਹੋ ਗਿਆ ? ਸੰਸਾਰ ਭਰ ਦੇ ਮਜ਼ਦੂਰਾਂ ਦੀ ਜਥੇਬੰਦੀ ਉਤੇ ਕੁਹਾੜਾ ਚਲਾਉਣ ਵਾਲਾ ਸਟਾਲਨ ਤੇ ਉਸ ਦੇ ਹੋਰ ਦੇਸ਼ ਭਗਤ ਸਾਥੀ ਰੂਸ ਦੇ ਆਗੂ ਹਨ। ਅੱਜ ਨਾਮਾਤਰ ਜਮਹੂਰੀ ਮੁਲਕਾਂ ਵਿਚ ਕੌਮਾਂਤਰਨ ਦੇ ਟੁੱਟ ਜਾਣ ਉਤੇ ਬਾਘੀਆਂ ਪਾਈਆਂ ਜਾ ਰਹੀਆਂ ਹਨ ਤੇ ਸਟਾਲਨ ਨੂੰ ਇਸ ਕੰਮ ਉਤੇ ਵਧਾਈਆ ਦਿੱਤੀਆਂ ਜਾ ਰਹੀਆਂ ਹਨ। ਸਰਮਾਏਦਾਰ ਹਕੂਮਤਾਂ ਤੋਂ ਵਧਾਈਆਂ ਲੈਣ ਵਾਲਾ ਸਟਾਲਨ ਪ੍ਰੋਲਤਾਰੀ ਮਜ਼ਦੂਰਾਂ ਤੇ ਕਿਸਾਨਾਂ ਦੀਆਂ ਵਧਾਈਆਂ ਦਾ ਪਾਤਰ ਨਹੀਂ ਬਣ ਸਕਦਾ। ਪ੍ਰੋਲਤਾਰੀ ਇਨਕਲਾਬ ਤੋਂ ਸਟਾਲਨ ਦੀ ਇਹ ਗ਼ਦਾਰੀ ਕੌਮਊਨਿਜ਼ਮ ਦੇ ਇਤਿਹਾਸ ਵਿਚ ਮੋਟੇ



ਤੇ ਕਾਲੇ ਅੱਖਰਾਂ ਨਾਲ ਲਿਖੀ ਜਾਵੇਗੀ। (ਪੰ 19, 90)

ਤੀਜੀ ਕੌਮੰਤਰਨ ਦੇ ਤੋੜੇ ਜਾਣ 'ਤੇ ਇਹ ਫ਼ੌਰੀ ਪ੍ਰਤੀਕਰਮ ਗ਼ਦਰ ਪਾਰਟੀ ਦੇ ਸਿੱਧੇ ਸਾਦੇ ਕਿਸਾਨ ਹਰਜਾਪ ਸਿੰਘ ਦਾ ਸੀ ਤੇ ਉਸਦਾ ਕੌਮਾਂਤਰੀ ਇਨਕਲਾਬ ਬਾਰੇ ਜ਼ਾਹਰ ਕੀਤਾ ਖਦਸ਼ਾ ਠੀਕ ਸਿੱਧ ਹੋਇਆ। ਪਹਿਲਾਂ ਕੌਮਾਂਤਰੀ ਕਮਿਊਨਿਸਟ ਪਾਰਟੀ ਦਾ ਭੋਗ ਪਿਆ ਤੇ ਫਿਰ ਹੌਲੀ ਹੌਲੀ ਸੋਵੀਅਤ ਰੂਸ ਵੀ ਖੇਰੂ ਖੇਰੂ ਹੋ ਗਿਆ। ਅੰਤਰਰਾਸ਼ਟਰੀ ਰਾਜਨੀਤੀ ਦੇ ਸੰਦਰਭ ਵਿਚ ਜਿਸ ਤਰ੍ਹਾਂ ਦੀ ਸਿਆਸੀ ਪ੍ਰੋੜਤਾ ਇਸ ਪੁਸਤਕ ਵਿਚੋਂ ਮਿਲਦੀ ਹੈ ਉਹ ਸ਼ਾਇਦ ਹੀ ਉਸ ਸਮੇਂ ਭਾਰਤ ਜਾਂ ਪੰਜਾਬ ਵਿਚ ਲਿਖੀ ਗਈ ਕਿਸੇ ਹੋਰ ਪੁਸਤਕ ਵਿਚੋਂ ਮਿਲਦੀ ਹੋਵੇ।

ਪੁਸਤਕ ਦੀ ਸਾਹਿਤਕ ਵਿਸ਼ੇਸ਼ਤਾ :

ਇਸ ਪੁਸਤਕ ਦੀ ਸੰਰਚਨਾ ਤੋਂ ਇਹ ਗੱਲ ਸਪੱਸ਼ਟ ਹੈ ਕਿ ਲੇਖਕ ਨੇ ਚੇਤੰਨ ਤੌਰ 'ਤੇ ਇਸ ਦਾ ਕੋਈ ਸਾਹਿਤਕ ਰੂਪ ਨਹੀਂ ਮਿਥਿਆ। ਇਸ ਲਈ ਇਸ ਨੂੰ ਕਿਸੇ ਇਕ ਸਾਹਿਤਕ ਵਿਧਾ ਦੇ ਤਹਿਤ ਦੇਖਣਾ ਤੇ ਸਮਝਣਾ ਮੁਸ਼ਕਲ ਹੈ। ਆਰੰਭ ਵਿਚ ਅਸੀਂ ਇਸ ਨੂੰ ਇਕ 'ਦਸਤਾਵੇਜ਼ੀ ਕਿਰਤ' ਕਿਹਾ ਸੀ। ਉਹ ਇਸ ਲਈ ਕਿ ਇਸ ਵਿਚ ਸਾਰੀਆਂ ਦਸਤਾਵੇਜ਼ੀ ਸਾਹਿਤਕ ਵਿਧਾਵਾਂ ਜਿਵੇਂ ਜੀਵਨੀ ਸ੍ਵੈ-ਜੀਵਨੀ, ਸਫ਼ਰਨਾਮਾ ਆਦਿ ਦੇ ਅੰਸ਼ ਮੌਜੂਦ ਹਨ ਗ਼ਦਰ ਪਾਰਟੀ ਦਾ ਇਤਿਹਾਸ ਤੇ ਬਾਬਾ ਹਰਜਾਪ ਸਿੰਘ ਦੀ ਸ੍ਵੈ-ਜੀਵਨੀ ਹੋਣ ਦੇ ਨਾਲ-ਨਾਲ ਇਸ ਰਚਨਾ ਵਿਚ ਪ੍ਰਸਿੱਧ ਰਾਸ਼ਟਰੀ ਤੇ ਅੰਤਰਰਾਸ਼ਟਰੀ ਸਿਆਸੀ ਆਗੂਆਂ ਦੇ ਜੀਵਨ-ਚਰਿਤਰ ਵੀ ਮਿਲਦੇ ਹਨ ਜਿਵੇਂ ਲੈਨਿਨ ਡੀਵਲੇਰਾ, ਰਾਜਾ ਮਹਿੰਦਰ ਪ੍ਰਤਾਪ, ਮਾਸਟਰ ਊਧਮ ਸਿੰਘ, ਬਾਬਾ ਗੁਰਮੁਖ ਸਿੰਘ, ਪ੍ਰਿਥਵੀ ਸਿੰਘ, ਡਾਈ ਰਤਨ ਸਿੰਘ, ਭਾਈ ਸੰਤੋਖ ਸਿੰਘ ਆਦਿ, ਛੋਟੇ-ਛੋਟੇ ਲੇਖਾਂ ਦੇ ਰੂਪ ਵਿਚ ਲਿਖੇ ਇਹ ਜੀਵਨ ਚਰਿਤਰ ਬੜੇ ਜਾਣਕਾਰੀ ਭਰਪੂਰ ਹਨ।

ਇਸੇ ਤਰ੍ਹਾਂ ਰੂਸ ਤੋਂ ਹਿੰਦੋਸਤਾਨ ਆਉਣ ਸਮੇਂ ਦੀ ਯਾਤਰਾ ਦਾ ਹਾਲ ਬਿਆਨਦਿਆਂ ਲੇਖਕ ਦੀ ਸ਼ੈਲੀ ਵੀ ਤੇ ਵਰਣਨ ਵੀ ਸਫ਼ਰਨਾਮੇ ਵਰਗਾ ਹੋ ਜਾਂਦਾ ਹੈ। ਵਿਸ਼ੇਸ਼ ਤੌਰ ਤੇ ਜਦੋਂ ਲੇਖਕ ਫਰਾਂਸ, ਜਰਮਨੀ ਆਦਿ ਦੇ ਸਭਿਆਚਾਰ, ਅਫਗਾਨਿਸਤਾਨ ਦੇ ਦਰਿਆ ਏਮੂੰ ਦਾ ਬਿਆਨ, ਤਾਸ਼ਕੰਦ, ਤਿਰਮਸ ਤੇ ਤਾਸ਼ਕੁਰਗਾਨ ਆਦਿ ਸ਼ਹਿਰਾਂ ਦਾ ਜ਼ਿਕਰ ਕਰਦਾ ਹੈ। ਉਸ ਸਮੇਂ ਦੇ ਫਰਾਂਸ ਦੀ ਅਯਾਸ਼ ਸਭਿਅਤਾ ਬਾਰੇ ਉਹ ਇਉਂ ਲਿਖਦਾ ਹੈ :

ਪੈਰਸ ਦੁਨੀਆਂ ਭਰ ਦੇ ਸਰਮਾਏਦਾਰਾਂ ਲਈ ਰੰਗਰਲੀਆਂ ਮਨਾਉਣ ਦਾ ਸਭ ਤੋਂ ਵੱਡਾ ਅੱਡਾ ਸਮਝਿਆ ਜਾਂਦਾ ਹੈ। ਇਹੀ ਕਾਰਨ ਹੈ ਕਿ ਇਆਸ਼ ਲੋਕ ਸਾਲ ਵਿਚ ਛੇ ਮਹੀਨੇ ਫਰਾਂਸ ਦੇ ਅਜਿਹੇ ਅੱਡਿਆਂ ਵਿਚ ਹੀ ਗੁਜ਼ਾਰਦੇ ਹਨ........ਵਪਾਰਕ ਕੰਪਨੀਆਂ ਵਾਂਗੂੰ ਕਈ ਸਰਮਾਏਦਾਰਾਂ ਨੇ ਅਜਿਹੇ ਅੱਡਿਆਂ ਵਾਸਤੇ ਵੀ ਲਿਮਟਿਡ ਕੰਪਨੀਆਂ ਬਣਾਈਆਂ ਹੋਈਆਂ ਹਨ। ਬਦਮਾਸ਼ੀ ਦੇ ਇਹ ਅੱਡੇ ਹੀ ਹਨ ਜਿਨ੍ਹਾਂ ਦੀ ਖਿੱਚ ਹਿੰਦੋਸਤਾਨ ਦੇ ਰਾਜਿਆਂ ਤੇ ਨਵਾਬਾਂ ਨੂੰ ਪੈਰਸ ਵਿਚ ਲੈ ਜਾਂਦੀ ਹੈ। ਇਹ ਰਾਜੇ ਮਹਾਰਾਜੇ ਕੁਝ ਯੂਰਪੀ ਕੁੜੀਆਂ ਦੇ ਹੁਸਨ ਉੱਤੋਂ ਪਰਜਾ ਦੀ ਖ਼ੂਨ ਪਸੀਨਾ ਇਕ ਕਰਕੇ ਕੀਤੀ ਹੋਈ ਕਮਾਈ ਨੂੰ ਪਾਣੀ ਵਾਂਗੂੰ ਰੋੜ੍ਹ ਔਂਦੇ ਹਨ। (ਪੰ. 129)

ਇਸੇ ਤਰ੍ਹਾਂ ਤਿਰਮਸ ਤੋਂ ਤਾਸ਼ਕੁਰਗਾਨ ਤੱਕ ਦੇ ਪੈਦਲ ਸਫ਼ਰ ਬਾਰੇ ਲਿਖਿਆ ਹੈ :

ਅਸੀਂ ਤਿੰਨੇ ਤੁਰਦੇ ਤੁਰਦੇ ਦਰਿਆ ਦੇ ਕੰਢੇ ਜੰਗਲ ਵਿਚ ਅਜਿਹੇ ਥਾਂ ਪੁਜ ਗਏ ਜਿਥੋਂ ਅੱਗੇ ਕੋਈ ਰਾਹ ਖੇਹੜਾ ਨਹੀਂ ਸੀ ਦਿਸਦਾ। ਚਾਰ ਚੁਫੇਰੇ ਸੰਘਣਾ ਜੰਗਲ ਸੀ, ਸਾਨੂੰ ਇਹ ਵੀ ਨਹੀਂ ਸੀ ਪਤਾ ਕਿ ਅਸੀਂ ਕਿਹੜੇ ਪਾਸੇ ਤੇ ਕਿਥੇ ਜਾ ਰਹੇ ਹਾਂ। (ਪੰ. 137)

ਇਉਂ ਬਾਬਾ ਹਰਜਾਪ ਸਿੰਘ ਦਾ ਆਪਣੇ ਨਾਲ ਵਾਪਰੀਆਂ ਘਟਨਾਵਾਂ ਦਾ ਸਹਿਜ ਸੁਭਾ ਬਿਆਨ ਤੇ ਵੱਖੋ-ਵੱਖ ਦੇਸ਼ਾਂ ਬਾਰੇ ਆਮ ਜਾਣਕਾਰੀ ਇਸ ਪੁਸਤਕ ਦੀ ਸ਼ੈਲੀ ਨੂੰ ਰੌਚਿਕਤਾ ਪ੍ਰਦਾਨ ਕਰਦੇ ਹਨ ਤੇ ਇਹ ਦਸਤਾਵੇਜ਼ੀ ਹੋਣ ਦੇ ਬਾਵਜੂਦ ਇਕ ਵਧੀਆ ਸਾਹਿਤਕ ਕਿਰਤ ਵੀ ਬਣ ਜਾਂਦੀ ਹੈ।

k k k k k



# ਗ਼ਦਰ ਲਹਿਰ ਦੇ ਸਿਆਸੀ ਸਰੋਕਾਰ

ਡਾ. ਭੀਮ ਇੰਦਰ ਸਿੰਘ

ਭਾਰਤ ਉੱਪਰ ਅੰਗਰੇਜ਼ ਸਾਮਰਾਜ ਦੇ ਰਾਜ ਦੌਰਾਨ ਇੱਥੇ ਅਨੇਕਾਂ ਸਿਆਸੀ, ਸਮਾਜਿਕ ਧਾਰਮਿਕ, ਸਭਿਆਚਾਰਕ ਲਹਿਰਾਂ ਹੋਂਦ ਵਿੱਚ ਆਈਆਂ। ਇਹ ਲਹਿਰਾਂ ਆਪਣੇ-ਆਪਣੇ ਵਿੱਤ ਤੇ ਹਿੱਤ ਮੁਤਾਬਕ ਭਾਰਤੀ ਇਤਿਹਾਸ ਉਪਰ ਆਪਣੀ ਛਾਪ ਛੱਡਦੀਆਂ ਰਹੀਆਂ। ਇਨ੍ਹਾਂ ਲਹਿਰਾਂ ਵਿੱਚ ਗ਼ਦਰ ਲਹਿਰ ਇੱਕ ਅਜਿਹੀ ਲਹਿਰ ਸੀ ਜਿਸ ਨੇ ਪਹਿਲੀ ਵਾਰ ਅੰਗਰੇਜ਼ ਸਾਮਰਾਜ ਸਾਹਮਣੇ ਇਨਕਲਾਬੀ ਸਿਆਸਤ ਦਾ ਬਦਲ ਪੇਸ਼ ਕੀਤਾ। ਬਾਵੇਂ ਗ਼ਦਰੀ ਸਿਆਸਤ ਦੀਆਂ ਆਪਣੀਆਂ ਕਈ ਕਮਜ਼ੋਰੀਆਂ ਸਨ ਪਰ ਇਸ ਨੇ ਅੰਗਰੇਜ਼ ਸਾਮਰਾਜ ਨੂੰ ਬਦਲਣ ਅਤੇ ਲੋਕ-ਪੱਖੀ ਨਿਜ਼ਾਮ ਤੇ ਭਵਿੱਖ ਨੂੰ ਸਿਰਜਣ ਦਾ ਸੁਪਨਾ ਸਾਹਮਣੇ ਲਿਆਂਦਾ। ਇਸ ਸੁਪਨੇ ਨੂੰ ਸੰਪੂਰਨ ਕਰਨ ਲਈ ਗ਼ਦਰੀਆਂ ਨੇ ਸਿਆਸੀ ਪਾਰਟੀ ਦੀ ਉਸਾਰੀ ਤੇ ਸਿਆਸਤ ਦੀ ਮਹੱਤਤਾ ਨੂੰ ਸਮਝਿਆ। ਗ਼ਦਰੀਆਂ ਦੀ ਇਸ ਸਮਝ ਨੇ ਉਨ੍ਹਾਂ ਨੂੰ ਗੁਲਾਮੀ ਦਾ ਤੀਬਰ ਅਹਿਸਾਸ ਕਰਵਾਇਆ ਤੇ ਆਜ਼ਾਦੀ ਲਈ ਸਿਆਸੀ ਚੇਤਨਾ ਦੀ ਜ਼ਰੂਰਤ ਵੱਲ ਜ਼ੋਰ ਦੇਣ ਦੇ ਰਾਹ ਤੋਰਿਆ :

**ਮੁੱਢੋਂ ਪਿਆ ਗੁਲਾਮੀ ਦਾ ਤੌਕ ਸਾਨੂੰ,**
**ਸੁਪਨੇ ਵਿੱਚ ਆਜ਼ਾਦੀ ਦਾ ਧਿਆਨ ਕਿਉਂ ਨੀ।**
**ਕਿਕੂ ਬਚਾਂਗੇ ਸਦਾ ਗੁਲਾਮ ਰੈਹ ਕੇ,**
**ਸਾਨੂੰ ਰਾਜਨੀਤੀ ਵਾਲਾ ਗਿਆਨ ਕਿਉਂ ਨਹੀਂ ?**

ਗ਼ਦਰੀਆਂ ਨੂੰ ਸਿਆਸੀ ਗਿਆਨ ਨੇ ਜਨਤਕ ਕੰਮ ਦੀ ਮਹੱਤਤਾ ਤੇ ਬਗਾਵਤ ਦੀਆਂ ਵਿਉਂਤਬੰਦੀਆਂ ਸਿਖਾ ਦਿੱਤੀਆਂ। ਉਨ੍ਹਾਂ ਜਿਥੇ ਪਾਰਟੀ ਦਾ ਗੁਪਤ ਜਥੇਬੰਦਕ ਢਾਂਚਾ ਤਿਆਰ ਕੀਤਾ ਉਥੇ ਹਥਿਆਰਾਂ ਤੇ ਫੰਡ ਦੀ ਪ੍ਰਾਪਤੀ ਲਈ ਸਰਕਾਰੀ ਖਜ਼ਾਨੇ 'ਤੇ ਟੇਕ ਰੱਖੀ। 1857 ਈ. ਦੇ 'ਗ਼ਦਰ' ਨੂੰ 'ਇਨਕਲਾਬ' ਦਾ ਸਮਾਨਰਾਥਕ ਸ਼ਬਦ ਮੰਨ ਕੇ ਇਨ੍ਹਾਂ ਨੂੰ ਹਥਿਆਰਬੰਦ ਸੰਘਰਸ਼ ਦੇ ਰੂਪ ਵਿੱਚ ਅਪਣਾ ਲਿਆ। ਗ਼ਦਰੀ ਸਮਝਦੇ ਸਨ ਕਿ ਹਥਿਆਰਬੰਦ-ਸੰਘਰਸ਼ ਹਿੰਦੂ, ਸਿੱਖ, ਮੁਸਲਮਾਨ ਆਦਿ ਧਾਰਮਿਕ ਵਲਗਣਾਂ ਵਿੱਚੋਂ ਬਾਹਰ ਨਿਕਲ ਕੇ ਹੀ ਸਫਲਤਾਪੂਰਬਕ ਲੜਿਆ ਜਾ ਸਕਦਾ ਹੈ। ਗ਼ਦਰੀਆਂ ਵਿੱਚ ਬਹੁ-ਗਿਣਤੀ ਸਿੱਖਾਂ ਦੀ ਹੋਣ ਕਰਕੇ ਇਹ ਭੁਲੇਖਾ ਪੈਣਾ ਕੁਦਰਤੀ ਹੈ ਕਿ ਗ਼ਦਰ ਲਹਿਰ ਕੇਵਲ 'ਸਿੱਖ ਲਹਿਰ' ਸੀ। ਇਸ ਨੁਕਤੇ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਗ਼ਦਰੀਆਂ ਦੀ ਸਿਆਸਤ ਨੂੰ ਸਮਝਿਆ ਜਾਵੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਹੁਤੇ ਗ਼ਦਰੀ ਪੰਜਾਬੀ, ਸਿੱਖ, ਅੰਮ੍ਰਿਤਧਾਰੀ ਜੱਟ-ਸਿੱਖ ਨਾਮ-ਕਟੇ ਫੌਜੀ, ਕਿਸਾਨ ਆਦਿ ਸਨ। ਪਰ ਇਸ ਤੋਂ ਵੀ ਵੱਧ ਉਹ ਇਨਕਲਾਬੀ ਸਨ। ਗ਼ਦਰੀਆਂ ਦੀ ਸ਼ਨਾਖ਼ਤ ਇਨਕਲਾਬੀਆਂ ਦੇ ਤੌਰ 'ਤੇ ਹੋਣੀ ਚਾਹੀਦੀ ਹੈ ਨਾ ਕਿ ਉਨ੍ਹਾਂ ਨੂੰ ਕਿਸੇ ਧਰਮ, ਇਲਾਕਾ ਜਾਂ ਜਾਤ ਆਦਿ ਨਾਲ ਜੋੜ ਕੇ ਵੇਖਿਆ ਜਾਣਾ ਚਾਹੀਦਾ ਹੈ। 'ਗ਼ਦਰੀ'

ਅਤੇ 'ਇਨਕਲਾਬੀ' ਸਮਾਨਰਾਥੀ ਸ਼ਬਦ ਬਣ ਗਏ ਹਨ। ਇਸ ਦਾ ਪ੍ਰਮੁੱਖ ਕਾਰਨ ਇਹ ਹੈ ਕਿ ਗ਼ਦਰੀਆਂ ਦੀ ਜ਼ਿੰਦਗੀ ਦਾ ਇੱਕੋ-ਇੱਕ ਮਕਸਦ ਅੰਗਰੇਜ਼ ਸਾਮਰਾਜ ਦੀ ਗੁਲਾਮੀ ਤੋਂ ਛੁਟਕਾਰਾ ਪਾਉਣਾ ਸੀ। ਇਸ ਮਕਸਦ ਨੂੰ ਪੂਰਾ ਕਰਨ ਲਈ ਉਨ੍ਹਾਂ ਆਪਣੇ ਤਨ, ਮਨ ਤੇ ਧਨ ਦੀ ਪਰਵਾਹ ਨਹੀਂ ਸੀ ਕੀਤੀ। ਸੋ, ਗ਼ਦਰੀਆਂ ਨੂੰ ਕਿਸੇ ਵਿਸ਼ੇਸ਼ ਧਰਮ ਜਾਂ ਜਾਤ ਨਾਲ ਜੋੜ ਕੇ ਵੇਖਣਾ ਉਨ੍ਹਾਂ ਦੀਆਂ ਬੇਮਿਸਾਲ ਕੁਰਬਾਨੀਆਂ ਨੂੰ ਬੇਹੱਦ ਘੱਟ ਕਰ ਕੇ ਵੇਖਣਾ ਹੈ।

ਗ਼ਦਰੀ ਆਪਣੇ ਮੁਲਕ ਦੀ ਸਾਮਰਾਜੀ ਲੁੱਟ ਤੋਂ ਤੰਗ ਆ ਕੇ ਪਰਦੇਸੀਂ ਗਏ ਸਨ। ਆਪਣੇ ਘਰ ਦੀ ਘੋਰ ਗਰੀਬੀ ਤੇ ਪਰਦੇਸ ਵਿਚਲੇ ਨਸਲਵਾਦ ਨੇ ਉਨ੍ਹਾਂ ਨੂੰ ਦੂਹਰੀ ਗੁਲਾਮੀ ਦਾ ਅਹਿਸਾਸ ਕਰਵਾਇਆ ਸੀ। ਇਸ ਦੂਹਰੀ ਗੁਲਾਮੀ ਨੂੰ ਖ਼ਤਮ ਕਰਨ ਲਈ ਉਨ੍ਹਾਂ ਨੇ ਸਿਰ ਤਲੀ 'ਤੇ ਰੱਖੇ ਸਨ। ਉਹ ਮੌਤ ਤੋਂ ਬੇਪਰਵਾਹ ਹੋ ਕੇ ਇਨਕਲਾਬੀ ਸਿਆਸਤ ਦੇ ਮੈਦਾਨ ਵਿੱਚ ਕੁੱਦੇ ਸਨ। ਇਸ ਸਿਆਸਤ ਵਿੱਚੋਂ ਹੀ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫਿਕ ਕੋਸ਼ਟ' ਨਾਂ ਦੀ ਜਥੇਬੰਦੀ ਦਾ ਜਨਮ ਹੋਇਆ ਸੀ। ਇਸ ਜਥੇਬੰਦੀ ਨੇ ਆਪਣੇ ਸਿਆਸੀ ਵਿਚਾਰਾਂ ਨੂੰ ਫੈਲਾਉਣ ਲਈ 'ਗ਼ਦਰ' ਅਖ਼ਬਾਰ ਦੀ ਪ੍ਰਕਾਸ਼ਨਾ ਕੀਤੀ ਸੀ। ਇਸ ਅਖ਼ਬਾਰ ਦੇ ਨਾਂ 'ਤੇ ਹੀ 'ਗ਼ਦਰ ਪਾਰਟੀ' ਦਾ ਨਾਂ ਪ੍ਰਚੱਲਿਤ ਹੋ ਗਿਆ ਸੀ।

ਗ਼ਦਰੀਆਂ ਦੀ ਸਿਆਸਤ ਦੀ ਖ਼ੂਬੀ ਇਹ ਸੀ ਕਿ ਉਹ ਆਪਣੇ ਸਮੇਂ ਦੀ ਬੁਨਿਆਦੀ ਵਿਰੋਧਤਾਈ ਨੂੰ ਬਾਖ਼ੂਬੀ ਸਮਝਦੇ ਸਨ। ਗ਼ਦਰੀਆਂ ਅਨੁਸਾਰ ਇਹ ਬੁਨਿਆਦੀ ਵਿਰੋਧਤਾਈ ਅੰਗਰੇਜ਼ ਸਾਮਰਾਜ ਤੇ ਆਮ ਭਾਰਤੀ ਲੋਕਾਂ (ਕਿਰਤੀ ਕਿਸਾਨਾਂ) ਵਿਚਕਾਰ ਸੀ। ਜਿੰਨੀ ਦੇਰ ਇਸ ਵਿਰੋਧਤਾਈ ਨੂੰ ਖ਼ਤਮ ਨਹੀਂ ਕੀਤਾ ਜਾਂਦਾ ਉਨੀ ਦੇਰ ਦੂਸਰੇ ਮਸਲੇ ਵੀ ਹੱਲ ਨਹੀਂ ਹੋ ਸਕਦੇ। ਗ਼ਦਰੀ ਸਮਝਦੇ ਸਨ ਕਿ ਅੰਗਰੇਜ਼ ਸਾਮਰਾਜ ਇਸ ਬੁਨਿਆਦੀ ਵਿਰੋਧਤਾਈ 'ਤੇ ਪਰਦਾ ਪਾਉਣ ਲਈ ਲੋਕਾਂ ਨੂੰ ਧਾਰਮਿਕ ਖੇਤਰੀ, ਭਾਸ਼ਾਈ, ਜਾਤੀ ਆਦਿ ਵਲਗਣਾਂ ਵਿੱਚ ਵੰਡ ਰਿਹਾ ਹੈ। ਅੰਗਰੇਜ਼ ਸਾਮਰਾਜ ਦੀਆਂ ਇਨ੍ਹਾਂ ਸਿਆਸੀ ਕੂਟਨੀਤੀਆਂ ਤੋਂ ਪਰਦਾ ਚੁੱਕਣ ਲਈ ਗ਼ਦਰੀ ਕਵੀ ਲਿਖਦਾ ਹੈ :

**ਹਿੰਦ ਦੇ ਸਪੁਤਰੋ ਕਰੋ ਧਿਆਨ ਜੀ,**
**ਲੁੱਟ ਕੇ ਤੇ ਹਿੰਦ ਕੀਤਾ ਹੈ ਵੈਰਾਨ ਜੀ,**
**ਤੁਸਾਂ ਵਿੱਚ ਪਾ ਕੇ ਵੀਰੋ ਖਾਨਾ ਜੰਗੀਆਂ,**
**ਖਾ ਲਿਆ ਮੁਲਕ ਲੁੱਟ ਕੇ ਫਰੰਗੀਆਂ।**

ਮੁਲਕ ਦੀ ਹੋ ਰਹੀ ਬੇਇੰਤਿਹਾ ਲੁੱਟ ਨੂੰ ਖ਼ਤਮ ਕਰਨ ਲਈ ਗ਼ਦਰੀ ਆਪਣੇ ਧਾਰਮਿਕ ਇਨਕਲਾਬੀ ਵਿਰਸੇ ਦਾ ਸਹਾਰਾ ਵੀ ਲੈਂਦੇ ਹਨ। ਉਹ ਸਮਝਦੇ ਸਨ ਕਿ ਪੰਜਾਬ ਦੇ ਸਾਧਾਰਣ ਲੋਕ ਅਜੇ ਸਿਆਸੀ ਤੌਰ 'ਤੇ ਪੂਰਨ ਚੇਤੰਨ ਨਹੀਂ ਹਨ। ਇਨ੍ਹਾਂ ਨੂੰ ਜੇਕਰ ਸਿਆਸੀ ਚੇਤਨਾ ਦੇਣੀ ਹੈ ਤਾਂ ਸਿੱਖ ਧਰਮ ਦੀ ਇਨਕਲਾਬੀ ਵਿਰਾਸਤ



ਨੂੰ ਨਾਲ ਲੈ ਕੇ ਤੁਰਨਾ ਹੋਵੇਗਾ। ਇਹ ਗ਼ਦਰੀਆਂ ਦੀ ਬਿਲਕੁਲ ਦਰੁਸਤ ਤੇ ਪ੍ਰਗਤੀਸ਼ੀਲ ਸੋਚ ਸੀ। ਪਰ ਗ਼ਦਰ ਲਹਿਰ ਦਾ ਮਕਸਦ ਸਿੰਘ ਸਭਾ ਲਹਿਰ ਜਾਂ ਉਸ ਵੇਲੇ ਚੱਲੀਆਂ ਧਾਰਮਿਕ ਪੁਨਰ ਜਾਗਰਨ ਦੀਆਂ ਲਹਿਰਾਂ ਵਾਂਗ ਸਿੱਖ ਧਰਮ ਦੀ ਪੁਨਰ-ਸਥਾਪਤੀ ਨਹੀਂ ਸੀ। ਗ਼ਦਰ ਲਹਿਰ ਦਾ ਨਿਸ਼ਾਨਾ ਬਿਲਕੁਲ ਸਪੱਸ਼ਟ ਸੀ। ਇਹ ਨਿਸ਼ਾਨਾ ਅੰਗਰੇਜ਼ ਹਕੂਮਤ ਨੂੰ ਭਾਰਤ ਵਿੱਚੋਂ ਹਥਿਆਰਬੰਦ ਯੁੱਧ ਰਾਹੀਂ ਖ਼ਤਮ ਕਰਕੇ ਇਥੇ ਭਾਰਤੀ ਲੋਕਾਂ ਦੀ ਸੱਤਾ ਨੂੰ ਸਥਾਪਤ ਕਰਨਾ ਸੀ। ਇਹੋ ਕਾਰਨ ਹੈ ਕਿ ਆਪਣੇ ਆਪ ਨੂੰ ਸੱਚੇ-ਸੁੱਚੇ ਸਿੱਖ ਕਹਾਉਣ ਦੇ ਨਾਲ-ਨਾਲ ਉਹ ਹਿੰਦੁਸਤਾਨੀ ਕਹਾਉਣ ਦੇ ਚਾਹਵਾਨ ਹਨ। ਗ਼ਦਰੀਆਂ ਦੀ ਇਹੋ ਚਾਹਤ ਉਨ੍ਹਾਂ ਨੂੰ ਧਰਮ-ਨਿਰਪੱਖ ਸਿਆਸਤ ਵੱਲ ਤੋਰਦੀ ਹੈ। ਗ਼ਦਰੀਆਂ ਦੀਆਂ ਲਿਖਤਾਂ ਵਿੱਚ ਕਿਤੇ ਵੀ ਧਾਰਮਿਕ ਕੱਟੜਪੁਣੇ ਜਾਂ ਧਾਰਮਿਕ ਵਲਗਣਾਂ ਵਿੱਚ ਘਿਰੇ ਹੋਣ ਦੇ ਸਬੂਤ ਨਹੀਂ ਮਿਲਦੇ। ਇਸ ਦੇ ਉਲਟ ਉਹ ਆਪਣੀ ਸਿਆਸਤ ਧਰਮ ਨਿਰਪੱਖਤਾ ਨੂੰ ਅਪਣਾ ਕੇ ਧਾਰਮਿਕ ਕੱਟੜਪੁਣੇ ਦਾ ਸਖ਼ਤ ਵਿਰੋਧ ਕਰਦੇ ਹਨ। ਇਸ ਸੰਦਰਭ ਵਿੱਚ ਗ਼ਦਰੀਆਂ ਦੀਆਂ ਲਿਖਤਾਂ ਵਿੱਚੋਂ ਅਨੇਕਾਂ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ। ਇੱਕ ਉਦਾਹਰਣ ਵੇਖੋ :

**ਹਿੰਦੂ, ਮੁਸਲਮਾਨ, ਈਸਾਈ ਤੇ ਸਿੱਖ ਸਾਰੇ,**
**ਖੈਹੜਾ ਏਸ ਦੁਖਦਾਈ ਦਾ ਛੱਡ ਦੇਈਏ।**
**ਇਕਮੁੱਠ ਹੋ ਕੇ ਹਿੰਦੁਸਤਾਨ ਖਾਤਰ,**
**ਮਜ਼੍ਹਬੀ ਝਗੜਿਆਂ ਨੂੰ ਕਰ ਅੱਡ ਦੇਈਏ।**

ਸੋ, ਗ਼ਦਰੀਆਂ ਨੂੰ ਕੇਵਲ ਸਿੱਖ ਮਜ਼੍ਹਬ ਜਾਂ ਸਿੱਖ ਧਰਮ ਨਾਲ ਸੰਬੰਧਤ ਸਿਆਸਤ ਨਾਲ ਜੋੜ ਕੇ ਵੇਖਣਾ ਠੀਕ ਨਹੀਂ ਹੈ। ਇਸ ਦੇ ਉਲਟ, ਹਕੀਕਤ ਇਹ ਵੀ ਹੈ ਕਿ ਅੰਗਰੇਜ਼ ਹਕੂਮਤ ਨੇ ਗ਼ਦਰੀਆਂ ਦਾ ਪੰਜਾਬ ਵਿੱਚ ਤੇ ਸਿੱਖ ਭਾਈਚਾਰੇ ਵਿੱਚ ਪ੍ਰਭਾਵ ਘੱਟ ਕਰਨ ਲਈ ਉਸ ਵੇਲੇ ਦੀਆਂ ਸਿੱਖ ਧਾਰਮਿਕ ਜਥੇਬੰਦੀਆਂ ਤੋਂ ਇਹ ਮਤੇ ਪਾਸ ਕਰਵਾਏ ਕਿ ਗ਼ਦਰੀ ਨਾਸਤਿਕ ਹਨ ਅਤੇ ਉਹ ਸਿੱਖ ਨਹੀਂ ਹਨ ਜਾਂ ਉਹ ਪਤਿਤ ਹੋ ਚੁੱਕੇ ਹਨ। ਅੰਗਰੇਜ਼ ਹਕੂਮਤ ਦੇ ਪ੍ਰਭਾਵ ਹੇਠ ਚੀਫ ਖ਼ਾਲਸਾ ਦੀਵਾਨ ਦੁਆਰਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਹੈੱਡ ਗ੍ਰੰਥੀ ਦੇ ਨਾਂ 'ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਏ ਹੁਕਮਨਾਮੇ ਇਸ ਗੱਲ ਦੇ ਗਵਾਹ ਹਨ ਕਿ ਗ਼ਦਰੀਆਂ ਦੀ ਸਿਆਸਤ ਤਤਕਾਲੀਨ ਹਕੂਮਤ ਦੇ ਨਾਲ-ਨਾਲ ਪਨਪ ਰਹੀਂ ਸਿੱਖ ਬੁਰਜੂਆਜ਼ੀ ਤੇ ਸਿੱਖ ਜਗੀਰੂ ਸ਼ਕਤੀਆਂ ਨੂੰ ਵੰਗਾਰਦੀ ਸੀ। ਗ਼ਦਰੀਆਂ ਦੀ ਸਿਆਸਤ ਉਨ੍ਹਾਂ ਗਰੀਬ ਸਿੱਖਾਂ ਦੇ ਹੱਕ ਵਿੱਚ ਭੁਗਤਦੀ ਸੀ ਜੋ ਕਿਰਤ ਕਰਦੇ ਸਨ ਤੇ ਵੰਡ ਕੇ ਛਕਦੇ ਸਨ ਅਤੇ ਕਿਰਤੀ ਲੋਕਾਂ ਦੇ ਰਾਜ ਲਈ ਨਾਮ ਜਪ ਕੇ ਆਤਮਿਕ ਸ਼ਕਤੀ ਪ੍ਰਾਪਤ ਕਰਦੇ ਸਨ। ਗ਼ਦਰੀ ਬਾਬਿਆਂ ਵਿੱਚੋਂ ਜੋ ਅੰਮ੍ਰਿਤਧਾਰੀ ਸਨ ਉਹ ਵੀ ਧਰਮ ਨੂੰ ਹਰੇਕ ਦਾ ਨਿੱਜੀ ਮਸਲਾ ਮੰਨਦੇ ਸਨ। ਉਨ੍ਹਾਂ ਵੱਲੋਂ ਪਾਰਟੀ ਦੇ ਸੰਵਿਧਾਨ ਅਨੁਸਾਰ ਧਾਰਮਿਕ ਬਹਿਸਾਂ ਕਰਨ ਦੀ ਆਗਿਆ ਨਹੀਂ ਸੀ ਦਿੱਤੀ ਗਈ। ਗ਼ਦਰੀਆਂ ਦੀ ਧਰਮ ਨਿਰਪੱਖਤਾ ਦਾ ਪਤਾ ਇਸ ਗੱਲ ਤੋਂ ਵੀ ਸਹਿਜੇ ਹੀ ਲੱਗ ਜਾਂਦਾ ਹੈ ਕਿ ਪਾਰਟੀ ਦੇ ਅਹੁਦੇਦਾਰਾਂ ਦੀ ਚੋਣ

ਵਿੱਚ ਹਿੰਦੂ ਤੇ ਮੁਸਲਮਾਨਾਂ ਨੂੰ ਪੂਰੀ ਅਹਿਮੀਅਤ ਦਿੱਤੀ ਗਈ। ਪਾਰਟੀ ਦੇ ਪਹਿਲੇ ਜਨਰਲ ਸਕੱਤਰ ਲਾਲਾ ਹਰਦਿਆਲ ਜੀ, ਖ਼ਜ਼ਾਨਚੀ ਪੰਡਤ ਕਾਸ਼ੀ ਰਾਮ ਜੀ ਅਤੇ ਆਰਗੇਨਾਈਜ਼ਿੰਗ ਸਕੱਤਰ ਕਰੀਮ ਬਖਸ਼ ਤੇ ਮੁਨਸ਼ੀ ਰਾਮ ਜੀ ਸਨ।

ਆਧੁਨਿਕ ਦੌਰ ਵਿੱਚ ਚੱਲੀਆਂ ਵੱਖ-ਵੱਖ ਸਿਆਸੀ ਲਹਿਰਾਂ ਵਿੱਚੋਂ ਗ਼ਦਰ ਲਹਿਰ ਇੱਕੋ-ਇੱਕ ਪਹਿਲੀ ਲਹਿਰ ਹੈ ਜਿਸਨੇ ਸਭ ਤੋਂ ਪਹਿਲਾਂ ਸੰਪੂਰਨ ਸਵਰਾਜ ਦਾ ਨਾਅਰਾ ਦਿੱਤਾ। ਗ਼ਦਰੀਆਂ ਦੇ ਸੰਪੂਰਨ ਸਵਰਾਜ ਦੀ ਸਿਆਸਤ ਤਤਕਾਲੀਨ ਕਾਂਗਰਸ ਪਾਰਟੀ ਦੀ ਸੋਧਵਾਦੀ ਸਿਆਸਤ ਦੀ ਨਿਖੇਧੀ ਕਰਦੀ ਸੀ। ਗ਼ਦਰੀ ਸਮਝਦੇ ਸਨ ਕਿ ਆਦਰਸ਼ਵਾਦੀ ਤੇ ਸੁਧਾਰਵਾਦੀ ਸਿਆਸਤ ਦੀ ਆਪਣੀ ਸੀਮਾ ਹੁੰਦੀ ਹੈ। ਉਹ ਚੇਤੰਨ ਸਨ ਕਿ ਗਾਂਧੀਵਾਦੀ ਸਿਆਸਤ ਦੀਆਂ ਸੀਮਾਵਾਂ ਨੂੰ ਸਮਝ ਕੇ ਇਸ ਦੇ ਸਮਾਨਾਂਤਰ ਇੱਕ ਸਾਰਥਕ ਤੇ ਜੁਝਾਰੂ ਸਿਆਸਤ ਨੂੰ ਉਸਾਰਨ ਦੀ ਲੋੜ ਹੈ। ਗ਼ਦਰ ਲਹਿਰ ਦੀ 1914-15 ਦੀ ਅਸਫ਼ਲਤਾ ਤੋਂ ਬਾਅਦ ਅਤੇ 1917 ਦੇ ਬਾਲਸ਼ਵਿਕ ਇਨਕਲਾਬ ਉਪਰੰਤ ਤਾਂ ਗ਼ਦਰ ਪਾਰਟੀ ਦੀ ਸਿਆਸਤ ਵਿੱਚ ਬੁਨਿਆਦੀ ਤਬਦੀਲੀ ਵਾਪਰੀ ਸੀ। ਹੁਣ ਇਹ ਯਰਕਾਊ ਅੱਤਵਾਦੀ ਸਿਆਸਤ ਨੂੰ ਤਿਲਾਂਜਲੀ ਦੇ ਕੇ ਇਨਕਲਾਬੀ ਸਿਆਸਤ ਰਾਹੀਂ ਸਮਾਜ ਦੀ ਬੁਨਿਆਦੀ ਤਬਦੀਲੀ ਵੱਲ ਅਗਰਸਰ ਹੋ ਗਈ ਸੀ। ਪਾਰਟੀ ਲੀਡਰਾਂ ਨੇ ਅੰਨ੍ਹੇ ਜਜ਼ਬੇ ਨੂੰ ਤਿਆਗ ਕੇ ਆਤਮ ਸ਼ਕਤੀ ਨੂੰ ਪਛਾਣਦਿਆਂ ਕਿਰਤੀ ਲੋਕਾਂ ਦੇ ਸੰਗਠਨ ਨੂੰ ਪ੍ਰਮੁਖਤਾ ਦੇਣੀ ਸ਼ੁਰੂ ਕਰ ਦਿੱਤੀ ਸੀ। ਗ਼ਦਰੀ ਸਿਆਸਤ ਨੇ ਕਿਰਤੀ-ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਸਮਝ ਕੇ ਆਪਣੀ ਸਿਆਸਤ ਦੀਆਂ ਵਾਗਾਂ ਸਮਾਜਵਾਦੀ ਇਨਕਲਾਬ ਵੱਲ ਮੋੜ ਲਈਆਂ ਸਨ। ਹੁਣ ਗ਼ਦਰੀਆਂ ਨੂੰ ਸਮਝ ਆ ਚੁੱਕੀ ਸੀ ਕਿ ਦੁਸ਼ਮਣ ਕੇਵਲ ਅੰਗਰੇਜ਼ ਸਾਮਰਾਜ ਹੀ ਨਹੀਂ ਹੈ ਬਲਕਿ ਦੇਸ਼ ਵਿਚਲੇ ਸਰਮਾਏਦਾਰ, ਸ਼ਾਹੂਕਾਰ, ਰਜਵਾੜੇ ਆਦਿ ਵੀ ਕਿਰਤੀਆਂ ਤੇ ਕਿਸਾਨਾਂ ਦੇ ਦੁਸ਼ਮਣ ਹਨ। ਗ਼ਦਰੀਆਂ ਦੀ ਸਿਆਸਤ ਵਿੱਚ ਆਈ ਇਸ ਤਬਦੀਲੀ ਦੇ ਸਿੱਟੇ ਵਜੋਂ ਇਸ ਦਾ ਵਿਚਾਰਧਾਰਕ ਵਿਰੋਧ ਕਾਂਗਰਸ ਨਾਲ ਪੈਦਾ ਹੁੰਦਾ ਹੈ। ਗ਼ਦਰੀ ਸਿਆਸਤ ਤਤਕਾਲੀ ਕਾਂਗਰਸ ਪਾਰਟੀ ਨੂੰ ਧਨੀ ਲੋਕਾਂ ਦਾ ਟੋਲਾ ਕਹਿੰਦੀ ਹੈ।

ਕਾਂਗਰਸ ਜਮਾਤ ਧਨੀਆਂ ਦਾ ਟੋਲਾ ਹੈ,
ਢੋਲ ਵਾਲਾ ਸ਼ੋਰ ਜੇਹੜਾ ਵਿੱਚੋਂ ਪੋਲਾ ਹੈ।
**ਹਾਕਮ ਸ਼ੈਤਾਨ ਇਹ ਬੜਾ ਚਲਾਕ ਹੈ,**
**ਜ਼ੋਰ ਕਾਂਗਰਸੀਆਂ ਦਾ ਲਿਆ ਜਾਚ ਹੈ।**

ਗ਼ਦਰੀ ਕਵਿਤਾ ਦੀਆਂ ਇਹ ਸਤਰਾਂ ਗ਼ਦਰੀ ਸਿਆਸਤ ਦੇ ਪੂਰਨ ਸਵਰਾਜ ਦੀ ਸੁਤੰਤਰਤਾ ਤੋਂ ਸਮਾਜਵਾਦੀ ਸਿਆਸਤ ਵੱਲ ਵਧਣ ਦੀਆਂ ਪ੍ਰਤੀਕ ਹਨ। ਹੁਣ ਇਹ ਲਹਿਰ ਕਿਰਤੀ-ਕਿਸਾਨਾਂ ਨੂੰ 'ਪੰਚਾਇਤੀ ਰਾਜ' ਸਥਾਪਤ ਕਰਨ ਲਈ ਚੇਤੰਨ ਕਰਨ ਲੱਗੀ ਸੀ। ਹੁਣ ਇਸ ਦੇ ਦੁਸ਼ਮਣ ਅੰਗਰੇਜ਼ ਹਾਕਮਾਂ ਦੇ ਨਾਲ-ਨਾਲ ਸਾਮਰਾਜ



ਦੇ ਦਲਾਲ ਸਰਮਾਏਦਾਰ ਵੀ ਸਨ। ਗ਼ਦਰੀ ਸਿਆਸਤ ਅੰਦਰੂਨੀ ਤੇ ਬਹਿਰੂਨੀ ਦੁਸ਼ਮਣਾਂ ਦਾ ਸਫ਼ਾਇਆ ਕਰਕੇ ਸਹੀ ਮਾਅਨਿਆਂ ਵਿੱਚ ਪੰਚਾਇਤੀ ਲੋਕ ਰਾਜ ਸਥਾਪਤ ਕਰਨ ਦੀ ਚਾਹਵਾਨ ਸੀ। ਗ਼ਦਰੀ ਜਾਣਦੇ ਸਨ ਕਿ ਇਸ ਸੁਪਨੇ ਦੀ ਪੂਰਤੀ ਕੇਵਲ ਗੱਲਾਂ ਕਰਕੇ ਹੀ ਸੰਭਵ ਨਹੀਂ ਹੋ ਸਕਣੀ ਸਗੋਂ ਲੋਕਪੱਖੀ ਸਿਆਸਤ ਨੂੰ ਅਮਲ ਵਿੱਚ ਢਾਲ ਕੇ ਹੀ ਸੰਭਵ ਹੋ ਸਕਦੀ ਹੈ। ਇਹ ਸਿਆਸਤ ਸਿਰ ਦੀ ਮੰਗ ਕਰਦੀ ਹੈ। ਗ਼ਦਰੀ ਸਿਰ ਦੀ ਬਾਜ਼ੀ ਲਾਉਣ ਤੋਂ ਕਦੇ ਪਿਛੇ ਨਾ ਹਟੇ। ਉਹ ਆਪਣੇ ਸੱਚੇ-ਸੁੱਚੇ ਕਿਰਦਾਰ, ਕੁਰਬਾਨੀ ਤੇ ਸਿਦਕਦਿਲੀ ਕਰਕੇ ਅੱਜ ਵੀ ਯਾਦ ਕੀਤੇ ਜਾਂਦੇ ਹਨ। ਕਰਤਾਰ ਸਿੰਘ ਸਰਾਭਾ, ਸੋਹਨ ਸਿੰਘ ਭਕਨਾ, ਸੋਹਨ ਲਾਲ ਪਾਠਕ, ਤੇਜਾ ਸਿੰਘ ਸੁਤੰਤਰ, ਹਰੀ ਸਿੰਘ ਉਸਮਾਨ, ਹਰਨਾਮ ਸਿੰਘ ਟੁੰਡੀਲਟ ਆਦਿ ਅਜਿਹੇ ਗ਼ਦਰੀ ਸਿਆਸਤਦਾਨ ਹਨ ਜਿੰਨ੍ਹਾਂ ਦੇ ਪਰਸੁਆਰਥ ਤੇ ਤਿਆਗਮਈ ਜੀਵਨ ਤੋਂ ਅਜੋਕੀ ਅਗਾਂਹਵਧੂ ਸਿਆਸਤ ਨੂੰ ਬਹੁਤ ਕੁਝ ਸਿੱਖਣ ਦੀ ਲੋੜ ਹੈ। ਜਦੋਂ ਅਸੀਂ ਖੱਬੇ-ਪੱਖੀ ਸਿਆਸਤ ਦੀ ਇਤਿਹਾਸਕ ਗਤੀਸ਼ੀਲਤਾ 'ਤੇ ਨਜ਼ਰ ਮਾਰਦੇ ਹਾਂ ਤਾਂ ਨਤੀਜੇ ਨਿਰਾਸ਼ਾਜਨਕ ਹੀ ਨਿਕਲਦੇ ਹਨ। ਗ਼ਦਰੀ ਸਿਆਸਤ ਦੀ ਵਿਰਾਸਤ ਨੂੰ ਅਗਾਂਹ ਲੈ ਜਾਣ ਵਾਲੀ ਸਿਆਸਤ ਉਹ ਸਿੱਟੇ ਨਾ ਕੱਢ ਸਕੀ ਜੋ ਗ਼ਦਰੀਆਂ ਨੇ ਕਦੇ ਸੋਚੇ ਸਨ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿੱਚ ਜਦੋਂ ਹਿੰਦੁਸਤਾਨ ਇੱਕ ਵਾਰ ਫੇਰ ਨਵ-ਸਾਮਰਾਜੀ ਨੀਤੀਆਂ ਵਿੱਚ ਬੁਰੀ ਤਰ੍ਹਾਂ ਫਸ ਚੁੱਕਾ ਹੈ, ਇਸ ਵੇਲੇ ਭਾਰਤ ਦੀ ਲੋਕ-ਪੱਖੀ ਸਿਆਸਤ ਪੂਰੀ ਤਰ੍ਹਾਂ ਹਾਸ਼ੀਏ 'ਤੇ ਚਲੀ ਗਈ ਹੈ। ਅੱਜ ਜਦੋਂ ਪੂਰੀ ਦੁਨੀਆਂ ਵਿੱਚ ਪੂੰਜੀਵਾਦੀ ਸੰਕਟ ਦੇ ਸਿੱਟੇ ਵਜੋਂ ਲੋਕ-ਪੱਖੀ ਸਿਆਸਤ ਦੇ ਉਭਾਰ ਲਈ ਜ਼ਮੀਨ ਤਿਆਰ ਹੋ ਰਹੀ ਹੈ ਤਾਂ ਸਵਾਲ ਪੈਦਾ ਹੁੰਦਾ ਹੈ ਕਿ ਹਿੰਦੁਸਤਾਨ ਦੀ 'ਲੋਕ-ਪੱਖੀ' ਸਿਆਸਤ ਲੋਕਾਂ ਤੋਂ ਦੂਰ ਹੋ ਕੇ ਕਿਉਂ ਖੜੀ ਹੈ। ਅਨੇਕਾਂ ਧੜਿਆਂ ਵਿੱਚ ਵੰਡੀ ਲੋਕ-ਪੱਖੀ ਸਿਆਸਤ ਗ਼ਦਰੀਆਂ ਦੀ ਸਿਆਸਤ ਤੋਂ ਕੋਈ ਸਾਰਥਕ ਸਬਕ ਨਾ ਸਿੱਖਦੀ ਨਜ਼ਰ ਆ ਰਹੀ ਹੈ। ਲੋਕ-ਪੱਖੀ ਸਿਆਸਤ ਦੀ ਲਗ-ਭਗ ਅਣਹੋਂਦ ਵਰਗੀ ਸਥਿਤੀ ਵੇਖ ਕੇ ਤਾਂ ਲੱਗਦਾ ਹੈ ਕਿ ਗ਼ਦਰੀਆਂ ਦੇ ਸੁਪਨਿਆਂ ਦਾ ਸਮਾਜ ਸਿਰਜਣ ਲਈ ਗ਼ਦਰ ਲਹਿਰ ਦੀਆਂ ਅਜੇ ਕਈ ਹੋਰ ਜਨਮ-ਸ਼ਤਾਬਦੀਆਂ ਦੀ ਲੋੜ ਪਵੇਗੀ।

k k k k k

# ਗ਼ਦਰ-ਪਾਰਟੀ ਅਤੇ ਧਰਮ

**ਸੂਫ਼ੀ ਅਮਰਜੀਤ**

ਸੁਤੰਤਰਤਾ ਸੰਗਰਾਮ ਦੇ ਇਤਿਹਾਸ ਵਿਚ ਗ਼ਦਰ-ਪਾਰਟੀ ਦਾ ਸਰਬਉੱਚ ਅਸਥਾਨ ਹੈ। ਇਹ ਉਹਨਾਂ ਦੀ ਸਿਰਫ ਮਹਾਨ ਕੁਰਬਾਨੀ ਕਾਰਨ ਹੀ ਨਹੀਂ ਹੈ, ਸਗੋਂ ਉਹਨਾਂ ਵਲੋਂ ਉਲੀਕੇ ਰਾਜਨੀਤਿਕ ਪ੍ਰੋਗਰਾਮ ਵਿੱਚ, ਭਾਰਤ ਦੇ ਲੋਕਾਂ ਲਈ ਸਹੀ ਅਰਥਾਂ ਵਿੱਚ 'ਆਜ਼ਾਦੀ' ਅਤੇ 'ਬਰਾਬਰੀ' ਉਤੇ ਆਧਾਰਤ, ਸਮੁੱਚੀ ਮਨੁੱਖਤਾ ਦੀ ਬੰਦਖੁਲਾਸੀ ਨੂੰ ਘੇਰੇ ਵਿੱਚ ਲੈਂਦਾ ਹੈ। ਉਹ ਧਰਤੀ ਉਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਦਾ ਪੂਰਨ ਅੰਤ ਦੇਖਣਾ ਚਾਹੁੰਦੇ ਸਨ– "ਸਿਪਾਹੀ ਦਾ ਕਰਤੱਬ"

"ਦੁਨੀਆਂ ਦੇ ਕਿਸੇ ਵੀ ਹਿੱਸੇ ਵਿੱਚ ਜਿਥੇ ਗੁਲਾਮੀ ਵਿਰੁੱਧ ਜੰਗ ਛਿੜੇ, ਗ਼ਦਰ ਪਾਰਟੀ ਦੇ ਸਿਪਾਹੀ ਦਾ ਫਰਜ਼ ਹੋਵੇਗਾ ਕਿ ਉਹ "ਆਜ਼ਾਦੀ" ਤੇ "ਬਰਾਬਰੀ" ਦੇ ਹਾਮੀਆਂ ਦੀ ਹਰ ਤਰ੍ਹਾਂ ਤਨੋ-ਮਨੋ ਸਹਾਇਤਾ ਕਰੇ।" (ਗ਼ਦਰ ਪਾਰਟੀ ਲਹਿਰ ਦਾ ਇਹਿਾਸ-ਜਗਜੀਤ ਸਿੰਘ)

ਗ਼ਦਰ ਪਾਰਟੀ ਦੇ ਸੰਵਿਧਾਨ ਵਿਚ "ਆਜ਼ਾਦੀ" ਅਤੇ "ਬਰਾਬਰੀ" ਦੇ ਨਿਰਧਾਰਤ ਨਿਸ਼ਾਨਿਆਂ ਦੀ ਪ੍ਰਾਪਤੀ ਲਈ ਉਸ ਦੇ ਮੈਂਬਰ ਵਿੱਚ ਪੂਰੀ ਅਫਿਰਕੂ ਏਕਤਾ ਹੀ ਇਕੋ ਇਕ ਗਰੰਟੀ ਸੀ। ਇਹ ਕਾਰਨ ਅਸਲ ਵਿੱਚ ਪੂਰਾ ਕਰਨਾ ਕੋਈ ਸੌਖਾ ਕਾਰਜ ਨਹੀਂ ਸੀ। ਪ੍ਰੰਤੂ ਉਹਨਾਂ ਨੇ ਇਸ ਨੂੰ ਆਪਣੇ ਐਲਾਨ ਨਾਮੇ ਅਨੁਸਾਰ ਪੂਰਾ ਕਰ ਦਿਖਾਇਆ।

ਗ਼ਦਰ ਪਾਰਟੀ ਨੂੰ ਅੰਗ੍ਰੇਜ਼ ਬਸਤੀਵਾਦੀਆਂ ਦੀ ਲੋਕਾਂ ਨੂੰ ਫਿਰਕੂ ਆਧਾਰ ਉੱਤੇ ਪਾੜ-ਕੇ ਰੱਖਣ ਦੀ ਨੀਤੀ ਦੀ ਪੂਰੀ ਸਮਝ ਸੀ। ਉਹਨਾਂ ਨੇ ਪੰਜਾਬ ਉੱਪਰ ਕਬਜ਼ਾ ਕਰਨ ਪਿੱਛੋਂ ਵੱਖੋ ਵੱਖ ਫਿਰਕੂ ਤਬਕਿਆਂ ਨੂੰ ਪਾੜਨ ਦੀਆਂ ਲੀਹਾਂ ਉੱਪਰ ਭਾਰਤ ਦੇ ਲੋਕਾਂ ਦੇ ਆਪਸੀ ਗ਼ੈਰ ਫਿਰਕੂ ਮੇਲ-ਮਿਲਾਪ ਅਤੇ ਭਾਈਚਾਰਕ ਸਾਂਝਾਂ ਨੂੰ ਖੇਰੂ-ਖੇਰੂ ਕਰਨ ਲਈ ਨਫ਼ਰਤਾਂ ਦੇ ਬੀਜ ਬੀਜੇ। ਉਹਨਾਂ ਵਿੱਚ ਆਪੋ ਆਪਣੇ ਥਾਂ ਉੱਤੇ ਕੱਟੜਤਾ ਅਤੇ ਸੰਕੀਰਨ ਦ੍ਰਿਸ਼ਟੀ ਪੈਦਾ ਕਰਨ ਲਈ ਹਰ ਹੱਥਕੰਡਾ ਵਰਤਿਆ। ਜਿਸ ਨਾਲ ਹਿੰਦੂ-ਸਿੱਖਾਂ ਅਤੇ ਮੁਸਲਮਾਨਾਂ ਵਿੱਚਕਾਰ ਵਿਰੋਧਾਂ ਨੂੰ ਜਨਮ ਦਿੱਤਾ। ਜਿਸ ਦਾ ਨਤੀਜਾ 1947 ਵਿੱਚ ਦੇਸ਼ ਦੀ ਵੰਡ ਵਿੱਚ ਨਿਕਲਿਆ। ਇਸ ਵੰਡ ਦੀ ਫ਼ਿਰਕੂ ਹਨ੍ਹੇਰ-ਗਰਦੀ ਵਿੱਚ ਲੱਖਾਂ ਹਿੰਦੂ-ਸਿੱਖ ਅਤੇ ਮੁਸਲਮਾਨ ਲੋਕਾਂ ਦੀਆਂ ਜਾਨਾਂ ਗਈਆਂ।

ਗ਼ਦਰ ਪਾਰਟੀ ਆਪਣੀ ਰਾਜਨੀਤਿਕ ਗੰਭੀਰ ਦ੍ਰਿਸ਼ਟੀ ਦੇ ਕਾਰਨ ਉਸਦੇ ਮੈਂਬਰਾਂ ਵਿੱਚ ਪੂਰਨ ਤੌਰ ਉਤੇ ਆਪਸੀ ਇਕਮੁੱਠਤਾ ਨੂੰ ਦ੍ਰਿੜ ਕਰਨ ਲਈ ਜਿਸ ਧਾਰਾ ਨੂੰ ਆਪਣੇ ਨਿਯਮ-ਉਪਨਿਯਮ ਵਿੱਚ ਸ਼ਾਮਲ ਕੀਤਾ ਉਹ ਇਸ ਤਰ੍ਹਾਂ ਸੀ।

1. ਆਜ਼ਾਦੀ ਦਾ ਹਰ ਇੱਕ ਪ੍ਰੇਮੀ ਬਿਨਾਂ ਜਾਤ-ਪਾਤ ਜਾਂ ਦੇਸ਼ ਕੌਮ ਦੇ ਲਿਹਾਜ਼ ਦੇ, ਇਸ ਹਿੰਦੀ ਐਸੋਸੀਏਸ਼ਨ ਵਿੱਚ ਸ਼ਾਮਲ ਹੋ ਸਕਦਾ ਹੈ।
2. ਗ਼ਦਰ ਪਾਰਟੀ ਦੇ ਹਰ ਇਕ ਸਿਪਾਹੀ ਦਾ ਆਪੋ ਵਿੱਚ ਕੌਮੀ ਨਾਤਾ ਹੋਵੇਗਾ ਨਾ ਕਿ ਮਜ਼ਹਬੀ ਅਤੇ ਨਾ ਹੀ ਗ਼ਦਰ-ਪਾਰਟੀ ਵਿੱਚ ਕਦੀ ਮਜ਼ਹਬੀ ਚਰਚਾਵਾਦ ਕੀਤੀ ਜਾਵੇਗੀ। ਆਸਤਕ (ਰੱਬ ਨੂੰ ਮੰਨਣ ਵਾਲੇ) ਨਾਸਤਕ (ਰੱਬ ਤੋਂ ਬੇਮੁਖ), ਹਿੰਦੂ, ਮੁਸਲਮਾਨ, ਸਿੱਖ, ਇਸਾਈ ਆਦਿ ਮਜ਼ਹਬੀ ਖ਼ਿਆਲਾਂ ਨੂੰ ਲੈ ਕੇ, ਕੋਈ ਆਦਮੀ ਗ਼ਦਰ ਪਾਰਟੀ ਵਿੱਚ ਸ਼ਾਮਲ ਨਹੀਂ ਹੋ ਸਕੇਗਾ। ਹਰ ਇਕ ਹਿੰਦੁਸਤਾਨੀ, ਹਿੰਦੁਸਤਾਨੀ ਹੁੰਦਾ ਹੈ। ਤੇ ਹਰ ਇਕ ਮਨੁੱਖ-ਮਨੁੱਖ ਹੁੰਦਾ ਹੋਇਆ, ਇਸ ਦਾ ਮੈਂਬਰ ਬਣ ਸਕੇਗਾ।
3. ਖਾਣ-ਪੀਣ ਵਲੋਂ ਸਭ ਨੂੰ ਖੁੱਲ੍ਹ ਹੋਵੇਗੀ। ਭਾਵੇਂ ਕੋਈ ਮਾਸ ਖਾਵੇ ਜਾਂ ਸਬਜ਼ੀ, ਗਾਂ ਖਾਵੇ, ਭਾਵੇਂ ਸੂਅਰ, ਹਲਾਲ ਖਾਵੇ ਜਾਂ ਝਟਕਾ, ਉਸ ਦੀ ਆਜ਼ਾਦੀ ਵਿੱਚ ਕਿਸੇ ਨੂੰ ਦਖ਼ਲ ਦੇਣ ਦਾ ਹੱਕ ਨਹੀਂ ਹੋਵੇਗਾ। (ਗ਼ਦਰ ਪਾਰਟੀ ਲਹਿਰ, ਜਗਜੀਤ ਸਿੰਘ ਪੰਨਾ ਨੰ. 47)

ਗ਼ਦਰ ਪਾਰਟੀ ਦੀਆਂ ਉਪਰੋਕਤ ਧਾਰਨਾਵਾਂ ਨੂੰ ਸਹੀ ਤੌਰ ਉਤੇ ਗ਼ੈਰ ਫਿਰਕੂ ਜਾਂ "ਸੈਕੂਲਰ" ਕਿਹਾ ਜਾ ਸਕਦਾ ਹੈ। ਹੁਣ ਜੋ ਅਸੀਂ ਸੈਕੂਲਰ ਦਾ ਅਰਥ "ਧਰਮ ਨਿਰਪੱਖਤਾ" ਕਰਦੇ ਹਾਂ ਇਹ ਸੈਕੂਲਰ ਦੀ ਅੰਤਰ ਭਾਵਨਾ ਤੋਂ ਕੋਹਾਂ ਦੂਰ ਹੈ। "ਧਰਮ ਨਿਰਪੱਖਤਾ" ਦਾ ਅਰਥ ਕਿਸੇ ਧਰਮ ਦਾ ਪੱਖ ਨਾ ਲੈਣਾ ਹੈ। ਜਦੋਂ ਕਿ ਔਕਸਫੋਰਡ ਯੂਨੀਵਰਸਿਟੀ ਡਿਕਸ਼ਨਰੀ ਅਨੁਸਾਰ, "ਸੈਕੂਲਰ ਦੇ ਅਰਥ ਨਿਰੋਲ ਸੰਸਾਰੀ ਭੌਤਿਕ ਸਰੋਕਾਰਾਂ ਨਾਲ ਵਾਸਤਾ ਰੱਖਣਾ ਜਾਂ ਧਰਮ ਨੂੰ ਰੱਦ ਕਰਨਾ ਜਾਂ ਧਰਮ ਦਾ ਵਿਰੋਧ ਕਰਨਾ ਹੈ।

ਫਰਾਂਸ ਦੇ ਬੁਰਜੂਆ ਇਨਕਲਾਬ-1789 ਸਮੇਂ ਸੈਕੂਲਰ ਸ਼ਬਦ ਨੂੰ ਧਰਮ ਅਤੇ ਰਾਜਨੀਤੀ ਨੂੰ ਵੱਖੋ ਵੱਖ ਕਰਨ ਦਾ ਅਰਥ ਅਸਲ ਵਿੱਚ ਲਿਆਂਦਾ ਗਿਆ ਸੀ। ਹੁਣ ਭਾਰਤ ਵਿੱਚ ਇਹ "ਧਰਮ ਨਿਰਪੱਖਤਾ" ਦਾ ਸ਼ਬਦ ਹੀ ਹੈ। ਜਿਸ ਅਨੁਸਾਰ ਬੀ.ਜੇ.ਪੀ. ਵਰਗੀ ਕੱਟੜ ਹਿੰਦੂਤਵ ਦੀ ਸੋਚ ਵਾਲੀ ਪਾਰਟੀ ਕੇਂਦਰ ਅਤੇ ਰਾਜਾਂ ਵਿੱਚ ਰਾਜ ਕਰ ਸਕੀ ਹੈ। ਉਹ ਖੁੱਲ੍ਹੇਆਮ ਮੁਸਲਮਾਨ, ਇਸਾਈ ਆਦਿ ਘੱਟ ਗਿਣਤੀਆਂ ਦੇ ਹਜ਼ਾਰਾਂ ਲੋਕਾਂ ਨੂੰ ਕਤਲ ਕਰਨ ਦੇ ਦੋਸ਼ੀ ਹੁੰਦੇ ਹੋਏ ਵੀ, ਦੋਸ਼ੀ ਨਹੀਂ ਬਣੇ।

ਹੁਣ ਜਿੱਥੋਂ ਤੱਕ ਗ਼ਦਰ ਪਾਰਟੀ ਦਾ ਸੰਬੰਧ ਹੈ ਅਸੀਂ ਜਾਣਦੇ ਹਾਂ ਕਿ ਇਸ ਦੀ ਵੱਡੀ ਗਿਣਤੀ ਪੰਜਾਬ ਨਾਲ ਸੰਬੰਧਿਤ ਸਿੱਖ ਪਰਿਵਾਰਾਂ ਵਿੱਚ ਸੀ। ਪ੍ਰੰਤੂ ਜਦੋਂ ਹੀ ਉਹਨਾਂ ਗ਼ਦਰ-ਪਾਰਟੀ ਦੇ ਮੈਂਬਰ ਬਣਨ ਦਾ ਹਲਫ ਲਿਆ ਤਾਂ ਉਹਨਾਂ ਆਪਣੇ ਗ਼ੈਰ ਫ਼ਿਰਕੂ ਅਮਲਾਂ ਨੂੰ ਪ੍ਰਤੀਬੱਧਤਾਂ ਨਾਲ ਅਮਲ ਵਿੱਚ ਲਿਆਂਦਾ।

ਬਰਤਾਨਵੀ ਬਸਤੀਵਾਦੀ ਗ਼ਦਰ ਪਾਰਟੀ ਦੇ ਮੈਂਬਰਾਂ ਦੀ ਗ਼ੈਰ ਫ਼ਿਰਕੂ ਪ੍ਰਤੀਬੱਧਤਾ ਤੋਂ ਭਲੀਭਾਂਤ ਜਾਣੂ ਸਨ। ਇਸੇ ਲਈ ਹੀ ਉਹਨਾਂ ਉੱਪਰ ਸੰਖੇਪ ਮੁਕੱਦਮੇ ਚਲਾ ਕੇ ਜਾਂ ਤਾਂ ਫਾਂਸੀ ਲਾ ਕੇ ਸ਼ਹੀਦ ਕਰ ਦਿੱਤੇ ਗਏ ਜਾਂ ਫਿਰ ਕਾਲੇ ਪਾਣੀਆਂ ਦੀਆਂ ਤਰਾਸਦਿਕ ਜੇਲ੍ਹਾਂ ਵਿੱਚ ਉਮਰ ਭਰ ਲਈ ਬੰਦ ਕਰ ਦਿੱਤੇ ਗਏ।

ਇਹ ਗ਼ਦਰੀ ਬਹਾਦਰਾਂ ਦੇ ਇਤਿਹਾਸ ਵਿਚ ਉਚੇ ਸਥਾਨ ਵਿੱਚ ਇਕ ਹੋਰ ਕਾਰਨਾਮਾ ਹੈ ਕਿ ਕਿਸੇ ਇਕ ਨੇ ਵੀ ਮੁਆਫ਼ੀ ਨਹੀਂ ਮੰਗੀ ਜਾਂ ਕਿਸੇ ਤਰ੍ਹਾਂ ਦੀ ਕਮਜ਼ੋਰੀ

ਨਹੀਂ ਵਿਖਾਈ। ਇਹ ਉਸ ਸਮੇਂ ਇਕੋ ਇੱਕ ਵਿਨਾਇਕ ਸਾਵਰਕਰ ਸੀ ਜਿਸ ਨੇ ਮੁਆਫ਼ੀ ਮੰਗੀ ਸੀ ਜਿਸ ਨੇ ਬਾਹਰ ਆ ਕੇ ਕੱਟੜਵਾਦੀ ਹਿੰਦੂ ਮਹਾਂ ਸਭਾ ਦੀ ਸਥਾਪਨਾ ਕੀਤੀ ਜੋ ਅਗੋਂ "ਜਨਸੰਘ" ਤੇ ਹੁਣ "ਭਾਜਪਾ' ਦੇ ਰੂਪ ਵਿਚ ਸਾਡੇ ਸਾਹਮਣੇ ਹੈ।

ਉਪਰੋਕਤ ਵਿਆਖਿਆ ਗ਼ਦਰ ਪਾਰਟੀ ਦੇ ਗੈਰ ਫ਼ਿਰਕੂ ਰੂਪ ਨੂੰ ਉਜਾਗਰ ਕਰਦੀ ਹੈ। ਇਹ ਉਹਨਾਂ ਦੀ ਸੈਕੂਲਰ ਦ੍ਰਿਸ਼ਟੀ ਸਾਡੀ ਅਜੋਕੀ ਫ਼ਿਰਕੂ ਰਾਜਨੀਤੀ ਦਾ ਸੁਆਰਥੀ ਰੂਪ ਵੀ ਸਪੱਸ਼ਟ ਕਰਦੀ ਹੈ।

ਇਸ ਗੱਲ ਦੀਆਂ ਸੂਹਾਂ ਤਾਂ ਲੰਘੇ ਦੋ ਮਹੀਨਿਆਂ ਤੋਂ ਪਹਿਲਾਂ ਮਿਲ ਰਹੀਆਂ ਸਨ ਕਿ ਕੁਝ ਲੋਕ ਗ਼ਦਰ ਲਹਿਰ ਨੂੰ ਸਿੱਖ ਲਹਿਰ ਦੇ ਰੂਪ ਵਿੱਚ ਪੇਸ਼ ਕਰਨ ਦਾ ਯਤਨ ਕਰਨ ਦੀਆਂ ਵਿਉਂਤਾਂ ਬਣਾ ਰਹੇ ਹਨ। ਉਹਨਾਂ ਦੇ ਇਸ ਪਾਸੇ ਵੱਲ ਇਕ ਸੈਮੀਨਾਰ ਪਟਿਆਲਾ ਵਿੱਚ ਕਰਨ ਦੀਆਂ ਖਬਰਾਂ ਛਪੀਆਂ ਹਨ। ਪ੍ਰੰਤੂ ਉਹਨਾਂ ਵਿੱਚ ਭਾਵੇਂ ਬਹੁਤੀ ਤਕਲੀਫ਼ ਨਹੀਂ ਸੀ ਫਿਰ ਵੀ ਉਹਨਾਂ ਦੇ ਬੁਲਾਰੇ ਸ਼੍ਰੀ ਅਜਮੇਰ ਸਿੰਘ ਨੇ "ਗ਼ਦਰ ਪਾਰਟੀ ਦੀ ਇਤਿਹਾਸਕਤਾ ਦਾ ਕੱਠ ਅਤੇ ਸੱਠ" ਨਾਂ ਦੇ ਪਰਚੇ ਵਿਚ ਕਿਹਾ ਹੈ ਕਿ ਹੁਣ ਤੱਕ ਗ਼ਦਰ ਪਾਰਟੀ ਨੂੰ ਇਕ ਪਾਸੜ ਤੌਰ ਉਤੇ ਪੇਸ਼ ਕੀਤਾ ਗਿਆ ਹੈ। ਉਸ ਦੇ ਧਰਮ ਦੇ ਪੱਖ ਨੂੰ ਅਣਡਿੱਠਾਂ ਕੀਤਾ ਗਿਆ ਹੈ। ਜਾਂ ਧਰਮ ਦਾ ਵਿਰੋਧ ਕੀਤਾ ਗਿਆ ਹੈ। ਇਸ ਤੋਂ ਵੱਧ ਵਿਸਤਾਰ ਖ਼ਬਰਾਂ ਵਿੱਚ ਨਹੀਂ ਸੀ। ਫਿਰ ਵੀ ਉਸ ਸੈਮੀਨਰ ਦਾ ਮਨੋਰਥ ਤਾਂ ਸਾਹਮਣੇ ਆ ਹੀ ਜਾਂਦਾ ਹੈ।

ਉਹਨਾਂ ਕਿਹੜੀਆਂ ਤਰਕ-ਸੰਗਤ ਦਲੀਲਾਂ ਆਪਣੇ ਉਦੇਸ਼ ਨੂੰ ਠੀਕ ਦਰਸਾਣ ਲਈ ਸਾਹਮਣੇ ਲਿਆਂਦੀਆਂ, ਬਾਰੇ ਸਾਨੂੰ ਪਤਾ ਨਹੀਂ ਹੈ। ਅਸੀਂ ਉਸ ਬਾਰੇ ਹਾਲ ਦੀ ਘੜੀ ਇੰਨਾ ਹੀ ਕਹਿ ਸਕਦੇ ਹਾਂ ਕਿ ਗ਼ਦਰ ਪਾਰਟੀ ਦੇ ਉਪਰੋਕਤ ਪਹਿਲਾਂ ਵਰਨਣ ਕੀਤੇ ਨਿਯਮ ਅਤੇ ਉਪਨਿਯਮ ਦੀ ਵਿਆਖਿਆ ਆਪਣੇ ਆਪ ਵਿੱਚ ਹੀ ਗ਼ਦਰ ਪਾਰਟੀ ਦੇ ਧਰਮ ਪ੍ਰਤੀ ਦ੍ਰਿਸ਼ਟੀਕੋਣ ਨੂੰ ਸਪੱਸ਼ਟ ਕਰਦੀ ਹੈ।

ਜਿਥੋਂ ਤੱਕ ਗ਼ਦਰ ਜਾਂ ਗ਼ਦਰ ਗੂੰਜਾਂ ਵਿੱਚ ਛਪਦੀਆਂ ਰਹੀਆਂ ਕਵਿਤਾਵਾਂ ਦਾ ਸਵਾਲ ਹੈ ਉਸ ਆਧਾਰ ਉਤੇ ਗ਼ਦਰ ਪਾਰਟੀ ਨੂੰ ਸਿੱਖ ਲਹਿਰ ਦੀ ਪਾਰਟੀ ਨਹੀਂ ਕਿਹਾ ਜਾ ਸਕਦਾ। ਨਿਰਸੰਦੇਹ ਕੁਝ ਕਵਿਤਾਵਾਂ ਵਿਚ ਪੰਜਾਬ ਦੀ ਲੋਕ ਹਿੱਤੂ ਸਿੱਖ ਲਹਿਰ ਵਿੱਚ ਇਨਸਾਫ਼ ਅਤੇ ਅਤਿਆਚਾਰਾਂ ਵਿਰੁੱਧ ਸੰਘਰਸ਼ ਕਰਨ ਵਾਲੇ ਇਤਿਹਾਸਕ ਸ਼ਹੀਦਾਂ ਦੇ ਕਿਰਦਾਰਾਂ ਦਾ ਜ਼ਿਕਰ ਹੈ। ਇਹ ਬਰਤਾਨਵੀ-ਗੁਲਾਮੀ ਵਿਰੁਧ ਲੋਕਾਂ ਨੂੰ ਪ੍ਰੇਰਨਾ ਦੇਣ ਵਾਲੇ ਸਮਝ ਕੇ ਕਵਿਤਾਵਾਂ ਵਿੱਚ ਵਰਤੇ ਗਏ। ਉਹਨਾਂ ਕਵੀਆਂ ਨੇ ਇਹਨਾਂ ਸ਼ਹੀਦਾਂ ਦੇ ਧਰਮਾਂ ਦੇ ਪੈਰੋਕਾਰਾਂ ਨੂੰ ਗ਼ਦਰ ਲਹਿਰ ਦੇ ਸਮਰਥਨ ਲਈ ਉਤਸ਼ਾਹਤ ਕਰਨਾ, ਇਸ ਨੂੰ ਸਿੱਖ ਲਹਿਰ ਨਹੀਂ ਬਣਾ ਦਿੰਦਾ। ਉਹਨਾਂ ਧਾਰਮਿਕ ਜਾਪਦੀਆਂ ਕਵਿਤਾਵਾਂ ਦੀ ਸ਼ਬਦਾਵਲੀ ਦਾ ਇਕ ਉਦੇਸ਼, ਅਖੌਤੀ ਧਰਮਧਾਰੀਆਂ ਦੀ ਅੰਗ੍ਰੇਜ਼-ਪਰਸਤੀ ਨੂੰ ਫਿਟਕਾਰਾਂ ਪਾਉਣਾ ਵੀ ਸੀ। ਯਾਦ ਰਹੇ ਸ਼੍ਰੋਮਣੀ ਕਮੇਟੀ ਨੇ ਗ਼ਦਰੀ ਬਾਬਿਆਂ ਨੂੰ ਸਿੱਖੀ ਵਿੱਚੋਂ ਖ਼ਾਰਜ ਕਰ ਦਿੱਤਾ ਸੀ।



ਜਿਹੜੇ ਲੋਕ ਗ਼ਦਰ ਲਹਿਰ ਦੇ ਸੂਰਮੇ ਜੋਧਿਆਂ ਨੂੰ ਆਪਣੀ ਤੰਗ ਨਜ਼ਰੀ ਕਾਰਨ ਇਕ ਫਿਰਕੇ ਨਾਲ ਨੱਥੀ ਕਰਨ ਦਾ ਯਤਨ ਕਰ ਰਹੇ ਹਨ ਉਹ ਅਸਲ ਵਿੱਚ ਗ਼ਦਰ ਲਹਿਰ ਦੇ ਉਦੇਸ਼ਾਂ ਨੂੰ ਸਮਝਣ ਤੋਂ ਅਸਮਰੱਥ ਹਨ। ਫਿਰ ਗ਼ਦਰ ਪਾਰਟੀ ਦਾ ਸੰਵਿਧਾਨ ਧਰਮ ਸੰਬੰਧੀ ਕੋਈ ਉਹਲਾ ਨਹੀਂ ਰਹਿਣ ਦਿੰਦਾ। ਉਸ ਵਿੱਚ ਤਾਂ ਅੱਜ ਵਾਂਗ ਧਰਮ ਨੂੰ ਨਿੱਜੀ ਸਰੋਕਾਰ ਵੀ ਨਹੀਂ ਕਿਹਾ ਗਿਆ ਸੀ। ਗ਼ਦਰ ਲਹਿਰ ਨੂੰ ਧਾਰਮਿਕ ਰੰਗ ਵਿੱਚ ਰੰਗਣ ਵਾਲੇ ਬੌਧਿਕ ਲੋਕਾਂ ਦੇ ਊਜ ਕਿਸਮਾਂ ਦੇ ਵਿਚਾਰਾਂ ਦਾ ਪੂਰੀ ਦਲੀਲ ਨਾਲ ਉੱਤਰ ਦੇਣਾ ਚਾਹੀਦਾ ਹੈ।

ਅੰਤ ਵਿਚ, ਸੰਖੇਪ ਵਿਚ ਇਹ ਕਹਿਣਾ ਚਾਹੀਦਾ ਹੈ ਕਿ ਗ਼ਦਰ ਪਾਰਟੀ ਅਤੇ ਗ਼ਦਰ ਲਹਿਰ ਦਾ ਧਰਮ ਨਾਲ ਕੋਈ ਸੰਬੰਧ ਨਹੀਂ ਸੀ ਉਹ ਤਾਂ ਕੌਮਾਂਤਰੀਵਾਦੀ ਮਹਾਨ ਮਨੁੱਖ ਸਨ।

k k k k k

# ਵਤਨ ਦੀ ਆਜ਼ਾਦੀ ਲਈ ਬੱਬਰ ਅਕਾਲੀਆਂ ਅਤੇ ਹੋਰ ਸ਼ਹੀਦਾਂ ਦੇ ਸੁਪਨੇ ਸਾਕਾਰ ਕਰਨ ਦੀ ਲੋੜ

**ਕੁਲਤਾਰ ਸਿੰਘ 'ਕੁਲਤਾਰ'**

ਵਤਨ ਦੀ ਆਜ਼ਾਦੀ ਲਈ ਬੱਬਰ ਅਕਾਲੀਆਂ ਅਤੇ ਹੋਰ ਅਨੇਕਾਂ ਸ਼ਹੀਦਾਂ ਦੇ ਸੁਪਨਿਆਂ ਵਿਚ ਭਾਰਤ ਦੀ ਤਸਵੀਰ ਕੁੱਝ ਇਸ ਤਰ੍ਹਾਂ ਸੀ ਕਿ ਆਜ਼ਾਦੀ ਤੋਂ ਪਿੱਛੋਂ ਸਾਰੇ ਲੋਕ ਰੋਟੀ, ਕੱਪੜੇ, ਮਕਾਨ, ਸਿੱਖਿਆ ਅਤੇ ਸਿਹਤ ਸਹੂਲਤਾਂ ਪਖੋਂ ਆਤਮ ਨਿਰਭਰ ਹੋਣਗੇ। ਸਮੁੱਚੇ ਲੋਕਾਂ ਨੂੰ ਸਮਾਜਿਕ, ਧਾਰਮਿਕ ਜਾਂ ਸੱਭਿਆਚਾਰਕ ਤੌਰ ਤੇ ਵਿਕਾਸ ਕਰਨ ਦੇ ਪੂਰੇ ਮੌਕੇ ਮਿਲਣਗੇ ਅਤੇ ਉਹ ਆਜ਼ਾਦ ਫਿਜ਼ਾਅ ਵਿਚ ਖੁੱਲ੍ਹ ਕੇ ਸਾਹ ਲੈ ਸਕਣਗੇ।

ਪ੍ਰੰਤੂ 65 ਸਾਲ ਬੀਤ ਜਾਣ ਤੋਂ ਪਿਛੋਂ ਅੱਜ ਵੀ ਲੋਕ ਮਹਿੰਗਾਈ ਦੀ ਮਾਰ ਹੇਠ ਨਪੀੜੇ ਤ੍ਰਾਹ ਤ੍ਰਾਹ ਕਰ ਰਹੇ ਹਨ। ਨਿੱਤ ਦਿਹਾੜੇ ਪੈਟਰੋਲੀਅਮ ਪਦਾਰਥਾਂ, ਬਿਜਲੀ, ਖੰਡ ਅਤੇ ਨਿੱਤ ਵਰਤੋਂ ਦੀਆਂ ਵਸਤਾਂ, ਟੋਲ ਟੈਕਸਾਂ, ਕਿਰਾਏ ਭਾੜੇ ਵਿਚ ਵਾਧਿਆਂ ਨੇ ਲੋਕਾਂ ਨੂੰ ਰੋਟੀ ਤੋਂ ਵੀ ਆਤੁਰ ਕਰ ਦਿੱਤਾ ਹੈ। ਬੇਰੁਜ਼ਗਾਰੀ-ਨੌਜੁਆਨੀ ਨੂੰ ਨਸ਼ਿਆਂ ਦੇ ਹੜ੍ਹ ਵਿਚ ਰੋੜ੍ਹੀ ਲਿਜਾ ਰਹੀ ਹੈ। ਉੱਚ-ਸਿੱਖਿਆ ਜਨ-ਸਾਧਾਰਨ ਅਤੇ ਹੁਣ ਮਿਡਲ ਸ਼੍ਰੇਣੀ ਦੀ ਪਹੁੰਚ ਤੋਂ ਕੋਹਾਂ ਦੂਰ ਚਲੀ ਗਈ ਹੈ। ਲੁੱਟਾਂ-ਖੋਹਾਂ, ਚੋਰੀਆਂ-ਡਾਕੇ, ਮਾਰ-ਧਾੜ, ਰਿਸ਼ਵਤ ਖੋਰੀ ਅਤੇ ਪੁਲਿਸ ਤਸ਼ੱਦਦ ਦਾ ਸਹਿਮ ਲੋਕ ਮਨਾ ਵਿਚ ਘਰ ਕਰ ਗਿਆ ਹੈ। ਸੱਭਿਆਚਾਰਕ ਨਿਘਾਰ ਪਤਾਲ ਤੱਕ ਪਹੁੰਚ ਗਿਆ ਹੈ। ਭ੍ਰਿਸ਼ਟਾਚਾਰ-ਜੋ ਹਮੇਸ਼ਾਂ ਉੱਪਰ ਤੋਂ ਹੇਠਾਂ ਵੱਲ ਨੂੰ ਆਉਂਦਾ ਹੈ, ਹੱਦਾਂ ਬੰਨੇ ਪਾਰ ਕਰ ਗਿਆ ਹੈ। ਦੇਸ਼ ਦੇ ਅਨੇਕਾਂ ਮੰਤਰੀ ਜਾਂ ਨੇਤਾਵਾਂ ਦੇ ਅਰਬਾਂ-ਖਰਬਾਂ ਰੁਪਏ ਦੇਸ਼ੀ-ਵਿਦੇਸ਼ੀ ਬੈਂਕ ਖਾਤਿਆਂ ਵਿਚ ਜਮ੍ਹਾਂ ਸੁਣੀਂਦੇ ਹਨ। ਅਨੇਕਾਂ ਸਕੈਂਡਲ਼ ਦੇਸ਼ ਦੇ ਲੋਕਾਂ ਨੂੰ ਸਿਉਂਕ ਵਾਂਗ ਖੋਖਲਾ ਕਰੀ ਜਾ ਰਹੇ ਹਨ।

ਲੋੜ ਹੈ ਦੇਸ਼ਾਂ ਦੇ ਸਮੁੱਚੇ ਕਿਰਤੀ ਲੋਕਾਂ ਨੂੰ ਧਰਮਾਂ, ਜਾਤਾਂ, ਮਜ਼ਹਬਾਂ, ਫਿਰਕਿਆਂ, ਇਲਾਕਾਈ ਵਲਗਣਾਂ ਤੋਂ ਉੱਪਰ ਉੱਠਣ ਦੀ, ਬਿਨਾਂ ਭਿੰਨਭੇਦ ਇੱਕਠੇ ਹੋ ਇਨ੍ਹਾਂ ਸਿਉਂਕਾਂ ਤੋਂ ਦੇਸ਼ ਨੂੰ ਬਚਾਉਣ ਦੀ ਅਤੇ ਸ਼ਹੀਦਾਂ, ਬੱਬਰਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ। ਬੱਬਰਾਂ ਬਾਰੇ ਲਿਖੀ ਆਪਣੀ ਕਵਿਤਾ ਵਿਚ ਤੱਥ ਬਿਆਨ ਕਰਕੇ ਇਸ ਦਾ ਠੀਕ ਹੱਲ ਕੱਢਣ ਦਾ ਯਤਨ ਕੀਤਾ ਹੈ।

## ਬੜਾ ਯੋਗਦਾਨ ਪਾਇਆ ਬੱਬਰ ਅਕਾਲੀਆਂ

ਸਿਖ ਇਤਿਹਾਸ ਵਾਲੇ ਪੰਨੇ ਸਾਨੂੰ ਦੱਸਦੇ ਨੇ,
ਕੌਮ ਦੀਆਂ ਵਾਗਾਂ ਜਦੋਂ ਸਿੰਘਾ ਨੇ ਸੰਭਾਲੀਆਂ



ਪਏ ਪਿੱਸੂ ਹਿੰਦੂ ਅਤੇ ਮੁਗਲਈ ਹਾਕਮਾਂ ਨੂੰ,
ਮਨੋ ਖੌਫ ਖਾ ਕੇ 'ਕੱਠ ਕੀਤਾ ਸਮਕਾਲੀਆਂ,
ਘੜ ਮਨਸੂਬੇ ਰਾਜੇ ਧਾੜਾਂ ਲੈ ਕੇ ਆਣ ਚੜ੍ਹੇ,
ਦੂਜੇ ਪਾਸੇ ਸਿੰਘਾਂ ਨੂੰ ਵੀ ਚੜ੍ਹ ਗਈਆਂ ਲਾਲੀਆਂ,
ਮਾਤ ਖਾਧੀ ਮੁਗਲਾਂ ਅਤੇ ਪਹਾੜੀ ਰਾਜਿਆਂ ਨੇ,
ਗੁਰੂ ਦਸ਼ਮੇਸ਼ ਦੀਆਂ ਫੌਜਾਂ ਸੀ ਨਿਰਾਲੀਆਂ।
ਰਾਖੇ ਬਣ ਦੇਸ਼ ਦੇ ਹਮੇਸ਼ਾਂ ਰਹੇ ਜੂਝਦੇ ਇਹ ਮਰਨਾ ਹੈ,
ਫੇਰ ਔਖਾ ਗੱਲਾਂ ਨੇ ਸੁਖਾਲੀਆਂ।
ਵਤਨ ਦੀ ਅਜ਼ਾਦੀ ਲਈ ਸ਼ਹੀਦਾਂ ਦੀ ਕਤਾਰ ਵਿਚ,
ਬੜਾ ਯੋਗਦਾਨ ਪਾਇਆ ਬੱਬਰ ਅਕਾਲੀਆਂ।
ਫੇਰ ਓਦੋਂ ਭੀੜ ਬਣੀ ਦੇਸ਼ ਦਿਆਂ ਲੋਕਾਂ ਉੱਤੇ,
ਜਦੋਂ ਹੱਲੇ ਕੀਤੇ ਨਾਦਰਸ਼ਾਹਾਂ ਅਬਦਾਲੀਆਂ,
ਨੇਜ਼ਿਆਂ ਤੇ ਟੰਗੇ ਸੀ ਮਾਸੂਮ ਬੱਚੇ ਮੀਰ ਮੰਨੂ,
ਮੁਗਲਾਂ ਕਸਾਈਆਂ ਬਹੂਆਂ ਬੇਟੀਆਂ ਉਧਾਲੀਆਂ,
ਅਸਮਤ ਬਚਾਉਣ ਲਈ ਫਿਰ ਸੂਰੇ ਨਿੱਤਰ ਆਏ,
ਚੀਰ ਕੇ ਹਨ੍ਹੇਰੇ ਲੰਘ ਵਾਟਾਂ ਕੰਡਿਆਲੀਆਂ
ਟੁਟ ਪਏ ਵੈਰੀਆਂ ਤੇ ਹੱਲਾ ਐਸਾ ਬੋਲਿਆ ਸੀ,
ਦੰਦ ਖੱਟੇ ਕਰ ਲੱਖਾਂ ਇਜ਼ਤਾਂ ਬਚਾ ਲਈਆਂ।
ਗੋਰਿਆਂ ਫਰੰਗੀਆਂ ਨੂੰ ਦੇਸ਼ ਵਿੱਚੋਂ ਕੱਢਣ ਲਈ,
ਚੁੱਕੀਆਂ ਬੰਦੂਕਾਂ ਹਲ ਛੱਡ ਦਿੱਤੇ ਹਾਲੀਆਂ।
ਵਤਨ ਦੀ ਆਜ਼ਾਦੀ ਲਈ ਸ਼ਹੀਦਾਂ ਦੀ ਕਤਾਰ ਵਿੱਚ,
ਬੜਾ ਯੋਗਦਾਨ ਪਾਇਆ ਬੱਬਰ ਅਕਾਲੀਆਂ।
ਦੁਆਬੇ ਦਾ ਕਿਸ਼ਨ ਸਿੰਘ ਜਿਹਨੂੰ ਗੜਗੱਜ ਕਹਿੰਦੇ,
ਬੱਬਰਾਂ ਦਾ ਮੋਢੀ ਤੇ ਆਜ਼ਾਦੀ ਦਾ ਸ਼ੈਦਾਈ ਸੀ
ਜੱਲ੍ਹਿਆਂ ਵਾਲੇ ਬਾਗ ਦਾ ਵਿਸਾਖੀ ਖ਼ੂਨੀ ਕਾਂਡ ਵੇਖ,
ਗੋਰਿਆਂ ਨੂੰ ਕੱਢਣ ਲਈ ਸੁਗੰਧ ਉਹਨੇ ਖਾਈ ਸੀ
ਫੌਜਾਂ ਵਿਚ ਗੋਰਿਆਂ ਵਿਰੁੱਧ ਸੰਘਰਸ਼ਾਂ ਦਾ,
ਬਿਗਲ ਵਜਾ ਕੇ ਉਹਨੇ ਲਹਿਰ ਚਲਾਈ ਸੀ।
ਕਈ ਚੜ੍ਹੇ ਫਾਂਸੀ ਕਈ ਕਾਲੇ ਪਾਣੀ ਭੇਜ ਦਿੱਤੇ,

ਦੇਸ਼ ਪ੍ਰੇਮੀ ਬੱਬਰਾਂ ਸ਼ਹੀਦੀ ਪ੍ਰਣਾਈ ਸੀ।
ਮੁਲਕ ਆਜ਼ਾਦ ਹੋਵੇ ਲੋਕੀ ਖੁਸ਼ਹਾਲ ਹੋਣ,
ਸਾਰੇ ਦੇਸ਼ ਭਗਤਾਂ ਨੇ ਘਾਲਣਾਵਾਂ ਘਾਲੀਆਂ,
ਵਤਨ ਦੀ ਅਜ਼ਾਦੀ ਲਈ ਸ਼ਹੀਦਾਂ ਦੀ ਕਤਾਰ ਵਿਚ,
ਬੜਾ ਯੋਗਦਾਨ ਪਾਇਆ ਬੱਬਰ ਅਕਾਲੀਆਂ।
ਸਿਰਜੇ ਜੋ ਸੁਪਨੇ ਸਾਕਾਰ ਨਹੀਂ ਹੋ ਸਕੇ,
ਸਾਡੇ ਘਰਾਂ ਵਿੱਚ ਨਹੀਂ ਛਾਈਆਂ ਖੁਸ਼ਹਾਲੀਆਂ,
ਪਹਿਲਾਂ ਗੋਰੇ ਲੁੱਟਦੇ ਸੀ ਹੁਣ ਕਾਲੇ ਲੁੱਟਦੇ ਨੇ,
ਕਿਰਤੀਆਂ, ਕਿਸਾਨਾਂ ਘਰੀਂ ਅਜੇ ਵੀ ਕੰਗਾਲੀਆਂ।
ਬਾਣੇ ਚਿੱਟੇ, ਭਗਵੇ ਜਾਂ ਨੀਲੇ ਭਾਵੇਂ ਲੱਖ ਹੋਣ,
ਅੰਦਰੋਂ ਮਕਾਰ ਬੇਈਮਾਨ ਨੀਤਾਂ ਕਾਲੀਆਂ।
ਆਪ ਤਾਂ ਨਿਹੱਕੇ ਹੀ ਡਕਾਰੀ ਜਾਣ ਸੱਭ ਕੁੱਝ,
ਹੱਕ ਮੰਗੇ ਕੋਈ ਤਾਂ ਵਿਖਾਉਂਦੇ ਨੇ ਦੁਨਾਲੀਆਂ।
ਖ਼ੂਬ ਮੁੱਲ ਵੱਟਿਆ ਆਜ਼ਾਦੀ ਦੇ ਸ਼ਹੀਦਾਂ ਦਾ,
ਭਰੇ ਘਰ ਆਪਣੇ ਤੇ ਕੁਰਸੀਆਂ ਸੰਭਾਲੀਆਂ,
ਏਦਾਂ ਦੀ ਅਜ਼ਾਦੀ ਲਈ ਸ਼ਹੀਦਾਂ ਲਹੂ ਡੋਲ੍ਹਿਆ ਸੀ,
ਬੜਾ ਯੋਗਦਾਨ ਪਾਇਆ ਬੱਬਰ ਅਕਾਲੀਆਂ ?
ਦਰ ਦਰ ਭਟਕਦੇ ਵਿਦੇਸ਼ਾਂ ਵਿਚ ਰੁਲਦੇ ਨੇ,
ਦੇਸ਼ ਦੀ ਜੁਆਨੀ ਅੱਧੀ ਕੰਮ ਤੋਂ ਬੇਕਾਰ ਹੈ
ਠਗੀ-ਠੋਗੀ ਰਿਸ਼ਵਤਾਂ ਦਾ ਬੋਲ ਬਾਲਾ ਹੋਇਆ ਏਥੇ,
ਚੋਰੀਆਂ ਡਕੈਤੀਆਂ ਦੀ ਏਥੇ ਭਰਮਾਰ ਹੈ
ਰੱਖਿਆ ਦੇ ਸੌਦੇ ਜਾਂ ਕ੍ਰਿਕਟ ਦਾ ਮੈਚ ਹੋਏ,
ਸ਼ਰੇਆਮ ਛਾਇਆ ਨੰਗਾ ਚਿੱਟਾ ਭ੍ਰਿਸ਼ਟਾਚਾਰ ਹੈ
ਇੱਕ ਨੂੰ ਕੀ ਰੋਣਾ ਇਥੇ ਆਵਾ ਸਾਰਾ ਊਤਿਆ ਏ,
ਸੈਂਕੜੇ ਸਕੈਂਡਲਾ 'ਚ ਫਸੀ ਸਰਕਾਰ ਹੈ
ਏਥੇ ਵੀ ਤਸੱਲੀ ਨਹੀਂ ਹੁੰਦੀ ਸਾਡੇ ਹਾਕਮਾਂ ਦੀ ਕਰਦੇ ਨੇ,
ਵਿਦੇਸ਼ੀ ਸੌਦੇ ਖਾਂਦੇ ਨੇ ਦਲਾਲੀਆਂ।
ਏਦਾਂ ਦੀ ਅਜ਼ਾਦੀ ਲਈ ਸ਼ਹੀਦਾਂ ਲਹੂ ਡੋਲ੍ਹਿਆ ਸੀ,
ਬੜਾ ਯੋਗਦਾਨ ਪਾਇਆ ਬੱਬਰ ਅਕਾਲੀਆਂ ?



ਔਖੇ ਨੇ ਕਿਸਾਨ ਖ਼ੁਦਕਸ਼ੀਆਂ ਕਰਨ ਪਏ,
ਅੱਧਾ ਦੇਸ਼ ਅਜੇ ਤੱਕ ਭੁੱਖਾ ਤੇ ਲਾਚਾਰ ਹੈ
ਅੱਧਾ ਦੇਸ਼ ਰਹਿੰਦਾ ਹੈ ਸਹੂਲਤਾਂ ਤੋਂ ਸੱਖਣਾ,
ਅੱਧਾ ਦੇਸ਼ ਅਜੇ ਅਨਪੜ੍ਹ ਤੇ ਗੰਵਾਰ ਹੈ
ਅੱਧਾ ਦੇਸ਼ ਰਹਿੰਦਾ ਮੇਰਾ ਹੜ੍ਹਾਂ ਦੀ ਲਪੇਟ ਵਿਚ,
ਅੱਧੇ ਦੇਸ਼ ਵਿਚ ਰਹਿੰਦੀ ਸੋਕਿਆਂ ਦੀ ਮਾਰ ਹੈ
ਅੱਧੇ ਦੇਸ਼ ਵਿਚ ਹੁੰਦੇ ਫਿਰਕੂ ਫਸਾਦ ਪਏ,
ਲਹੂ ਭਿੱਜੇ ਬੋਲਾਂ ਭਰੀ ਅੱਧੀ ਅਖਬਾਰ ਹੈ
ਸੱਭਿਆਚਾਰਕ ਕੀਮਤਾਂ ਦਾ ਰੌਲ਼ਾ ਪਾਉਂਦੇ ਥੱਕਦੇ ਨਹੀਂ,
ਅਮਲਾਂ ਦੇ ਵਿਚ ਗਈਆਂ ਕਦਰਾਂ ਜੰਗਾਲੀਆਂ
ਏਦਾਂ ਦੀ ਅਜ਼ਾਦੀ ਲਈ ਸ਼ਹੀਦਾਂ ਲਹੂ ਡੋਲ੍ਹਿਆ ਸੀ,
ਬੜਾ ਯੋਗਦਾਨ ਪਾਇਆ ਬੱਬਰ ਅਕਾਲੀਆਂ ?
ਚੋਣਾਂ ਜਦੋਂ ਹੋਣ ਨੇੜੇ ਫੇਰ ਧੂੜਾਂ ਪੱਟਦੇ ਨੇ,
ਲੋਕਾਂ ਕੋਲ ਜਾ ਕੇ ਲਾਰੇ ਲਾਉਂਦੇ ਭਰਮਾਉਂਦੇ ਨੇ।
ਸਿਆਸਤ ਦੇ ਅਖਾੜੇ ਵਿਚ ਮੱਲ ਅਖਵਾਉਣ ਲਈ,
ਹਰ ਚਾਲ ਚਲਦੇ ਤੇ ਗੋਟੀਆਂ ਚਲਾਉਂਦੇ ਨੇ
ਗੱਦੀਆਂ ਦੀ ਖਾਤਰ ਇਮਾਨ ਤਕ ਵੇਚ ਦਿੰਦੇ,
ਪੈਸੇ ਵਰਤਾਉਂਦੇ ਅਤੇ ਨਸ਼ੇ ਵੀ ਛਕਾਉਂਦੇ ਨੇ
ਮਾਮਲਾ ਚੁਰਾਸੀ ਜਾਂ ਅਯੁੱਧਿਆ ਦਾ ਹੋਵੇ ਭਾਵੇਂ,
ਲੋੜ ਪਏ ਫਿਰਕੂਆਂ ਤੋਂ ਦੰਗੇ ਵੀ ਕਰਾਉਂਦੇ ਨੇ
ਝੂਠੀਆਂ ਤਾਰੀਫਾਂ ਦੇ ਪੁੱਲ ਬੰਨ੍ਹਵਾਉਣ ਲਈ ਕ਼ਵੀਆਂ,
ਕਵੀਸ਼ਰਾਂ ਤੋਂ ਕਿੱਸੇ ਲਿਖਵਾਉਂਦੇ ਨੇ
ਹੱਦ ਹੈ ਬੇਸ਼ਰਮੀ ਅਤੇ ਢੀਠਤਾਈ ਦੀ ਕਿ ਹੋ ਕੇ,
ਅਧਰਮੀ ਫਿਰ ਵੀ ਧਰਮੀ ਅਖਵਾਉਂਦੇ ਨੇ।
ਗੱਦੀਆਂ ਤੇ ਬਹਿੰਦੇ ਸਾਰ ਏਨਾ ਨਸ਼ਿਆ ਜਾਂਦੇ,
ਸਾਲਾਂ ਬੱਧੀ ਦੂਰ ਤੱਕ ਦਿੰਦੇ ਨਾ ਵਿਖਾਲੀਆਂ
ਏਦਾਂ ਦੀ ਅਜ਼ਾਦੀ ਲਈ ਸ਼ਹੀਦਾਂ ਲਹੂ ਡੋਲ੍ਹਿਆ ਸੀ,
ਬੜਾ ਯੋਗਦਾਨ ਪਾਇਆ ਬੱਬਰ ਅਕਾਲੀਆਂ ?
ਦੇਸ਼ ਦੇ ਕਿਸਾਨੋ ਮਜ਼ਦੂਰੋ ਬੁਧੀਜੀਵੀਓ ਆਓ,

ਸਿਰ ਜੋੜ ਮੁੜ ਸੋਚੀਏ ਵਿਚਾਰੀਏ,
ਹੋਏ ਨੇ ਸ਼ਹੀਦ ਜਿਹੜੇ ਵਤਨ ਦੀ ਅਜ਼ਾਦੀ ਲਈ,
ਉਨ੍ਹਾਂ ਕੁਰਬਾਨੀਆਂ ਦਾ ਮੁੱਲ ਕਿਵੇਂ ਤਾਰੀਏ,
ਤਾਣੀ ਕਿਵੇਂ ਉਲਝੀ ਤੇ ਕਿਵੇਂ ਸੁਲਝਾਈ ਜਾਵੇ,
ਸਾਰੇ ਇਤਿਹਾਸ ਉਤੇ ਫੇਰ ਝਾਤੀ ਮਾਰੀਏ,
ਗੁੰਮ ਜਾਣ ਸੁਪਨੇ ਹਨ੍ਹੇਰਿਆਂ 'ਚ ਕਿਧਰੇ ਨਾ,
ਚੇਤਨਾ ਦਾ ਛੱਟਾ ਹਰ ਜ਼ਿਹਨ ਉਤੇ ਮਾਰੀਏ।
ਮਿਹਨਤਾਂ ਦਾ ਮੁਲ ਪਾ-ਕੇ, ਕਾਣੀ ਵੰਡ ਨੂੰ ਮੁਕਾ ਕੇ,
ਆਪ ਪਹਿਰੇਦਾਰ ਬਣ ਕਰੀਏ ਰਖਵਾਲੀਆਂ।
ਮਾਣਾਂਗੇ ਆਜ਼ਾਦੀ 'ਕੁਲਤਾਰ' ਫੇਰ ਕਹਿਣ ਜੋਗੇ,
ਬੜਾ ਯੋਗਦਾਨ ਪਾਇਆ ਬੱਬਰ ਅਕਾਲੀਆਂ।

ਕ ਕ ਕ ਕ ਕ



## ਆਉ ਗਦਰ ਲਹਿਰ ਦੇ ਸ਼ਤਾਬਦੀ ਵਰ੍ਹੇ ਨੂੰ ਸਮਰਪਿਤ ਹੋਈਏ

ਮੱਖਣ ਕੁਹਾੜ

2013 ਦਾ ਵਰ੍ਹਾ ਗਦਰੀ ਲਹਿਰ ਨੂੰ ਸਮਰਪਤ ਵਰ੍ਹਾ ਹੈ। 1913 ਵਿਚ ਅਮਰੀਕਾ ਦੀ ਧਰਤੀ ਤੋਂ ਸ਼ੁਰੂ ਹੋਈ ਇਸ ਲਹਿਰ ਨੇ ਲੰਮਾ ਪੈਂਡਾਂ ਤਹਿ ਕਰਦਿਆਂ 1947 ਦੀ ਦੇਸ਼ ਦੀ ਆਜ਼ਾਦੀ ਤੀਕਰ ਅਨੇਕਾਂ ਇਤਿਹਾਸਕ ਮੀਲ ਪੱਥਰ ਗੱਡੇ ਭਾਵੇਂ 1947 ਨੂੰ ਦੇਸ਼ ਦੀ ਆਜ਼ਾਦੀ ਨਾਲ ਗਦਰੀ ਬਾਬਿਆਂ ਦਾ ਸਮਾਜਕ-ਆਰਥਕ ਬਰਾਬਰੀ ਦਾ ਸੰਪੂਰਨ ਆਜ਼ਾਦੀ ਦਾ ਸੁਪਨਾ ਤਾਂ ਪੂਰਾ ਨਹੀਂ ਹੋਇਆ ਪਰ ਜੋ ਸਿਆਸੀ ਅਜ਼ਾਦੀ ਮਿਲੀ ਉਹ ਵੀ ਇਕ ਵੱਡੀ ਪ੍ਰਾਪਤੀ ਹੈ। ਸੱਚ ਤਾਂ ਇਹ ਹੈ ਕਿ ਜੇਕਰ ਗਦਰ ਪਾਰਟੀ ਦੀ ਸਥਾਪਨਾ ਨਾ ਹੋਈ ਹੁੰਦੀ ਤਾਂ ਅਜੇ ਤੀਕ ਵੀ ਭਾਵੇਂ ਸਾਡਾ ਮੁਲਕ ਅੰਗਰੇਜ਼ ਸਾਮਰਾਜ ਦਾ ਗ਼ੁਲਾਮ ਹੀ ਰਹਿੰਦਾ। ਅਮਰੀਕਾ ਕਨੇਡਾ ਗਏ ਭਾਰਤੀਆਂ ਨੇ ਹਥਿਆਰਬੰਦ ਇਨਕਲਾਬ ਰਾਹੀਂ ਭਾਰਤ ਨੂੰ ਆਜ਼ਾਦ ਕਰਾਉਣ ਲਈ 1913 ਵਿਚ ਹਿੰਦੀ ਐਸੋਸੀਏਸ਼ਨ ਆਫ਼ ਪੈਸੀਫਿਕ ਕੋਸਟ ਨਾਂ ਦੀ ਜਥੇਬੰਦੀ ਬਣਾਈ ਜੋ ਬਾਅਦ ਵਿਚ 'ਗਦਰ ਪਾਰਟੀ' ਦੇ ਨਾਮ ਨਾਲ ਪ੍ਰਸਿੱਧ ਹੋਈ ਭਾਵੇਂ ਸ਼ੁਰੂ ਵਿਚ ਇਸ ਦਾ ਸਰਗਰਮੀਆਂ ਦਾ ਕੇਂਦਰ ਵੈਨਕੂਵਰ (ਕਨੇਡਾ) ਸੀ ਪਰ ਕਨੇਡਾ ਉਸ ਵਕਤ ਬਰਤਾਨੀਆ ਦੀ ਬਸਤੀ ਹੋਣ ਕਾਰਨ ਇਸ ਦੇ ਹੈਡਕੁਆਰਟਰ ਸਨਫ੍ਰਾਂਸਿਸਕੋ (ਅਮਰੀਕਾ) ਬਣਾਇਆ ਗਿਆ। ਇਥੇ ਇਸ ਗਦਰ ਪਾਰਟੀ ਦੇ ਦਫ਼ਤਰ ਦਾ ਨਾਮ 'ਯੁਗਾਂਤਰ ਆਸ਼ਰਮ' ਰੱਖਿਆ ਗਿਆ ਜੋ ਸੱਚਮੁਚ 'ਯੁੱਗ ਪਲਟਾਊ ਕਿਲੇ' ਦੇ ਰੂਪ ਵਿਚ ਕੰਮ ਕਰਦਾ ਰਿਹਾ। 1913 ਨੂੰ ਸਥਾਪਨਾ ਸਮੇਂ ਗਦਰ ਪਾਰਟੀ ਦੇ ਪਹਿਲੇ ਪ੍ਰਧਾਨ ਸੋਹਣ ਸਿੰਘ ਭਕਨਾ, ਜਨਰਲ ਸਕੱਤਰ ਲਾਲਾ ਹਰਦਿਆਲ ਅਤੇ ਖਜ਼ਾਨਚੀ ਭਾਈ ਕਾਂਸ਼ੀ ਰਾਮ ਮੜੌਲੀ ਨੂੰ ਬਣਾਇਆ ਗਿਆ। ਗਦਰ ਲਹਿਰ ਦੀ ਸਭ ਤੋਂ ਮਹਾਨ ਦੇਣ ਸਰਬਸਾਂਝੀਵਾਲਤਾ ਸਮਾਜਕ-ਆਰਥਕ ਬਰਾਬਰਤਾ, ਧਰਮ ਨਿਰਪੱਖ ਸੋਚ ਵਾਲੀ ਜੁਝਾਰੂ ਲਹਿਰ ਕਾਇਮ ਕਰਕੇ ਬਰਤਾਨਵੀ ਸਾਮਰਾਜ ਪ੍ਰਤੀ ਪੂਰੇ ਦੇਸ਼ ਵਿਚ ਵਿਰੋਧ ਦੀ ਭਾਵਨਾ ਕਾਇਮ ਕਰਨਾ ਅਤੇ ਪੂਰਨ ਆਜ਼ਾਦੀ ਦਾ ਸੁਪਨਾ ਘਰ-ਘਰ ਪਹੁੰਚਾਉਣ ਵਿਚ ਆਂਕੀ ਜਾ ਸਕਦੀ ਹੈ। ਇਸ ਲਹਿਰ ਨੇ ਮਾਯੂਮ ਭਾਰਤੀਆਂ ਦੀ ਸੋਚ ਨੂੰ ਹਲੂਣਿਆਂ, ਉਨ੍ਹਾਂ ਦੀ ਗਰੀਬੀ, ਭੁੱਖਮਰੀ, ਵਿਤਕਰੇ, ਬੇਰੁਜ਼ਗਾਰੀ ਤੇ ਬੇਇਨਸਾਫ਼ੀ ਨੂੰ ਦੂਰ ਕਰਨ ਦੀ ਆਸ ਪ੍ਰਬਲ ਕੀਤੀ ਅਤੇ ਦੇਸ਼ ਲਈ ਮਰ ਮਿੱਟਣ ਵਾਲੇ ਅਨੇਕਾਂ ਯੋਧੇ ਪੈਦਾ ਕੀਤੇ। ਭਾਰਤੀਆਂ ਨੂੰ ਗੁਲਾਮ ਜ਼ਹਿਨੀਅਤ ਬਰਾਬਰਤਾ ਵਾਲੇ ਜੀਵਨ ਜਿਊਣ ਨਾਲੋਂ ਅੰਗਰੇਜ਼ਾਂ ਨੂੰ ਮਾਰ ਭਜਾਉਣ ਦਾ ਜਜ਼ਬਾ ਪੈਦਾ ਕੀਤਾ। ਗ਼ਦਰ ਲਹਿਰ ਦੀ ਨਿਰੰਤਰਤਾ ਬੱਬਰ ਅਕਾਲੀ ਲਹਿਰ, ਕਿਰਤੀ ਲਹਿਰ, ਨੌਜਵਾਨ ਭਾਰਤ ਸਭਾ ਅਤੇ ਆਈ. ਐਨ. ਏ. ਦੇ ਰੂਪ ਵਿਚ ਦੇਸ਼ ਦੀ ਆਜ਼ਾਦੀ ਤੀਕ ਲਗਾਤਾਰ ਜਾਰੀ ਰਹੀ। ਗ਼ਦਰੀਆਂ ਦਾ ਉੱਦਮ, ਬਹਾਦਰੀ, ਕੁਰਬਾਨੀ, ਲਾ-ਮਿਲਾਸ ਸੀ। ਉਨ੍ਹਾਂ ਦੇ ਵਿਚਾਰ ਮਹਾਤਮਾ ਗਾਂਧੀ ਦੀ ਅਗਵਾਈ ਵਿਚ ਚਲਾਈ ਜਾ ਰਹੀ ਲਹਿਰ ਤੋਂ ਅੱਡਰੇ ਸਨ। ਕਾਂਗਰਸ ਪਾਰਟੀ ਜਿਸ ਦੀ ਸਥਾਪਨਾ ਖ਼ੁਦ ਅੰਗਰੇਜ਼ ਹਕੂਮਤ ਨੇ ਆਪਣੀ ਸਹੂਲਤ ਲਈ ਕੀਤੀ ਸੀ,

ਸਮਝੌਤਾਵਾਦੀ ਨੀਤੀ ਦਾ ਸ਼ਿਕਾਰ ਹੋਕੇ ਰਹਿ ਗਈ ਸੀ। ਗ਼ਦਰੀ ਰਜਵਾੜਿਆਂ, ਟੋਡੀਆਂ, ਜਾਤਪਾਤ, ਧਾਰਮਕ ਤੇ ਖੇਤਰੀ ਵਖਰੇਵਿਆਂ ਦੇ ਵਿਰੁੱਧ ਸਨ। ਉਹ ਬਰਤਾਨੀਆਂ ਸਾਮਰਾਜ ਨੂੰ ਦੇਸ਼ 'ਚੋਂ ਬਾਹਰ ਕੱਢਕੇ ਸੰਪੂਰਨ ਅਜ਼ਾਦੀ ਦਾ ਸੰਕਲਪ ਪੂਰਾ ਕਰਨਾ ਚਾਹੁੰਦੇ ਸਨ। 1857 ਦਾ ਗ਼ਦਰ ਅਧੂਰਾ ਰਹਿ ਗਿਆ ਸੀ। ਗ਼ਦਰ ਪਾਰਟੀ ਇਸ ਅਧੂਰੇ ਕਾਰਜ ਨੂੰ ਪੂਰਾ ਕਰਨ ਲਈ ਦ੍ਰਿੜ ਸੰਕਲਪ ਸੀ।

ਗ਼ਦਰ ਕਰਨ ਦੇ ਉਦੇਸ਼ ਨਾਲ 1914 ਨੂੰ ਅਮਰੀਕਾ, ਕਨੇਡਾ, ਚੀਨ, ਜਾਪਨ, ਸਿੰਗਾਪੁਰ, ਹਾਂਗਕਾਂਗ, ਮਲਾਇਆ ਆਦਿ ਬਹੁਤ ਸਾਰੇ ਦੇਸਾਂ ਤੋਂ ਗ਼ਦਰੀ ਭਾਰਤ ਪੁੱਜੇ। ਇਨ੍ਹਾਂ ਦੀ ਗਿਣਤੀ 8 ਹਜ਼ਾਰ ਦੇ ਕਰੀਬ ਸੀ। 23 ਜੁਲਾਈ 1914 ਨੂੰ ਕਾਮਾਗਾਟਾ ਮਾਰੂ ਜਹਾਜ਼ ਦੀ ਵਾਪਸੀ ਤੇ ਮੁਸਾਫਰਾਂ ਨਾਲ ਹੋਏ ਜ਼ੁਲਮਾਂ ਦੀ ਗਾਥਾ ਨਾਲ ਵੀ ਲੋਕ ਰੋਹ ਪ੍ਰਚੰਡ ਹੋ ਗਿਆ ਸੀ। ਵਿਦਰੋਹੀ ਭਾਵਨਾ ਪ੍ਰਬਲ ਸੀ। ਗਦਰੀ ਲਹਿਰ ਦੇ ਪ੍ਰਚੰਡ ਰੂਪ ਦਾ ਸਿੱਟਾ ਸੀ ਕਿ 21 ਫਰਵਰੀ 1915 ਗ਼ਦਰ ਦੀ ਤਰੀਕ ਤਹਿ ਕੀਤੀ ਗਈ ਪਰ ਅੰਗਰੇਜ਼ ਹਕੂਮਤ ਨੂੰ ਅਗਾਊਂ ਸੂਹ ਮਿਲਣ ਕਾਰਣ ਇਹ ਕਾਰਜ ਸਿਰੇ ਨਾ ਚੜ੍ਹ ਸਕਿਆ। 13 ਸਤੰਬਰ 1915 ਨੂੰ ਪਹਿਲੇ ਲਹੌਰ ਸਾਜਿਸ਼ ਕੇਸ ਦੇ ਫ਼ੈਸਲੇ ਅਨੁਸਾਰ ਦੂਜੇ ਦੇਸ਼ ਭਗਤ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਤੇ ਸੱਤ ਨੂੰ ਮੌਕੇ 'ਤੇ ਫਾਂਸੀ ਲਾ ਦਿੱਤਾ ਗਿਆ, ਜਿਨ੍ਹਾਂ 'ਚੋਂ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਰਹਿਮਤ ਅਲੀ, ਪੰਡਤ ਕਾਂਸ਼ੀ ਰਾਮ ਮੜੌਲੀ ਨੇ ਇਕੱਠਿਆਂ ਇਕੋ ਸਮੇਂ ਫਾਂਸੀ ਦਾ ਰੱਸਾ ਚੁੰਮਿਆ। ਕਰਤਾਰ ਸਿੰਘ ਸਰਾਭਾ ਜੋ ਹੋਰ ਭਾਰਤੀਆਂ ਵਾਂਗ ਵਧੀਆ ਜੀਵਨ ਬਤੀਤ ਕਰਨ ਦਾ ਸੁਪਨਾ ਲੈਕੇ ਭਾਰਤ ਤੋਂ ਉਚ ਵਿਦਿਆ ਲਈ ਅਮਰੀਕਾ ਪੁੱਜਾ ਸੀ ਅਤੇ ਉਹ ਗ਼ਦਰ ਪਾਰਟੀ ਦਾ ਹੋਣਹਾਰ ਹੀਰਾ ਬਣਕੇ ਚਮਕਿਆ ਸੀ। ਫਾਂਸੀ ਵੇਲੇ ਉਸ ਦੀ ਉਮਰ ਸਿਰਫ਼ 19 ਸਾਲ ਸੀ। ਕੁਲ 500 ਗ਼ਦਰੀਆਂ ਨੂੰ ਫਾਹੇ ਲਾਇਆ ਗਿਆ। 750 ਦੇ ਕਰੀਬ ਗ਼ਦਰੀਆਂ ਨੂੰ ਕਾਲੇ ਪਾਣੀ (ਅੰਡੇਮਾਨ ਜੇਲ੍ਹ) ਦੀ ਸਜ਼ਾ ਹੋਈ, 5000 ਦੇ ਲਗਭਗ ਗ਼ਦਰੀਆਂ ਨੂੰ ਹੋਰ-ਹੋਰ ਸਜਾਵਾਂ ਹੋਈਆਂ 1919 ਤੋਂ ਬਾਅਦ ਗਦਰ ਪਾਰਟੀ ਦਾ ਅਗਲਾ ਦੌਰ ਸ਼ੁਰੂ ਹੋਇਆ ਤੇ ਜ਼ਲ੍ਹਿਆਂ ਵਾਲੇ ਬਾਗ, ਭਗਤ ਸਿੰਘ ਦੀ ਸ਼ਹੀਦੀ, ਸੁਭਾਸ਼ ਚੰਦਰ ਬੋਸ ਦੀ ਅਗਵਾਈ ਵਿਚ ਲੜੀ ਗਈ ਇਸੇ ਹੀ ਤਰਜ ਦੀ ਆਜ਼ਾਦ ਹਿੰਦ ਫੌਜ ਦੀ ਲੜਾਈ ਦੇ ਰੂਪ ਵਿਚ ਆਜ਼ਾਦੀ ਤੀਕ ਕਾਇਮ ਰਿਹਾ।

ਅੱਜ ਜੋ 1947 ਨੂੰ ਪ੍ਰਾਪਤ ਹੋਈ ਅਧੂਰੀ ਜਿਹੀ ਕੇਵਲ ਸਿਆਸੀ ਆਜ਼ਾਦੀ ਅਸੀਂ ਮਾਣ ਰਹੇ ਹਾਂ ਇਹ 'ਬਿਨਾਂ ਖੜਗ ਬਿਨਾਂ ਢਾਲ' ਦੇ ਨਹੀਂ ਮਿਲੀ। ਇਸ ਪਿੱਛੇ ਗ਼ਦਰ ਪਾਰਟੀ ਦੇ ਸੂਰਬੀਰਾਂ ਦੁਆਰਾਂ ਪੈਦਾ ਕੀਤੀ ਗਈ ਚੇਤਨ ਤੇ ਪ੍ਰਚੰਡ ਲਹਿਰ ਰਾਹੀਂ ਹਜ਼ਾਰਾਂ ਸ਼ਹੀਦੀਆਂ ਤੇ ਕੁਰਬਾਨੀਆਂ ਦਾ ਸਪੱਸ਼ਟ ਹੱਥ ਹੈ। ਬੇਸ਼ੱਕ ਆਰਥਕ, ਸਮਾਨਤਾ ਵਾਲੀ ਆਜ਼ਾਦੀ ਦੇਣ ਵਾਲੇ ਸਮਾਜਵਾਦੀ ਪ੍ਰਬੰਧ ਕਾਇਮ ਕਰਨ ਦੀ ਥਾਂ ਰਾਜ ਸੱਤਾ 'ਗੋਰਿਆਂ' ਦੀ ਥਾਂ 'ਕਾਲਿਆਂ' ਦੇ ਹੱਥ ਆ ਗਈ ਪਰ ਅੱਜ ਵੀ ਆਰਥਕ ਆਜ਼ਾਦੀ ਦਾ ਸੁਪਨਾ ਸਾਕਾਰ ਕਰਨ ਲਈ ਨਿਰੰਤਰ ਜੱਦੋ-ਜਹਿਦ ਤੇ ਦ੍ਰਿੜ ਸੰਕਲਪ ਇਰਾਦਿਆਂ ਨਾਲ ਲਹੂ ਵੀਟਵੀਂ ਲੜਾਈ ਲੜਨ ਦੀ ਲੋੜ ਹੈ।



ਅੱਜ ਤੀਕ ਭਾਰਤੀ ਹਕੂਮਤ ਨੇ ਕਾਮਾਗਾਟਾ ਮਾਰੂ, ਕੂਕਾ ਲਹਿਰ, ਜਲ੍ਹਿਆਂ ਵਾਲਾ ਬਾਗ ਆਦਿ ਮਹਾਨ ਕੁਰਬਾਨੀਆਂ ਭਰੀਆਂ ਘਟਨਾਵਾਂ ਨੂੰ ਅਣਗੌਲਿਆਂ ਕੀਤੀ ਰੱਖਿਆ ਹੈ ਤੇ ਹੁਣ ਆਕੇ ਲੋਕ ਰੋਹ ਅੱਗੇ ਝੁਕਦਿਆਂ ਉਸ ਨੂੰ ਸਰਕਾਰੀ ਮਹਿਕ ਦਿੰਦਿਆਂ ਲਿਸਟਾਂ ਬਣਾਉਣ ਦੀ ਗੱਲ ਕੀਤੀ ਹੈ। ਗ਼ਦਰੀ ਬਾਬਿਆਂ ਦਾ ਸੁਪਨਾ ਅਧੂਰਾ ਹੈ ਅਤੇ ਸਰਬ ਸਾਂਝੀਵਾਲਤਾ ਤੇ ਪੂਰਨ ਸਮਾਜਕ ਆਰਥਕ ਆਜ਼ਾਦੀ ਲਈ ਯੁੱਧ ਨਿਰੰਤਰ ਚਲ ਰਿਹਾ ਹੈ। ਅਨੇਕਾਂ ਜਥੇਬੰਦੀਆਂ ਉਸ ਪ੍ਰਤੀ ਪ੍ਰਤੀਬੱਧ ਹੋਕੇ ਕਾਰਜਸ਼ੀਲ ਹਨ। ਬਾਬਿਆਂ ਦੇ ਸ਼ਾਨਮੱਤੇ ਇਤਿਹਾਸ ਤੋਂ ਸਬਕ ਲੈਂਦਿਆਂ ਇਸ ਲਹਿਰ ਨੂੰ ਹੋਰ ਪ੍ਰਚੰਡ ਕਰਨ ਦੀ ਲੋੜ ਹੈ। 1947 ਵਿਚ ਜਿਸ ਈਸਟ ਇੰਡੀਆ ਕੰਪਨੀ ਰਾਹੀਂ ਸਥਾਪਤ ਬਰਤਾਨਵੀਂ ਸਾਮਰਾਜ ਨੂੰ ਦੇਸ਼ 'ਚੋਂ ਬਾਹਰ ਜਾਣ ਲਈ ਗ਼ਦਰੀ ਬਾਬਿਆਂ, ਗ਼ਦਰ ਲਹਿਰ ਦੀ 1913 'ਚ ਸਥਾਪਨਾ ਕਰਕੇ ਲੰਮੀ ਜੱਦੋ-ਜਹਿਦ ਤੇ ਕੁਰਬਾਨੀਆਂ ਨਾਲ ਬਾਹਰ ਕੱਢਿਆ ਸੀ ਉਹੀ ਈਸਟ ਇੰਡੀਆ ਕੰਪਨੀ ਵਿਕਰਾਲ ਰੂਪ ਧਾਰਨ ਕਰਕੇ ਬਹੁਰਾਸ਼ਟਰੀ ਕੰਪਨੀਆਂ ਦੇ ਰੂਪ ਵਿਚ ਸਾਡੇ ਸਾਹਮਣੇ ਸਾਡੇ ਦੇਸ਼ ਵਿਚ ਆ ਵੜੀ ਹੈ। ਸਾਮਰਾਜੀ ਬਘਿਆੜ ਇਕ ਮੁੱਠ ਹੋਕੇ ਸਾਡੀਆਂ ਬਰੂਹਾਂ ਅੱਗੇ ਖ਼ੂਨੀ ਪੰਜੇ ਪਸਾਰੀ ਖੜ੍ਹੇ ਹਨ। ਐਫ. ਡੀ. ਆਈ. ਦੇ ਰੂਪ ਵਿਚ ਪਰਚੂਨ, ਪੈਨਸ਼ਨ, ਸੜਕਾਂ, ਬਿਜਲੀ, ਪਾਣੀ, ਸਿੱਖਿਆ, ਸਿਹਤ, ਬ੍ਰਾਡਕਾਸਟਿੰਗ, ਬੈਂਕਾਂ, ਬੀਮਾ ਹਰ ਖੇਤਰ ਵਿਚ ਲੈ ਆਉਣ ਦੀ ਭਾਰਤੀ ਹਾਕਮਾਂ ਨੇ ਸਹਿਮਤੀ ਦੇ ਕੇ ਦੇਸ਼ ਨੂੰ ਫਿਰ ਤੋਂ ਗੁਲਾਮ ਬਣਾ ਦੇਣ ਦਾ ਰਾਹ ਖੋਲ੍ਹ ਦਿੱਤਾ ਹੈ। ਆਓ ਜੋ ਵੀ ਆਜ਼ਾਦੀ ਮਿਲੀ ਹੈ ਉਸ ਨੂੰ ਕਾਇਮ ਰੱਖਦੇ ਹੋਏ ਗ਼ਦਰੀ ਬਾਬਿਆਂ ਦੇ ਸੰਪੂਰਨ ਆਜ਼ਾਦੀ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਉਸੇ ਹੀ ਤਰਜ 'ਤੇ ਧਰਮਾਂ, ਜਾਤਾਂ, ਮਜ਼੍ਹਬਾਂ, ਫਿਰਕਿਆਂ, ਖੇਤਰਾਂ ਸਿਆਸੀ ਸੋਚਾਂ ਤੋਂ ਉੱਪਰ ਉੱਠ ਕੇ ਲਹੂ ਵੀਟਵਾਂ ਸੰਘਰਸ਼ ਵਿਢੀਏ। 2013 ਤੇ ਸ਼ਤਾਬਦੀ ਵਰ੍ਹੇ ਨੂੰ ਸਮਰਪਤ ਹੋਕੇ ਦੇਸ਼ ਭਗਤ ਯਾਦਗਾਰੀ ਕਮੇਟੀ ਜਲੰਧਰ ਵਲੋਂ ਦੇਸ਼ ਵਿਦੇਸ਼ ਵਿਚ ਜੋ ਸਮਾਰੋਹ ਕਰਵਾਏ ਜਾ ਰਹੇ ਹਨ, ਉਨ੍ਹਾਂ ਵਿਚ ਵੀ ਸ਼ਾਮਲ ਹੋਈਏ ਅਤੇ ਆਪ ਵੀ ਐਸੇ ਸਮਾਰੋਹ ਉਲੀਕੀਏ ਜਿਸ ਨਾਲ ਪਿਛਲੇ 100 ਸਾਲ ਦੇ ਇਤਿਹਾਸ ਦੇ ਵਰਕੇ ਫੋਲ ਸੂਰਬੀਰਾਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਕੇ ਲਹਿਰ ਤੋਂ ਸਬਕ ਲੈਕੇ ਸੁਨਹਿਰੀ ਭਵਿੱਖ ਵੱਲ ਵਧੀਏ। ਗਰੀਬੀ, ਭੁੱਖਮਰੀ, ਬੇਰੁਜ਼ਗਾਰੀ, ਅਨਪੜ੍ਹਤਾ, ਮਹਿੰਗਾਈ, ਗੁੰਡਾਗਰਦੀ, ਔਰਤਾਂ ਤੇ ਜ਼ੁਲਮ, ਜ਼ਿਆਦਤੀ, ਸਮਾਜਕ ਬੇਇਨਸਾਫੀ, ਭ੍ਰਿਸ਼ਟਾਚਾਰ ਆਦਿ ਤੋਂ ਮੁਕਤੀ ਦਾ ਇਕੋ-ਇਕ ਰਾਹ ਸਾਂਝੀ ਜੱਦੋ-ਜਹਿਦ ਤੋਂ ਬਿਨਾਂ ਹੋਰ ਕੋਈ ਨਹੀਂ ਹੈ। ਗ਼ਦਰੀ ਲਹਿਰ ਦੇ ਸ਼ਤਾਬਦੀ ਵਰ੍ਹੇ ਤੇ 1913-2013 ਸੌ ਸਾਲਾ ਗਦਰੀ ਇਤਿਹਾਸ ਨੂੰ ਸੂਹਾ ਸਲਾਮ।

**ਤੁਸਾਂ ਸੈਲਾਬ ਦੀ ਹਿੱਕ ਤੇ ਸਥਾਈ ਘਰ ਬਣਾਇਆ ਹੈ।**
**ਸਿਤਮ ਹੈ ਕਿ ਤੁਸਾਂ ਝੱਖੜ 'ਚ ਵੀ ਦੀਵਾ ਜਗਾਇਆ ਹੈ।**
**ਮੁਸਾਫ਼ਰ ਪਾਰ ਲੰਘਣਗੇ, ਤੁਹਾਡੀ ਕਰਨਗੇ ਤਾਰੀਫ਼,**
**ਤੁਸਾਂ ਜੋ ਬਿੱਫਰੇ ਦਰਿਆ ਦੇ ਉੱਤੇ ਪੁਲ ਬਣਾਇਆ ਹੈ।**

(ਮੋਬ: 95013-65522)

## ਪੁਸਤਕ ਪ੍ਰਾਪਤੀ

1. ਉਪਮਾ (ਕਵਿਤਾ) ਡਾ ਫੌਜਾ ਸਿੰਘ, ਵਿਸ਼ਵ ਭਾਰਤੀ ਪ੍ਰਕਾਸ਼ਨ-ਬਰਨਾਲਾ
2. ਅਸਮਾਨ ਵੱਲ ਖੁੱਲ੍ਹਦੀ ਖਿੜਕੀ (ਕਵਿਤਾਵਾਂ) ਰਾਜਬੀਰ, ਪੰਨੇ 80-ਮੁੱਲ 125/ ਨਾਨਕ ਸਿੰਘ ਪੁਸਤਕਮਾਲਾ ਅੰਮ੍ਰਿਤਸਰ
3. ਟਿਕੀ ਹੋਈ ਰਾਤ (ਨਾਵਲ) ਸੁਖਦੇਵ ਸਿੰਘ ਮਾਨ ਪੰਨੇ-320, ਮੁੱਲ-300/- ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ
4. ਅਹਿਸਾਨ ਆਪਣਾ ਆਪਣਾ (ਕਵਿਤਾ ਸੰਗ੍ਰਹਿ) ਸੰਪਾਦਕ ਹਰਕੋਮਲ ਬਰਿਆਰ ਅਤੇ ਹਰਬੰਸ ਸਿੰਘ ਅਖਾੜਾ, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ
5. ਅਣੂ-ਕਹਾਣੀਆਂ (ਮਿੰਨੀ-ਕਹਾਣੀਆਂ) ਸੰਪਾਦਕ ਸੁਰਿੰਦਰ ਕੈਲੇ ਪੰਨੇ-200, ਮੁੱਲ-200/- ਅਣੂ ਮੰਚ, ਲੁਧਿਆਣਾ।
6. ਰੁੱਖ-ਰਬਾਬ (ਗ਼ਜ਼ਲਾਂ) ਅਨੂ ਬਾਲਾ, ਪੰਨੇ-71, ਮੁੱਲ-125/- ਚੇਤਨਾ ਪ੍ਰਕਾਸ਼ਨ, ਲੁਧਿਆਣਾ।
7. ਪਰਤਾਂ ਵਿਚ ਜੀਉਂਦੇ ਮਨੁੱਖ (ਕਹਾਣੀਆਂ) ਹਰਬੰਸ ਸਿੰਘ ਅਖਾੜਾ- ਮੁੱਲ-150/- ਪੰਨੇ-128, ਅਸਥੇਟਕਸ ਪਬਲੀਕੇਸ਼ਨ ਲੁਧਿਆਣਾ।
8. ਇਹ ਦਿਨ (ਕਵਿਤਾਵਾਂ) ਸੰਤੋਖ ਸਿੰਘ ਸੰਤੋਖ ਮੁੱਲ-135/- ਪੰਨੇ-64, ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ
9. ਜਲਾਵਤਨ (ਕਵਿਤਾਵਾਂ) ਪ੍ਰੋ. ਜਾਗੀਰ ਕਾਹਲੋਂ, ਪੰਨੇ-112, ਮੁੱਲ-100/- ਪੰਜਾਬ ਆਬ, ਪ੍ਰਕਾਸ਼ਨ ਜਲੰਧਰ।
10. ਸ਼ਬਦ-ਸ਼ਹਾਦਤ (ਕਵਿਤਾ) ਅਫਰੋਜ਼ ਅੰਮ੍ਰਿਤ-ਪੰਨੇ-64, ਮੁੱਲ-30/- ਚਿੰਤਨ ਪ੍ਰਕਾਸ਼ਨ ਲੁਧਿਆਣਾ।
11. ਕਵਿਤਾ ਦੀ ਤਲਾਸ਼ ਵਿਚ (ਸਮੁੱਚੀ ਕਵਿਤਾ) ਸੁਖਿੰਦਰ, ਪੰਨੇ-618, ਮੁੱਲ-350/- ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲ।
12. ਕੈਨੇਡੀਆਨ ਪੰਜਾਬੀ ਸਾਹਿਤ (ਭਾਗ ਤੀਜਾ), ਸੰਪਾਦਕ-ਸੁਖਿੰਦਰ, ਮੁੱਲ-200/- ਵਿਸ਼ਵ ਭਾਰਤੀ ਪ੍ਰਕਾਸ਼ਨ ਬਰਨਾਲਾ
13. ਲੰਮੇ ਪੈਂਡਿਆਂ ਦਾ ਪਾਂਧੀ (ਜਗਜੀਤ ਸਿੰਘ ਆਨੰਦ, ਅਤਿਨੰਦਨ ਗ੍ਰੰਥ, ਪੰਨੇ- 320 ਮੁੱਲ-280/- ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ।
14. ਬਦੀ ਦੀ ਜੜ੍ਹ (ਵਾਰਤਕ) ਡਾ. ਦਿਲਜੀਤ ਸਿੰਘ, ਪੰਨੇ-200, ਮੁੱਲ-100/- ਸਿੰਘ ਬਰਦਰਜ਼ ਅੰਮ੍ਰਿਤਸਰ।
15. ਬੋਹਰਾਂ ਵਰਗੇ ਲੋਕ (ਗਜ਼ਲਾਂ) ਚੰਨ ਬੋਲੇਵਾਲੀਆ, ਪੰਨੇ-96, ਮੁੱਲ-100/- ਨਵੀਨ ਪ੍ਰਕਾਸ਼ਨ, ਅੰਮ੍ਰਿਤਸਰ।
16. ਕਰਾਂਤੀਕਾਰੀ ਸਿੱਖ ਦਰਸ਼ਨ (ਖੋਜ), ਡਾ. ਅਨੂਪ ਸਿੰਘ ਪੰਨੇ-328, ਮੁੱਲ- 250/- ਡਾ. ਚਤਰ ਸਿੰਘ ਜੀਵਨ ਸਿੰਘ ਅੰਮ੍ਰਿਤਸਰ।
17. ਧ੍ਰਿਤਰਾਸ਼ਟਰ (ਜੀਵਨੀ), ਡਾ. ਐਸ. ਤਰਸੇਮ ਦੀ ਆਤਮ-ਕਥਾ, ਪੰਨੇ-340, ਮੁੱਲ-145/- ਨੇਸ਼ਨਲ ਬੁੱਕ ਟਰਸਟ, ਦਿੱਲੀ।
18. ਡਾ. ਐਸ. ਤਰਸੇਮ ਅਤਿਨੰਦਰ ਗ੍ਰੰਥ (ਸੰਘਰਸ਼ ਤੇ ਸਿਰਜਣਾ), ਮੁੱਲ-550/- ਪੰਨੇ-456, ਸੰਗਮ ਪਬਲੀਕੇਸ਼ਨਜ ਸਮਾਣਾ।
19. ਬਾਬਾ ਪਾਖਰ ਸਿੰਘ ਚੂਹੜਚੱਕ (ਜੀਵਨੀ), ਨਿਰਮਲ ਸਿੰਘ ਮਾਨ, ਪੰਨੇ-100/- ਮੁੱਲ, 100/- ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ।
20. ਦਰਦ ਦਾਮਨ ਦਾਮਨ (ਗ਼ਜ਼ਲਾਂ), ਗੁਰਦੀਪ ਦੇਹਰਾਦੂਨ, ਲੋਕਾ ਗੀਤ ਪ੍ਰਕਾਸ਼ਨ, ਚੰਡੀਗੜ੍ਹ।
21. ਨਿਰਭਉ ਨਿਰਵੈਰ (ਕਾਮਰੇਡ ਸੁਰਜੀਤ ਸਿੰਘ ਦੇ ਜੀਵਨ ਬਾਰੇ ਨਾਵਲ) ਹਰਪਿੰਦਰ ਰਾਣਾ, ਪੰਨੇ-190, ਮੁੱਲ-125/- ਪੁਸਤਕ ਸੱਥ, ਕੋਟਕਪੂਰਾ।




# ਚਿਰਾਗ਼ ਤਿਮਾਹੀ

ਸੰਪਾਦਕ ਹਰਭਜਨ ਸਿੰਘ ਹੁੰਦਲ
ਸੰਪਾਦਕੀ ਮੰਡਲ- ਡਾ. ਕਰਮਜੀਤ ਸਿੰਘ,
ਲਾਲ ਸਿੰਘ, ਸੁਲੱਖਣ ਸਰਹੱਦੀ, ਜਰਨੈਲ ਸਿੰਘ ਟਰਾਂਟੋ
ਪ੍ਰਤੀਨਿਧ- ਗਿਆਨ ਸਿੰਘ ਬਿਲਗਾ (ਯੂ.ਐਸ.ਏ.), ਨਵਤੇਜ ਸਿੰਘ (ਕੈਨੇਡਾ)


## ਤਤਕਰਾ


1. ਸੰਪਾਦਕੀ ਲੇਖ- ਗ਼ਦਰ ਲਹਿਰ ਦੀ ਵਿਚਾਰਧਾਰਕ ਪ੍ਰਸੰਗਤਾ ਡਾ. ਕਰਮਜੀਤ ਸਿੰਘ
2. ਗ਼ਦਰ ਲਹਿਰ- ਕਾਵਿ ਚੇਤਨਾ ਤੇ ਕਾਵਿ ਸ਼ਿਲਪ- ਡਾ. ਕੇਸਰ ਸਿੰਘ ਕੇਸਰ
3. ਗ਼ਦਰ ਕਾਵਿ- ਪੁਨਰ ਮੁਲਾਂਕਣ-ਡਾ. ਪ੍ਰੀਤਮ ਸਿੰਘ ਕੈਂਬੋ
4. ਗ਼ਦਰ ਲਹਿਰ- ਦੋ ਕਵਿਤਾਵਾਂ ਹਰਭਜਨ ਸਿੰਘ ਹੁੰਦਲ
5. ਗ਼ਦਰ ਲਹਿਰ ਦੀ ਕਵਿਤਾ-ਸੰਖੇਪ ਟਿੱਪਣੀ- ਹਰਭਜਨ ਸਿੰਘ ਹੁੰਦਲ
6. ਗ਼ਦਰ ਲਹਿਰ ਤੇ ਸਰਾਭਾ ਨਾਲ ਜੁੜੀਆਂ ਕਵਿਤਾਵਾਂ- ਡਾ. ਚਮਨ ਲਾਲ
7. ਵਿਦੇਸ਼ਾਂ ਵਿੱਚ ਭਾਰਤੀ ਇਨਕਲਾਬ ਦਾ ਮੋਢੀ-ਤਾਰਕ ਨਾਥ ਦਾਸ ਡਾ. ਤੇਜਿੰਦਰ ਵਿਰਲੀ
8. ਗ਼ਦਰੀ ਬੀਬੀ ਗੁਲਾਬ ਕੌਰ- ਤਾਰਾ ਸ਼ਰਮਾ
9. ਬਾਬਾ ਹਰਨਾਮ ਸਿੰਘ ਸ਼ਹੀਦ-(ਕਿਰਤੀ ਮਾਸਕ ਪੱਤਰ)
10. ਡਾਇਰੀ ਗਦਰੀ ਬਾਬਾ ਹਰਦੀਪ ਸਿੰਘ-ਡਾ. ਜਸਬੀਰ ਕੇਸਰ
11. ਗ਼ਦਰ ਲਹਿਰ ਦੇ ਸਿਆਸੀ ਸਰੋਕਾਰ-ਡਾ. ਭੀਮ ਇੰਦਰ ਸਿੰਘ
12. ਗ਼ਦਰ ਪਾਰਟੀ ਅਤੇ ਧਰਮ- ਸੂਫੀ ਅਮਰਜੀਤ
13. ਬੱਬਰ ਲਹਿਰ ਦੀ ਦੇਣ-ਕੁਲਤਾਰ ਸਿਂਘ ਕੁਲਤਾਰ
14. ਆਓ ਗ਼ਦਰ ਲਹਿਰ ਨੂੰ ਸਮਰਪਿਤ ਹੋਈਏ- ਮੱਖਣ ਕੁਹਾੜ
15. ਬਸਤੀਵਾਦੀ ਨੀਤੀ ਅਤੇ ਗ਼ਦਰ ਲਹਿਰ ਦੀ ਕਵਿਤਾ- ਡਾ. ਅਮਰਜੀਤ ਸਿੰਘ
16. ਦਸਤਾਵੇਜ਼-ਗੁਲਾਮੀ ਦਾ ਜ਼ਹਿਰ- ਲਾਲਾ ਹਰਦਿਆਲ
17. ਪੁਸਤਕ ਪ੍ਰਾਪਤੀ......................



Postal Address:
Harbhajan Singh Hundal,
V.Fattu Chak,
P.O. Dhilwan
Distt. Kapurthala -144804
(Pb.) India
Phone No. **01822-273188**
(M) **99150-42242**
**Website : www.punjabilokyan.com**



ਚੰਦਿਆਂ ਦਾ ਵੇਰਵਾ

| | |
|---|---|
| ਦੇਸ਼ ਵਾਰਸ਼ਿਕ | : 80 ਰੁ. |
| ਇਕ ਪਰਚਾ | : 20 ਰੁ. |
| ਸੰਸਥਾਵਾਂ (ਵਾਰਸ਼ਿਕ) | : 100 ਰੁ. |
| ਯੂਰੋਪ | : 10 ਪੌਂਡ |
| ਅਮਰੀਕਾ | : 12 ਡਾਲਰ |
| ਕੈਨੇਡਾ | : 15 ਡਾਲਰ |

**ਚੰਦਾ ਸਿਰਫ਼ ਮਨੀ ਆਰਡਰ ਰਾਹੀਂ ਭੇਜਿਆ ਜਾਵੇ।**

ਚਿਰਾਗ਼ ਡਾਇਰੈਕਟਰ ਸਿੱਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ. 4/1-96
ਐਡੀਟਰ (ਪੰ) ਮਿਤੀ 3-9-1096 ਦੇ ਅਨੁਸਾਰ ਹਾਈ /ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ।
ਰਚਨਾ 'ਚ ਦਰਜ ਵਿਚਾਰਾਂ ਲਈ ਲੇਖਕ ਖੁਦ ਜ਼ਿੰਮੇਵਾਰ ਹੈ। ਕਿਸੇ ਕਿਸਮ ਦੀ ਅਦਾਲਤੀ ਕਾਰਵਾਈ ਸਿਰਫ਼ ਜਲੰਧਰ 'ਚ ਹੋ ਸਕਦੀ ਹੈ।

ਡਾ. ਅਨੂਪ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਾਬੜਾ ਕੰਪਿਊਟਰ ਅਤੇ ਪ੍ਰਿੰਟਰਜ਼
282-ਚੰਨ ਰੋਡ, ਜਲੰਧਰ (ਫੋਨ- 98142-73311) ਤੋਂ ਛਪਵਾ ਕੇ ਸ਼ਹੀਦ ਸਰਵਣ ਸਿੰਘ ਚੀਮਾ ਭਵਨ
352 /1 ਗੜ੍ਹਾ (ਜਲੰਧਰ) ਫੋਨ-0181-2483033 ਤੋਂ ਪ੍ਰਕਾਸ਼ਿਤ ਕੀਤਾ।

ਪ੍ਰਕਾਸ਼ਨ ਮਿਤੀ-30 ਜੂਨ 2013
ਇਸ ਅੰਕ ਦੇ ਸੰਪਾਦਕ ਡਾ. ਕਰਮਜੀਤ ਸਿੰਘ

Chirag Quarterly April-Sept 2013
Registered with the Registrar of News-Papers of India No. PUN-PUN 0 2276/AL/TC94


# ਨਵੀਂ ਦੁਨੀਆਂ

ਕੈਨੇਡਾ ਵਿਚ ਪੰਜਾਬੀ ਪੱਤਰਕਾਰੀ ਦੀਆਂ ਨਵੀਆਂ
ਪੈੜਾਂ ਪਾਉਣ ਵਾਲੀ ਅਖ਼ਬਾਰ

"ਨਵੀਂ ਦੁਨੀਆਂ"

ਤੀਸਰੇ ਵਰ੍ਹੇ ਵਿਚ ਪ੍ਰਵੇਸ਼ ਮੌਕੇ

**ਚਿਰਾਗ਼** ਦੇ ਪਾਠਕਾਂ ਲਈ

ਸ਼ੁੱਭ-ਇੱਛਾਵਾਂ

**ਸੰਪਾਦਕੀ-ਮੰਡਲ ਜਸਵੀਰ ਦਿਓਲ,**
**ਨਵਤੇਜ਼ ਰਾਣਾ, ਦਲਬੀਰ ਸਾਂਗਿਆਣ**

**ਸਲਾਹਕਾਰ** -

ਕਿਰਤਮੀਤ ਕੁਹਾੜ,

ਜੈਸੀ ਸਿੰਘ ਕੈਲਗਰੀ (ਐਡਮਿੰਟਨ) ਕੈਨੇਡਾ

**ਸੰਪਰਕ : 780-465-9118**

**ਐਡਮਿੰਟਨ (ਐਲਬਰਟਾ) ਕੈਨੇਡਾ**

Info@naviduniya.com